**Start CDL TRAINING**

**Become Professional Truck Driver**

www.cdlstart.com

startcdl@gmail.com

**(844) 227-2162**

**We speak Hindi and English**

START CDL TRAINING

**Singh Auto Group**

3983 ST RD 38E
Lafayette, IN 47905
Ph: 765-607-1300
www.singhautosgroup.com



**University Motors**

3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ





Twenty-Third Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 42, October 15, 2022 20451 N. Plum Grove Rd., Palatine, IL 60074 Ph:847-359-0746, Fax:847-705-9388


# ਪੰਥਕ ਮੇਲ ਵੀ ਸੁਖਬੀਰ ’ਤੇ ਭਾਰੀ ਪਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਆਪਣੀ ਖੁੱਸੀ ਹੋਈ ਸਿਆਸੀ ਜ਼ਮੀਨ ਮੁੜ ਹਾਸਲ ਕਰਨ ਲਈ ਹਰ ਹੀਲਾ ਵਰਤਣ ਲਈ ਜੁਗਤਾਂ ਘੜਨ ਵਿਚ ਜੁਟਿਆ ਹੋਇਆ ਹੈ। ਪਾਰਟੀ ਅੰਦਰ ਜਥੇਬੰਦਕ ਤਬਦੀਲੀਆਂ ਦੇ ਨਾਲ-ਨਾਲ ਬਾਦਲ ਧੜਾ ਹੁਣ ਪੰਥਕ ਸਿਆਸਤ ਰਾਹੀਂ ਆਪਣਾ ਪੈਰ ਧਰਾਵੇ ਦੀਆਂ ਕੋਸ਼ਿਸ਼ਾਂ ਵਿਚ ਹੈ। ਪਿਛਲੇ ਦਿਨੀਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਥਕ ਸ਼ਖਸੀਅਤਾਂ ਵੱਲੋਂ ਪੰਥਕ ਏਕੇ ਦੀਆਂ ਕੀਤੀਆਂ ਅਪੀਲਾਂ ਪਿੱਛੋਂ ਹੁਣ ਬਾਦਲਾਂ ਧੜੇ ਦੀਆਂ ਵਿਰੋਧੀਆਂ ਨਾਲ ਸਾਂਝਾ ਪੈਣ ਲੱਗੀਆਂ ਹਨ। ਇਸ ਦੀ ਸ਼ੁਰੂਆਤ ਸ਼੍ਰੋਮਣੀ ਅਕਾਲੀ ਦਲ ਤੇ ਅਕਾਲੀ ਦਲ ਦਿੱਲੀ ਦੇ ਰਲੇਵਾਂ ਨਾਲ ਹੋਈ ਹੈ। ਇਸ ਨੂੰ ਪੰਥਕ ਮੇਲ ਦਾ ਨਾਮ ਦਿੱਤਾ ਗਿਆ ਹੈ। ਇਸ ਨਾਲ ਲਗਭਗ 23 ਸਾਲ ਪਹਿਲਾਂ (1999 ਵਿਚ) ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਭਰਾਵਾਂ ਨੂੰ ਦਿੱਲੀ ਦੀ ਕਮਾਨ ਸੌਂਪੀ ਗਈ ਹੈ।

ਚਰਚਾ ਹੈ ਕਿ ਆਉਂਦੇ ਦਿਨਾਂ ਵਿਚ ਹੋਰ ਪੰਥਕ ਧੜੇ ਵੀ ਅਕਾਲੀ ਦਲ ਨਾਲ ਸਾਂਝ ਪਾ ਸਕਦੇ ਹਨ, ਹਾਲਾਂਕਿ ਇਸ ਸਭ ਵਿਚ ਵੱਡਾ ਅੜਿੱਕਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਜ਼ਰ ਆ ਰਹੇ ਹਨ। ਜ਼ਿਆਦਾਤਰ ਪੰਥਕ ਧਿਰਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਨਾਲ ਸਾਂਝ ਪਾਉਣ ਵਿਚ ਕੋਈ ਹਰਜ ਨਹੀਂ ਪਰ ਸੁਖਬੀਰ ਬਾਦਲ ਨਾਲ ਮਿਲ ਕੇ ਕੰਮ ਕਰਨਾ ਉਨ੍ਹਾਂ ਲਈ ਔਖਾ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਸਪੱਸ਼ਟ ਕੀਤਾ ਕਿ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਕਦੇ ਵੀ ਸੁਖਬੀਰ ਸਿੰਘ ਬਾਦਲ ਦੀ ਸ਼ਮੂਲੀਅਤ ਵਾਲੀ ਕਿਸੇ ਵੀ ਕਮੇਟੀ ਦੇ ਮੈਂਬਰ ਨਹੀਂ ਬਣਨਗੇ। ਪਾਰਟੀ ਦੇ ਬੁਲਾਰੇ ਦਵਿੰਦਰ ਸਿੰਘ ਸੋਢੀ ਨੇ ਜਗਮੀਤ ਸਿੰਘ ਬਰਾੜ ਵੱਲੋਂ 21 ਮੈਂਬਰੀ ਸ਼੍ਰੋਮਣੀ ਅਕਾਲੀ ਯੂਨਿਟੀ ਕੋਆਰਡੀਨੇਸ਼ਨ ਕਮੇਟੀ ਵਿਚ ਸੁਖਦੇਵ ਸਿੰਘ ਢੀਂਡਸਾ ਤੇ ਜਥੇਦਾਰ ਰਣਜੀਤ ਸਿੰਘ ਤਲਵੰਡੀ ਦਾ ਨਾਮ ਸ਼ਾਮਲ ਕਰਨ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਜਿਸ ਕਮੇਟੀ ਵਿਚ ਪੰਥ ਵਿਰੋਧੀ ਸੁਖਬੀਰ ਸਿੰਘ ਬਾਦਲ ਸ਼ਾਮਲ ਹੋਣ ਅਜਿਹੀ ਕਮੇਟੀ ਵਿਚ ਸੁਖਦੇਵ ਸਿੰਘ ਢੀਂਡਸਾ ਤੇ ਉਨ੍ਹਾਂ ਦੀ ਪਾਰਟੀ ਦੇ ਕਿਸੇ ਵੀ ਆਗੂ ਦੀ ਕਦੇ ਵੀ ਸ਼ਮੂਲੀਅਤ ਨਹੀਂ ਹੋ ਸਕਦੀ। ਅਕਾਲੀ ਦਲ (ਸੰਯੁਕਤ) ਤੋਂ ਇਲਾਵਾ ਹੋਰ ਧਿਰਾਂ ਵੀ ਸੁਖਬੀਰ ਨੂੰ ਅੱਗੇ ਲਾਉਣ ਤੋਂ ਨਾਰਾਜ਼ ਹਨ।

ਦੱਸ ਦਈਏ ਕਿ ਅਕਾਲੀ-ਭਾਜਪਾ ਸੱਤਾ ਵੇਲੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀਕਾਂਡ, ਮਾਫੀਆ ਰਾਜ, ਨਸ਼ਾ ਤੇ ਬੇਰੁਜ਼ਗਾਰੀ ਵਰਗੇ ਮੁੱਦਿਆਂ ਨੇ ਪੰਥਕ ਅਖਵਾਉਣ ਲਈ ਇਸ ਧਿਰ ਨੂੰ ਪੈਰੋਂ ਕੱਢ ਦਿੱਤਾ ਸੀ। ਪਿਛਲੇ ਤਕਰੀਬਨ 6 ਸਾਲਾਂ ਤੋਂ ਹਰ ਹੀਲਾ ਵਰਤਣ ਦੇ ਬਾਵਜੂਦ ਪਾਰਟੀ ਆਪਣੇ ਜੋਗਾ ਪੈਰ ਧਰਾਅ ਨਹੀਂ ਕਰ ਸਕੀ। ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਤਾਂ ਅਕਾਲੀ ਦਲ ਦਾ ਸਫਾਇਆ (ਸਿਰਫ 3 ਸੀਟਾਂ) ਹੀ ਹੋ ਗਿਆ। ਹੁਣ ਬਾਦਲ ਧੜਾ ਪੰਥਕ ਓਟ ਆਸਰੇ ਮੁੜ ਖੜ੍ਹਾ ਹੋਣ ਲਈ ਹੱਥ-ਪੈਰ ਮਾਰ ਰਿਹਾ ਹੈ। ਪਿਛਲੇ ਦਿਨ ਸੁਪਰੀਮ ਕੋਰਟ ਵੱਲੋਂ ਹਰਿਆਣੇ ਲਈ ਵੱਖਰੀ ਗੁਰਦੁਆਰਾ ਕਮੇਟੀ ਨੂੰ ਦਿੱਤੀ ਮਾਨਤਾ ਨੇ ਇਸ ਬਾਦਲ ਧੜੇ ਨੂੰ ਵੱਡੀ ਸੱਟ ਮਾਰੀ ਹੈ। ਇਹੀ ਕਾਰਨ ਹੈ ਕਿ ਸਿੱਖ ਰਾਜਨੀਤੀ ਵਿਚ ਲਗਭਗ 20 ਸਾਲ ਸਿਆਸੀ ਸ਼ਰੀਕ ਰਹੇ ਪਰਮਜੀਤ ਸਿੰਘ ਸਰਨਾ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਹੈ। ਸਾਲ ਪਹਿਲਾਂ ਹੋਈਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਟਿਕਟ ‘ਤੇ ਚੋਣ ਜਿੱਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਮੈਂਬਰਾਂ ਨੇ ਕੁਝ ਸਮੇਂ ਬਾਅਦ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਸਟੇਟ ਬਣਾ ਲਿਆ ਸੀ। ਇਸ ਨਾਲ ਅਕਾਲ ਦਲ ਨੂੰ ਕਰਾਰੀ ਸੱਟ ਲੱਗੀ ਸੀ ਤੇ ਇਸ ਧੜੇ ਕੋਲ ਸਿਰਫ 2-3 ਮੈਂਬਰ ਹੀ ਰਹਿ ਗਏ ਸਨ ਜਦੋਂ ਕਿ ਸਰਨਾ ਧੜੇ ਕੋਲ 14 ਮੈਂਬਰ ਹਨ।

ਦੋਵੇਂ ਦਲਾਂ ਦੇ ਰਲੇਵੇਂ ਮਗਰੋਂ ਸੁਖਬੀਰ ਸਿੰਘ ਬਾਦਲ ਨੇ ਇਹੀ ਆਖਿਆ ਕਿ ਇਹ ਪੰਥਕ ਇਕੱਤਰਤਾ ਮੁੜ ਪੰਥਕ ਸੁਰਜੀਤੀ ਦਾ ਸੰਕੇਤ ਦਿੰਦੀ ਹੈ। ਸਿੱਖ ਕੌਮ ਵਿੱਚ ਘਰੇਲੂ ਜੰਗ ਛੇੜਨ ਲਈ ਕੋਝੀਆਂ ਸਾਜ਼ਿਸ਼ਾਂ ਕੰਮ ਕਰ ਰਹੀਆਂ ਹਨ, ਇਹ ਏਕਤਾ ਹੀ ਇਨ੍ਹਾਂ ਸਾਜ਼ਿਸ਼ਾਂ ਨੂੰ ਅਸਫਲ ਕਰੇਗੀ। ਉਨ੍ਹਾਂ ਸਰਨਾ ਨੂੰ ਪੰਥ ਨੂੰ ਇੱਕਜੁਟ ਕਰਨ ਸਬੰਧੀ ਮੁਹਿੰਮ ਦੀ ਅਗਵਾਈ ਕਰਨ ਲਈ ਆਖਿਆ।

ਪਿਛਲੇ ਦਿਨੀਂ ਅਕਾਲੀ ਦਲ ਦੇ ਚੋਣ ਨਿਸ਼ਾਨ ਉਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜੇਤੂ ਰਹੇ ਧੜੇ ਨੇ ਭਾਜਪਾ ਦੀ ਸਰਪ੍ਰਸਤੀ ਨਾਲ ਅਕਾਲੀ ਦਲ ਤੋਂ ਤੋੜ-ਵਿਛੋੜਾ ਕਰ ਲਿਆ ਸੀ। ਕਮੇਟੀ ਦੇ ਤਤਕਾਲੀ ਪ੍ਰਧਾਨ ਮਨਜਿੰਦਰ


(ਬਾਕੀ ਸਫਾ 6 ‘ਤੇ)




## ਇਕੱਠ ਨੂੰ ਪੰਥਕ ਮੇਲ ਮੰਨਣ ਤੋਂ ਇਨਕਾਰ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਸਰਨਾ ਧੜਾ ਤੇ ਬਾਦਲ ਧੜੇ ਦੇ ਇਕੱਠ ਨੂੰ ‘ਪੰਥਕ ਮੇਲ’ ਮੰਨਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਸਿਰਫ 2 ਪਰਿਵਾਰਾਂ ਦਾ ਮੇਲ ਸੀ। ਇਹ ਦੋਵੇਂ ਪਰਿਵਾਰ ਰਲ ਕੇ ਹੁਣ ਸੰਗਤ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸੰਗਤ ਨੂੰ ਇਹ ਦੱਸਿਆ ਜਾਵੇ ਕਿ ਸ੍ਰੀ ਅਕਾਲ ਤਖਤ ਦੇ ਹੁਕਮਾਂ ਦੇ ਖ਼ਿਲਾਫ 2 ਸੰਗਰਾਂਦਾਂ ਤੇ ਪੁਰਬ ਮਨਾਉਣ ਤੇ ਹਰਿਆਣਾ ਦੀ ਵੱਖਰੀ ਕਮੇਟੀ ਵਾਸਤੇ ਸਰਨਾ ਦੁਆਰਾ ਨਿਭਾਈ ਭੂਮਿਕਾ ਬਾਰੇ ਹੁਣ ਸੁਖਬੀਰ ਸਿੰਘ ਬਾਦਲ ਦਾ ਕੀ ਸਟੈਂਡ ਹੈ?

# ਕੱਟੜਪੰਥੀਆਂ ਨਾਲ ਕੈਨੇਡਾ ਦੀ ਨਰਮੀ ਤੋਂ ਭਾਰਤ ਔਖਾ

**ਨਵੀਂ ਦਿੱਲੀ:** ਭਾਰਤ ਨੇ ਜਸਟਿਨ ਟਰੂਡੋ ਪ੍ਰਸ਼ਾਸਨ ਵੱਲੋਂ ਕੈਨੇਡਾ ਵਿਚ ਸਿੱਖਸ ਫਾਰ ਜਸਟਿਸ ਵਰਗੀਆਂ ਕੱਟੜਪੰਥੀ ਜਥੇਬੰਦੀਆਂ ਵੱਲੋਂ ਕੀਤੀਆਂ ਜਾ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਢੁਕਵੇਂ ਕਦਮ ਨਾ ਚੁੱਕੇ ਜਾਣ ਦਾ



ਸਖਤ ਨੋਟਿਸ ਲਿਆ ਹੈ ਜਿਸ ਕਾਰਨ ਦੁਵੱਲੇ ਸਬੰਧਾਂ ਵਿਚ ਕੁੜੱਤਣ ਆ ਗਈ ਹੈ। ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਸਪੱਸ਼ਟ ਕੀਤਾ ਹੈ ਕਿ ਨਵੀਂ ਦਿੱਲੀ ਨੇ ਕੈਨੇਡਾ ਵਿਚ ਕੱਟੜਪੰਥੀ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦਾ ਮੁੱਦਾ ਟਰੂਡੋ ਸਰਕਾਰ ਕੋਲ ਉਠਾਇਆ ਹੈ ਤੇ ਉਹ ਓਟਵਾ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਜੈਸ਼ੰਕਰ ਨੇ ਆਸਟਰੇਲੀਆ ਦੇ ਕੈਨਬਰਾ ਵਿਚ ਪੱਤਰਕਾਰ ਨੂੰ ਜਵਾਬ ਦਿੰਦਿਆਂ ਕਿਹਾ ਕਿ ਕੈਨੇਡਾ ਨੂੰ ਹਿੰਸਾ ਅਤੇ ਕੱਟੜਤਾ ਦਾ ਪ੍ਰਚਾਰ ਕਰਨ ਵਾਲੀਆਂ ਭਾਰਤ ਵਿਰੋਧੀ ਤਾਕਤਾਂ ਦੁਆਰਾ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਕੈਨੇਡਾ ‘ਚ ਸਰਗਰਮ ਖਾਲਿਸਤਾਨੀ ਤਾਕਤਾਂ ਦਾ ਮੁੱਦਾ ਭਾਰਤ ਨੇ ਉਥੋਂ ਦੀ ਸਰਕਾਰ ਕੋਲ ਉਠਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਇਹ ਯਕੀਨੀ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ ਕਿ ਲੋਕਤੰਤਰੀ ਸਮਾਜ ਵਿਚ


(ਬਾਕੀ ਸਫਾ 6 ‘ਤੇ)





M Vivek Malik

**Law Office of M Vivek Malik**

Toll free no 866-424-4000

ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers

**Our offices**

432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 60 Cent + Team 70 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਭਗਵੰਤ ਮਾਨ ਦਾ ਜੱਦੀ ਸ਼ਹਿਰ ਸੰਗਰੂਰ ਬਣਿਆ ਸੰਘਰਸ਼ ਦਾ ਅਖਾੜਾ

**ਸੰਗਰੂਰ:** ਮੁੱਖ ਮੰਤਰੀ ਭਗਵੰਤ ਮਾਨ ਦਾ ਜੱਦੀ ਸ਼ਹਿਰ ਸੰਗਰੂਰ ਸੰਘਰਸ਼ ਦਾ ਅਖਾੜਾ ਬਣਿਆ ਹੋਇਆ ਹੈ। ਆਪਣੀਆਂ ਮੰਗਾਂ ਨੂੰ ਲੈ ਕੇ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਨੇ ਇਥੇ ਪੱਕੇ ਮੋਰਚੇ ਲਾਏ ਹੋਏ ਹਨ। ਸੰਘਰਸ਼ੀਆਂ ਦੇ ਮੰਤਰੀਆਂ ਦੇ ਘਰਾਂ ਨੂੰ ਘੇਰਿਆ ਜਾ ਰਿਹਾ ਹੈ।

ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ 2364 ਸੰਘਰਸ਼ ਕਮੇਟੀ ਪੰਜਾਬ ਦੇ ਦੋ ਆਗੂ ਪੈਟਰੋਲ ਦੀਆਂ ਬੋਤਲਾਂ ਲੈ ਕੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਏ। ਇਹ ਅਧਿਆਪਕ ਪਿਛਲੇ ਡੇਢ ਹਫਤੇ ਤੋਂ ਇਥੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਮਰਨ ਵਰਤ 'ਤੇ ਬੈਠੇ ਹਨ। ਟੈਂਕੀ 'ਤੇ ਚੜ੍ਹਨ ਵਾਲਿਆਂ ਵਿਚ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਣੇ ਦੋ ਬੇਰੁਜ਼ਗਾਰ ਅਧਿਆਪਕ ਸ਼ਾਮਲ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਟੈਂਕੀ 'ਤੇ ਵੀ ਮਰਨ ਵਰਤ ਜਾਰੀ ਰੱਖਣਗੇ।

ਇਸੇ ਤਰ੍ਹਾਂ ਸਰਕਾਰੀ ਵਿਭਾਗਾਂ ਦੇ ਆਊਟਸੋਰਸ ਤੇ ਐਨਾਲਿਸਟਮੈਂਟ ਠੇਕਾ ਅਧਾਰਿਤ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨ ਸਮੇਤ ਹੋਰ ਮੰਗਾਂ-ਮਸਲਿਆਂ ਦਾ ਹੱਲ ਕਰਵਾਉਣ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਅਗਵਾਈ ਹੇਠ ਕੱਚੇ ਮੁਲਾਜ਼ਮਾਂ ਵੱਲੋਂ ਧੂਰੀ 'ਚ ਬੱਬਨਪੁਰ ਨਹਿਰ ਦੇ ਪੁਲ ਕੋਲ ਆਰੰਭੇ ਧਰਨੇ ਦੌਰਾਨ ਲੁਧਿਆਣਾ-ਧੂਰੀ ਮਾਰਗ 'ਤੇ ਆਵਾਜਾਈ ਰੋਕੀ ਗਈ। ਇਸ ਮੌਕੇ ਵੱਖ-ਵੱਖ



ਸਰਕਾਰੀ ਵਿਭਾਗਾਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਠੇਕਾ ਮੁਲਾਜ਼ਮ ਆਪਣੇ ਪਰਿਵਾਰਾਂ ਸਮੇਤ ਸ਼ਾਮਲ ਹੋਏ। ਠੇਕਾ ਮੁਲਾਜ਼ਮ ਸੰਘਰਸ਼ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਕਈ-ਕਈ ਸਾਲਾਂ ਤੋਂ ਵੱਖ-ਵੱਖ ਵਿਭਾਗਾਂ ਵਿਚ ਸੇਵਾਵਾਂ ਨਿਭਾਅ ਰਹੇ ਆਊਟਸੋਰਸ ਅਤੇ ਐਨਾਲਿਸਟਮੈਂਟ ਠੇਕਾ ਮੁਲਾਜ਼ਮ ਹਰ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਂਦੇ ਆਏ ਹਨ, ਪਰ ਸਰਕਾਰਾਂ ਸਦਾ ਹੀ ਇਨ੍ਹਾਂ ਨੂੰ ਪੱਕੇ ਕਰਨ ਤੋਂ ਭੱਜਦੀਆਂ ਰਹੀਆਂ ਹਨ।

ਇਸ ਦੇ ਉਲਟ ਹਰੇਕ ਅਦਾਰੇ ਵਿੱਚ ਨਿੱਜੀਕਰਨ/ ਪੰਚਾਇਤੀਕਰਨ ਕੀਤਾ ਜਾ ਰਿਹਾ ਹੈ। ਰਾਜ ਮਾਰਗ ਨੂੰ ਜਾਮ ਕਰਨ ਲਈ ਪਹੁੰਚੇ ਵੱਡੀ ਗਿਣਤੀ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਇਕੱਠ ਮਗਰੋਂ ਮੁੱਖ ਮੰਤਰੀ ਪੰਜਾਬ ਵੱਲੋਂ 28 ਅਕਤੂਬਰ ਨੂੰ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਲਈ ਪੈਨਲ ਮੀਟਿੰਗ ਦਾ ਸਮਾਂ ਦਿੱਤਾ ਗਿਆ ਹੈ। ਮੁੱਖ ਮੰਤਰੀ ਪੰਜਾਬ ਦੇ ਨਾਲ ਤੈਅ ਹੋਈ ਪੈਨਲ ਮੀਟਿੰਗ 'ਚ ਆਊਟਸੋਰਸ/ ਐਨਾਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸਬੰਧਤ ਵਿਭਾਗਾਂ ਵਿਚ ਮਰਜ਼ ਕਰਕੇ ਰੈਗੂਲਰ ਕਰਨ, ਸਰਕਾਰੀ ਅਦਾਰਿਆਂ ਦੇ ਨਿੱਜੀਕਰਨ ਦੀਆਂ ਨੀਤੀਆਂ ਰੱਦ ਕਰਨ, ਨਿੱਜੀ ਕੰਪਨੀਆਂ, ਕਾਰਪੋਰੇਟ ਘਰਾਣਿਆਂ ਤੇ ਧਨਾਢ ਠੇਕੇਦਾਰਾਂ ਨੂੰ ਸਰਕਾਰੀ ਵਿਭਾਗਾਂ 'ਚੋਂ ਬਾਹਰ ਕੱਢ ਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਆਦਿ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ।

## ਮਜੀਠੀਆ ਵੱਲੋਂ ਅਧਿਆਪਕਾਂ ਦੀ ਹਮਾਇਤ

**ਮੁਹਾਲੀ:** ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾਂ ਦਾ ਰੋਹ ਲਗਾਤਾਰ ਵਧ ਰਿਹਾ ਹੈ। ਦੋ ਔਰਤਾਂ ਸਿੱਪੀ ਸ਼ਰਮਾ ਅਤੇ ਵੀਰਪਾਲ ਕੌਰ ਪਿੰਡ ਸੋਹਾਣਾ ਦੀ ਪਾਣੀ ਵਾਲੀ ਟੈਂਕੀ ਉਤੇ ਪੈਟਰੋਲ ਦੀਆਂ ਬੋਤਲਾਂ ਲੈ ਕੇ ਚੜ੍ਹੀਆਂ ਹੋਈਆਂ ਹਨ ਜਦੋਂਕਿ ਬਾਕੀ ਸਾਥੀ ਟੈਂਕੀ ਦੇ ਥੱਲੇ ਲੜੀਵਾਰ ਧਰਨੇ 'ਤੇ ਬੈਠੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਧਰਨੇ ਵਿਚ ਪਹੁੰਚ ਕੇ ਸੰਘਰਸ਼ ਦੀ ਹਮਾਇਤ ਕੀਤੀ। ਉਨ੍ਹਾਂ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਚੋਣ ਵਾਅਦਿਆਂ ਤੋਂ ਮੁਨਕਰ ਹੋਣ ਦਾ ਦੋਸ਼ ਲਾਇਆ।

## ਕਾਲਜ ਮੁਲਾਜ਼ਮਾਂ ਵੱਲੋਂ ਹੇਅਰ ਦੀ ਰਿਹਾਇਸ਼ ਅੱਗੇ ਵਿਖਾਵਾ

**ਬਰਨਾਲਾ:** ਹਾਇਰ ਐਜੂਕੇਸ਼ਨ ਇੰਸਟੀਚਿਊਟ ਐਂਪਲਾਈਜ਼ ਐਸੋਸੀਏਸ਼ਨ ਪੰਜਾਬ ਵੱਲੋਂ ਉਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਬਰਨਾਲਾ ਰਿਹਾਇਸ਼ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿਚ ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਦੇ ਪ੍ਰੋਫੈਸਰਾਂ ਤੇ ਨਾਨ ਟੀਚਿੰਗ ਸਟਾਫ ਨੇ ਹਿੱਸਾ ਲਿਆ। ਸੰਬੋਧਨ ਕਰਦਿਆਂ ਪ੍ਰੋ. ਹੇਮੰਤ ਵਾਟਸ ਨੇ ਦੱਸਿਆ ਕਿ ਸਰਕਾਰੀ ਕਾਲਜਾਂ ਵਿਚ 2006 ਤੋਂ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ ਦੇ ਨਾਮ 'ਤੇ ਵੱਖੋ-ਵੱਖਰੇ ਕੋਰਸ ਚਲਾਏ ਜਾਂਦੇ ਹਨ। ਉਸ ਵੇਲੇ ਸਰਕਾਰ ਨੇ ਇਹ ਵੀ ਹਦਾਇਤ ਦਿੱਤੀ ਸੀ ਕਿ ਇਹ ਸੁਸਾਇਟੀਆਂ 'ਪੰਜਾਬ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ' ਅਧੀਨ ਕੰਮ ਕਰਨਗੀਆਂ, ਪਰ ਅੱਜ 16 ਸਾਲ ਬੀਤਣ ਮਗਰੋਂ ਵੀ ਨਾ ਤਾਂ 'ਪੰਜਾਬ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ' ਬਣਾਈ ਗਈ ਹੈ ਅਤੇ ਨਾ ਹੀ ਸੂਬਾ ਸਰਕਾਰ ਕਾਲਜਾਂ ਵਿੱਚ ਬਣੀਆਂ ਇਨ੍ਹਾਂ ਸੁਸਾਇਟੀਆਂ ਨੂੰ ਕੋਈ ਨਿਰਦੇਸ਼ ਦਿੰਦੀ ਹੈ।

# ਸਿੱਧੂ ਮੂਸੇਵਾਲਾ ਦੇ ਪਿਤਾ ਦਾ ਸਰਕਾਰ ਪ੍ਰਤੀ ਗਿਲਾ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪਿਛਲੇ ਕੁਝ ਹਫਤਿਆਂ ਤੋਂ ਖਰਾਬ ਸਿਹਤ ਕਾਰਨ ਗ਼ੈਰਹਾਜ਼ਰ ਸਨ ਅਤੇ ਹੁਣ ਮੁੜ ਸੰਘਰਸ਼ ਵਿਚ ਜੁਟ ਗਏ ਹਨ। ਉਹ ਪਿੰਡ ਮੂਸਾ ਵਿਚ ਪਹੁੰਚੇ ਮਰਹੂਮ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਰੋਸ ਜਤਾਉਂਦਿਆਂ ਕਿਹਾ ਕਿ ਇਕ-ਦੋ ਕਲਾਕਾਰਾਂ ਨੂੰ ਛੱਡ ਕੇ ਬਾਕੀ ਸਾਰੀ ਪੰਜਾਬੀ ਇੰਡਸਟਰੀ ਇਸ ਮਸਲੇ 'ਤੇ ਚੁੱਪ ਹੈ ਤੇ ਸਿੱਧੂ ਦੇ ਹੱਕ 'ਚ ਆਵਾਜ਼ ਚੁੱਕਣ ਵਾਲੀਆਂ ਦੋਵੇਂ ਕਲਾਕਾਰ ਕੁੜੀਆਂ ਹਨ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਮੌਤ ਲਈ ਪੰਜਾਬ ਸਰਕਾਰ ਹੀ ਨਹੀਂ, ਸਗੋਂ ਕੇਂਦਰ ਸਰਕਾਰ ਵੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਨਿਆਂਪਾਲਿਕਾ ਪ੍ਰਤੀ ਵੀ ਗੁੱਸਾ ਹੈ ਕਿਉਂਕਿ ਨਿਆਂਪਾਲਿਕਾ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਦੇ ਮਨੁੱਖੀ ਅਧਿਕਾਰਾਂ ਦੀ ਗੱਲ ਕਰ ਰਹੀ ਹੈ, ਪਰ ਉਨ੍ਹਾਂ ਦੇ ਪੁੱਤਰ ਦੇ ਮਨੁੱਖੀ ਅਧਿਕਾਰਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਲਈ ਉਨ੍ਹਾਂ ਨੂੰ ਹਕੂਮਤਾਂ ਤੋਂ ਇਨਸਾਫ ਦੀ ਆਸ ਨਹੀਂ ਰਹੀ। ਉਨ੍ਹਾਂ ਕਿਹਾ ਕਿ ਬਰਖ਼ਾਸਤ ਕੀਤੇ ਸੀ.ਆਈ.ਏ. ਦੇ ਇੰਚਾਰਜ ਪ੍ਰਿਤਪਾਲ ਸਿੰਘ ਤੋਂ ਉਨ੍ਹਾਂ ਨੂੰ ਬਹੁਤ ਆਸ ਸੀ, ਪਰ ਹੁਣ ਉਨ੍ਹਾਂ ਦੀਆਂ ਸਾਰੀਆਂ ਉਮੀਦਾਂ ਟੁੱਟ ਗਈਆਂ ਹਨ। ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਸਰਕਾਰ ਨੇ 20 ਦਿਨਾਂ ਦਾ ਸਮਾਂ ਮੰਗਿਆ ਸੀ, ਪਰ 5 ਮਹੀਨਿਆਂ ਮਗਰੋਂ ਵੀ ਉਹ ਇਨਸਾਫ ਦੀ ਉਡੀਕ ਕਰ ਰਹੇ ਹਨ।

ਪੰਜਾਬੀ ਗਾਇਕਾ ਜੈਨੀ ਜੌਹਲ ਦੇ ਗੀਤ 'ਲੈਟਰ ਟੂ ਸੀਐਮ' ਨੂੰ ਯੂਟਿਊਬ ਤੋਂ ਹਟਾਉਣ ਮਗਰੋਂ ਉਸ ਨੂੰ ਮਿਲ ਰਹੀਆਂ ਧਮਕੀਆਂ ਦੇ ਵਿਰੋਧ ਵਿਚ ਮੂਸੇਵਾਲਾ ਪਰਿਵਾਰ ਗਾਇਕਾ ਦੇ ਹੱਕ ਵਿਚ ਖੜ੍ਹ ਗਿਆ ਹੈ।

ਪਰਿਵਾਰ ਨੇ ਬਾਕਾਇਦਾ ਕਿਹਾ ਕਿ ਜੈਨੀ ਨੇ ਸਾਡਾ ਦਰਦ ਜਾਣਿਆ ਹੈ। ਮੂਸੇਵਾਲਾ ਦੀ ਮਾਤਾ ਨੇ ਕਿਹਾ ਕਿ ਜੈਨੀ ਲਈ ਜੇਲ੍ਹ ਜਾਣ ਤੋਂ ਗੁਰੇਜ਼ ਨਹੀਂ ਕਰਾਂਗੇ। ਉਨ੍ਹਾਂ ਪੂਰੀ ਪੰਜਾਬੀ ਇੰਡਸਟਰੀ ਦੇ ਚੁੱਪ ਰਹਿਣ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜੈਨੀ ਦੇ ਗੀਤ ਨੇ ਸਾਨੂੰ ਧਰਵਾਸ ਦਿੱਤਾ ਹੈ।

## ਮੂਸੇਵਾਲਾ ਦੇ ਗੀਤ ਸਹਿਮਤੀ ਬਿਨਾਂ ਨਾ ਵਰਤੇ ਜਾਣ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਫੇਸਬੁੱਕ ਪੇਜ ਰਾਹੀਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕੁਝ ਫਿਲਮ ਨਿਰਮਾਤਾਵਾਂ ਵੱਲੋਂ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਸਿੱਧੂ ਮੂਸੇਵਾਲਾ ਵੱਲੋਂ ਗਾਏ ਗੀਤਾਂ ਨੂੰ ਵਰਤਿਆ ਜਾ ਰਿਹਾ ਹੈ ਜੋ ਕਿ ਗਲਤ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ ਸਿੱਧੂ ਮੂਸੇਵਾਲਾ ਵੱਲੋਂ ਰਿਕਾਰਡ ਕੀਤੇ ਗੀਤ ਵੀ ਲੀਕ ਕੀਤੇ ਗਏ ਹਨ, ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੇ ਕੋਈ ਗੀਤ ਵਰਤਣਾ ਹੈ ਤਾਂ ਉਹ ਪਰਿਵਾਰ ਦੀ ਸਹਿਮਤੀ ਨਾਲ ਹੀ ਵਰਤ ਸਕਦਾ ਹੈ। ਬਲਕੌਰ ਸਿੰਘ ਨੇ ਅਜਿਹਾ ਕਰਨ ਵਾਲਿਆਂ ਨੂੰ ਚਿਤਾਵਨੀ ਵੀ ਦਿੱਤੀ।

# ਸਾਬਕਾ ਮੰਤਰੀ ਆਸ਼ੂ 'ਤੇ ਹੋਰ ਸ਼ਿਕੰਜਾ ਕੱਸਣ ਦੀ ਤਿਆਰ

**ਲੁਧਿਆਣਾ:** ਦਾਣਾ ਮੰਡੀ ਟਰਾਂਸਪੋਟੇਸ਼ਨ ਟੈਂਡਰ ਘੁਟਾਲੇ ਸਬੰਧੀ ਵਿਜੀਲੈਂਸ ਦੀ ਟੀਮ ਨੇ ਭਾਰਤ ਭੂਸ਼ਣ ਆਸ਼ੂ ਦੇ ਮੰਤਰੀ ਹੁੰਦਿਆਂ ਫੂਡ ਸਪਲਾਈ ਵਿਭਾਗ ਵਿਚ ਕੰਮ ਕਰਨ ਵਾਲੇ ਕੁਝ ਮੁਲਾਜ਼ਮਾਂ ਨੂੰ ਚੰਡੀਗੜ੍ਹ ਤੋਂ ਬੁਲਾ ਕੇ ਮੁੜ ਪੁੱਛ-ਪੜਤਾਲ ਕੀਤੀ।

ਸੂਤਰਾਂ ਅਨੁਸਾਰ ਇਨ੍ਹਾਂ ਕੋਲੋਂ ਸਿੱਧੇ ਤੌਰ 'ਤੇ ਦਾਣਾ ਮੰਡੀ ਟਰਾਂਸਪੋਟੇਸ਼ਨ ਟੈਂਡਰ ਘੁਟਾਲੇ ਸਬੰਧੀ ਸਵਾਲ ਕੀਤੇ ਗਏ। ਇਨ੍ਹਾਂ ਕੋਲੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਵਿਜੀਲੈਂਸ ਨੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ 'ਤੇ ਸ਼ਿਕੰਜਾ ਹੋਰ ਕੱਸਣ ਦੀ ਤਿਆਰੀ ਕਰ ਲਈ ਹੈ। ਜਾਣਕਾਰੀ ਅਨੁਸਾਰ ਵਿਜੀਲੈਂਸ ਟੀਮ ਵੱਲੋਂ ਵਿਭਾਗ ਦੇ ਹੋਰ ਮੁਲਾਜ਼ਮਾਂ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ। ਇਸ ਮਾਮਲੇ 'ਚ ਸਭ ਤੋਂ ਅਹਿਮ ਕੜੀ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਪੀਏ ਮੀਨੂ ਪੰਕਜ ਮਲਹੋਤਰਾ ਅਤੇ ਇੰਦਰਜੀਤ ਇੰਦੀ ਹਾਲੇ ਵਿਜੀਲੈਂਸ ਹੱਥ ਨਹੀਂ ਲੱਗੇ ਪਰ ਵਿਜੀਲੈਂਸ ਅਧਿਕਾਰੀਆਂ ਨੇ ਮੁਲਜ਼ਮਾਂ ਖਿਲਾਫ ਅਦਾਲਤ ਤੋਂ ਵਾਰੰਟ ਲੈ ਲਏ ਹਨ। ਇਸ ਦੌਰਾਨ ਇਕ ਟੀਮ ਵੱਲੋਂ ਚੌਲਾਂ ਦੀ ਗੁਣਵੱਤਾ ਦੀ ਵੀ ਜਾਂਚ ਕੀਤੀ ਗਈ। ਵਿਜੀਲੈਂਸ ਨੇ ਝੋਨੇ ਦੇ ਜਿਹੜੇ ਸੈਂਪਲਾਂ ਜਾਂਚ ਲਈ ਭੇਜੇ ਸਨ, ਉਸ ਦੀ ਰਿਪੋਰਟ ਵੀ ਤਿਆਰ ਹੋ ਗਈ ਹੈ, ਜੋ ਜਲਦੀ ਅਦਾਲਤ 'ਚ ਪੇਸ਼ ਕੀਤੀ ਜਾਵੇਗੀ। ਚਰਚਾ ਹੈ ਕਿ ਰਿਪੋਰਟ 'ਚ ਝੋਨੇ ਦੀ ਘਟੀਆ ਕੁਆਲਟੀ ਹੋਣ ਦੀ ਗੱਲ ਲਿਖੀ ਗਈ ਹੈ ਪਰ ਹਾਲੇ ਇਸ ਬਾਰੇ ਕੁਝ ਖੁਲਾਸਾ ਨਹੀਂ ਹੋਇਆ। ਕਿਆਸ ਲਾਏ ਜਾ ਰਹੇ ਹਨ ਕਿ ਇਸ ਰਿਪੋਰਟ ਦੇ ਪੇਸ਼ ਹੋਣ ਤੋਂ ਬਾਅਦ ਇਸ ਮਾਮਲੇ 'ਚ ਵੱਡਾ ਖੁਲਾਸਾ ਹੋਵੇਗਾ।

# ਪੰਜਾਬ ਤੇ ਪੰਜਾਬੀਅਤ ਲਈ ਹਰ ਲੜਾਈ ਲੜਨ ਲਈ ਤਿਆਰ: ਸਿਧਾਣਾ

**ਭਾਈਰੂਪਾ:** ਪੰਜਾਬੀ ਮਾਂ ਬੋਲੀ ਸੰਘਰਸ਼ ਕਮੇਟੀ ਦੇ ਆਗੂ ਲੱਖਾ ਸਿਧਾਣਾ ਨੇ ਮਹਿਰਾਜ ਦੀ ਦਾਣਾ ਮੰਡੀ ਵਿਚ ਰੱਖੀ ਰੈਲੀ ਦੌਰਾਨ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਖਿਲਾਫ ਝੂਠਾ ਕੇਸ ਦਰਜ ਕੀਤਾ ਗਿਆ ਸੀ ਜੋ ਹੁਣ ਵਾਪਸ ਲੈ ਲਿਆ ਹੈ।

ਸ੍ਰੀ ਸਿਧਾਣਾ ਨੇ ਕਿਹਾ ਕਿ ਪੰਜਾਬ ਤੇ ਪੰਜਾਬੀਅਤ ਲਈ ਉਹ ਹਰ ਲੜਾਈ ਲੜਨ ਲਈ ਤਿਆਰ ਹਨ। ਉਹ ਕਦੇ ਵੀ ਪੰਜਾਬ ਤੇ ਪੰਜਾਬੀਅਤ ਦੇ ਮਸਲੇ ਵਿਚ ਪਿੱਠ ਨਹੀਂ ਵਿਖਾਉਣਗੇ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਸੰਘਰਸ਼ ਤੇਜ ਕਰਨ ਲਈ ਮਜਬੂਰ ਹੋਣਗੇ। ਉਨ੍ਹਾਂ ਕਿਹਾ ਕਿ ਏਜੰਸੀਆਂ ਪੰਜਾਬ ਵਿਚ ਨੌਜਵਾਨਾਂ ਦਾ ਕਤਲ ਕਰਵਾ ਰਹੀਆਂ ਹਨ।

ਇਸ ਮੌਕੇ ਸੰਸਦ ਮੈਂਬਰ ਸਿਮਰਜੀਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸਰਕਾਰ ਨੌਜਵਾਨਾਂ ਦੀ ਆਵਾਜ਼ ਬੰਦ ਕਰਨ ਲਈ ਝੂਠੇ ਪਰਚੇ ਪਾ ਕੇ ਜੇਲ੍ਹਾਂ ਵਿਚ ਰੱਖਣਾ ਚਾਹੁੰਦੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸੁਖਪਾਲ ਖਹਿਰਾ



ਨੇ ਕਿਹਾ ਕਿ ਲੱਖਾ ਸਿਧਾਣਾ 'ਤੇ ਸਰਕਾਰ ਨੇ ਸਾਜ਼ਿਸ਼ ਤਹਿਤ ਝੂਠਾ ਕੇਸ ਦਰਜ ਕੀਤਾ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬੀਆਂ ਨੂੰ ਮਰਵਾਇਆ ਤਾਂ ਜਾ ਸਕਦਾ ਹੈ ਪਰ ਦਬਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਘਵ ਚੱਢਾ ਨੂੰ ਜੈੱਡ ਪਲੱਸ ਸੁਰੱਖਿਆ ਦਿੱਤੀ ਗਈ ਹੈ ਜਿਸ ਦਾ ਬੋਝ ਪੰਜਾਬੀਆਂ ਸਿਰ ਪੈ ਰਿਹਾ ਹੈ।

# ਕਿਸਾਨਾਂ ਨੇ ਭਗਵੰਤ ਮਾਨ ਦੀ ਕੋਠੀ ਅੱਗੇ ਸ਼ੁਰੂ ਕੀਤਾ ਪੱਕਾ ਮੋਰਚਾ

**ਸੰਗਰੂਰ**: ਪੰਜਾਬ ਭਰ ਤੋਂ ਪੁੱਜੇ ਹਜ਼ਾਰਾਂ ਕਿਸਾਨ ਭਾਕਿਯੂ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਆਵਾਜਾਈ ਬੰਦ ਕਰ ਕੇ ਅਣਮਿਥੇ ਸਮੇਂ ਲਈ ਪੱਕੇ ਮੋਰਚੇ 'ਤੇ ਡਟ ਗਏ। ਕਿਸਾਨਾਂ ਨੇ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਤੱਕ ਦਿਨ-ਰਾਤ ਪੱਕਾ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਪੱਕੇ ਮੋਰਚੇ 'ਚ ਸ਼ਾਮਲ ਵੱਡੀ ਗਿਣਤੀ 'ਚ ਕਿਸਾਨ ਬੀਬੀਆਂ ਸਰਕਾਰ ਖ਼ਿਲਾਫ਼ ਵਿੱਢੇ ਸੰਘਰਸ਼ ਵਿਚ ਮੋਹਰੀ ਹੋ ਕੇ ਆਵਾਜ਼ ਬੁਲੰਦ ਕਰ ਰਹੀਆਂ ਹਨ। ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਸਾਹਮਣੇ ਵਾਲੀ ਸੜਕ ਉਪਰ ਦੂਰ-ਦੂਰ ਤੱਕ ਟਰੈਕਟਰ-ਟਰਾਲੀਆਂ ਤੇ ਹੋਰ ਵਾਹਨਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ। ਸੰਘਰਸ਼ੀ ਕਿਸਾਨ ਲੰਗਰ ਅਤੇ ਚਾਹ-ਪਾਣੀ ਦੇ ਪ੍ਰਬੰਧ ਲਈ ਜ਼ਿੰਮੇਵਾਰੀਆਂ 'ਤੇ ਡਟ ਗਏ ਹਨ।

ਭਾਕਿਯੂ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਹੈ ਕਿ ਸੱਤ ਅਕਤੂਬਰ ਨੂੰ ਮੀਟਿੰਗ ਦੌਰਾਨ ਸਰਕਾਰ ਵੱਲੋਂ ਕਿਸੇ ਵੀ ਮੰਗ ਉੱਪਰ ਪੱਕਾ ਸਪੱਸ਼ਟੀਕਰਨ ਨਹੀਂ ਦਿੱਤਾ ਗਿਆ ਜਿਸ ਕਾਰਨ ਕਿਸਾਨਾਂ ਨੂੰ ਮੋਰਚੇ ਲਈ ਮਜਬੂਰ ਹੋਣਾ ਪਿਆ ਹੈ। ਉਨ੍ਹਾਂ ਐਲਾਨ ਕੀਤਾ ਕਿ ਮੰਨੀਆਂ ਮੰਗਾਂ ਲਾਗੂ ਕਰਵਾਉਣ ਤੱਕ ਦਿਨ-ਰਾਤ ਪੱਕਾ ਮੋਰਚਾ ਜਾਰੀ ਰਹੇਗਾ। ਉਨ੍ਹਾਂ ਮੰਗ ਕੀਤੀ ਕਿ ਗੁਲਾਬੀ ਸੁੰਡੀ, ਨਕਲੀ ਕੀਟਨਾਸ਼ਕਾਂ ਨਾਲ ਜਾਂ



ਗੜੇਮਾਰੀ/ਭਾਰੀ ਮੀਂਹਾਂ ਨਾਲ ਖਰਾਬ ਹੋਈਆਂ ਫਸਲਾਂ ਸਣੇ ਨੁਕਸਾਨੇ ਮਕਾਨਾਂ ਦਾ ਪੂਰਾ ਮੁਆਵਜ਼ਾ ਕਾਸ਼ਤਕਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ 'ਚ ਤੁਰਤ ਵੰਡਿਆ ਜਾਵੇ, ਧਰਤੀ ਹੇਠਲੇ ਅਤੇ ਦਰਿਆਈ ਪਾਣੀਆਂ ਦੀ ਮਾਲਕੀ ਸਾਮਰਾਜੀ ਕਾਰਪੋਰੇਟਾਂ ਨੂੰ ਸੌਂਪਣ ਵਾਲੀ ਸੰਸਾਰ ਬੈਂਕ ਦੀ ਜਲ ਨੀਤੀ ਰੱਦ ਕੀਤੀ ਜਾਵੇ, ਲੁਧਿਆਣਾ ਦੀਆਂ ਫੈਕਟਰੀਆਂ ਅਤੇ ਮਿਉਂਸਪਲ ਕਾਰਪੋਰੇਸ਼ਨ ਦੁਆਰਾ ਬੁੱਢੇ ਨਾਲੇ ਦੇ ਪਾਣੀ ਦਾ ਪ੍ਰਦੂਸ਼ਣ ਅਤੇ ਟਰਾਈਡੈਂਟ ਫੈਕਟਰੀ ਵੱਲੋਂ ਸੇਮ ਨਾਲੇ ਅਤੇ ਧਰਤੀ ਹੇਠਲੇ ਪਾਣੀ ਦਾ ਪ੍ਰਦੂਸ਼ਣ ਤੁਰਤ ਰੋਕਿਆ ਜਾਵੇ, ਭਾਰਤ ਮਾਲਾ ਹਾਈਵੇਅ ਪ੍ਰੋਜੈਕਟ ਲਈ ਨਿਗੂਣਾ ਮੁਆਵਜ਼ਾ ਦੇ ਕੇ ਜ਼ਮੀਨਾਂ 'ਤੇ ਕਾਰਪੋਰੇਟ ਕਬਜ਼ੇ ਕਰਾਉਣੇ ਬੰਦ ਕੀਤੇ ਜਾਣ, ਕਿਸਾਨਾਂ ਨੂੰ ਇਲਾਕੇ ਦਾ ਪੂਰਾ ਮਾਰਕੀਟ ਭਾਅ ਜਮ੍ਹਾਂ 30 ਫੀਸਦੀ ਉਜਾੜਾ ਭੱਤਾ ਅਤੇ ਖੇਤ ਮਜ਼ਦੂਰਾਂ ਨੂੰ ਰੁਜ਼ਗਾਰ ਤੇ ਉਜਾੜਾ ਭੱਤਾ ਵੀ ਤੁਰਤ ਦਿੱਤਾ ਜਾਵੇ, ਪਰਾਲੀ ਦੇ ਨਿਬੇੜੇ ਲਈ 200 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ, ਝੋਨੇ ਦੀ ਕਾਸ਼ਤ ਬੰਦ ਕਰਨ ਲਈ ਬਦਲਵੀਆਂ ਫਸਲਾਂ ਦਾ ਐਮ.ਐਸ.ਪੀ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਬਿਨਾਂ ਸ਼ਰਤ ਕਾਨੂੰਨੀ ਗਾਰੰਟੀ ਨਾਲ ਦਿੱਤਾ ਜਾਵੇ, ਲੰਪੀ ਸਕਿਨ ਕਾਰਨ ਮਰੀਆਂ ਗਊਆਂ ਦਾ ਮੁਆਵਜ਼ਾ ਦਿੱਤਾ ਜਾਵੇ, ਜਮਹੂਰੀ ਅੰਦੋਲਨਾਂ ਦੌਰਾਨ ਪੁਲਿਸ ਜਬਰ ਬੰਦ ਕੀਤਾ ਜਾਵੇ ਤੇ ਮਜ਼ਦੂਰਾਂ-ਕਿਸਾਨਾਂ 'ਤੇ ਪਰਾਲੀ ਸਣੇ ਹੁਣ ਤੱਕ ਦਰਜ ਕੀਤੇ ਸਾਰੇ ਕੇਸ ਵਾਪਸ ਲੈਣ ਦੀ ਮੰਨੀ ਹੋਈ ਮੰਗ ਤੁਰੰਤ ਲਾਗੂ ਕੀਤੀ ਜਾਵੇ।

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

## ਲੜਕੀ ਦੀ ਲੋੜ ਹੈ

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-45

ਯੂ.ਐਸ.ਏ ਸਿਟੀਜ਼ਨ ਸੈਣੀ ਕਲੀਨਸ਼ੇਵ, ਉਮਰ 32 ਸਾਲ, ਕੱਦ 5'11", ਮੈਡੀਸਨ (ਵਿਸਕਾਨਸਿਨ) ਰਹਿੰਦੇ ਲੜਕੇ ਲਈ ਸੋਹਣੀ ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 1-929-615-9671

42-45

ਯੂ ਐਸ ਵਿਚ ਵਧੀਆ ਸਥਾਪਿਤ ਆਹਲੂਵਾਲੀਆ ਸਿੱਖ ਪਰਿਵਾਰ ਦੇ ਕੇਬਲ ਕੰਪਨੀ ਵਿਚ ਕੰਮ ਕਰ ਰਹੇ ਯੂ.ਐਸ ਸਿਟੀਜ਼ਨ ਲੜਕੇ ਉਮਰ 40 ਸਾਲ, ਕੱਦ 5, 11" ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਪਹਿਲੀ ਪਤਨੀ ਦੀ 2011 ਵਿਚ ਮੌਤ ਹੋ ਗਈ ਸੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਿਧਵਾ ਅਤੇ ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਚਾਹਵਾਨ ਸੰਪਰਕ ਕਰਨ, ਫੋਨ: 570-244-6800 ਜਾਂ E-mail: cahluwalia@aol.com

42-45

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----

# ਨਾਮੁਰਾਦ ਬਿਮਾਰੀਆਂ ਦਾ ਕੁਦਰਤੀ ਇਲਾਜ

**ਸ਼ਿਕਾਗੋ:** ਸਿੱਖ ਸੀਨੀਅਰ ਸਿਟੀਜ਼ਨਜ਼ ਦੀ ਮੀਟਿੰਗ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ ਤੋਂ ਡਾਕਟਰ ਰਣਬੀਰ ਸਿੰਘ ਜੋਸਨ ਪਹੁੰਚੇ ਜੋ ਹੋਮਿਓਪੈਥੀ ਤੇ ਹੋਲਿਸਟਿਕ ਮਾਹਿਰ ਹਨ। ਉਨ੍ਹਾਂ ਨੇ ਅੰਮ੍ਰਿਤਸਰ ਵਿਚ ਜੋਸਨ ਹੋਲਿਸਟਿਕ ਹਸਪਤਾਲ ਵੀ ਖੋਲ੍ਹਿਆ ਹੋਇਆ ਹੈ। ਇਸ ਵਿਸ਼ੇ 'ਤੇ ਉਹ ਤਿੰਨ ਕਿਤਾਬਾਂ ਵੀ ਲਿਖ ਚੁੱਕੇ ਹਨ। ਪੈਲੇਟਾਈਨ ਗੁਰਦੁਆਰਾ ਸਾਹਿਬ ਵਿਚ ਉਨ੍ਹਾਂ ਦਾ ਪ੍ਰਬੰਧ ਕਪੂਰ ਪਰਿਵਾਰ ਨੇ ਕੀਤਾ ਸੀ ਜਿਥੇ ਡਾ. ਜੋਸਨ ਦੀ ਕਿਤਾਬ '21ਵੀਂ ਸਦੀ ਦਾ ਵਰਤ ਮੰਤਰ' ਲੋਕ ਅਰਪਣ ਕੀਤੀ ਗਈ।

ਆਮ ਤੌਰ 'ਤੇ ਗੁਰਬਾਣੀ ਨੂੰ ਅਧਿਆਤਮਕ ਰਾਹ ਦਸੇਰਾ ਹੀ ਸਮਝਿਆ ਜਾਂਦਾ ਹੈ ਪਰ ਡਾ. ਜੋਸਨ ਨੇ ਸਿੱਖ ਸਿਧਾਂਤ ਨੂੰ ਜਿਸਮਾਨੀ ਅਰੋਗਤਾ ਵਾਸਤੇ ਨਿਪੁੰਨਤਾ ਸਹਿਤ ਅਖਤਿਆਰ ਕੀਤਾ ਹੈ। ਬਹੁਤ ਸਾਰੀਆਂ ਨਾਮੁਰਾਦ ਬਿਮਾਰੀਆਂ ਐਸੀਆਂ ਹਨ ਜਿਨ੍ਹਾਂ ਲਈ ਤਾਉਮਰ ਦਵਾਈਆਂ ਲੈਣੀਆਂ ਪੈਂਦੀਆਂ ਹਨ। ਡਾ. ਜੋਸਨ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਪਿੰਡ ਨਾਲ ਸਬੰਧਤ ਹਨ ਤੇ 12 ਸਾਲ ਤੋਂ ਪਵਣ ਯੋਗ ਚਲਾ ਰਹੇ ਹਨ। ਉਨ੍ਹਾਂ ਗੁਰਬਾਣੀ ਨੂੰ ਚਿਕਿਤਸਾ ਨਾਲ ਜੋੜਨ ਲਈ ਯੋਗ ਗੁਰੂ ਰਾਮਦੇਵ ਅਤੇ ਯੋਗੀ ਹਰਭਜਨ ਸਿੰਘ ਤੋਂ ਵੀ ਸੇਧ ਲਈ। ਉਹ ਯੂਟਿਊਬ 'ਤੇ 'ਟਰੁੱਥ ਫ੍ਰੀਡਮ ਹੈਲਥ' ਚੈਨਲ ਵੀ ਚਲਾਉਂਦੇ ਹਨ।

ਡਾਕਟਰ ਜੋਸਨ ਨੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਤੋਂ ਗੱਲ ਸ਼ੁਰੂ ਕੀਤੀ। ਉਨ੍ਹਾਂ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਡੀਕਲ ਸਿਧਾਂਤ ਮੁਤਾਬਕ 'ਪਵਣੁ ਗੁਰੂ' ਕਿਵੇਂ ਹੈ। ਹਵਾ ਜਦੋਂ ਫੇਫੜਿਆਂ ਵਿਚ ਜਾਂਦੀ ਹੈ ਤਾਂ ਆਕਸੀਜਨ ਕਿਵੇਂ ਅਲੱਗ ਹੁੰਦੀ ਹੈ। ਕਿਵੇਂ ਸੈਲਾਂ ਅੰਦਰ ਚੰਬੜਦੀ ਹੈ। ਸਿੱਖਾਂ ਨੇ ਭਾਵੇਂ ਇਸ 'ਤੇ ਬਹੁਤਾ ਧਿਆਨ ਨਹੀਂ ਦਿਤਾ ਪਰ 1931 ਵਿਚ ਡਾ. ਓਟੋ ਹੈਨਰਿਕ ਨੂੰ ਨੋਬੇਲ ਇਨਾਮ ਮਿਲਿਆ। ਉਨ੍ਹਾਂ ਮੈਡੀਕਲ ਪੱਖ ਤੋਂ ਦੱਸਿਆ ਕਿ 'ਪਾਣੀ ਪਿਤਾ' ਕਿਉਂ ਹੈ। ਸਰੀਰ ਵਿਚ 95 ਫੀਸਦੀ ਪਾਣੀ ਹੈ ਅਤੇ ਬਿਮਾਰੀਆਂ ਤੋਂ ਬਚਾਉਂਦਾ ਹੈ। ਪਾਣੀ ਸੁਣਦਾ ਦੇਖਦਾ ਹੈ। ਜਪਾਨ ਦੇ ਡਾ. ਮਸਾਰੂ ਇਨੈਤੋ ਨੇ ਸਾਬਤ ਕੀਤਾ ਕਿ ਪਾਣੀ ਜਿਊਂਦਾ ਹੈ ਤੇ ਇਸ ਵਿਸ਼ੇ 'ਤੇ ਉਸ ਨੂੰ ਵੀ ਨੋਬੇਲ ਇਨਾਮ ਮਿਲਿਆ। 'ਮਾਤਾ ਧਰਤਿ ਮਹਤੁ' ਕਿਵੇਂ ਹੈ, ਬਹੁਤੇ ਸਿੱਖਾਂ ਨੂੰ ਇਸ ਬਾਰੇ ਸਹੀ ਮਤਲਬ ਨਹੀਂ ਪਤਾ ਪਰ ਖਾਣ-ਪੀਣ ਦੀਆਂ ਸਾਰੀਆਂ ਵਸਤਾਂ ਧਰਤੀ ਵਿਚੋਂ ਹੀ ਮਿਲਦੀਆਂ ਹਨ। ਇਸ ਵਿਸ਼ੇ 'ਤੇ ਡਾ. ਯੋਸ਼ੀਨੋਰੀ




ਓਹਸੂਨੀ ਨੂੰ ਨੋਬੇਲ ਇਨਾਮ ਮਿਲਿਆ ਜਿਸ ਨੇ ਸੈਲਫ ਹੈਲਦੀ ਸਿਸਟਮ 'ਤੇ ਕੰਮ ਕੀਤਾ। ਇਸ ਕਰਕੇ ਧਰਤੀ ਦੀ ਸੰਭਾਲ ਜ਼ਰੂਰੀ ਹੈ।

ਦਿਵਾਸ ਰਾਤਿ ਦੀ ਗਲ ਕਰਦਿਆਂ ਡਾਕਟਰ ਜੋਸਨ ਨੇ ਦੱਸਿਆ ਕਿ ਸੂਰਜ ਦੀਆਂ ਕਿਰਨਾਂ ਵਿਚੋਂ ਵਿਟਾਮਿਨ ਡੀ ਕਿਵੇਂ ਮਿਲਦਾ ਹੈ। ਦਰਅਸਲ ਵਿਟਾਮਿਨ ਡੀ ਹਾਰਮੋਨ ਹੈ ਜੋ ਸਿਰਫ਼ ਸੂਰਜ ਦੀ ਕਿਰਨਾਂ ਤੋਂ ਹੀ ਹਰਕਤ ਵਿਚ ਆਉਂਦਾ ਹੈ ਤੇ ਇਹ ਐਂਟੀ ਵਾਇਰਸ ਵਾਂਗ ਕੰਮ ਕਰਦਾ ਹੈ। ਜ਼ਾਹਿਰ ਹੈ ਕਿ ਇਸ ਦੀ ਘਾਟ ਬਹੁਤ ਬਿਮਾਰੀਆਂ ਨੂੰ ਜਨਮ ਦਿੰਦੀ ਹੈ। ਦਿਨ ਤੇ ਰਾਤ ਦਾ ਜੁਗਾੜ ਤੁਹਾਡਾ ਬਾਇਓਲੌਜੀਕਲ ਕਲਾਕ ਸੈਟ ਕਰਦਾ ਹੈ ਜਿਸ ਤਹਿਤ ਤੁਹਾਡਾ ਸਰੀਰ ਤੇ ਦਿਮਾਗ ਕੰਮ ਕਰਦੇ ਹਨ। ਧਰਤੀ ਵਾਈਬਰੇਟ ਕਰਦੀ ਹੈ ਤੇ 8 ਮੈਗਾਹਰਟ 'ਤੇ ਘੁੰਮਦੀ ਹੈ ਜਿਸ ਦਾ ਸਾਡੇ ਸਰੀਰ 'ਤੇ ਅਸਰ ਪੈਂਦਾ ਹੈ ਤੇ ਸਰੀਰ ਦੀ ਮੁੜ ਬਣਤਰ ਲਈ 6 ਤੋਂ 8 ਘੰਟੇ ਦੀ ਲਗਾਤਾਰ ਨੀਂਦ ਜ਼ਰੂਰੀ ਹੈ। ਇਸ ਵਿਸ਼ੇ 'ਤੇ ਤਿੰਨ ਡਾਕਟਰਾਂ ਡਾ. ਜੈਫਰੇ ਹਾਲ, ਡਾ. ਗੋਸਬੇਸ ਤੇ ਡਾ. ਐੱਮ. ਯੰਗ ਨੂੰ ਨੂੰ ਨੋਬੇਲ ਇਨਾਮ ਮਿਲਿਆ। ਜਦੋਂ ਗੁਰੂ ਇਕੋ ਗੁਰੂ ਦੀ ਗੱਲ ਕਰਦਾ ਹੈ ਭਾਵੇਂ ਕਿਸੇ ਵੀ ਰੂਪ ਵਿਚ ਲਿਖਿਆ ਆਵੇ ਤਾਂ ਗੱਲ ਵਾਹਿਗੁਰੂ ਦੀ ਹੁੰਦੀ ਹੈ; ਮਤਲਬ, ਗਿਆਨ ਦੀ। ਤੇ ਜਦੋਂ ਗੁਰੂ ਵੱਖ ਵੱਖ ਰੂਪਾਂ ਵਿਚ ਨਾਮ ਦੀ ਗੱਲ ਕਰਦੇ ਹਨ ਤਾਂ ਉਹ ਦਰਅਸਲ ਨਿਯਮ ਦੀ ਗੱਲ ਕਰਦੇ ਹਨ। ਜਦੋਂ ਵੱਖ-ਵੱਖ ਰੂਪ ਵਿਚ ਜਪੁ ਦੀ ਗੱਲ ਕਰਦੇ ਹਨ ਤਾਂ ਜਾਣਨ ਦੀ ਗੱਲ ਕਰਦੇ ਹਨ ਤੇ ਜਦੋਂ ਜੋਗ ਦੀ ਗੱਲ ਕਰਦੇ ਹਨ ਤਾਂ ਖੋਜਣ ਦੀ ਗੱਲ ਕਰਦੇ ਹਨ।

ਬਾਬੇ ਨਾਨਕ ਦੇ ਕਰਾਂਤੀਕਾਰ ਵਿਚਾਰਾਂ ਕਰ ਕੇ ਬਾਬੇ ਨਾਨਕ ਨੂੰ ਦੁਨੀਆ ਦਾ ਸਭ ਤੋਂ ਆਹਲਾ ਡਾਕਟਰ, ਆਹਲਾ ਨੇਚਰੋਪੈਥ, ਨਿਊਟ੍ਰੀਨਿਸਟ, ਫਿਜ਼ੀਸਿਸਟ ਮੰਨਿਆ ਜਾਂਦਾ ਹੈ ਜਿਨ੍ਹਾਂ ਨੇ 15ਵੀਂ ਸਦੀ ਵਿਚ ਐਟਮ ਦੀ ਗੱਲ ਕੀਤੀ। ਬਾਬਾ ਨਾਨਕ ਸਭ ਤੋਂ ਆਹਲਾ ਆਸਟ੍ਰੋਨਾਟ ਹਨ। ਬਾਬਾ ਨਾਨਕ ਨੇ ਜਿੰਨੀ ਜਾਣਕਾਰੀ ਪਾਣੀ ਬਾਰੇ ਦਿੱਤੀ, ਇੰਨੀ ਉਦੋਂ ਤੱਕ ਕਿਸੇ ਨੇ ਨਹੀਂ ਦਿੱਤੀ। ਇਸ ਕਰਕੇ ਉਨ੍ਹਾਂ ਨੂੰ ਸਭ ਤੋਂ ਆਹਲਾ ਪਾਣੀ ਸਾਇੰਸਦਾਨ ਵੀ ਕਿਹਾ ਜਾ ਸਕਦਾ ਹੈ ਤੇ ਜਿਸ ਪੱਧਰ ਦੀ ਅਧਿਆਤਮਕ ਕਵਿਤਾ ਉਨ੍ਹਾਂ ਨੇ ਰਚੀ, ਉਸੇ ਕਰ ਕੇ ਸਭ ਤੋਂ ਆਹਲਾ ਕਵੀ ਮੰਨਿਆ ਜਾਂਦਾ ਹੈ ਜਿਸ ਨੇ ਆਮ ਜ਼ਿੰਦਗੀ ਦੀਆਂ ਗੱਲਾਂ ਨੂੰ ਪਰਮਾਤਮਾ ਨੂੰ ਮਿਲਣ ਦੇ ਰਾਹ 'ਤੇ ਲਿਆ ਖੜ੍ਹਾ ਕੀਤਾ।

ਡਾਕਟਰ ਜੋਸਨ ਨੇ ਦੱਸਿਆ ਕਿ ਜਦ ਤੋਂ ਕਣਕ ਵਿਚ ਗਲੂਟਨ ਦੀ ਮਾਤਰਾ ਵਧਾਈ ਹੈ, ਉਦੋਂ ਤੋਂ ਹੀ ਬਿਮਾਰੀਆਂ ਵਿਚ ਵਾਧਾ ਹੋਇਆ ਹੈ। ਸਿਰਫ਼ ਪੇਟ ਦੀਆਂ ਬਿਮਾਰੀਆਂ ਹੀ ਨਹੀਂ ਬਲਕਿ ਜੋੜਾਂ ਦੇ ਦਰਦ ਵੀ ਇਸੇ ਕਰ ਕੇ ਹੁੰਦੇ ਹਨ। ਸੋ, ਬਚਾਅ ਲਈ ਕਣਕ ਦੀ ਬਜਾਇ ਜਵਾਰ, ਬਾਜਰਾ ਤੇ ਹੋਰ ਮੋਟੇ ਅਨਾਜ ਦਾ ਇਸਤੇਮਾਲ ਕਰੋ। ਇਹ ਆਟੇ 7 ਤਰ੍ਹਾਂ ਦੇ ਹਨ। ਆਲੂ ਜੇ ਵਰਤਣੇ ਹਨ ਤਾਂ ਉਬਾਲ ਕੇ ਵਰਤਿਆ ਕਰੋ। ਦਾਲਾਂ ਤੇ ਹੋਰ ਚੀਜ਼ਾਂ ਜਿਨ੍ਹਾਂ ਵਿਚ ਕਾਰਬੋਹਾਈਡਰੇਟ ਜ਼ਿਆਦਾ ਹਨ, ਘਟ ਵਰਤੋ। ਮਿੱਠੇ ਤੋਂ ਪ੍ਰਹੇਜ਼ ਕਰੋ। ਡਾ. ਸ਼ਿਵਾ ਆਇਧੂਰੀਆ ਨੇ ਇਸ 'ਤੇ ਬਹੁਤ ਕੰਮ ਕੀਤਾ ਹੈ ਤੇ ਯੂਟਿਊਬ 'ਤੇ ਉਪਲਬਧ ਹੈ। ਡਾਕਟਰ ਸ਼ਿਵਾ ਨੇ ਸਭ ਤੋਂ ਪਹਿਲਾਂ ਈਮੇਲ ਦੀ ਖੋਜ ਕੀਤੀ ਸੀ ਪਰ ਸਿਆਸਤ ਨੇ ਸਵੀਕਾਰ ਨਹੀਂ ਹੋਣ ਦਿੱਤੀ।

ਉਨ੍ਹਾਂ ਸਾਹ ਦੀਆਂ ਵੱਖ-ਵੱਖ ਪ੍ਰਕਿਰਿਆਵਾਂ ਬਾਰੇ ਵੀ ਦੱਸਿਆ। ਤੰਦਰੁਸਤ ਸਿਹਤ ਲਈ ਪੇਟ ਦੀ ਸਫ਼ਾਈ ਬਹੁਤ ਜ਼ਰੂਰੀ ਹੈ। ਸਹੀ ਖਾਣੇ ਜ਼ਰੂਰੀ ਹਨ ਜਿਨ੍ਹਾਂ ਵਿਚ ਰੇਸ਼ਾ ਵੱਧ ਹੋਵੇ। ਦੁੱਧ ਦੀ ਬਜਾਇ ਦਹੀਂ ਖਾਓ, ਪਾਣੀ ਦੇ 7-8 ਗਲਾਸ ਪੀਓ। ਸਰੀਰ ਵਿਚੋਂ ਗੰਦਗੀ ਪਖਾਨਾ, ਪਿਸ਼ਾਬ ਤੇ ਸਾਹ ਰਾਹੀਂ ਨਿਕਲਦੀ ਹੈ। ਵਧੇਰੇ ਪਾਣੀ ਨਾਲ ਜੋ ਸਰੀਰ ਅੰਦਰ ਟੁੱਟ-ਭੱਜ ਹੁੰਦੀ ਹੈ, ਉਹ ਬਾਹਰ ਨਿਕਲਦੀ ਹੈ; ਨਹੀਂ ਤਾਂ ਅੰਦਰ ਨੁਕਸਾਨ ਕਰਦੀ ਹੈ। ਅੰਤੜੀਆਂ ਨੂੰ ਆਰਾਮ ਦਿਓ; ਮਤਲਬ ਇਹ ਨਹੀਂ ਕਿ ਪਹਿਲਾਂ ਖਾਣਾ ਦੱਬ ਕੇ ਖਾ ਲਓ, ਫਿਰ ਵਰਤ ਰੱਖ ਲਓ। ਗੁਰਬਾਣੀ ਵੀ ਲੋੜ ਤੋਂ ਵੱਧ ਖਾਣਾ ਖਾਣ ਤੋਂ ਮਨ੍ਹਾ ਕਰਦੀ ਹੈ। ਪਹਾੜੀ ਨਮਕ ਜਿਸ ਨੂੰ ਗੁਲਾਬੀ ਜਾਂ ਪਾਕਿਸਤਾਨੀ ਨਮਕ ਵੀ ਕਿਹਾ ਜਾਂਦਾ ਹੈ, ਵਰਤੋ। ਭਾਰਤ ਵਿਚ ਲੋਕਾਂ ਨੇ ਪਾਣੀ ਸਾਫ਼ ਕਰਨ ਲਈ ਆਰ.ਓ. ਫਿਲਟਰ ਲਗਾਏ ਹਨ ਜੋ ਲੋੜੀਦੇ ਤੱਤ ਵੀ ਸਰੀਰ ਵਿਚ ਨਹੀਂ ਪਹੁੰਚਣ ਦਿੰਦੇ। ਗੁਲਾਬੀ ਨਮਕ ਵਿਚ 80 ਫ਼ੀਸਦੀ ਉਹ ਲੋੜੀਦੇ ਤੱਤ ਹਨ। ਆਇਓਡੀਨ ਨਮਕ ਵਿਚ ਵਧੇਰੇ ਸੋਡੀਅਮ ਪੋਟਾਸ਼ੀਅਮ ਹੀ ਹੈ ਜੋ ਬਲੱਡ ਪ੍ਰੈਸ਼ਰ ਵਧਾਉਂਦਾ ਹੈ। ਵੱਖ-ਵੱਖ ਤਰ੍ਹਾਂ ਦੇ ਸਲਾਦ ਅਤੇ ਫਲ ਖਾਣੇ ਜ਼ਰੂਰੀ ਹਨ।


ਸਿੱਖ ਸੀਨੀਅਰ ਦੀਆਂ ਗਤੀਵਿਧੀਆਂ ਬਾਰੇ ਸ. ਸੁਰਿੰਦਰਪਾਲ ਸਿੰਘ ਕਾਲਰਾ ਨੂੰ ਫੋਨ ਨੰਬਰ 847-305-9119 ਜਾਂ ਠਾਕਰ ਸਿੰਘ ਬਸਾਤੀ ਨੂੰ ਈਮੇਲ basatit@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

LAW OFFICES OF
VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English



AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*



***To Advertise with Punjab Times Call: 847-359-0746***
***Fax:847-705-9388, e-mail:punjabtimes1@sbcglobal.net***
*Visit us on the web:**www.punjabtimesusa.com***



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

**ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।**

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੱਤਿਆ ਕਾਂਡ: ਮੁਲਜ਼ਮ ਦਾ ਪਰਿਵਾਰ ਨਾਲ ਸੀ ਝਗੜਾ

**ਸਾਂ ਫਰਾਂਸਿਸਕੋ:** ਕੈਲੀਫੋਰਨੀਆ ਵਿਚ ਸਿੱਖ ਪਰਿਵਾਰ ਨੂੰ ਅਗਵਾ ਕਰ ਕੇ ਉਨ੍ਹਾਂ ਦੀ ਹੱਤਿਆ ਮਾਮਲੇ ਵਿਚ ਕਈ ਖੁਲਾਸੇ ਹੋਏ ਹਨ। ਹੱਤਿਆ ਕਰਨ ਵਾਲਾ ਵਿਅਕਤੀ ਪਰਿਵਾਰ ਦੇ ਟਰੱਕਾਂ ਦੇ ਕਾਰੋਬਾਰ ਨਾਲ ਜੁੜਿਆ ਤੇ ਉਨ੍ਹਾਂ ਲਈ ਕੰਮ ਵੀ ਕਰਦਾ ਰਿਹਾ ਸੀ। ਪਤਾ ਲੱਗਾ ਹੈ ਕਿ ਮੁਲਜ਼ਮ ਦਾ ਪਰਿਵਾਰ ਨਾਲ ਲੰਮੇ ਸਮੇਂ ਤੋਂ ਝਗੜਾ ਸੀ ਤੇ ਮਗਰੋਂ ਤਕਰਾਰ ਕਾਫੀ ਵਧ ਗਈ ਸੀ।

ਇਹੀ ਕਤਲ ਦਾ ਕਾਰਨ ਬਣਿਆ ਹੈ। ਪਰਿਵਾਰ ਨੇ ਦੱਸਿਆ ਕਿ ਅੱਠ ਮਹੀਨਿਆਂ ਦੀ ਬੱਚੀ ਨੂੰ ਉਸ ਨੇ ਵਾਰਦਾਤ ਮਗਰੋਂ ਮ੍ਰਿਤਕਾਂ ਕੋਲ ਹੀ ਛੱਡ ਦਿੱਤਾ ਤੇ ਉਸ ਦੀ ਮੌਤ ਮਗਰੋਂ ਹੋਰ ਕਾਰਨਾਂ ਕਰ ਕੇ ਹੋਈ ਹੈ। ਪਰਿਵਾਰ ਨੂੰ ਉਨ੍ਹਾਂ ਦੇ ਟਰੱਕਿੰਗ ਕਾਰੋਬਾਰ ਦੇ ਦਫਤਰ ਤੋਂ ਹੀ ਅਗਵਾ ਕੀਤਾ ਗਿਆ ਸੀ ਤੇ ਇਸ ਦੀ ਇਕ ਵੀਡੀਓ ਵੀ ਪੁਲਿਸ ਨੇ ਰਿਲੀਜ ਕੀਤੀ ਸੀ। ਮੁਲਜ਼ਮ ਜੀਸਸ ਮੈਨੁਏਲ ਸੈਲਗਾਡੋ (48) ਨੂੰ ਪੁਲਿਸ ਨੇ ਹੱਤਿਆ ਤੇ ਅਗਵਾ ਦੇ ਦੋਸ਼ਾਂ ਹੇਠ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਨੇ ਕਿਹਾ ਕਿ ਸੈਲਗਾਡੋ ਪਹਿਲਾਂ ਵੀ ਇਕ ਮਾਮਲੇ ਵਿਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਮੁਲਜ਼ਮ ਨੂੰ ਪਹਿਲਾਂ ਲੁੱਟ-ਖੋਹ ਦੇ ਇਕ ਕੇਸ ਵਿਚ ਸਜਾ ਹੋ ਚੁੱਕੀ ਹੈ। ਉਹ 2015 ਵਿਚ ਰਿਹਾਅ



ਹੋਇਆ ਸੀ। ਗ੍ਰਿਫਤਾਰੀ ਤੋਂ ਪਹਿਲਾਂ ਉਸ ਨੇ ਆਪਣੀ ਜਾਨ ਲੈਣ ਦੀ ਕੋਸ਼ਿਸ਼ ਵੀ ਕੀਤੀ ਸੀ। ਪੀੜਤ ਪਰਿਵਾਰ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਉਹ ਉਨ੍ਹਾਂ ਦੀ ਕੰਪਨੀ ਦਾ ਟਰੱਕ ਚਲਾਉਂਦਾ ਰਿਹਾ ਹੈ। ਪਰਿਵਾਰ ਦਾ ਉਸ ਨਾਲ ਝਗੜਾ ਹੋ ਗਿਆ ਸੀ ਤੇ ਉਸ ਨੇ ਕੰਮ ਛੱਡ ਦਿੱਤਾ। ਸਥਾਨਕ ਪੁਲਿਸ ਨੇ ਸ਼ੱਕ ਜ਼ਾਹਿਰ ਕੀਤਾ ਹੈ ਕਿ ਅਗਵਾ ਤੇ ਹੱਤਿਆਵਾਂ ਵਿਚ ਇਕ ਹੋਰ ਵਿਅਕਤੀ ਵੀ ਸ਼ਾਮਲ ਹੋ ਸਕਦਾ ਹੈ, ਪਰ ਜਾਂਚਕਰਤਾ ਅਜੇ ਸਬੂਤ ਇਕੱਠੇ ਕਰ ਰਹੇ ਹਨ। ਮਰਸਿਡ ਕਾਊਂਟੀ ਦੇ ਸ਼ੈਰਿਫ ਨੇ ਕਿਹਾ ਕਿ ਇਕ ਵਾਰ ਜੇ ਸਾਫ ਹੋ ਗਿਆ ਕਿ ਕੋਈ ਦੂਜਾ ਵਿਅਕਤੀ ਵੀ ਅਪਰਾਧ ਵਿਚ ਸ਼ਾਮਲ ਸੀ ਤਾਂ ਉਹ ਉਸ ਦਾ ਪਿੱਛਾ ਕਿਸੇ ਵੀ ਹਾਲ ਵਿਚ ਨਹੀਂ ਛੱਡਣਗੇ। ਪੁਲਿਸ ਨੇ ਦੱਸਿਆ ਕਿ ਮੁਲਜ਼ਮ ਕੰਮ ਛੱਡਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੂੰ ਫੋਨ 'ਤੇ ਗੁੱਸੇ ਭਰੇ ਸੁਨੇਹੇ ਤੇ ਈਮੇਲ ਵੀ ਭੇਜਦਾ ਰਿਹਾ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਟਰੱਕਿੰਗ ਕੰਪਨੀ 'ਚੋਂ ਕੁਝ ਵੀ ਚੋਰੀ ਨਹੀਂ ਕੀਤਾ ਗਿਆ। ਹਾਲਾਂਕਿ ਮੁਲਜ਼ਮ ਨੇ ਮਗਰੋਂ ਮ੍ਰਿਤਕ ਦਾ ਏ.ਟੀ.ਐਮ. ਕਾਰਡ ਐਟਵਾਟਰ ਵਿਚ ਵਰਤਿਆ ਸੀ। ਹੁਸ਼ਿਆਰਪੁਰ ਜਿਲ੍ਹੇ ਦੇ ਹਰਸੀ ਪਿੰਡ ਨਾਲ ਸਬੰਧਤ ਪਰਿਵਾਰ 'ਯੂਨੀਸਨ ਟਰੱਕਿੰਗ ਕੰਪਨੀ' ਚਲਾ ਰਿਹਾ ਸੀ। ਉਨ੍ਹਾਂ ਹਾਲ ਹੀ ਵਿਚ ਇਕ ਪਾਰਕਿੰਗ ਲਾਟ ਵਿਚ ਕੰਪਨੀ ਲਈ ਦਫਤਰ ਖੋਲ੍ਹਿਆ ਸੀ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚ ਇਕ ਪੰਜਾਬੀ ਪਰਿਵਾਰ ਨੂੰ ਅਗਵਾ ਕਰ ਲਿਆ ਗਿਆ ਸੀ ਤੇ ਮਗਰੋਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ ਸੀ। ਮ੍ਰਿਤਕਾਂ ਵਿਚ ਇਕ ਅੱਠ ਮਹੀਨਿਆਂ ਦੀ ਬੱਚੀ ਸਣੇ ਚਾਰ ਜਣੇ ਸ਼ਾਮਲ ਸਨ। 36 ਸਾਲਾ ਜਸਦੀਪ ਸਿੰਘ, 27 ਸਾਲਾ ਜਸਲੀਨ ਕੌਰ, ਅੱਠ ਮਹੀਨਿਆਂ ਦੀ ਬੱਚੀ ਅਰੂਹੀ ਢੇਰੀ ਤੇ 39 ਸਾਲਾ ਅਮਨਦੀਪ ਸਿੰਘ ਦੀਆਂ ਲਾਸ਼ਾਂ ਇਕ ਬਾਗ ਵਿਚੋਂ ਮਿਲੀਆਂ ਸਨ। ਮ੍ਰਿਤਕ ਅਮਨਦੀਪ ਦੇ ਪਰਿਵਾਰ 'ਚ ਪਤਨੀ ਤੇ ਦੋ ਨੌਜਵਾਨ ਬੱਚੇ ਹਨ।

## ਕੈਲੀਫੋਰਨੀਆ ਦੇ ਪੀੜਤ ਪਰਿਵਾਰ ਲਈ ਤਿੰਨ ਲੱਖ ਡਾਲਰ ਤੋਂ ਵੱਧ ਇਕੱਠੇ ਹੋਏ

**ਸਾਂ ਫਰਾਂਸਿਸਕੋ:** ਕੈਲੀਫੋਰਨੀਆ ਵਿਚ ਕਤਲ ਕੀਤੇ ਗਏ ਭਾਰਤੀ ਮੂਲ ਦੇ ਸਿੱਖ ਪਰਿਵਾਰ ਦੇ ਸੋਗ ਵਿਚ ਡੁੱਬੇ ਰਿਸ਼ਤੇਦਾਰਾਂ ਦੀ ਮਦਦ ਲਈ ਤਿੰਨ ਲੱਖ ਅਮਰੀਕੀ ਡਾਲਰ ਤੋਂ ਵੱਧ ਦੀ ਰਾਸ਼ੀ ਇਕੱਠੀ ਹੋ ਗਈ ਹੈ। ਪਰਿਵਾਰ ਦੇ ਕੁਝ ਮੈਂਬਰ ਅਮਰੀਕਾ ਤੇ ਮਾਤਾ-ਪਿਤਾ ਭਾਰਤ ਵਿਚ ਰਹਿੰਦੇ ਹਨ। ਜ਼ਿਕਰਯੋਗ ਹੈ ਕਿ ਅੱਠ ਮਹੀਨਿਆਂ ਦੀ ਬੱਚੀ, ਉਸ ਦੇ ਮਾਤਾ-ਪਿਤਾ ਤੇ ਇਕ ਹੋਰ ਰਿਸ਼ਤੇਦਾਰ ਨੂੰ ਅਗਵਾ ਕਰ ਲਿਆ ਗਿਆ ਸੀ। ਮਗਰੋਂ ਅਗਵਾਕਾਰ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ।

ਹੱਤਿਆਰਾ ਪਰਿਵਾਰ ਦੀ ਟਰੱਕਿੰਗ ਕੰਪਨੀ ਦਾ ਸਾਬਕਾ ਮੁਲਾਜ਼ਮ ਸੀ। 'ਗੋਫੰਡਮੀ' ਫੰਡਰੇਜਰ ਰਾਹੀਂ ਪੈਸੇ ਇਕੱਠੇ ਕੀਤੇ ਗਏ ਹਨ ਜੋ ਕਿ ਪਰਿਵਾਰ ਨੂੰ ਦਿੱਤੇ ਜਾਣਗੇ। ਮ੍ਰਿਤਕ ਅਮਨਦੀਪ ਦੀ ਪਤਨੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਅਤੇ ਉਨ੍ਹਾਂ ਦੇ ਭਰਾ ਨੇ ਅਮਰੀਕਾ ਵਿਚ 18 ਸਾਲ ਬਿਤਾਏ ਹਨ। ਉਨ੍ਹਾਂ ਨਾ ਸਿਰਫ ਇਥੇ ਪਰਿਵਾਰ ਦਾ ਪਾਲਣ-ਪੋਸ਼ਣ ਕੀਤਾ ਬਲਕਿ ਭਾਰਤ ਰਹਿੰਦੇ ਮਾਪਿਆਂ ਨੂੰ ਵੀ ਸੰਭਾਲਿਆ।

## ਰਾਜੋਆਣਾ ਦੀ ਪਟੀਸ਼ਨ 'ਤੇ ਸੁਣਵਾਈ ਪਹਿਲੀ ਨੂੰ

**ਨਵੀਂ ਦਿੱਲੀ:** ਸੁਪਰੀਮ ਕੋਰਟ ਪਹਿਲੀ ਨਵੰਬਰ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦੀ ਪਟੀਸ਼ਨ ਉਤੇ ਅੰਤਿਮ ਨਿਪਟਾਰੇ ਲਈ ਸੁਣਵਾਈ ਕਰੇਗੀ।

ਚੀਫ ਜਸਟਿਸ ਯੂਯੂ ਲਲਿਤ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਕੇਂਦਰ ਸੁਣਵਾਈ ਦੀ ਅਗਲੀ ਤਰੀਕ ਤੋਂ ਪਹਿਲਾਂ ਉਸ ਦੀ ਰਹਿਮ ਦੀ ਅਪੀਲ ਉਤੇ ਅੰਤਿਮ ਫੈਸਲਾ ਲੈਣ ਲਈ ਆਜ਼ਾਦ ਹੈ। ਕੇਂਦਰ ਨੇ ਸਿਖਰਲੀ ਅਦਾਲਤ ਨੂੰ ਕਿਹਾ ਕਿ ਮੌਜੂਦਾ ਸਥਿਤੀ ਵਿਚ ਉਸ ਦੀ ਰਹਿਮ ਦੀ ਅਪੀਲ ਉਤੇ ਵਿਚਾਰ ਕਰਨਾ ਮੁਸ਼ਕਲ ਹੈ।

## ਝੂਠੇ ਮੁਕਾਬਲਾ: ਪੁਲਿਸ ਮੁਲਾਜ਼ਮਾਂ ਤੇ ਅਕਾਲੀ ਆਗੂ ਨੂੰ ਉਮਰ ਕੈਦ

ਲੁਧਿਆਣਾ: ਇਥੇ ਜਮਾਲਪੁਰ ਦੀ ਆਹਲੂਵਾਲੀਆ ਕਲੋਨੀ ਵਿਚ ਦੋ ਸਕੇ ਭਰਾਵਾਂ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਮਾਰਨ ਦੇ ਮਾਮਲੇ ਵਿਚ ਅਦਾਲਤ ਨੇ ਅਕਾਲੀ ਆਗੂ ਗੁਰਜੀਤ ਸਿੰਘ, ਸਿਪਾਹੀ ਯਾਦਵਿੰਦਰ ਤੇ ਹੋਮਗਾਰਡ ਦੇ ਜਵਾਨ ਅਜੀਤ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਅਦਾਲਤ ਨੇ ਤਿੰਨੇ ਦੋਸ਼ੀਆਂ ਨੂੰ ਇਕ-ਇਕ ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਇਸ ਮਾਮਲੇ ਵਿਚ ਅਦਾਲਤ ਨੇ ਬਲਦੇਵ ਸਿੰਘ ਨੂੰ ਬਰੀ ਕਰ ਦਿੱਤਾ ਹੈ। ਇਸ ਝੂਠੇ ਮੁਕਾਬਲੇ 'ਚ ਮਾਛੀਵਾੜਾ ਦੇ ਪਿੰਡ ਭੋਆਪੁਰ ਵਾਸੀ ਜਤਿੰਦਰ ਸਿੰਘ ਤੇ ਉਸ ਦੇ ਭਰਾ ਹਰਿੰਦਰ ਸਿੰਘ ਨੂੰ ਮਾਰਿਆ ਗਿਆ ਸੀ। ਪੀੜਤ ਪਰਿਵਾਰ ਨੂੰ ਅੱਠ ਸਾਲ ਬਾਅਦ ਇਨਸਾਫ ਮਿਲਿਆ ਹੈ। ਜਾਣਕਾਰੀ ਅਨੁਸਾਰ ਜਮਾਲਪੁਰ ਦੀ ਆਹਲੂਵਾਲੀਆ ਕਲੋਨੀ 'ਚ 27 ਸਤੰਬਰ 2014 ਨੂੰ ਸਵੇਰੇ ਮਾਛੀਵਾੜਾ ਪੁਲਿਸ ਦੇ ਨਾਲ ਅਕਾਲੀ ਆਗੂ ਗੁਰਜੀਤ ਸਿੰਘ ਮੌਜੂਦ ਸੀ ਤੇ ਉਨ੍ਹਾਂ ਨੇ ਦੋਵੇਂ ਸਕਾ ਭਰਾਵਾਂ ਦਾ ਕਤਲ ਕਰਕੇ ਇਸ ਨੂੰ ਪੁਲਿਸ ਮੁਕਾਬਲਾ ਦਿਖਾਇਆ ਸੀ। ਜਾਂਚ ਮਗਰੋਂ ਪਤਾ ਲੱਗਿਆ ਕਿ ਇਹ ਮੁਕਾਬਲਾ ਝੂਠਾ ਹੈ। ਇਸ ਸਬੰਧੀ ਥਾਣਾ ਜਮਾਲਪੁਰ ਦੀ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ। ਪੁਲਿਸ ਨੇ ਇਸ ਮਾਮਲੇ 'ਚ ਯਾਦਵਿੰਦਰ ਸਿੰਘ ਸਿਪਾਹੀ, ਪੰਜਾਬ ਹੋਮਗਾਰਡ ਦੇ ਜਵਾਨ ਅਜੀਤ ਸਿੰਘ ਤੇ ਅਕਾਲੀ ਆਗੂ ਗੁਰਜੀਤ ਸਿੰਘ ਦੇ ਨਾਲ ਬਲਦੇਵ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ।

## ਐਸ.ਵਾਈ.ਐਲ.: ਭਗਵੰਤ ਮਾਨ ਤੇ ਖੱਟਰ ਮੀਟਿੰਗ

**ਚੰਡੀਗੜ੍ਹ:** ਐਸ.ਵਾਈ.ਐਲ. ਨਹਿਰ ਦੇ ਮਸਲੇ ਦਾ ਹੱਲ ਲੱਭਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 14 ਅਕਤੂਬਰ ਨੂੰ ਸਵੇਰੇ 11.30 ਵਜੇ ਮੀਟਿੰਗ ਕਰਨਗੇ। ਇਹ ਗੱਲ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਸਿਵਲ ਸਕੱਤਰੇਤ ਵਿਚ ਨਵੇਂ ਪ੍ਰੈੱਸ ਰੂਮ ਦਾ ਉਦਘਾਟਨ ਕਰਨ ਬਾਅਦ ਦੱਸੀ।

## ਕੱਟੜਪੰਥੀਆਂ ਨਾਲ ਕੈਨੇਡਾ ਦੀ ਨਰਮੀ ਤੋਂ ਭਾਰਤ ਔਖਾ

*(ਪਹਿਲੇ ਸਫੇ ਦੀ ਬਾਕੀ)*

ਮਿਲੀਆਂ ਆਜ਼ਾਦੀਆਂ ਦੀ ਉਨ੍ਹਾਂ ਤਾਕਤਾਂ ਨੂੰ ਦੁਰਵਰਤੋਂ ਨਾ ਕਰਨ ਦਿੱਤੀ ਜਾਵੇ ਜੋ ਅਸਲ ਵਿਚ 'ਹਿੰਸਾ' ਤੇ 'ਕੱਟੜਵਾਦ' ਦੀ ਹਾਮੀ ਭਰਦੀਆਂ ਹਨ। ਪਿਛਲੇ ਕੁਝ ਹਫਤਿਆਂ ਦੌਰਾਨ ਕੈਨੇਡਾ ਵਿਚ ਭਾਰਤ ਵਿਰੋਧੀ ਗਤੀਵਿਧੀਆਂ ਵਧੀਆਂ ਹਨ। ਜੈਸ਼ੰਕਰ ਨੇ ਇਹ ਟਿੱਪਣੀਆਂ ਆਪਣੀ ਆਸਟਰੇਲਿਆਈ ਹਮਰੁਤਬਾ ਪੈਨੀ ਵੌਂਗ ਨਾਲ ਇਥੇ ਇਕ ਸਾਂਝੀ ਮੀਡੀਆ ਕਾਨਫਰੰਸ ਦੌਰਾਨ ਕੀਤੀਆਂ। ਜੈਸ਼ੰਕਰ ਨੇ ਕਿਹਾ, "ਸਮੇਂ-ਸਮੇਂ ਅਸੀਂ ਕੈਨੇਡਾ ਦੀ ਸਰਕਾਰ ਨਾਲ ਰਾਬਤਾ ਕੀਤਾ ਹੈ। ਮੈਂ ਖੁਦ ਵੀ ਇਸ ਮੁੱਦੇ (ਖਾਲਿਸਤਾਨ) ਉਤੇ ਆਪਣੇ ਕੈਨੇਡੀਅਨ ਹਮਰੁਤਬਾ ਨਾਲ ਗੱਲ ਕੀਤੀ ਹੈ।" ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਲੋਕਤੰਤਰ ਕਿਵੇਂ ਕੰਮ ਕਰਦਾ ਹੈ, ਬਾਹਰਲੇ ਲੋਕਤੰਤਰਾਂ ਦੀ ਦੂਜੇ ਲੋਕਤੰਤਰੀ ਮੁਲਕਾਂ ਪ੍ਰਤੀ ਜ਼ਿੰਮੇਵਾਰੀ ਵੀ ਬਣਦੀ ਹੈ। ਸਿਰਫ ਆਪਣੇ ਘਰ ਵਿਚ ਹੀ ਨਹੀਂ ਬਲਕਿ ਦੂਜੇ ਦੇਸ਼ਾਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਦਾ ਖਿਆਲ ਰੱਖਣ ਦੀ ਵੀ ਲੋੜ ਹੈ।

## ਪੰਥਕ ਮੇਲ ਵੀ ਸੁਖਬੀਰ 'ਤੇ ਭਾਰੀ ਪਿਆ

*(ਪਹਿਲੇ ਸਫੇ ਦੀ ਬਾਕੀ)*

ਸਿੰਘ ਸਿਰਸਾ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਇਸ ਕਾਰਨ ਅਕਾਲੀ ਦਲ ਦੇ ਦਿੱਲੀ ਵਿਚ ਆਧਾਰ ਨੂੰ ਵੱਡਾ ਖੋਰਾ ਲੱਗਾ ਸੀ। ਸਰਨਾ ਭਰਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜਦੀਕੀ ਰਹੇ ਹਨ, ਉਨ੍ਹਾਂ ਅਨੁਸਾਰ ਅਕਾਲੀ ਦਲ ਦਿੱਲੀ ਜਥੇਦਾਰ ਟੌਹੜਾ ਦੀ ਸਲਾਹ ਨਾਲ ਹੀ ਬਣਾਇਆ ਗਿਆ ਸੀ। ਦਿੱਲੀ ਦੀ ਸਿਆਸਤ ਵਿਚ ਸਰਨਾ ਭਰਾਵਾਂ ਨੂੰ ਕਾਂਗਰਸ ਦੇ ਨੇੜੇ ਸਮਝਿਆ ਜਾਂਦਾ ਰਿਹਾ ਹੈ। ਅਕਾਲੀ ਆਗੂਆਂ ਨੇ ਇਸ ਮੇਲ ਨੂੰ ਭਾਜਪਾ ਤੇ ਆਰ.ਐਸ.ਐਸ. ਦਾ ਸਾਹਮਣਾ ਕਰਨ ਦੀ ਰਣਨੀਤੀ ਲਈ ਬੇਹੱਦ ਮਹੱਤਵਪੂਰਨ ਕਰਾਰ ਦਿੱਤਾ ਹੈ। ਅਕਾਲੀ ਦਲ ਦਾ ਮੰਨਣਾ ਹੈ ਕਿ ਕਾਂਗਰਸ ਪਹਿਲਾਂ ਹੀ ਸਿੱਖ ਪੰਥ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ ਅਤੇ ਹੁਣ ਭਾਜਪਾ ਵੀ ਉਸ ਦੇ ਰਾਹ ਉਤੇ ਚੱਲ ਰਹੀ ਹੈ। ਸਰਨਾ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉਤੇ ਚੋਣ ਲੜ ਕੇ ਜਿੱਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਨੂੰ ਵਾਪਸ ਆਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਸਾਫ ਸੰਕੇਤ ਦਿੱਤਾ ਕਿ ਸਰਨਾ ਭਰਾਵਾਂ ਲਈ ਸਿਆਸੀ ਲੜਾਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਬਜ਼ਾ ਕਰਨ ਦੀ ਹੈ।

ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ ਹਰਿਆਣਾ ਦੀ ਅਲੱਗ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ ਗਈ ਮਾਨਤਾ ਖਿਲਾਫ ਲਾਮਬੰਦੀ ਸ਼ੁਰੂ ਕੀਤੀ ਹੋਈ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਬਾਦਲ ਧੜਾ ਪੰਥਕ ਓਟ ਆਸਰੇ ਸਿਆਸਤ ਵਿਚ ਭਾਰੂ ਰਿਹਾ ਹੈ। ਬੇਅਦਬੀ ਦੀ ਘਟਨਾਵਾਂ ਨੇ ਇਸ ਧਿਰ ਨੂੰ ਨਿਵਾਣਾਂ ਵੱਲ ਤੋਰ ਦਿੱਤਾ। ਪਿਛਲੇ ਤਕਰੀਬਨ 6 ਸਾਲਾਂ ਤੋਂ ਸਿਆਸਤ ਵਿਚ ਮੁੜ ਖੜ੍ਹਾ ਹੋਣ ਲਈ ਹੱਥ ਪੈਰ ਮਾਰ ਰਹੇ ਅਕਾਲੀ ਦਲ ਨੂੰ ਹੁਣ ਅਹਿਸਾਸ ਹੋਣ ਲੱਗਾ ਹੈ ਕਿ ਪੰਥਕ ਓਟ ਹੀ ਉਸ ਦੀ ਬੇੜੀ ਪਾਰ ਲਾ ਸਕਦੀ ਹੈ ਤੇ ਤਾਜ਼ਾ ਸਰਗਰਮੀਆਂ ਇਸੇ ਮੁਹਿੰਮ ਦਾ ਹਿੱਸਾ ਹਨ।

## ਜਿੰਦਾ ਤੇ ਸੁੱਖਾ ਦੀ ਬਰਸੀ ਮਨਾਈ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਸਬੰਧੀ ਭਾਰਤੀ ਫੌਜ ਦੇ ਜਨਰਲ ਏ.ਐਸ. ਵੈਦਿਆ ਨੂੰ ਕਤਲ ਕਰਨ ਵਾਲੇ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਦਾ ਬਰਸੀ ਸਮਾਗਮ ਇਥੇ ਦਰਬਾਰ ਸਾਹਿਬ ਸਮੂਹ ਵਿਚ ਮਨਾਇਆ ਗਿਆ। ਇਸ ਸਬੰਧੀ ਗੁਰਦੁਆਰਾ ਝੰਡਾ ਬੁੰਗਾ ਵਿਖੇ ਰੱਖੇ ਅਖੰਡ ਪਾਠ ਦੇ ਭੋਗ ਪਾਏ ਗਏ।

ਸਮਾਗਮ ਵਿਚ ਭਾਈ ਜਿੰਦਾ ਦੇ ਭਰਾ ਭੁਪਿੰਦਰ ਸਿੰਘ, ਨਿਰਵੈਲ ਸਿੰਘ ਅਤੇ ਭਾਈ ਸੁੱਖਾ ਦੀ ਭੈਣ ਕੁਲਵੰਤ ਕੌਰ ਤੇ ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰ ਸ਼ਾਮਲ ਸਨ। ਇਸ ਮੌਕੇ ਅਕਾਲੀ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮੰਗ ਕੀਤੀ ਕਿ ਸਿੱਖਾਂ ਦੇ ਸਮੂਹ ਸ਼ਹੀਦਾਂ ਦੇ ਬਰਸੀ ਸਮਾਗਮਾਂ ਸਬੰਧੀ ਸ੍ਰੀ ਅਕਾਲ ਤਖ਼ਤ ਵਿਖੇ ਭੋਗ ਪਾਉਣ ਤੋਂ ਬਾਅਦ ਬਾਕੀ ਸਮਾਗਮ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਕੀਤੇ ਜਾਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਜੀ.ਐਸ.ਟੀ. ਵਸੂਲੀ ਨੇ ਪੰਜਾਬ ਸਰਕਾਰ ਦੇ ਦਿਨ ਫੇਰੇ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਕਿ ਚਾਲੂ ਮਾਲੀ ਵਰ੍ਹੇ ਦੌਰਾਨ ਜੀ.ਐਸ.ਟੀ. ਵਸੂਲੀ ਵਿਚ 22.6 ਫ਼ੀਸਦੀ ਵਾਧਾ ਹੋਇਆ ਹੈ ਅਤੇ ਤਿਉਹਾਰਾਂ ਦੇ ਸੀਜ਼ਨ ਮੌਕੇ ਜੀ.ਐਸ.ਟੀ. ਵਸੂਲੀ ਵਿਚ ਹੋਰ ਵਾਧਾ ਹੋਣ ਦੇ ਇਹ ਸਪੱਸ਼ਟ ਸੰਕੇਤ ਹਨ।

ਚੀਮਾ ਨੇ ਕਿਹਾ ਕਿ ਜੀ.ਐਸ.ਟੀ. ਲਾਗੂ ਹੋਣ ਮਗਰੋਂ ਪਹਿਲੀ ਦਫ਼ਾ ਛੇ ਮਹੀਨਿਆਂ ਵਿਚ ਜੀ.ਐਸ.ਟੀ. ਵਸੂਲੀ ਦਾ ਅੰਕੜਾ 10 ਹਜ਼ਾਰ ਕਰੋੜ ਨੂੰ ਪਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੂਬੇ ਨੇ ਚਾਲੂ ਵਿੱਤੀ ਸਾਲ ਦੌਰਾਨ 10604 ਕਰੋੜ ਰੁਪਏ ਜੀ.ਐਸ.ਟੀ. ਵਜੋਂ ਵਸੂਲੇ ਹਨ। ਪਿਛਲੇ ਵਿੱਤੀ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ 8650 ਕਰੋੜ ਰੁਪਏ ਦੀ ਜੀ.ਐਸ.ਟੀ. ਉਗਰਾਹੀ ਹੋਈ ਸੀ ਜਦਕਿ ਮੌਜੂਦਾ ਸਾਲ ਦੌਰਾਨ ਸੂਬੇ ਨੇ ਕੁੱਲ 10604 ਕਰੋੜ ਰੁਪਏ ਦੀ ਜੀ.ਐਸ.ਟੀ. ਉਗਰਾਹੀ ਨਾਲ 1954 ਕਰੋੜ ਰੁਪਏ ਹੋਰ ਕਮਾਏ ਹਨ। ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਚਾਲੂ ਵਿੱਤੀ ਸਾਲ ਦੌਰਾਨ ਜੀ.ਐਸ.ਟੀ. ਵਸੂਲੀ ਵਿਚ 22.6 ਫ਼ੀਸਦੀ ਦੀ ਵਾਧਾ ਦਰਜ ਹੋਇਆ ਹੈ।




ਉਨ੍ਹਾਂ ਕਿਹਾ ਕਿ ਸਤੰਬਰ 2022 ਦੇ ਜੀ.ਐਸ.ਟੀ. ਦੇ ਅੰਕੜਿਆਂ ਦਾ ਖੁਲਾਸਾ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸਤੰਬਰ 2021 ਵਿਚ 1402 ਕਰੋੜ ਰੁਪਏ ਦੀ ਵਸੂਲੀ ਦੇ ਮੁਕਾਬਲੇ ਇਸ ਸਾਲ ਸਤੰਬਰ ਵਿਚ ਜੀ.ਐਸ.ਟੀ. ਵਸੂਲੀ 1710 ਕਰੋੜ ਰੁਪਏ ਰਹੀ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਵਿੱਤੀ ਸਾਲ 2022-23 ਲਈ ਆਪਣੇ ਪਹਿਲੇ ਬਜਟ ਵਿਚ 20,550 ਕਰੋੜ ਰੁਪਏ ਦੀ ਜੀ.ਐਸ.ਟੀ. ਉਗਰਾਹੀ ਦਾ ਅਨੁਮਾਨ ਲਗਾਇਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਨੇ ਪਹਿਲੇ ਛੇ ਮਹੀਨਿਆਂ ਵਿਚ 50 ਪ੍ਰਤੀਸ਼ਤ ਤੋਂ ਵੱਧ ਦੀ ਪ੍ਰਾਪਤੀ ਕੀਤੀ ਹੈ ਅਤੇ ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਜੀ.ਐਸ.ਟੀ. ਦੀ ਉਗਰਾਹੀ ਵਿਚ ਚੰਗੇ ਵਾਧੇ ਦੀ ਉਮੀਦ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਜਾਅਲੀ ਬਿਲਿੰਗ ਨੂੰ ਰੋਕਣ ਦੇ ਨਾਲ-ਨਾਲ ਸਾਰੀਆਂ ਖ਼ਾਮੀਆਂ ਨੂੰ ਦੂਰ ਕਰਨ ਲਈ ਪੰਜਾਬ ਗੁਡਜ ਐਂਡ ਸਰਵਿਸਿਜ਼ ਟੈਕਸ (ਸੋਧ) ਬਿੱਲ 2022 ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤਾ ਹੈ, ਜਿਸ ਨਾਲ ਨਾ ਸਿਰਫ਼ ਵਪਾਰੀਆਂ ਨੂੰ ਫਾਇਦਾ ਹੋਵੇਗਾ ਸਗੋਂ ਸੂਬੇ ਦੇ ਆਪਣੇ ਮਾਲੀਏ ਵਿਚ ਵੀ ਵਾਧਾ ਹੋਵੇਗਾ।

## ਕੇਂਦਰ ਦੀ ਕਮਾਈ 'ਚ ਵੀ ਚੋਖਾ ਵਾਧਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੀ ਕਮਾਈ ਵਿਚ ਵੀ ਚੋਖਾ ਵਾਧਾ ਹੋਇਆ ਹੈ। ਕਰ ਵਿਭਾਗ ਨੇ ਕਿਹਾ ਹੈ ਕਿ ਕਾਰਪੋਰੇਟ ਤੇ ਵਿਅਕਤੀ ਵਿਸ਼ੇਸ਼ ਦੀ ਕਮਾਈ ਤੋਂ ਹੋਣ ਵਾਲੀ ਕੁੱਲ ਟੈਕਸ ਉਗਰਾਹੀ ਮੌਜੂਦਾ ਵਿੱਤੀ ਸਾਲ ਵਿਚ ਕਰੀਬ 24 ਫੀਸਦ ਦੇ ਵਾਧੇ ਨਾਲ 8.98 ਲੱਖ ਕਰੋੜ ਨੂੰ ਪੁੱਜ ਗਈ ਹੈ। ਇਸ ਵਿਚ ਨਿੱਜੀ ਆਮਦਨ ਕਰ (ਜਿਸ ਵਿਚ ਸਕਿਓਰਿਟੀਜ਼ ਲੈਣ-ਦੇਣ ਟੈਕਸ ਵੀ ਸ਼ਾਮਲ ਹੈ) ਵਿਚ 32 ਫੀਸਦ ਅਤੇ ਕਾਰਪੋਰੇਟ ਟੈਕਸ ਮਾਲੀਏ ਵਿਚ 16.73 ਫੀਸਦ ਦਾ ਵਾਧਾ ਵੀ ਸ਼ਾਮਲ ਹੈ। ਰਿਫੰਡਜ਼ ਨੂੰ ਐਡਜਸਟ ਕਰਨ ਮਗਰੋਂ ਸਿੱਧੇ ਕਰਾਂ ਤੋਂ ਹੋਣ ਵਾਲੀ ਕੁੱਲ ਕਮਾਈ ਪਹਿਲੀ ਅਪਰੈਲ ਤੋਂ 8 ਅਕਤੂਬਰ ਦੌਰਾਨ 7.45 ਲੱਖ ਕਰੋੜ ਰੁਪਏ ਹੈ, ਜੋ ਪੂਰੇ ਸਾਲ ਵਿਚ ਟੈਕਸ ਉਗਰਾਹੀ ਦੇ ਬਜਟ ਅਨੁਮਾਨਾਂ ਦਾ 52.46 ਫੀਸਦ ਹੈ।

## ਪੰਜਾਬ ਸਰਕਾਰ 'ਤੇ ਦਿੱਲੀ ਦੇ ਗੈਰ-ਪੰਜਾਬੀਆਂ ਦਾ ਕਬਜ਼ਾ: ਚੰਦੂਮਾਜਰਾ

**ਚਮਕੌਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ 'ਤੇ ਦਿੱਲੀ ਦੇ ਗੈਰ-ਪੰਜਾਬੀਆਂ ਦਾ ਕਬਜ਼ਾ ਹੈ, ਜਿਹੜੇ ਬਿਨਾਂ ਕਿਸੇ ਸੰਵਿਧਾਨਕ ਅਹੁਦੇ ਦੀ ਸਹੁੰ ਚੁੱਕੇ ਸਰਕਾਰ ਨੂੰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਰਕਾਰ ਵਿਚ ਆਪਸੀ ਮਤਭੇਦ ਕਾਫੀ ਹਨ,



ਜਿਸ ਕਾਰਨ ਇਹ ਸਰਕਾਰ ਸਾਲ ਦੇ ਅੰਦਰ ਡਿੱਗ ਜਾਵੇਗੀ। ਚੰਦੂਮਾਜਰਾ ਨੇ ਕਿਹਾ ਕਿ ਸਰਕਾਰ ਨੇ ਲੋਕਾਂ ਦੇ ਭਖਦੇ ਮਸਲਿਆਂ ਤੋਂ ਧਿਆਨ ਹਟਾਉਣ ਲਈ ਇਹ ਡਰਾਮਾ ਰਚਿਆ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਬੰਧੀ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਸਿੱਧੇ ਤੌਰ 'ਤੇ ਖਾਲਸਾ ਪੰਥ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਹੈ।

# ਹਸਨ ਅਬਦਾਲ ਰੇਲਵੇ ਸਟੇਸ਼ਨ 'ਤੇ ਹੋਵੇਗਾ ਕੀਰਤਨ ਦਰਬਾਰ



**ਅੰਮ੍ਰਿਤਸਰ:** ਸ਼ਹੀਦੀ ਸਾਕਾ ਸ੍ਰੀ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮਾਂ ਸਬੰਧੀ ਪ੍ਰਬੰਧ ਕਰਨ ਲਈ ਪਾਕਿਸਤਾਨ ਗਏ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਹਸਨ ਅਬਦਾਲ ਦਾ ਦੌਰਾ ਕਰਕੇ ਸਥਾਨਕ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ। ਜਾਣਕਾਰੀ ਮੁਤਾਬਕ ਹਸਨ ਅਬਦਾਲ 'ਚ ਮੁੱਖ ਸਮਾਗਮ ਕਰਨ ਦੀ ਯੋਜਨਾ ਬਣਾਈ ਗਈ ਹੈ। ਸਿੱਖ ਵਫਦ ਦੇ ਮੈਂਬਰਾਂ ਨੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਥਾਨਕ ਪ੍ਰਬੰਧਕਾਂ ਨਾਲ ਸ਼ਤਾਬਦੀ ਸਮਾਗਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਵਫ਼ਦ ਨੇ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ 'ਤੇ ਕੀਤੇ ਜਾਣ ਵਾਲੇ ਕੀਰਤਨ ਸਮਾਗਮ ਲਈ ਜਗ੍ਹਾ ਦਾ ਜਾਇਜ਼ਾ ਵੀ ਲਿਆ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਸ਼ਤਾਬਦੀ ਸਬੰਧੀ ਮੁੱਖ ਸਮਾਗਮ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਕੀਤੇ ਜਾਣਗੇ। ਇਸ ਦੇ ਨਾਲ ਹੀ ਸਾਕੇ ਵਾਲੇ ਸਥਾਨ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ 'ਤੇ ਇਕ ਘੰਟੇ ਦਾ ਕੀਰਤਨ ਦਰਬਾਰ ਕਰਨ ਦੀ ਵੀ ਯੋਜਨਾ ਹੈ। ਉਨ੍ਹਾਂ ਨੇੜਲੇ ਇਲਾਕਿਆਂ ਵਿਚੋਂ ਸਿੱਖ ਸੰਗਤ ਨੂੰ ਸ਼ਤਾਬਦੀ ਬਾਰੇ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਸਮਾਗਮਾਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਪੰਜੋਲੀ ਅਤੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਗ੍ਰੰਥੀ ਭਾਈ ਰਣਜੀਤ ਸਿੰਘ ਤੇ ਭਾਈ ਕੁਲਬੀਰ ਸਿੰਘ, ਸਥਾਨਕ ਸਿੱਖ ਆਗੂ ਭਾਈ ਸੰਤੋਖ ਸਿੰਘ ਤੇ ਹੋਰ ਪ੍ਰਮੁੱਖ ਸਿੱਖਾਂ ਨਾਲ ਉਨ੍ਹਾਂ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ 'ਤੇ ਕੀਤੇ ਜਾਣ ਵਾਲੇ ਕੀਰਤਨ ਸਮਾਗਮ ਲਈ ਸਥਾਨ ਦਾ ਜਾਇਜ਼ਾ ਲਿਆ ਤਾਂ ਜੋ ਪ੍ਰਭਾਵਸ਼ਾਲੀ ਢੰਗ ਨਾਲ ਸਮਾਗਮ ਕੀਤਾ ਜਾ ਸਕੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ 'ਚ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਕੇਂਦਰੀ ਏਜੰਸੀਆਂ ਦੀ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਉਤੇ ਅੱਖ

ਨਵੀਂ ਦਿੱਲੀ: ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਸੇਵਾਦਾਰ ਅੰਮ੍ਰਿਤਪਾਲ ਸਿੰਘ ਆਪਣੇ ਤੱਤੇ ਬਿਆਨਾਂ ਕਰਕੇ ਇਸ ਸਮੇਂ ਚਰਚਾ ਵਿਚ ਹਨ। ਕੇਂਦਰੀ ਏਜੰਸੀਆਂ ਵੱਲੋਂ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਉਤੇ ਅੱਖ ਰੱਖੀ ਜਾ ਰਹੀ ਹੈ। ਅੰਮ੍ਰਿਤਪਾਲ ਸਿੰਘ ਦੇ ਟਵਿੱਟਰ ਅਕਾਊਂਟ ਉਤੇ ਭਾਰਤ ਵਿਚ ਪਾਬੰਦੀ ਲਗਾ ਦਿੱਤੀ ਗਈ ਹੈ। ਕੇਂਦਰ ਸਰਕਾਰ ਦੀ ਕਾਨੂੰਨੀ ਮੰਗ ਉਤੇ ਹੋਈ ਕਾਰਵਾਈ ਤੋਂ ਬਾਅਦ ਟਵਿੱਟਰ ਨੇ ਭਾਰਤ ਵਿਚ ਅੰਮ੍ਰਿਤਪਾਲ ਸਿੰਘ ਦਾ ਟਵਿੱਟਰ ਅਕਾਊਂਟ ਬੰਦ ਕਰ ਦਿੱਤਾ ਹੈ। ਅੰਮ੍ਰਿਤਪਾਲ ਸਿੰਘ ਜਦੋਂ ਦਾ ਵਾਰਿਸ ਪੰਜਾਬ ਦੇ ਜਥੇਬੰਦੀ ਦਾ ਪ੍ਰਧਾਨ ਬਣਿਆ ਹੈ, ਉਦੋਂ ਤੋਂ ਹੀ ਪੰਜਾਬ ਦੀ ਸਿੱਖ ਰਾਜਨੀਤੀ ਵਿਚ ਸੁਰਖੀਆਂ ਵਿਚ ਹੈ ਤੇ ਖਾਲਿਸਤਾਨ ਪੱਖੀ ਬਿਆਨਾਂ ਕਾਰਨ ਵਿਵਾਦਾਂ ਵਿਚ ਘਿਰ ਗਿਆ ਹੈ, ਜਿਸ ਕਾਰਨ ਕਾਂਗਰਸ ਵੱਲੋਂ ਉਸ ਵਿਰੁੱਧ ਪੰਜਾਬ ਸਰਕਾਰ ਤੇ ਡੀ.ਜੀ.ਪੀ.



ਪੰਜਾਬ ਨੂੰ ਪੱਤਰ ਲਿਖ ਕੇ ਕਾਰਵਾਈ ਕਰਨ ਲਈ ਵੀ ਕਿਹਾ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕੇਂਦਰੀ ਏਜੰਸੀਆਂ ਵੱਲੋਂ ਅੰਮ੍ਰਿਤਪਾਲ ਦੀਆਂ ਗਤੀਵਿਧੀਆਂ ਉਤੇ ਨਜ਼ਰ ਰੱਖੀ ਜਾ ਰਹੀ ਹੈ।

ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਪੱਤਰ ਲਿਖ ਕੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਲੋਕਾਂ ਨੂੰ ਹਿੰਸਾ ਲਈ ਉਕਸਾਉਣਾ ਸਵੀਕਾਰ ਕਰਨ ਯੋਗ ਨਹੀਂ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਪਾਰਟੀ ਨੂੰ ਕਿਸੇ ਵੀ ਵਿਅਕਤੀ ਦੇ ਧਰਮ ਤੇ ਵਿਸ਼ਵਾਸ ਦਾ ਪ੍ਰਚਾਰ ਕਰਨ 'ਤੇ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ 'ਵਾਰਿਸ ਪੰਜਾਬ ਦੇ' ਦਾ ਅਸਲ ਮਕਸਦ ਕੀ ਹੈ ਤੇ ਅੰਮ੍ਰਿਤਪਾਲ ਸਿੰਘ ਦੁਬਈ ਵਿਚ ਸੈੱਟ ਹੋਣ ਦੇ ਬਾਵਜੂਦ ਇਥੇ ਕਿਵੇਂ ਤੇ ਕਿਉਂ ਆਇਆ।

## ਖਾਲਿਸਤਾਨੀ ਪਾਕਿ ਸਿੱਖਾਂ ਖਿਲਾਫ ਵਧੀਕੀਆਂ ਹੀ ਰੋਕ ਲੈਣ: ਬਿੱਟਾ

ਅੰਮ੍ਰਿਤਸਰ: ਕੁੱਲ ਹਿੰਦ ਅਤਿਵਾਦ ਵਿਰੋਧੀ ਫਰੰਟ ਦੇ ਮੁਖੀ ਮਨਿੰਦਰਜੀਤ ਸਿੰਘ ਬਿੱਟਾ ਨੇ ਇਥੇ ਖਾਲਿਸਤਾਨ ਦੀ ਮੰਗ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਪਹਿਲਾਂ ਪਾਕਿਸਤਾਨ ਵਿਚ ਸਿੱਖਾਂ ਦੇ ਹੋ ਰਹੇ ਅਪਮਾਨ ਤੇ ਵਧੀਕੀਆਂ ਦੇ ਮਾਮਲਿਆਂ ਨਾਲ ਨਜਿੱਠਣ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਿਸੇ ਬਾਹਰੀ ਤਾਕਤ ਤੋਂ ਖਤਰਾ ਨਹੀਂ, ਸਗੋਂ ਉਨ੍ਹਾਂ ਨੂੰ ਆਪਣਿਆਂ ਤੋਂ ਹੀ ਖਤਰਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਲੋਕ ਪੰਜਾਬ ਵਿਚ ਨਿੱਤ ਨਵੀਆਂ ਮੁਸ਼ਕਲਾਂ ਪੈਦਾ ਕਰ ਰਹੇ ਹਨ। ਸ੍ਰੀ ਬਿੱਟਾ ਨੇ ਕਿਹਾ ਕਿ ਪਾਕਿਸਤਾਨ ਵਿਚ ਗੁਰੂ ਧਾਮਾਂ ਦਾ ਅਪਮਾਨ ਹੋ ਰਿਹਾ ਹੈ, ਸਿੱਖ ਕੁੜੀਆਂ ਦਾ ਧਰਮ ਪਰਿਵਰਤਨ ਕੀਤਾ ਜਾ ਰਿਹਾ, ਸਿੱਖਾਂ ਦੇ ਕਤਲ ਹੋ ਰਹੇ ਹਨ, ਪਰ ਇਨ੍ਹਾਂ ਮਾਮਲਿਆਂ ਵਿਚ ਖਾਲਿਸਤਾਨ ਦੀ ਮੰਗ ਕਰਨ ਵਾਲੇ ਚੁੱਪ ਹਨ। ਉਨ੍ਹਾਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਨੂੰ ਵੀ ਕਰੜੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਵੱਖਰੇ ਰਾਜ ਦੇ ਨਾਂ 'ਤੇ ਸਿੱਖ ਜਵਾਨੀ ਦਾ ਉਜਾੜਾ ਕੀਤਾ ਗਿਆ ਹੈ। ਹੁਣ ਮੁੜ ਸਿੱਖ ਨੌਜਵਾਨੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵਿਚ ਅਤੇ ਹੁਣ ਗੈਂਗਸਟਰਾਂ ਦੇ ਰੂਪ ਵਿੱਚ ਤਬਾਹ ਕੀਤਾ ਜਾ ਰਿਹਾ ਹੈ। ਲੋਕ ਆਪਣੀਆਂ ਜ਼ਮੀਨਾਂ ਵੇਚ ਕੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਵਿਦੇਸ਼ ਭੇਜ ਰਹੇ ਹਨ। ਉਹ ਸਿੱਖਾਂ ਨਾਲ ਵਿਤਕਰਾ ਕਰਨ ਦੇ ਦੋਸ਼ ਲਾਉਣ ਵਾਲਿਆਂ 'ਤੇ ਵੀ ਵਰ੍ਹੇ।

# ਮੁੱਖ ਮੰਤਰੀ ਵੱਲੋਂ ਪੁਲਿਸ ਦੀਆਂ ਅਸਾਮੀਆਂ ਭਰਨ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੁਲਿਸ ਵਿਭਾਗ ਵਿਚ 2500 ਦੇ ਕਰੀਬ ਅਸਾਮੀਆਂ ਭਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਚੱਲ ਰਹੀ ਪ੍ਰਕਿਰਿਆ ਤਹਿਤ 'ਆਪ' ਸਰਕਾਰ ਪੰਜਾਬ ਪੁਲਿਸ ਵਿਚ 2500 ਦੇ ਕਰੀਬ ਹੋਰ ਪੁਲਿਸ ਮੁਲਾਜ਼ਮਾਂ ਦੀ ਭਰਤੀ ਕਰੇਗੀ ਤਾਂ ਜੋ ਅਮਨ-ਕਾਨੂੰਨ ਦੀ ਸਥਿਤੀ ਨੂੰ ਪ੍ਰਭਾਵੀ ਢੰਗ ਨਾਲ ਕਾਇਮ ਰੱਖਣ ਦੇ ਨਾਲ-ਨਾਲ ਭਵਿੱਖ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ।

ਇਨ੍ਹਾਂ ਅਸਾਮੀਆਂ ਵਿਚ ਇੰਟੈਲੀਜੈਂਸ ਤੇ ਇਨਵੈਸਟੀਗੇਸ਼ਨ ਕਾਡਰ 'ਚ ਕਾਂਸਟੇਬਲਾਂ ਦੀਆਂ 1156, ਇਨਵੈਸਟੀਗੇਸ਼ਨ ਕਾਡਰ 'ਚ ਹੈੱਡ ਕਾਂਸਟੇਬਲ ਦੀਆਂ 787 ਅਤੇ ਇਨਵੈਸਟੀਗੇਸ਼ਨ,




ਇੰਟੈਲੀਜੈਂਸ, ਜ਼ਿਲ੍ਹਾ ਅਤੇ ਆਰਮਡ ਪੁਲਿਸ ਕਾਡਰ ਵਿਚ ਸਬ ਇੰਸਪੈਕਟਰਾਂ ਦੀਆਂ 560 ਅਸਾਮੀਆਂ ਸ਼ਾਮਲ ਹਨ।

ਸ੍ਰੀ ਮਾਨ ਨੇ ਕਿਹਾ ਕਿ ਕਾਂਸਟੇਬਲਾਂ ਦੀ ਪ੍ਰੀਖਿਆ 14 ਅਕਤੂਬਰ, ਹੈੱਡ ਕਾਂਸਟੇਬਲਾਂ ਦੀ 15 ਅਤੇ ਸਬ-ਇੰਸਪੈਕਟਰਾਂ ਦੀ ਅਸਾਮੀ ਲਈ ਪ੍ਰੀਖਿਆ 16 ਅਕਤੂਬਰ ਨੂੰ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕੁਝ ਸਮਾਂ ਪਹਿਲਾਂ ਹੀ ਪੁਲਿਸ ਫੋਰਸ ਵਿਚ 4374 ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਸੌਂਪੇ ਹਨ ਜਦੋਂ ਕਿ ਹੋਰ ਭਰਤੀ ਵੀ ਅਮਲ ਅਧੀਨ ਹੈ। ਉਨ੍ਹਾਂ ਕਿਹਾ ਕਿ ਭਰਤੀ ਦੀ ਸਮੁੱਚੀ ਪ੍ਰਕਿਰਿਆ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ।

## ਮਾਨ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਵੀ ਸੁਣੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 8736 ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਨੋਟੀਫ਼ਿਕੇਸ਼ਨ ਦੀ ਕਾਪੀ ਅਧਿਆਪਕਾਂ ਦੇ ਪੰਜ ਮੈਂਬਰੀ ਵਫ਼ਦ ਨੂੰ ਸੌਂਪੀ। ਅਧਿਆਪਕਾਂ ਨੇ ਕਿਹਾ ਕਿ ਉਹ ਇਸ ਇਤਿਹਾਸਕ ਉਪਰਾਲੇ ਲਈ ਮੁੱਖ ਮੰਤਰੀ ਦੇ ਸਦਾ ਰਿਣੀ ਰਹਿਣਗੇ। ਮੁੱਖ ਮੰਤਰੀ ਨੇ ਅਧਿਆਪਕਾਂ ਨੂੰ ਕਿਹਾ ਕਿ ਹੁਣ ਉਹ ਸੂਬਾ ਸਰਕਾਰ ਦਾ ਹਿੱਸਾ ਬਣ ਚੁੱਕੇ ਹਨ। ਭਗਵੰਤ ਮਾਨ ਨੇ ਅਧਿਆਪਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨਾਲ ਮੁਕਾਬਲਾ ਕਰਨ ਦੇ ਕਾਬਲ ਬਣਾਉਣ ਲਈ ਆਪਣੀ ਡਿਊਟੀ ਹੋਰ ਵੀ ਤਨਦੇਹੀ ਨਾਲ ਨਿਭਾਉਣ। ਮੁੱਖ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਰੇਕ ਖੇਤਰ ਵਿਚ ਮੱਲਾਂ ਮਾਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ।

## ਮੈਲਬਰਨ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ

**ਫਤਹਿਗੜ੍ਹ ਸਾਹਿਬ:** ਪਿੰਡ ਰੁੜਕੀ ਦੇ ਨੌਜਵਾਨ ਮਨਜੀਤ ਸਿੰਘ ਉਰਫ ਮਨੀ (28) ਪੁਤਰ ਭੁਪਿੰਦਰ ਸਿੰਘ ਦੀ ਆਸਟਰੇਲੀਆ ਦੇ ਸ਼ਹਿਰ ਮੈਲਬਰਨ ਨੇੜੇ ਵਾਪਰੇ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕ ਦਾ ਭਰਾ ਨਰਿੰਦਰ ਸਿੰਘ ਵੀ ਆਸਟਰੇਲੀਆ ਵਿਚ ਸੀ, ਜੋ ਲਾਸ਼ ਲੈ ਕੇ ਪਿੰਡ ਪਹੁੰਚਿਆ, ਜਿਸ ਮਗਰੋਂ ਉਸ ਦਾ ਸਸਕਾਰ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ 2020 ਵਿਚ ਤਜਿੰਦਰ ਕੌਰ ਨਾਲ ਵਿਆਹ ਹੋਣ ਤੋਂ ਇਕ ਮਹੀਨੇ ਬਾਅਦ ਹੀ ਮਨਜੀਤ ਆਸਟਰੇਲੀਆ ਚਲਾ ਗਿਆ ਸੀ ਤੇ ਕਰੋਨਾ ਕਰਕੇ ਲੱਗੇ ਲੌਕਡਾਊਨ ਕਾਰਨ ਘਰ ਨਹੀਂ ਆ ਸਕਿਆ ਸੀ। ਮਨਜੀਤ ਉਥੇ ਟਰਾਲਾ ਚਲਾਉਂਦਾ ਸੀ ਤੇ ਮੈਲਬਰਨ ਨੇੜੇ ਟਰਾਲਾ ਪਲਟ ਜਾਣ ਕਾਰਨ ਉਸ ਦੀ ਮੌਤ ਹੋ ਗਈ। ਸਥਾਨਕ ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਡਾ. ਗੁਰੂਮੇਲ ਸਿੱਧੂ ਦਾ ਤੁਰ ਜਾਣਾ ਪੰਜਾਬੀ ਸਾਹਿਤ ਜਗਤ ਲਈ ਕਦੀ ਨਾ ਪੂਰਾ ਹੋਣ ਵਾਲਾ ਘਾਟਾ

## ਵਿਪਸਾ ਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਡਾ. ਗੁਰੂਮੇਲ ਸਿੱਧੂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਕੈਲੀਫੋਰਨੀਆ:** ਇੱਥੋਂ ਦੇ ਸ਼ਹਿਰ ਫਰਿਜ਼ਨੋ ਰਹਿੰਦੇ ਨਾਮਵਰ ਪੰਜਾਬੀ ਲੇਖਕ, ਕਵੀ, ਚਿੰਤਕ, ਵਿਗਿਆਨੀ ਅਤੇ ਪ੍ਰੋਫੈਸਰ ਡਾ. ਗੁਰੂਮੇਲ ਸਿੱਧੂ ਦੇ ਅਕਾਲ ਚਲਾਣੇ ਦੀ ਖਬਰ ਨਾਲ ਪੰਜਾਬੀ ਸਾਹਿਤਕ ਜਗਤ ਗਹਿਰੇ ਸੋਗ ਵਿਚ ਡੁੱਬ ਗਿਆ ਹੈ। ਡਾ. ਸਿੱਧੂ ਪਿਛਲੇ 3 ਹਫਤਿਆਂ ਤੋਂ ਬਿਮਾਰ ਸਨ ਅਤੇ ਫਰਿਜ਼ਨੋ ਹਸਪਤਾਲ ਦੇ ਆਈ ਸੀ ਯੂ ਵਿਚ ਜ਼ੇਰੇ ਇਲਾਜ ਸਨ। ਬੀਤੇ ਦਿਨ ਉਨ੍ਹਾਂ ਦੀ ਤਬੀਬਤ ਹੋਰ ਗੰਭੀਰ ਹੋ ਗਈ। ਡਾਕਟਰ ਉਨ੍ਹਾਂ ਨੂੰ ਇਸ ਜਾਨਲੇਵਾ ਸਥਿਤੀ 'ਚੋਂ ਬਾਹਰ ਨਾ ਕੱਢ ਸਕੇ ਤਾਂ ਬੁੱਧਵਾਰ ਰਾਤ ਉਹ ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਤੁਰ ਗਏ। ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਅਤੇ ਜਨਰਲ ਸਕੱਤਰ ਕੁਲਵਿੰਦਰ ਨੇ ਦੱਸਿਆ ਕਿ ਡਾ. ਸਿੱਧੂ ਪੰਜਾਬੀ ਸਾਹਿਤਕ ਅਤੇ ਚਿੰਤਨ ਜਗਤ ਦੀ ਬਹੁਤ ਦਾਨਸ਼ਵਰ ਅਤੇ ਬੇਬਾਕ ਹਸਤੀ ਸਨ ਜਿਨ੍ਹਾਂ ਨੇ ਪੰਜਾਬੀ ਕਵਿਤਾ ਅਤੇ ਆਲੋਚਨਾ ਦੇ ਖੇਤਰ ਵਿਚ ਵੱਡਾ ਯੋਗਦਾਨ ਪਾਇਆ। ਪੰਜਾਬੀ ਕਵਿਤਾ ਅਤੇ ਚਿੰਤਨ ਵਿਚ ਉਨ੍ਹਾਂ ਦਾ ਨਾਮ ਬਹੁਤ ਉਚੇਰਾ ਹੈ। ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦੇ ਉਹ ਮੁੱਢਲੇ ਮੈਂਬਰ ਹੀ ਨਹੀਂ ਬਲਕਿ ਤਾ-ਉਮਰ ਸਰਪ੍ਰਸਤ ਸਨ, ਜਿਨ੍ਹਾਂ ਦੇ ਮਸ਼ਵਰੇ ਅਤੇ ਅਗਵਾਈ ਹੇਠ ਅਕਾਡਮੀ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਅੰਜ਼ਾਮ ਮਿਲਦਾ ਸੀ। ਕੈਲੀਫੋਰਨੀਆ ਦੇ ਸਾਹਿਤਕ ਹਲਕੇ ਉਨ੍ਹਾਂ ਦੀ ਗੈਰਹਾਜ਼ਰੀ ਨੂੰ ਹਮੇਸ਼ਾਂ ਮਹਿਸੂਸ ਕਰਦੇ ਰਹਿਣਗੇ। ਅਕਾਡਮੀ ਦੇ ਸਮੂਹ ਮੈਂਬਰ ਇਸ ਵਕਤ ਉਦਾਸ ਹਨ ਅਤੇ ਡਾ. ਸਿੱਧੂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ। ਫੋਨ ਅਤੇ ਟੈਕਸਟ ਰਾਹੀਂ ਸੁਰਿੰਦਰ ਸੀਰਤ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਰਜੀਤ ਸਖੀ, ਚਰਨਜੀਤ ਸਿੰਘ ਪੰਨੂੰ, ਡਾ. ਗੁਰਪ੍ਰੀਤ ਧੁੱਗਾ, ਜਗਜੀਤ ਨੌਸ਼ਹਿਰਵੀ, ਡਾ. ਸੁਖਪਾਲ ਸੰਘੇੜਾ, ਤਾਰਾ ਸਿੰਘ ਸਾਗਰ, ਸੁਖਦੇਵ ਸਾਹਿਲ, ਵਿਜੇ ਸਿੰਘ, ਬੀਬੀ ਸੁਰਜੀਤ ਕੌਰ, ਗਗਨਦੀਪ ਸੋਨੂੰ ਮਾਹਲ, ਹਰਜਿੰਦਰ ਕੰਗ, ਦਲਜੀਤ ਰਿਆੜ, ਕਰਮ ਸਿੰਘ ਮਾਨ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਸੁਰਿੰਦਰ ਸਿੰਘ ਧਨੋਆ ਅਤੇ ਹੋਰ ਮੈਂਬਰਾਂ ਨੇ ਡਾ. ਸਿੱਧੂ ਦੇ ਤੁਰ ਜਾਣ 'ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਸਿੱਧੂ ਪਰਿਵਾਰ ਨਾਲ ਹਮਦਰਦੀ ਜਤਾਈ।



ਡਾ. ਸਿੱਧੂ ਦਾ ਜਨਮ 29 ਮਈ, 1943 ਨੂੰ ਜਲੰਧਰ ਜ਼ਿਲ੍ਹੇ ਦੇ ਪਿੰਡ ਪਾਸਲੇ ਵਿਚ ਸਰਦਾਰ ਨਿਰੰਜਣ ਸਿੰਘ ਲੰਬੜਦਾਰ ਅਤੇ ਸਰਦਾਰਨੀ ਕਰਤਾਰ ਕੌਰ ਦੇ ਘਰ ਹੋਇਆ। ਉਨ੍ਹਾਂ ਨੇੜਲੇ ਪਿੰਡ ਬੰਢਾਲਾ ਦੇ ਸਰਕਾਰੀ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰ ਕੇ ਪੀ.ਏ.ਯੂ. ਲੁਧਿਆਣਾ ਤੋਂ ਉਚੇਰੀ ਪੜ੍ਹਾਈ ਸ਼ੁਰੂ ਕੀਤੀ। ਉਹ ਸਕੂਲ ਅਤੇ ਕਾਲਜ ਵਕਤ ਫੁੱਟਬਾਲ ਦੇ ਬਹੁਤ ਚੰਗੇ ਖਿਡਾਰੀ ਸਨ। ਉਹ ਆਪਣੇ ਪਿੱਛੇ ਦੋ ਬੇਟੇ, ਇਕ ਬੇਟੀ ਅਤੇ ਪਤਨੀ ਛੱਡ ਗਏ ਹਨ।

ਡਾ. ਗੁਰੂਮੇਲ ਸਿੱਧੂ ਨੇ ਕਵਿਤਾ, ਸਾਹਿਤਕ ਆਲੋਚਨਾ ਅਤੇ ਸਾਇੰਸ ਵਿਸ਼ਿਆਂ 'ਤੇ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ ਸਨ। ਉਹ ਕਵਿਤਾ ਦੇ ਖੇਤਰ ਵਿਚ ਸੰਵੇਦਨਸ਼ੀਲ, ਪ੍ਰਗਤੀਵਾਦੀ ਤੇ ਆਧੁਨਿਕ ਸੋਚ ਦੇ ਮੁਦਾਅ ਕਵੀ ਵਜੋਂ ਜਾਣੇ-ਪਹਿਚਾਣੇ ਜਾਂਦੇ ਹਨ। ਉਨ੍ਹਾਂ ਨੇ 1960'ਵਿਆਂ ਦੌਰਾਨ ਹਾਈ ਸਕੂਲ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਚ ਪੜ੍ਹਦੇ ਸਮੇਂ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਭਾਰਤ ਛੱਡਣ ਤੱਕ ਉਨ੍ਹਾਂ ਦੀ ਕਵਿਤਾ ਦੀ ਪਹਿਲੀ ਕਿਤਾਬ "ਦੁਬਿਧਾ" ਆ ਚੁੱਕੀ ਸੀ ਤੇ ਉਹ ਇਕ ਸੰਜੀਦਾ ਕਵੀ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਸਨ। ਪੰਜਾਬ ਰਹਿੰਦਿਆਂ ਉਹ ਪੰਜਾਬੀ ਸਾਹਿਤ ਵਿਚ ਚਲੀ ਪ੍ਰਯੋਗਵਾਦੀ ਲਹਿਰ ਦੇ ਪ੍ਰਮੁੱਖ ਕਵੀਆਂ ਵਿਚੋਂ ਸਨ। ਡਿਗਰੀ ਤੋਂ ਬਾਅਦ ਉਹ ਭਾਰਤ ਸਰਕਾਰ ਦੇ ਕਿਸੇ ਖੇਤੀ ਵਿਭਾਗ ਵਿਚ ਕੁਝ ਚਿਰ ਨੌਕਰੀ ਕਰਦੇ ਰਹੇ ਪਰ ਸਾਇੰਸ ਵਿਚ ਗੰਭੀਰ ਰੁਚੀ ਰੱਖਣ ਕਰਕੇ ਹਾਲੇ ਹੋਰ ਉਚੇਰੀ ਵਿਦਿਆ ਪ੍ਰਾਪਤ ਕਰਨ ਦੀ ਖਿੱਚ ਉਨ੍ਹਾਂ ਨੂੰ ਵੈਨਕੂਵਰ ਯੂਨੀਵਰਸਿਟੀ, ਕੈਨੇਡਾ ਲੈ ਆਈ। ਏਥੇ ਉਨ੍ਹਾਂ ਨੇ ਇਕ ਵਾਰ ਫਿਰ ਆਪਣਾ ਵਿਦਿਆਰਥੀ ਜੀਵਨ ਸ਼ੁਰੂ ਕੀਤਾ ਅਤੇ 1972-73 'ਚ ਜੈਨੇਟਿਕ ਵਿਗਿਆਨ ਵਿਚ ਪੀਐਚਡੀ ਦੀ ਡਿਗਰੀ ਹਾਸਲ ਕੀਤੀ। ਕੁਝ ਚਿਰ ਕੈਨੇਡਾ ਦੀ ਇਕ ਕੰਪਨੀ ਵਿਚ ਵਿਗਿਆਨਕ ਮਾਹਰ ਵਜੋਂ ਕੰਮ ਕੀਤਾ ਪਰ ਮੂਲ ਰੂਪ ਵਿਚ ਉਹ ਅਧਿਆਪਕ ਤੇ ਵਿਗਿਆਨੀ ਦਾ ਜੀਵਨ ਜੀਣ ਦੀ ਤਾਂਘ ਰੱਖਦੇ ਸੀ, ਸੋ ਕੁਝ ਸਾਲ ਬਾਅਦ ਉਹ ਅਮਰੀਕਾ ਦੀ ਨੈਬਰਾਸਕਾ ਯੂਨੀਵਰਸਿਟੀ ਵਿਚ ਜੈਨੇਟਿਕ ਵਿਗਿਆਨ ਦੇ ਪ੍ਰੋਫੈਸਰ ਵਜੋਂ ਕੰਮ ਕਰਨ ਲੱਗੇ।

1980ਵਿਆਂ 'ਚ ਉਨ੍ਹਾਂ ਖੇਤੀ ਵਿਗਿਆਨ ਲਈ ਮਸ਼ਹੂਰ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਸਥਿਤ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੇ ਤੌਰ 'ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਪਰਵਾਰ ਸਮੇਤ ਫਰਿਜ਼ਨੋ ਰਹਿਣ ਲੱਗ ਪਏ। ਪਿਛਲੇ 3 ਦਹਾਕਿਆਂ ਤੋਂ ਫਰਿਜ਼ਨੋ ਉਨ੍ਹਾਂ ਦੇ ਵਿਦਿਅਕ, ਸਾਹਿਤਕ ਅਤੇ ਸਮਾਜਿਕ ਘੇਰੇ ਦਾ ਕੇਂਦਰ ਸੀ ਜਿਥੇ ਇਨ੍ਹਾਂ ਤਿੰਨਾਂ ਖੇਤਰਾਂ ਵਿਚ ਉਨ੍ਹਾਂ ਬੜਾ ਮਾਣ ਸਨਮਾਨ ਹਾਸਲ ਕੀਤਾ।

ਕਵਿਤਾ ਦੀ ਕਿਤਾਬਾਂ - 'ਬੇਚੈਨ ਸਦੀ', 'ਅਪੈਰੀਆਂ ਵਾਟਾਂ', 'ਸਿਫਰ ਸਫਰ', 'ਕੁਹਰਾਮ', 'ਸ਼ਬਦਾਂ ਦਾ ਸ਼ਗਨ' ਦੇ ਨਾਲ ਆਲੋਚਨਾ ਦੇ ਖੇਤਰ ਵਿਚ 'ਖੁੱਲ੍ਹੀ ਕਵਿਤਾ ਦੇ ਮਾਪਦੰਡ' ਅਤੇ 'ਆਧੁਨਿਕ ਪੰਜਾਬੀ ਕਵਿਤਾ' ਵੀ ਲਿਖੀਆਂ। ਆਪ ਗੁਰਬਾਣੀ ਦੇ ਟੈਕਸਚੂਰਲ ਵਿਸ਼ਿਆਂ ਅਤੇ ਭਾਰਤੀ ਪਰਵਾਸੀਆਂ ਦੇ ਇਤਿਹਾਸ ਵਿਚ ਵੀ ਖਾਸ ਰੁਚੀ ਰੱਖਦੇ ਸਨ। ਗੁਰਬਾਣੀ ਟੈਕਸਟ ਅਧਿਐਨ ਬਾਰੇ ਉਨ੍ਹਾਂ ਨੇ 'ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ' ਕਿਤਾਬ ਅਤੇ ਕਈ ਲੇਖ ਵੀ ਲਿਖੇ। ਗਦਰੀ ਲਹਿਰ ਦੇ ਪ੍ਰਭਾਵ ਹੇਠ ਪਰਵਾਸੀਆਂ ਵਲੋਂ ਪੂਰਨ ਅਮਰੀਕੀ ਸ਼ਹਿਰੀ ਬਣ ਲਈ ਇਕ ਸੰਘਰਸ਼ਮਈ ਲਹਿਰ ਚੱਲੀ ਸੀ, ਜਿਸ ਬਾਰੇ ਡਾ. ਗੁਰੂਮੇਲ ਸਿੱਧੂ ਨੇ "ਗਦਰ ਲਹਿਰ ਦਾ ਦੂਜਾ ਪੱਖ ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼" ਅਤੇ 'ਹਿੰਦੋਸਤਤਨ ਦਾ ਆਜ਼ਾਦੀ ਸੰਗਰਾਮ ਗਦਰੀ ਲਹਿਰਾਂ ਦੀ ਹਿੱਸੇਦਾਰੀ' ਵਿਚ ਇਸ ਸੰਘਰਸ਼ ਪਿਛਲੇ ਕਾਰਨਾਂ ਅਤੇ ਇਤਿਹਾਸ ਨੂੰ ਬਾਖੂਬੀ ਕਲਮਬੰਦ ਕੀਤਾ ਹੈ। ਜਦੋਂ ਪੰਜਾਬੀ ਯੂਨੀਵਰਸਿਟੀ ਨੇ ਡਾ. ਸਿੱਧੂ ਨੂੰ ਆਪਣੀ ਸਾਹਿਤਕ ਜੀਵਨੀ ਲਿਖਣ ਲਈ ਕਿਹਾ ਤਾਂ ਉਨ੍ਹਾਂ ਨੇ ਇਹ ਕਿਤਾਬ ਜਿੰਨੀ ਬੇਬਾਕੀ ਨਾਲ ਲਿਖੀ, ਵੇਖ ਕੇ ਯੂਨੀਵਰਸਿਟੀ ਛਾਪਣੋਂ ਨਾਂਹ ਕਰ ਗਈ। ਫਿਰ ਉਨ੍ਹਾਂ ਇਹ ਕਿਤਾਬ "ਸਿਮ੍ਰਤੀ ਦੇ ਹਾਸ਼ੀਏ ਸਵੈ ਅਤੇ ਸਾਹਿਤਕ ਜੀਵਨੀ" ਆਪ ਛਪਵਾਈ। ਇਸ ਕਿਤਾਬ ਵਿਚਲੀ ਸਾਫਗੋਈ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਹੋਰ ਪੱਖ ਉਜਾਗਰ ਕਰਦੀ ਹੈ।

ਸਾਹਿਤਕ ਯੋਗਦਾਨ ਲਈ ਉਹ ਦੇਸ਼ ਵਿਦੇਸ਼ ਵਿਚ ਵਿਭਿੰਨ ਸਨਮਾਨ ਹਾਸਲ ਕਰ ਚੁੱਕੇ ਸਨ। ਪੰਜਾਬ ਭਾਸ਼ਾ ਵਿਭਾਗ ਵਲੋਂ ਸ਼੍ਰੋਮਣੀ ਕਵੀ ਦਾ ਸਨਮਾਨ ਉਨ੍ਹਾਂ ਨੂੰ ਬਹੁਤ ਚਿਰ ਪਹਿਲਾਂ ਮਿਲ ਚੁੱਕਾ ਹੈ। ਪਾਕਿਸਤਾਨ, ਕੈਨੇਡਾ ਅਤੇ ਅਮਰੀਕਾ ਦੀਆਂ ਵੱਖ ਵੱਖ ਪੰਜਾਬੀ ਸੰਸਥਾਵਾਂ ਉਨ੍ਹਾਂ ਨੂੰ ਸਨਮਾਨਤ ਕਰ ਚੁੱਕੀਆਂ ਹਨ। ਆਪਣੇ ਵਿਗਿਆਨ ਖੇਤਰ ਵਿਚ ਪਾਏ ਯੋਗਦਾਨ ਕਾਰਨ Who is Who in America, World Anthology of Intellectuals ਆਦਿ ਵਿਚ ਵੀ ਉਨ੍ਹਾਂ ਨੂੰ ਮਾਨਤਾ ਪ੍ਰਾਪਤ ਹੈ।

*-ਰਿਪੋਰਟ: ਲਾਜ ਨੀਲਮ ਸੈਣੀ*
*ਸਹਾਇਕ ਸਕੱਤਰ*
*ਫ਼ੋਨ 510 502 0551*

### 15 ਨੂੰ ਹੋਵੇਗਾ ਅੰਤਿਮ ਸਸਕਾਰ

**ਫਰਿਜ਼ਨੋ:** ਫਰਿਜ਼ਨੋ ਵਸਦੇ ਪੰਜਾਬੀ ਬੁੱਧੀਜੀਵੀ, ਜਨੈਟਿਕ ਵਿਸ਼ੇ ਦੇ ਵਿਗਿਆਨੀ, ਪੰਜਾਬੀ ਸਾਹਿਤ ਤੇ ਉੱਘੇ ਲੇਖਕ, ਸ਼ਾਇਰ, ਚਿੰਤਕ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਰਪ੍ਰਸਤ ਡਾ. ਗੁਰੂਮੇਲ ਸਿੱਧੂ ਇਸ ਰੰਗਲੇ ਜਹਾਨ ਨੂੰ ਸਦੀਵੀ ਅਲਵਿਦਾ ਆਖ ਗਏ ਹਨ। ਉਨ੍ਹਾਂ ਦੀ ਮੌਤ ਦੀ ਖਬਰ ਸੁਣਦਿਆਂ ਹੀ ਪੰਜਾਬੀ ਸਾਹਿਤ ਜਗਤ ਵਿਚ ਸੋਗ ਦੀ ਲਹਿਰ ਪਸਰ ਗਈ। ਡਾ. ਗੁਰੂਮੇਲ ਸਿੱਧੂ ਨੇ ਸਾਹਿਤ ਦੀ ਝੋਲੀ ਵਿਚ ਅਨੇਕਾਂ ਮਿਆਰੀ ਕਿਤਾਬਾਂ ਪਾਈਆਂ, ਦੁਨੀਆਂ 'ਚ ਛਪਦੇ ਵੱਖ-ਵੱਖ ਪੰਜਾਬੀ ਅਖਬਾਰਾਂ 'ਚ ਹਜ਼ਾਰਾਂ ਲੇਖ ਛਪਵਾਏ।

**ਡਾ. ਗੁਰੂਮੇਲ ਸਿੱਧੂ ਦੀ ਮੌਤ 'ਤੇ ਇੰਡੋ ਅਮੈਰਿਕਨ ਫੋਰਮ ਵਲੋਂ ਇਕ ਸ਼ੋਕ ਸਭਾ ਕੀਤੀ ਗਈ। ਇਸ ਮੌਕੇ ਅਹੁਦੇਦਾਰਾਂ ਨੇ ਦੱਸਿਆ ਕਿ ਡਾ. ਗੁਰੂਮੇਲ ਸਿੱਧੂ ਨੇ ਗਦਰ ਲਹਿਰ ਉੱਪਰ ਵੀ ਦੋ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ 'ਗਦਰ ਲਹਿਰ ਦਾ ਦੂਜਾ ਪੱਖ' ਅਤੇ 'ਗਦਰੀ ਲਹਿਰਾਂ ਦਾ ਹਿੰਦੋਸਤਾਨ ਦੀ ਆਜ਼ਾਦੀ ਵਿਚ ਯੋਗਦਾਨ' ਸ਼ਾਮਿਲ ਹਨ ਜੋ ਨਵੀਂ ਪੀੜ੍ਹੀ ਲਈ ਇਕ ਇਤਿਹਾਸਕ ਦਸਤਾਵੇਜ਼ ਬਣ ਗਈਆਂ ਹਨ। ਉਨ੍ਹਾਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਸੰਸਥਾ ਬਣਾਉਣ ਵਿਚ ਮੁੱਢਲਾ ਯੋਗਦਾਨ ਪਾਇਆ ਸੀ ਅਤੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਲਾਹਕਾਰ ਵੀ ਸਨ। ਫੋਰਮ ਦੇ ਸਮੂਹ ਅਹੁਦੇਦਾਰਾਂ ਨੇ ਡਾ. ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਡਾ. ਗੁਰੂਮੇਲ ਸਿੱਧੂ ਦਾ ਅੰਤਿਮ ਸਸਕਾਰ 15 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਂਤ ਭਵਨ 4800 E Clayton ave, Zofler, CA 93625 ਵਿਖੇ ਸਵੇਰੇ 11 ਤੋਂ 1 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ 4250 E Lincoln Ave Frezno CA 93725 ਵਿਖੇ ਹੋਵੇਗੀ। 14 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਪਰਿਵਾਰ ਵਲੋਂ ਇਕ 'ਸ਼ਾਮ ਗੁਰੂਮੇਲ ਦੇ ਨਾਮ' ਦੁਪਹਿਰ 1 ਵਜੇ ਤੋਂ ਸ਼ਾਮ 7 ਵਜੇ ਤੱਕ** 6735 E Mckenzie Ave, Fresno, CA 93727, **ਵਿਖੇ ਹੋਵੇਗੀ।**

*-ਫੋਟੋ ਤੇ ਵੇਰਵਾ ਕੁਲਵੀਰ ਹੇਅਰ*



*ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਕਰਵਾਏ ਗਏ 19ਵੇਂ ਮੇਲੇ ਦੌਰਾਨ ਡਾ. ਗੁਰੂਮੇਲ ਸਿੱਧੂ ਨੂੰ ਸਨਮਾਨੇ ਜਾਣ ਦੀ ਇਕ ਯਾਦਗਾਰੀ ਤਸਵੀਰ।*

## ਸਰੀ ਦੇ ਲੇਖਕਾਂ ਨੇ ਡਾ: ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟਾਇਆ

**ਸਰੀ:** ਗ਼ਜ਼ਲ ਮੰਚ ਸਰੀ ਦੇ ਸ਼ਾਇਰਾਂ ਦੀ ਵਿਸ਼ੇਸ਼ ਮੀਟਿੰਗ ਨਾਮਵਰ ਸ਼ਾਇਰ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਇਕ ਸ਼ੋਕ ਮਤੇ ਰਾਹੀਂ ਅਮਰੀਕਾ ਵਸਦੇ ਪੰਜਾਬੀ ਦੇ ਨਾਮਵਰ ਸਾਹਿਤਕਾਰ, ਚਿੰਤਕ, ਵਿਗਿਆਨੀ, ਪ੍ਰੋਫੈਸਰ ਡਾ. ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਡਾ. ਗੁਰੂਮੇਲ ਸਿੱਧੂ ਨੂੰ ਅਕੀਦਤ ਦੇ ਫੁੱਲ ਭੇਟ ਕਰਦਿਆਂ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਕਿਹਾ ਕਿ ਡਾ. ਸਿੱਧੂ ਪ੍ਰਗਤੀਵਾਦੀ ਵਿਚਾਰਧਾਰਾ ਦੇ ਬਹੁਤ ਹੀ ਸੰਵੇਦਨਸ਼ੀਲ ਸਾਹਿਤਕਾਰ ਸਨ ਜਿਨ੍ਹਾਂ ਪੰਜਾਬੀ ਕਵਿਤਾ, ਆਲੋਚਨਾ ਅਤੇ ਚਿੰਤਨ ਦੇ ਖੇਤਰ ਵਿਚ ਨਿਵੇਕਲੀਆਂ ਅਤੇ ਨਿੱਗਰ ਪੈੜਾਂ ਪਾਈਆਂ। ਉਨ੍ਹਾਂ ਦੇ ਵਡਮੁੱਲੇ ਸਾਹਿਤਕ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਨ੍ਹਾਂ ਵਲੋਂ ਗ਼ਦਰੀ ਲਹਿਰ ਸਬੰਧੀ ਖੋਜ ਭਰਪੂਰ ਪੁਸਤਕਾਂ "ਗਦਰ ਲਹਿਰ ਦਾ ਦੂਜਾ ਪੱਖ ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼" ਅਤੇ 'ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗਦਰੀ ਲਹਿਰਾਂ ਦੀ ਹਿੱਸੇਦਾਰੀ' ਪੰਜਾਬੀ ਸਾਹਿਤ ਅਤੇ ਇਤਿਹਾਸ ਦਾ ਅਨਮੋਲ ਸਰਮਾਇਆ ਹਨ।ਗ਼ਜ਼ਲ ਮੰਚ ਸਰੀ ਦੇ ਆਗੂ ਰਾਜਵੰਤ ਰਾਜ, ਕ੍ਰਿਸ਼ਨ ਭਨੋਟ, ਦਵਿੰਦਰ ਗੌਤਮ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫ਼ਿਰੋਜ਼, ਗੁਰਮੀਤ ਸਿੰਘ ਸਿੱਧੂ, ਬਲਦੇਵ ਸੀਹਰਾ ਨੇ ਮਰਹੂਮ ਡਾ. ਗੁਰੂਮੇਲ ਸਿੱਧੂ ਨੂੰ ਸਿਜਦਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਦੀਵੀ ਰੁਖ਼ਸਤ ਹੋਣ ਨਾਲ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਉੱਤਰੀ ਅਮਰੀਕਾ ਦੀਆਂ ਸਾਹਿਤਕ ਸਰਗਰਮੀਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿਚ ਗ਼ਜ਼ਲ ਮੰਚ ਸਰੀ ਦੇ ਸਮੂਹ ਸ਼ਾਇਰਾਂ ਨੇ ਡਾ. ਸਿੱਧੂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।ਇਸੇ ਦੌਰਾਨ ਵੈਨਕੂਵਰ ਵਿਚਾਰ ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਜਰਨੈਲ ਸਿੰਘ ਆਰਟਿਸਟ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਕਾਮਰੇਡ ਨਵਰੂਪ ਸਿੰਘ, ਸਤੀਸ਼ ਗੁਲਾਟੀ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ, ਜਸਕਰਨ ਸਿੰਘ ਨੇ ਵੀ ਡਾ. ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਦਿਆਂ ਪਰਿਵਾਰ ਨਾਲ ਹਮਦਰਦੀ ਜ਼ਾਹਰ ਕੀਤੀ ਹੈ।

## ਬਲਜਿੰਦਰ ਸੇਖਾ ਦਾ ਕੈਨੇਡਾ ਵਿਚ ਸਨਮਾਨ

**ਮੋਗਾ:** ਇੱਥੋਂ ਦੇ ਪਿੰਡ ਸੇਖਾ ਕਲਾਂ ਦੇ ਜੰਪਮਲ ਕੈਨੇਡਾ ਨਿਵਾਸੀ ਪੰਜਾਬੀ ਕਲਾਕਾਰ ਬਲਜਿੰਦਰ ਸੇਖਾ ਦਾ ਮਹਾਰਾਣੀ ਐਲਿਜ਼ਾਬੈੱਥ (2) ਦੀ ਪਲੈਟੀਨਮ ਜੁਬਲੀ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿਚ ਕੈਨੇਡਾ ਦੀ ਸੀਨੀਅਰਸ ਲਈ ਕੇਂਦਰੀ (ਫੈਡਰਲ) ਮੰਤਰੀ ਕਮਲ ਖੈਰਾ ਨੇ ਮਹਾਰਾਣੀ ਐਲਿਜ਼ਾਬੈੱਥ ਦੋਇਮ ਦੇ ਪਿੰਨ ਤੇ ਸਰਟੀਫਿਕੇਟ ਨਾਲ ਵਿਸ਼ੇਸ਼ ਤੌਰ 'ਤੇ ਸਮਨਾਮਤ ਕੀਤਾ। ਬਲਜਿੰਦਰ ਸੇਖਾ ਨੂੰ ਇਹ ਸਨਮਾਨ ਉਨ੍ਹਾਂ ਵੱਲੋਂ ਕਮਿਊਨਿਟੀ ਲਈ ਕੀਤੇ ਕੰਮਾਂ ਨੂੰ ਮਾਨਤਾ ਦੇਣ ਲਈ ਦਿੱਤਾ ਗਿਆ। ਸ੍ਰੀ ਸੇਖਾ ਦੇ ਪਰਿਵਾਰਕ ਮੈਂਬਰਾਂ ਕੈਂਬਰਿਜ ਸਕੂਲ ਦੇ ਚੇਅਰਮੈਨ ਦਵਿੰਦਰਪਾਲ ਸਿੰਘ ਰਿੰਪੀ ਤੇ



ਨਵਨੀਤ ਸਿੰਘ ਸੇਖਾ ਨੇ ਮੀਡੀਆ ਨਾਲ ਇਹ ਜਾਣਕਾਰੀ ਸਾਂਝੀ ਕੀਤੀ। ਸ੍ਰੀ ਸੇਖਾ ਨੇ ਕਿਹਾ ਕਿ ਮਾਣਯੋਗ ਮੰਤਰੀ ਵਲੋਂ ਕਵੀਨਜ਼ ਪਲੈਟੀਨਮ ਜੁਬਲੀ ਐਵਾਰਡ ਨਾਲ ਸਨਮਾਨਤ ਕਰਨ 'ਤੇ ਮੈਂ ਮਾਣਯੋਗ ਮੰਤਰੀ ਤੇ ਸੰਸਦ ਮੈਂਬਰ ਕਮਲ ਖੈਰਾ ਤੇ ਕੈਨੇਡਾ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਕੈਨੇਡਾ ਸਰਕਾਰ ਵਲੋਂ ਦਿੱਤਾ ਗਿਆ ਇਹ ਸਨਮਾਨ ਕਮਿਊਨਿਟੀ ਲਈ ਮੇਰੀ ਨਿਰਸਵਾਰਥ ਸੇਵਾ, ਵਾਲੰਟੀਅਰ ਕੰਮ ਅਤੇ ਕਮਿਊਨਿਟੀ ਲੀਡਰਸ਼ਿਪ ਦੀ ਮਾਨਤਾ ਦਾ ਪ੍ਰਮਾਣ ਪੱਤਰ ਹੈ। ਉਨ੍ਹਾਂ ਮਾਨਤਾ ਦੇਣ ਲਈ ਮੰਤਰੀ ਖੈਰਾ ਦਾ ਧੰਨਵਾਦ ਕੀਤਾ।

## ਲਾਸ ਵੇਗਾਸ ਵਿਚ ਚਾਕੂ ਮਾਰ ਕੇ ਦੋ ਦੀ ਹੱਤਿਆ, 6 ਜ਼ਖਮੀ

**ਲਾਸ ਵੇਗਾਸ:** ਇੱਥੇ ਬਿਨਾਂ ਕਿਸੇ ਭੜਕਾਹਟ ਦੇ ਇਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰ ਕੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੀ ਜਾਂਚ ਡਿਵੀਜ਼ਨ ਦੇ ਮੁਖੀ ਅਧਿਕਾਰੀ ਜੇਮਜ਼ ਲਾ ਰੋਸ਼ੈਲੇ ਨੇ ਕਿਹਾ ਹੈ ਕਿ ਪੀੜਤਾਂ ਵਿਚ ਸੈਲਾਨੀ ਤੇ ਸਥਾਨਕ ਲੋਕ ਸ਼ਾਮਿਲ ਹਨ। ਜ਼ਖਮੀ ਹਸਪਤਾਲ ਵਿਚ ਇਲਾਜ ਅਧੀਨ ਹਨ ਜਿਨ੍ਹਾਂ ਵਿਚੋਂ 3 ਦੀ ਹਾਲਤ ਨਾਜ਼ੁਕ ਹੈ। ਇਹ ਹਮਲਾ ਬੀਤੇ ਦਿਨ ਦੁਪਹਿਰ ਤੋਂ ਪਹਿਲਾਂ 11.40 ਵਜੇ ਦੇ ਆਸ-ਪਾਸ ਹੋਇਆ। ਹਮਲੇ ਤੋਂ ਪਹਿਲਾਂ ਹਮਲਾਵਰ ਤੇ ਸੜਕ ਦੇ ਕਿਨਾਰੇ ਪਟੜੀ ਉਪਰ ਜਾ ਰਹੇ ਲੋਕਾਂ ਵਿਚਾਲੇ ਕੋਈ ਤਕਰਾਰ ਜਾਂ ਗੱਲਬਾਤ ਨਹੀਂ ਹੋਈ। ਹਮਲਾਵਰ ਨੇ ਅਚਾਨਕ ਇਕ ਤੋਂ ਬਾਅਦ ਇਕ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਕੁਝ ਲੋਕਾਂ ਨੇ ਭੱਜ ਕੇ ਆਪਣੀ ਜਾਨ ਬਚਾਈ। ਲਾ ਰੋਸ਼ੈਲੇ ਅਨੁਸਾਰ ਹਮਲਾਵਰ ਕੋਲ ਲੰਬੇ ਬਲੇਡ ਵਾਲਾ ਚਾਕੂ ਸੀ। ਘਟਨਾ ਦੀ ਸੂਚਨਾ ਮਿਲਣ 'ਤੇ ਸ਼ੱਕੀ ਹਮਲਾਵਰ ਨੂੰ ਖੇਤਰ ਵਿਚਲੇ ਗਾਰਡਾਂ ਨੇ ਚਾਕੂ ਸਮੇਤ ਗ੍ਰਿਫਤਾਰ ਕਰ ਲਿਆ।

# ਪੰਜਾਬ ਦੇ 'ਆਪ' ਵਿਧਾਇਕਾਂ ਨੇ ਗੁਜਰਾਤ ਲਈ ਮੋਰਚੇ ਸੰਭਾਲੇ

**ਚੰਡੀਗੜ੍ਹ:** ਅਗਾਮੀ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਪੰਜਾਬ ਦੇ ਵੱਡੀ ਗਿਣਤੀ 'ਆਪ' ਵਿਧਾਇਕਾਂ ਨੇ ਗੁਜਰਾਤ 'ਚ ਡੇਰੇ ਲਗਾ ਲਏ ਹਨ। 'ਮਿਸ਼ਨ ਗੁਜਰਾਤ' ਨੂੰ ਫਤਿਹ ਕਰਨ ਲਈ 'ਆਪ' ਵਿਧਾਇਕਾਂ ਨੂੰ ਹਰ ਵਿਧਾਨ ਸਭਾ ਹਲਕੇ ਵਿਚ ਜ਼ਿੰਮੇਵਾਰੀ ਸੌਂਪੀ ਗਈ ਹੈ।

ਗੁਜਰਾਤ ਪੁੱਜੇ ਵਿਧਾਇਕਾਂ ਦੀ ਅਹਿਮਦਾਬਾਦ ਵਿਚ 7 ਅਕਤੂਬਰ ਨੂੰ ਮੁੱਢਲੀ ਮੀਟਿੰਗ ਹੋਈ, ਜਿਸ ਨੂੰ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ਸੰਬੋਧਨ ਕੀਤਾ। ਇਨ੍ਹਾਂ ਵਿਧਾਇਕਾਂ ਨੂੰ ਹਲਕੇ ਦੇ ਪਿੰਡਾਂ ਦੀਆਂ ਸੂਚੀਆਂ ਸੌਂਪਦਿਆਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ 'ਗਾਰੰਟੀਆਂ' ਵਾਲੀ ਚਿੱਠੀ ਵੀ ਦਿੱਤੀ ਗਈ ਹੈ। ਪੰਜਾਬ 'ਚ ਝੋਨੇ ਦੀ ਖਰੀਦ ਮੌਕੇ ਸਿਰਫ ਕੈਬਨਿਟ ਵਜ਼ੀਰ ਹੀ ਸੂਬੇ ਵਿਚ ਹਨ। ਮੁੱਖ ਮੰਤਰੀ ਭਗਵੰਤ ਮਾਨ ਵੀ ਦੋ ਦਿਨ ਤੋਂ ਗੁਜਰਾਤ 'ਚ ਸਨ। 'ਆਪ' ਤਰਫੋਂ ਇਨ੍ਹਾਂ ਵਿਧਾਇਕਾਂ ਨੂੰ ਆਦੇਸ਼ ਹਨ ਕਿ ਉਹ ਗੁਜਰਾਤ ਦੇ ਹਰ ਪਿੰਡ 'ਚ ਜਾਣ ਅਤੇ ਉਥੇ ਮੋਹਤਬਰ ਲੋਕਾਂ ਨਾਲ ਸੰਪਰਕ ਕਰਨ। ਜੇਕਰ ਪਿੰਡ ਦਾ ਸਰਪੰਚ ਭਾਜਪਾ ਜਾਂ ਕਾਂਗਰਸ ਦਾ ਹੈ ਤਾਂ ਵੀ ਉਸ ਦੇ ਘਰ ਮਹਿਮਾਨ ਵਜੋਂ ਜਾਇਆ ਜਾਵੇ। ਗੁਜਰਾਤੀ ਪਿੰਡਾਂ ਵਿਚ ਸਿਆਸੀ ਪੈਂਠ ਬਣਨ ਉਪਰੰਤ ਪਾਰਟੀ ਦੀਆਂ ਸਭਾਵਾਂ ਕਰਾਈਆਂ ਜਾਣ ਜਿਨ੍ਹਾਂ ਵਿਚ ਵਿਧਾਇਕ ਪੂਰੀ ਤਰ੍ਹਾਂ ਪਰਦੇ ਪਿੱਛੇ ਰਹਿਣਗੇ। 'ਆਪ' ਨੇ ਗੁਜਰਾਤ ਦੇ ਪਿੰਡਾਂ ਦੇ ਸਰਪੰਚਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਦੇਣ ਦੀ ਗਾਰੰਟੀ ਵੀ ਦਿੱਤੀ ਹੈ। ਪੰਜਾਬ ਦੇ ਵਿਧਾਇਕਾਂ ਨੂੰ ਕੇਜਰੀਵਾਲ ਦਾ ਗਾਰੰਟੀ ਕਾਰਡ ਵੀ ਸੌਂਪਿਆ ਗਿਆ ਹੈ ਜੋ ਉਨ੍ਹਾਂ ਪਿੰਡਾਂ ਵਿਚ ਘਰ-ਘਰ ਵੰਡਣਾ ਹੈ।

ਇਕ ਵਿਧਾਇਕ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਸਥਾਨਕ ਭਾਸ਼ਾ ਆਉਂਦੀ ਹੈ ਅਤੇ ਨਾ ਹੀ ਪਿੰਡਾਂ ਦੇ ਰਾਹ ਪਤਾ ਹਨ। ਵਿਧਾਇਕਾਂ ਨਾਲ ਪਾਰਟੀ ਨੇ ਸਥਾਨਕ ਆਗੂਆਂ ਦਾ ਵੀ ਕੋਈ ਤਾਲਮੇਲ ਨਹੀਂ ਕਰਾਇਆ ਹੈ। 'ਆਪ' ਹਾਈਕਮਾਨ ਨੇ ਪੰਜਾਬ ਵਜ਼ਾਰਤ ਵਿਚ ਵਜ਼ੀਰੀ ਦੀ ਝਾਕ ਰੱਖਣ ਵਾਲੇ ਵਿਧਾਇਕਾਂ ਨੂੰ 'ਲਾਲੀਪੌਪ' ਦਿੱਤਾ ਹੈ ਕਿ ਜੇਕਰ ਉਨ੍ਹਾਂ ਦੀ ਗੁਜਰਾਤ ਵਿਚ ਚੰਗੀ ਕਾਰਗੁਜ਼ਾਰੀ ਰਹੀ ਤਾਂ ਉਨ੍ਹਾਂ ਨੂੰ ਪੰਜਾਬ ਕੈਬਨਿਟ ਵਿਚ ਥਾਂ ਦਿੱਤੀ ਜਾਵੇਗੀ। ਇਸੇ ਲਾਲਚ ਵਿਚ ਕਈ ਵਿਧਾਇਕਾਂ ਨੇ ਗੁਜਰਾਤ ਦੇ ਪਿੜ ਵਿਚ ਤੇਜ਼ੀ ਨਾਲ ਸਰਗਰਮੀ ਵਿੱਢ ਦਿੱਤੀ ਹੈ।

ਇਸੇ ਦੌਰਾਨ ਦਾਹੋਦ (ਗੁਜਰਾਤ) ਵਿਚ ਸਮਾਗਮ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਐਲਾਨ ਕੀਤਾ ਕਿ ਗੁਜਰਾਤ ਵਿਚ 'ਆਪ' ਦੀ ਸਰਕਾਰ ਬਣਨ 'ਤੇ ਭਗਵਾਨ ਰਾਮ ਦੇ ਦਰਸ਼ਨਾਂ ਲਈ ਅਯੁੱਧਿਆ ਜਾਣ ਵਾਲੇ ਸ਼ਰਧਾਲੂਆਂ ਨੂੰ ਮੁਫਤ ਸਫਰ ਦੀ ਸਹੂਲਤ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਲੋਕਾਂ ਲਈ ਕੰਮ ਕਰਦੀ ਹੈ, ਇਸ ਲਈ ਆਮ ਆਦਮੀ ਪਾਰਟੀ ਇਸ ਸਾਲ ਦਸੰਬਰ ਮਹੀਨੇ ਹੋਣ ਵਾਲੀਆਂ ਗੁਜਰਾਤ ਚੋਣਾਂ ਜਿੱਤੇਗੀ। ਉਨ੍ਹਾਂ ਕਿਹਾ ਕਿ ਜੇਕਰ ਗੁਜਰਾਤ 'ਚ 'ਆਪ' ਦੀ ਸਰਕਾਰ ਬਣਦੀ ਹੈ ਤਾਂ ਅਯੁੱਧਿਆ ਦੀ ਯਾਤਰਾ ਦੌਰਾਨ ਟਿਕਟ, ਰਹਿਣ-ਸਹਿਣ ਅਤੇ ਖਾਣ-ਪੀਣ ਦਾ ਖਰਚਾ ਸਰਕਾਰ ਚੁੱਕੇਗੀ।



## ਤਬਦੀਲੀ ਦੀ ਹਵਾ ਚੱਲ ਰਹੀ: ਭਗਵੰਤ ਮਾਨ

**ਵਲਸਾਡ (ਗੁਜਰਾਤ):** ਮੁੱਖ ਮੰਤਰੀ ਭਗਵੰਤ ਮਾਨ ਨੇ ਵਲਸਾਡ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਜਰਾਤ 'ਚ 'ਆਪ' ਸਰਕਾਰ ਬਣਨ 'ਤੇ 'ਸੱਚੇ ਦਿਨ' ਆਉਣਗੇ। ਉਨ੍ਹਾਂ ਕਿਹਾ ਕਿ ਬਦਲ ਦੀ ਘਾਟ ਕਾਰਨ ਗੁਜਰਾਤ ਨੇ ਭਾਜਪਾ ਨੂੰ 27 ਸਾਲ ਤੋਂ ਵੱਧ ਦਾ ਸਮਾਂ ਦਿੱਤਾ ਪਰ ਹੁਣ ਤਬਦੀਲੀ ਦੀ ਹਵਾ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਲੋਕ ਸੁੱਤੇ ਹੋਏ ਵੀ ਟੈਕਸ ਭਰ ਰਹੇ ਹਨ ਜਦੋਂ ਕਿ ਭਾਜਪਾ ਦੇ ਦੋਸਤ ਇਸ ਪੈਸੇ ਨੂੰ ਲੁੱਟ ਰਹੇ ਹਨ। ਮਾਨ ਨੇ ਪੰਜਾਬ ਵਿਚ ਨਵੀਂ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਵੀ ਚਰਚਾ ਕੀਤੀ।

## ਗੁਜਰਾਤੀ ਕਿਸਾਨਾਂ ਨੂੰ ਮੂਰਖ ਨਾ ਬਣਾਓ: ਚੀਮਾ

ਗੁਜਰਾਤ 'ਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਪੰਜ ਫਸਲਾਂ 'ਤੇ ਐਮ.ਐਸ.ਪੀ. ਦਿੱਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਇਸ ਬਿਆਨ ਦਾ ਵਿਰੋਧ ਜਤਾਇਆ ਕਿ 'ਆਪ' ਸਰਕਾਰ ਨੇ ਸਿਰਫ ਮੂੰਗੀ ਅਤੇ ਮੱਕੀ ਦੀ ਫਸਲ 'ਤੇ ਐਮ.ਐਸ.ਪੀ. ਦੇਣ ਦੀ ਗੱਲ ਕੀਤੀ ਸੀ ਪਰ ਸਰਕਾਰ ਇਹ ਦੇਣ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਗੁਜਰਾਤੀ ਕਿਸਾਨਾਂ ਨੂੰ ਮੂਰਖ ਬਣਾਉਣ ਵਾਸਤੇ ਕੇਜਰੀਵਾਲ ਝੂਠ ਬੋਲ ਰਹੇ ਹਨ।

## ਪੰਜਾਬ ਦੇ ਸਾਧਨ ਹੋਰ ਥਾਂ ਬਰਬਾਦ ਨਾ ਕਰੋ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੂਬੇ ਤੋਂ ਲੰਬੀ ਗੈਰਹਾਜ਼ਰੀ ਉਤੇ ਸਵਾਲ ਉਠਾਉਂਦਿਆਂ ਉਨ੍ਹਾਂ ਨੂੰ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿਚ ਪੰਜਾਬ ਦੇ ਕੀਮਤੀ ਸਰੋਤਾਂ ਨੂੰ ਬਰਬਾਦ ਨਾ ਕਰਨ ਦੀ ਅਪੀਲ ਕੀਤੀ ਹੈ। ਮਾਨ ਦੀ ਸੂਬੇ ਵਿਚੋਂ ਲੰਬੀ ਗੈਰਹਾਜ਼ਰੀ ਦਾ ਹਵਾਲਾ ਦਿੰਦਿਆਂ ਰਾਜਾ ਵੜਿੰਗ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪੰਜਾਬੀਆਂ ਦੇ ਪੰਜਾਬੀਆਂ ਵੱਲੋਂ ਬਣਾਏ ਗਏ ਪੰਜਾਬੀਆਂ ਲਈ ਮੁੱਖ ਮੰਤਰੀ ਹੋ ਨਾ ਕਿ ਕਿਸੇ ਹੋਰ ਲਈ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਸਮਾਪਤੀ



**ਅੰਮ੍ਰਿਤਸਰ:** ਉਤਰਾਖੰਡ 'ਚ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਸਮਾਪਤ ਹੋ ਗਈ ਹੈ ਅਤੇ ਗੁਰਦੁਆਰੇ ਦੇ ਕਿਵਾੜ ਖ਼ਾਲਸਾਈ ਪਰੰਪਰਾ ਨਾਲ ਬੰਦ ਕਰ ਦਿੱਤੇ ਗਏ ਹਨ। ਲਗਾਤਾਰ ਹੋ ਰਹੀ ਬਰਫਬਾਰੀ ਦੇ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਦਰਸ਼ਨ ਕਰਨ ਲਈ ਪੁੱਜੀ ਹੋਈ ਸੀ। ਸਵੇਰੇ ਸਮਾਪਤੀ ਸਮਾਰੋਹ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ।

ਗੁਰਦੁਆਰੇ ਦੇ ਹੈੱਡ ਗ੍ਰੰਥੀ ਭਾਈ ਮਿਲਾਪ ਸਿੰਘ ਨੇ ਪਾਠ ਕੀਤਾ। ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਮਗਰੋਂ ਸਮਾਪਤੀ ਦੀ ਅਰਦਾਸ ਕੀਤੀ ਗਈ। ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸੁਖਾਸਣ ਵਾਲੇ ਅਸਥਾਨ ਲਿਜਾਇਆ ਗਿਆ ਤੇ ਅਗਲੀ ਯਾਤਰਾ ਦੀ ਸ਼ੁਰੂਆਤ ਤੱਕ ਸੁਸ਼ੋਭਿਤ ਕਰ ਦਿੱਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਜਨਕ ਸਿੰਘ, ਹੋਰ ਪਤਵੰਤੇ ਤੇ ਸੰਗਤ ਹਾਜ਼ਰ ਸੀ। ਇਸ ਮੌਕੇ ਭਾਰਤੀ ਫੌਜ ਦੀ 418 ਲਾਈਟ ਇੰਜੀਨੀਅਰ ਰੈਜਮੈਂਟ ਤੇ ਅਧਿਕਾਰੀ ਤੇ ਫ਼ੌਜੀ ਵੀ ਸ਼ਾਮਲ ਸਨ। ਟਰੱਸਟ ਦੇ ਮੀਤ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਸ ਸਾਲਾਨਾ ਯਾਤਰਾ ਦੌਰਾਨ ਇਸ ਵਰ੍ਹੇ ਲਗਭਗ ਦੋ ਲੱਖ 47 ਹਜ਼ਾਰ ਸ਼ਰਧਾਲੂਆਂ ਨੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਹਨ।

# ਗਿਆਰਾਂ ਮਹੀਨਿਆਂ ਤੋਂ ਚੱਲ ਰਿਹਾ ਬਹਿਬਲ ਕਲਾਂ ਇਨਸਾਫ ਮੋਰਚਾ ਦੋਫਾੜ

**ਕੋਟਕਪੂਰਾ:** ਸਾਲ 2015 ਵਿਚ ਵਾਪਰੇ ਗੁਰੂ ਗ੍ਰੰਥ ਸਾਹਿਬ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਮਾਮਲੇ ਵਿਚ ਪਿਛਲੇ ਗਿਆਰਾਂ ਮਹੀਨਿਆਂ ਤੋਂ ਚੱਲ ਰਿਹਾ ਬਹਿਬਲ ਕਲਾਂ ਇਨਸਾਫ ਮੋਰਚਾ ਦੋਫਾੜ ਹੁੰਦਾ ਵਿਖਾਈ ਦੇ ਰਿਹਾ ਹੈ। ਜ਼ਿਕਰਯੋਗ ਹੈ ਕਿ ਮੋਰਚੇ ਵੱਲੋਂ 14 ਅਕਤੂਬਰ ਨੂੰ ਪਿੰਡ ਬਹਿਬਲ ਕਲਾਂ ਵਿਚ ਸੂਬਾ ਪੱਧਰੀ ਇਕੱਠ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

ਇਸ ਇਕੱਠ ਵਿਚ ਮੋਰਚੇ ਵੱਲੋਂ ਭਵਿੱਖ 'ਚ ਕੀਤੇ ਜਾਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਐਲਾਨ ਕੀਤੀ ਜਾਣੀ ਹੈ। ਇਸ ਤੋਂ ਪਹਿਲਾਂ ਬਹਿਬਲ ਕਲਾਂ ਗੋਲੀ ਕਾਂਡ ਵਿਚ ਮਾਰੇ ਗਾਏ ਸਿੱਖ ਨੌਜਵਾਨ ਗੁਰਜੀਤ ਸਿੰਘ ਬਿੱਟੂ ਸਰਾਵਾਂ ਦੇ ਪਿਤਾ ਨੇ ਆਪਣੇ-ਆਪ ਨੂੰ ਇਸ ਇਨਸਾਫ ਮੋਰਚੇ ਤੋਂ ਵੱਖ ਕਰ ਲਿਆ ਹੈ। ਸਾਧੂ ਸਿੰਘ ਸਰਾਵਾਂ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨਾਲ ਇਸ ਮੋਰਚੇ ਨੇ ਕਿਸੇ ਤਰ੍ਹਾਂ ਦਾ ਮਸ਼ਵਰਾ ਨਹੀਂ ਕੀਤਾ, ਆਪਹੁਦਰੇ ਹੀ ਪ੍ਰੋਗਰਾਮ ਉਲੀਕੇ ਜਾ ਰਹੇ ਹਨ।




ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਇਸ ਮੋਰਚੇ ਦੇ ਕਿਸੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹੋਣਗੇ। 14 ਅਕਤੂਬਰ ਨੂੰ ਸ਼ਹੀਦੀ ਵਾਲੇ ਦਿਨ ਉਹ ਆਪਣੇ ਘਰ ਵਿਚ ਹੀ ਪਾਠ ਰਖਵਾ ਕੇ ਆਪਣੇ ਪੁੱਤ ਨੂੰ ਸ਼ਰਧਾਂਜਲੀ ਭੇਟ ਕਰਨਗੇ। ਉਨ੍ਹਾਂ ਕਿਹਾ ਕਿ ਜੇ ਇਨਸਾਫ ਮੋਰਚੇ ਵਿਚ ਪਾਠ ਨਾ ਸ਼ੁਰੂ ਹੋਏ ਹੁੰਦੇ ਤਾਂ ਹੁਣ ਤੱਕ ਇਹ ਕਦੋਂ ਦਾ ਪੁਲਿਸ ਨੇ ਤਿੱਤਰ-ਬਿੱਤਰ ਕਰ ਦੇਣਾ ਸੀ। ਦੂਜੇ ਪਾਸੇ, ਇਨਸਾਫ ਮੋਰਚੇ ਦੀ ਅਗਵਾਈ ਕਰ ਰਹੇ ਗੋਲੀ ਕਾਂਡ ਵਿਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨੇ ਆਖਿਆ ਉਨ੍ਹਾਂ ਨੂੰ ਮੀਡੀਆ ਰਾਹੀਂ ਸਾਧੂ ਸਿੰਘ ਦੀ ਨਾਰਾਜ਼ਗੀ ਬਾਰੇ ਪਤਾ ਲੱਗਿਆ ਹੈ।

# ਤੈਅ ਸਮੇਂ 'ਚ ਹਰਿਆਣਾ ਗੁਰਦੁਆਰਾ ਕਮੇਟੀ ਚੋਣਾਂ ਕਰਵਾਉਣ ਦਾ ਐਲਾਨ

**ਚੰਡੀਗੜ੍ਹ:** ਪੰਚਕੂਲਾ ਸਥਿਤ ਗੁਰਦੁਆਰਾ ਸ੍ਰੀ ਨਾਢਾ ਸਾਹਿਬ ਵਿਚ ਚੱਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਗੁਰਦੁਆਰਾ ਸਾਹਿਬ ਵਿਚ ਹੋਈ ਅਰਦਾਸ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਵੱਡੀ ਗਿਣਤੀ ਵਿਚ ਮੌਜੂਦ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਨੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਸੁਪਰੀਮ ਕੋਰਟ ਵਿਚ ਹਰਿਆਣਾ ਵਿਚ ਅਲੱਗ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਦੇ ਕੇਸ ਦੀ ਵਧੀਆ ਤਰੀਕੇ ਨਾਲ ਪੈਰਵੀ ਕੀਤੀ।

ਇਸ ਦਾ ਨਤੀਜਾ ਇਹ ਰਿਹਾ ਕਿ ਫੈਸਲਾ ਹਰਿਆਣਾ ਦੀ ਸਿੱਖ ਸੰਗਤ ਦੇ ਪੱਖ ਵਿਚ ਆਇਆ। ਇਸ ਨਾਲ ਪੰਥ ਨੂੰ ਏਕਤਾ ਅਤੇ ਮਜ਼ਬੂਤੀ ਮਿਲੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ 18 ਮਹੀਨਿਆਂ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਈ ਜਾਵੇਗੀ, ਉਦੋਂ ਤੱਕ ਐਡਹਾਕ ਕਮੇਟੀ ਵਿਵਸਥਾ ਦੇਖੇਗੀ। ਚੋਣ ਵਿਚ ਸਿੱਖ ਸਮਾਜ ਜਿਸ ਨੂੰ ਚੁਣੇਗਾ, ਉਸ ਨੂੰ ਕਮੇਟੀ ਦੀ ਕਮਾਨ ਸੌਂਪ ਦਿੱਤੀ ਜਾਵੇਗੀ। ਇਸ ਵਿਚ ਸਰਕਾਰ ਦੀ ਕੋਈ ਦਖ਼ਲ-ਅੰਦਾਜ਼ੀ ਨਹੀਂ ਹੋਵੇਗੀ ਅਤੇ ਚੋਣ ਤੋਂ ਬਾਅਦ ਐਡਹਾਕ ਕਮੇਟੀ ਆਪਣਾ ਕੰਮਕਾਜ ਨਵੀਂ ਚੁਣੀ ਕਮੇਟੀ ਨੂੰ ਸਪੁਰਦ ਕਰ ਦੇਵੇਗੀ।



ਉਨ੍ਹਾਂ ਕਿਹਾ ਕਿ ਪੰਚਕੂਲਾ ਵਿਚ ਐਚ.ਐਸ.ਆਈ. ਡੀ.ਸੀ. ਦਾ ਪਲਾਟ ਨਾਢਾ ਸਾਹਿਬ ਗੁਰਦੁਆਰਾ ਸਾਹਿਬ ਨੂੰ ਦੇਣ ਦੀ ਗੱਲ ਚੱਲ ਰਹੀ ਹੈ। ਜਲਦ ਹੀ ਇਸ ਬਾਰੇ ਅੰਤਿਮ ਫੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਤੋਂ ਆਪਣੇ ਹੱਥ ਵਿਚ ਪ੍ਰਬੰਧ ਦੀ ਤਾਕਤ ਮਿਲੀ ਹੈ ਅਤੇ ਉਸ ਤਾਕਤ ਦਾ ਬਾਖੂਬੀ ਇਸਤੇਮਾਲ ਕਰਦੇ ਹੋਏ ਬਿਨਾਂ ਕਿਸੇ ਭੇਦਭਾਵ ਦੇ ਸਮਾਜ ਹਿੱਤ ਵਿਚ ਕੰਮ ਕਰਾਂਗੇ।

ਮੁੱਖ ਮੰਤਰੀ ਨੇ ਉਮੀਦ ਪ੍ਰਗਟਾਉਂਦੇ ਹੋਏ ਕਿਹਾ ਕਿ ਪੂਰਾ ਸਿੱਖ ਸਮਾਜ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਨਾਲ ਇਕਜੁੱਟ ਹੋ ਕੇ ਚੱਲੇਗਾ ਅਤੇ ਸਮਾਜ ਹਿੱਤ ਵਿਚ ਬਿਹਤਰੀਨ ਕੰਮ ਕਰੇਗਾ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਸੂਬਾ ਸਰਕਾਰ ਵੱਲੋਂ ਸਿੱਖ ਸਮਾਜ ਨੂੰ ਪੂਰਾ ਸਹਿਯੋਗ ਮਿਲੇਗਾ ਅਤੇ ਸਾਰੇ ਮਿਲ ਕੇ ਸਮਾਜ ਦਾ ਭਲਾ ਕਰਾਂਗੇ।

## ਸਿੱਖ ਜਗਤ ਸਰਬਸੰਮਤੀ ਨਾਲ ਚੱਲੇ: ਬੀਰੇਂਦਰ ਸਿੰਘ

**ਚੰਡੀਗੜ੍ਹ:** ਸਾਬਕਾ ਕੇਂਦਰੀ ਮੰਤਰੀ ਚੌਧਰੀ ਬੀਰੇਂਦਰ ਸਿੰਘ ਨੇ ਸਿੱਖ ਜਗਤ ਨੂੰ ਅਪੀਲ ਕੀਤੀ ਹੈ ਕਿ ਉਹ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤੇ ਇਤਿਹਾਸਕ ਫੈਸਲੇ ਨੂੰ ਮੰਨਦੇ ਹੋਏ ਆਪਸ ਵਿਚ ਮਿਲ ਬੈਠ ਕੇ ਸਰਬਸੰਮਤੀ ਨਾਲ ਚੱਲਣ ਤੇ ਸ਼੍ਰੋਮਣੀ ਕਮੇਟੀ (ਅੰਮ੍ਰਿਤਸਰ) ਦੀ ਸਰਬਉੱਚਤਾ ਮੰਨ ਕੇ ਅੱਗੇ ਵਧਣ ਤੇ ਹਰਿਆਣੇ ਦੇ ਸਿੱਖਾਂ ਦੀ ਬਾਂਹ ਫੜ੍ਹ ਕੇ ਉਨ੍ਹਾਂ ਨੂੰ ਵੀ ਨਾਲ ਲੈ ਕੇ ਚੱਲਣ। ਚੌਧਰੀ ਬੀਰੇਂਦਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਅਪੀਲ ਕੀਤੀ ਕਿ ਉਹ ਤੁਰਤ ਦਖਲ ਦੇ ਕੇ ਸਾਰੇ ਸਿੱਖ ਜਗਤ ਦੀ ਰਹਿਨੁਮਾਈ ਕਰਨ।

# ਈ.ਡੀ. ਦੇ ਛਾਪਿਆਂ ਨੇ ਆਪ ਸਰਕਾਰ ਵਿਚ ਹਲਚਲ ਵਧਾਈ

**ਚੰਡੀਗੜ੍ਹ:** ਦਿੱਲੀ ਤੋਂ ਬਾਅਦ ਹੁਣ ਪੰਜਾਬ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਛਾਪਿਆਂ ਨੇ 'ਆਪ' ਸਰਕਾਰ ਵਿਚ ਹਲਚਲ ਵਧਾ ਦਿੱਤੀ ਹੈ ਤੇ ਸਰਕਾਰ ਨੂੰ ਖਦਸ਼ਾ ਹੈ ਕਿ ਦਿੱਲੀ ਦੀ ਆਬਕਾਰੀ ਨੀਤੀ ਦਾ ਸੇਕ ਪੰਜਾਬ ਤੱਕ ਪੁੱਜ ਸਕਦਾ ਹੈ। 'ਆਪ' ਆਗੂ ਇਨ੍ਹਾਂ ਛਾਪਿਆਂ ਨੂੰ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ।

ਚੇਤੇ ਰਹੇ ਕਿ ਸੀ.ਬੀ.ਆਈ. ਨੇ 17 ਅਗਸਤ ਨੂੰ ਦਿੱਲੀ ਦੀ ਆਬਕਾਰੀ ਨੀਤੀ ਵਿਚ ਕਥਿਤ ਘੁਟਾਲਾ ਹੋਣ ਦੇ ਦੋਸ਼ ਤਹਿਤ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ 13 ਹੋਰਨਾਂ 'ਤੇ ਕੇਸ ਦਰਜ ਕੀਤਾ ਸੀ। ਸੀ.ਬੀ.ਆਈ. ਸਿਸੋਦੀਆ ਦੇ ਘਰ ਅਤੇ ਟਿਕਾਣਿਆਂ 'ਤੇ ਪਹਿਲਾਂ ਛਾਪੇ ਮਾਰ ਚੁੱਕੀ ਹੈ। ਈ.ਡੀ. ਹੁਣ ਨਵੇਂ ਸਿਰਿਓਂ ਸਬੂਤ ਜੁਟਾਉਣ ਵਿਚ ਜੁਟੀ ਹੋਈ ਹੈ।

ਈ.ਡੀ. ਨੇ ਦਿੱਲੀ ਦੀ 'ਆਪ' ਸਰਕਾਰ ਦੀ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ 'ਚ ਦਿੱਲੀ, ਪੰਜਾਬ ਅਤੇ ਆਂਧਰਾ ਪ੍ਰਦੇਸ਼ 'ਚ ਤਕਰੀਬਨ 35 ਰਿਹਾਇਸ਼ੀ ਤੇ ਕਾਰੋਬਾਰੀ ਟਿਕਾਣਿਆਂ 'ਤੇ ਛਾਪੇ ਮਾਰੇ। ਦਿਨ ਭਰ ਚੱਲੀ ਤਲਾਸ਼ੀ ਮੁਹਿੰਮ 'ਚ ਈ.ਡੀ. ਦੇ ਹੱਥ ਕੋਈ ਪੁਖਤਾ ਦਸਤਾਵੇਜ਼ ਲੱਗਣ ਦੀ ਪੁਸ਼ਟੀ ਨਹੀਂ ਹੋਈ ਹੈ। ਬੇਸ਼ੱਕ ਦਿੱਲੀ ਸਰਕਾਰ ਨੇ ਆਪਣੀ ਨਵੀਂ ਆਬਕਾਰੀ ਨੀਤੀ ਰੱਦ ਕਰ ਦਿੱਤੀ ਹੈ ਪਰ ਈਡੀ ਨੇ ਕਥਿਤ ਬੇਨਿਯਮੀਆਂ ਦੀ ਜਾਂਚ ਤਹਿਤ ਸ਼ਰਾਬ ਕੰਪਨੀਆਂ, ਸਪਲਾਇਰਾਂ ਅਤੇ ਉਨ੍ਹਾਂ ਨਾਲ ਸਬੰਧ ਰਖਦੀਆਂ ਸੰਸਥਾਵਾਂ ਦੇ



ਰਿਕਾਰਡਾਂ ਨੂੰ ਛਾਣਿਆ।

ਕੇਂਦਰੀ ਏਜੰਸੀ ਹੁਣ ਤੱਕ 103 ਟਿਕਾਣਿਆਂ 'ਤੇ ਛਾਪੇ ਮਾਰ ਚੁੱਕੀ ਹੈ। ਈ.ਡੀ. ਨੇ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਦੇ 2012-17 ਦੌਰਾਨ ਵਿਧਾਇਕ ਰਹੇ ਸ਼ਰਾਬ ਕਾਰੋਬਾਰੀ ਦੀਪ ਮਲਹੋਤਰਾ ਦੀ ਫ਼ਰੀਦਕੋਟ ਰਿਹਾਇਸ਼ ਤੋਂ ਇਲਾਵਾ ਲੁਧਿਆਣਾ ਅਤੇ ਮਾਨਸਾ 'ਚ ਉਸ ਦੇ ਕਾਰੋਬਾਰੀ ਟਿਕਾਣਿਆਂ 'ਤੇ ਛਾਪੇ ਮਾਰੇ। ਇਸ ਤੋਂ ਪਹਿਲਾਂ ਈ.ਡੀ. ਨੇ ਆਬਕਾਰੀ ਕਮਿਸ਼ਨਰ ਵਰੁਣ ਰੁਜ਼ਮ ਅਤੇ ਸੰਯੁਕਤ ਕਮਿਸ਼ਨਰ ਨਰੇਸ਼ ਦੂਬੇ ਦੀ ਰਿਹਾਇਸ਼ 'ਤੇ ਵੀ ਛਾਪੇ ਮਾਰੇ ਸਨ। ਈ.ਡੀ. ਉਨ੍ਹਾਂ ਸਮੇਤ ਪੰਜਾਬ ਦੇ ਤਿੰਨ ਆਈ.ਏ.ਐਸ. ਅਧਿਕਾਰੀਆਂ ਨੂੰ ਤਲਬ ਵੀ ਕਰ ਚੁੱਕੀ ਹੈ।

ਮਲਹੋਤਰਾ ਦਾ ਗੱਠਜੋੜ ਸਰਕਾਰ ਤੇ ਬਾਅਦ 'ਚ ਕੈਪਟਨ ਹਕੂਮਤ ਸਮੇਂ ਸ਼ਰਾਬ ਦਾ ਥੋਕ ਕਾਰੋਬਾਰ ਰਿਹਾ ਹੈ ਅਤੇ ਹੁਣ 'ਆਪ' ਸਰਕਾਰ 'ਚ ਵੀ ਉਸ ਦਾ ਸ਼ਰਾਬ ਕਾਰੋਬਾਰ 'ਚ ਵੱਡਾ ਹਿੱਸਾ ਹੈ। 'ਆਪ' ਹਾਈਕਮਾਨ ਨਾਲ ਦੀਪ ਮਲਹੋਤਰਾ ਦੇ ਨੇੜਲੇ ਸਬੰਧ ਹਨ ਅਤੇ ਦਿੱਲੀ ਵਿਚ ਵੀ ਦੀਪ ਮਲਹੋਤਰਾ ਦੀਆਂ ਉਨ੍ਹਾਂ ਦੋ ਫਰਮਾਂ ਵਿਚ ਹਿੱਸੇਦਾਰੀ ਹੈ ਜਿਨ੍ਹਾਂ ਕੋਲ ਕਰੀਬ ਤਿੰਨ ਗਰੁੱਪਾਂ ਦਾ ਸ਼ਰਾਬ ਕਾਰੋਬਾਰ ਹੈ। ਦੀਪ ਮਲਹੋਤਰਾ ਦੀਆਂ ਪੰਜਾਬ ਅਤੇ ਮੱਧ ਪ੍ਰਦੇਸ਼ ਤੋਂ ਇਲਾਵਾ ਹੋਰ ਸੂਬਿਆਂ ਵਿਚ ਸ਼ਰਾਬ ਸਨਅਤਾਂ ਵੀ ਹਨ। ਜਦੋਂ ਪੰਜਾਬ 'ਚ ਸ਼ਰਾਬ ਦੇ ਕਾਰੋਬਾਰ ਵਿਚ ਪੌਂਟੀ ਚੱਢਾ ਦੀ ਤੂਤੀ ਬੋਲਦੀ ਸੀ ਤਾਂ ਉਦੋਂ ਅਕਾਲੀ ਨੇਤਾ ਸੁਖਬੀਰ ਸਿੰਘ ਬਾਦਲ ਨੇ ਦੀਪ ਮਲਹੋਤਰਾ ਨੂੰ ਉਨ੍ਹਾਂ ਦੇ ਮੁਕਾਬਲੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ।

ਈ.ਡੀ. ਦੀ ਦਿੱਲੀ ਤੇ ਜਲੰਧਰ ਦਫ਼ਤਰ ਦੀ ਟੀਮ ਨੇ ਸੰਯੁਕਤ ਰੂਪ ਵਿਚ ਇਕ ਮਹਿਲਾ ਅਧਿਕਾਰੀ ਦੀ ਅਗਵਾਈ ਹੇਠ ਦੀਪ ਮਲਹੋਤਰਾ ਦੀ ਫ਼ਰੀਦਕੋਟ ਰਿਹਾਇਸ਼ 'ਤੇ ਸਵੇਰੇ ਕਰੀਬ 7 ਵਜੇ ਛਾਪਾ ਮਾਰਿਆ। ਕਰੀਬ ਤਿੰਨ ਦਿਨ ਪਹਿਲਾਂ ਹੀ ਦੀਪ ਮਲਹੋਤਰਾ ਇਸ ਰਿਹਾਇਸ਼ 'ਤੇ ਆਏ ਸਨ ਅਤੇ ਚਲੇ ਗਏ ਸਨ। ਦੀਪ ਮਲਹੋਤਰਾ ਦਾ ਪਰਿਵਾਰ ਦਿੱਲੀ ਰਹਿੰਦਾ ਹੈ।

ਵੇਰਵਿਆਂ ਅਨੁਸਾਰ ਈਡੀ ਟੀਮ ਨੇ ਪੂਰਾ ਦਿਨ ਤਲਾਸ਼ੀ ਮੁਹਿੰਮ ਚਲਾਈ ਅਤੇ ਪਤਾ ਲੱਗਾ ਹੈ ਕਿ ਕੁਝ ਦਸਤਾਵੇਜ਼ ਵੀ ਅਧਿਕਾਰੀਆਂ ਦੇ ਹੱਥ ਲੱਗੇ ਹਨ। ਇਸੇ ਤਰ੍ਹਾਂ ਟੀਮਾਂ ਨੇ ਦੀਪ ਮਲਹੋਤਰਾ ਦੀ ਕੰਪਨੀ ਨਾਲ ਜੁੜੇ ਲੁਧਿਆਣਾ ਦੇ ਗੁਰਦੇਵ ਨਗਰ ਵਿਚਲੇ ਇਕ ਕਾਰੋਬਾਰੀ ਟਿਕਾਣੇ 'ਤੇ ਵੀ ਛਾਪਾ ਮਾਰਿਆ। ਇਥੋਂ ਦੇ ਗੁਦਾਮ 'ਚੋਂ ਕਾਫੀ ਮਾਲ ਦੀ ਸਪਲਾਈ ਹੁੰਦੀ ਹੈ।

ਈਡੀ ਦੇ ਰਡਾਰ 'ਤੇ ਹੋਰ ਕਾਰੋਬਾਰੀ ਵੀ ਆ ਸਕਦੇ ਸਨ ਜਿਸ ਕਰਕੇ ਦੀਪ ਮਲਹੋਤਰਾ ਨਾਲ ਨੇੜਿਓਂ ਜੁੜੇ ਕਾਰੋਬਾਰੀ ਵੀ ਡਰੇ ਹੋਏ ਹਨ। ਈਡੀ ਟੀਮ ਨੇ ਮਾਨਸਾ ਵਿਚ ਮਲਹੋਤਰਾ ਦੇ ਨੇੜਲੇ ਰਾਜ ਕੁਮਾਰ ਦੀ ਰਿਹਾਇਸ਼ ਦੀ ਵੀ ਤਲਾਸ਼ੀ ਲਈ। ਰਾਜ ਕੁਮਾਰ ਨੇ ਕਿਹਾ ਕਿ ਉਹ ਮਲਹੋਤਰਾ ਦੀ ਕੰਪਨੀ ਦਾ ਇਕ ਮੁਲਾਜ਼ਮ ਹੈ ਅਤੇ ਈਡੀ ਟੀਮ ਨੂੰ ਛਾਪੇ ਦੌਰਾਨ ਕੁਝ ਵੀ ਪ੍ਰਾਪਤ ਨਹੀਂ ਹੋਇਆ ਹੈ। ਈਡੀ ਟੀਮਾਂ ਨੇ ਹੈਦਰਾਬਾਦ ਅਤੇ ਦਿੱਲੀ ਵਿਚ ਵੀ ਛਾਪੇ ਮਾਰੇ ਹਨ ਪ੍ਰੰਤੂ ਕਿਧਰੋਂ ਵੀ ਕੁਝ ਠੋਸ ਦਸਤਾਵੇਜ਼ ਹੱਥ ਲੱਗਣ ਦੀ ਪੁਸ਼ਟੀ ਨਹੀਂ ਹੋਈ ਹੈ। ਆਂਧਰਾ ਪ੍ਰਦੇਸ਼ ਅਤੇ ਦਿੱਲੀ ਵਿਚਲੇ ਸ਼ਰਾਬ ਕਾਰੋਬਾਰ ਵਿਚ ਦੀ ਕੜੀ ਜੋੜੀ ਜਾ ਰਹੀ ਹੈ।

## ਈ.ਡੀ. ਦੇ ਛਾਪੇ ਘਟੀਆ ਸਿਆਸਤ: ਕੇਜਰੀਵਾਲ

**ਨਵੀਂ ਦਿੱਲੀ:** ਆਬਕਾਰੀ ਨੀਤੀ ਦੇ ਮਾਮਲੇ 'ਚ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਾਰੇ ਗਏ ਛਾਪਿਆਂ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਨੂੰ ਗੰਦੀ ਸਿਆਸਤ ਕਰਾਰ ਦਿੱਤਾ ਹੈ। ਉਨ੍ਹਾਂ ਟਵੀਟ ਕਰਕੇ ਇਸ ਸਾਰੀ ਕਸਰਤ ਨੂੰ ਸਮੇਂ ਦੀ ਬਰਬਾਦੀ ਦੱਸਿਆ ਅਤੇ ਕਿਹਾ ਕਿ 500 ਤੋਂ ਵੱਧ ਥਾਵਾਂ ਉਪਰ ਛਾਪੇ ਮਾਰਨ ਮਗਰੋਂ ਵੀ ਜਾਂਚ ਏਜੰਸੀ ਦੇ ਹੱਥ ਖਾਲੀ ਹਨ। ਆਪਣੀ ਗੰਦੀ ਸਿਆਸਤ ਲਈ ਇੰਨੇ ਅਧਿਕਾਰੀਆਂ ਦਾ ਸਮਾਂ ਬਰਬਾਦ ਕੀਤਾ ਜਾ ਰਿਹਾ ਹੈ। ਇੰਜ ਦੇਸ਼ ਕਿਵੇਂ ਤਰੱਕੀ ਕਰੇਗਾ?'

# ਵਿਧਾਇਕਾ ਨਰਿੰਦਰ ਕੌਰ ਭਰਾਜ ਤੇ ਮਨਦੀਪ ਸਿੰਘ ਵਿਆਹ ਦੇ ਬੰਧਨ 'ਚ ਬੱਝੇ

ਪਟਿਆਲਾ: ਸੰਗਰੂਰ ਤੋਂ ਆਮ ਆਦਮੀ ਪਾਰਟੀ ਦੀ 28 ਸਾਲਾ ਵਿਧਾਇਕਾ ਨਰਿੰਦਰ ਕੌਰ ਭਰਾਜ ਵਿਆਹ ਦੇ ਬੰਧਨ ਵਿਚ ਬੱਝ ਗਏ ਹਨ। ਉਨ੍ਹਾਂ ਦਾ ਅਨੰਦ ਕਾਰਜ ਪਿੰਡ ਰੋੜੇਵਾਲ ਦੇ ਡੇਰਾ ਬਾਬਾ ਪੂਰਨ ਦਾਸ ਵਿਚ ਆਮ ਆਦਮੀ ਪਾਰਟੀ ਦੇ ਵਾਲੰਟੀਅਰ 29 ਸਾਲਾ ਮਨਦੀਪ ਸਿੰਘ ਨਾਲ ਹੋਇਆ।



ਵਿਆਹ ਸਮੇਂ ਜੋੜਾ ਸਾਦੇ ਲਿਬਾਸ ਵਿਚ ਨਜ਼ਰ ਆਇਆ। ਵਿਆਹ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਮੀਡੀਆ ਡਾਇਰੈਕਟਰ ਬਲਤੇਜ ਪੰਨੂ ਨੇ ਸ਼ਮੂਲੀਅਤ ਕੀਤੀ ਪਰ ਪਟਿਆਲਾ ਦਾ ਕੋਈ ਵਿਧਾਇਕ ਸ਼ਾਮਲ ਨਹੀਂ ਹੋਇਆ। ਮਨਦੀਪ ਸਿੰਘ 'ਆਪ' ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਰਹਿ ਚੁੱਕੇ ਹਨ। ਵਿਧਾਨ ਸਭਾ ਚੋਣਾਂ ਦੌਰਾਨ ਉਨ੍ਹਾਂ ਨਰਿੰਦਰ ਕੌਰ ਭਰਾਜ ਦੇ ਹੱਕ ਵਿਚ ਚੋਣ ਪ੍ਰਚਾਰ ਦੀ ਜ਼ਿੰਮੇਵਾਰੀ ਸੰਭਾਲੀ ਸੀ। ਦੋਵੇਂ ਪਰਿਵਾਰ ਵੀ ਕਾਫੀ ਸਮੇਂ ਤੋਂ ਨੇੜੇ ਹਨ। ਨਰਿੰਦਰ ਕੌਰ ਭਰਾਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿਚ ਸਾਨੂੰ ਬੇਲੋੜੇ ਖਰਚਿਆਂ ਤੋਂ ਬਚਣ ਦੀ ਲੋੜ ਹੈ, ਜਿਸ ਕਰਕੇ ਉਨ੍ਹਾਂ ਵਿਆਹ ਵੀ ਸਾਦੇ ਢੰਗ ਨਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕਾ ਵਜੋਂ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਅ ਰਹੇ ਹਨ ਅਤੇ ਹੁਣ ਮਿਲੀ ਨਵੀਂ ਜ਼ਿੰਮੇਵਾਰੀ ਨੂੰ ਵੀ ਉਹ ਬਾਖੂਬੀ ਨਿਭਾਉਣ ਦੀ ਕੋਸ਼ਿਸ਼ ਕਰਨਗੇ। ਜ਼ਿਕਰਯੋਗ ਹੈ ਕਿ ਨਰਿੰਦਰ ਕੌਰ ਸੰਗਰੂਰ ਦੇ ਪਿੰਡ ਭਰਾਜ ਦੇ ਇਕ ਆਮ ਕਿਸਾਨ ਪਰਿਵਾਰ ਨਾਲ ਸਬੰਧਤ ਹਨ। ਉਨ੍ਹਾਂ ਭਾਈ ਗੁਰਦਾਸ ਕਾਲਜ ਆਫ ਲਾਅ ਸੰਗਰੂਰ ਤੋਂ 2021 ਵਿਚ ਐਲ.ਐਲ.ਬੀ. ਦੀ ਪੜ੍ਹਾਈ ਪੂਰੀ ਕੀਤੀ ਹੈ।

# ਅਮਰੀਕਾ ਵਿਚ ਨੂੰਹ ਦੀ ਹੱਤਿਆ ਦੇ ਦੋਸ਼ ਹੇਠ ਪੰਜਾਬੀ ਗ੍ਰਿਫਤਾਰ

**ਸਾਂ ਫਰਾਂਸਿਸਕੋ:** ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਭਾਰਤੀ ਮੂਲ ਦੇ ਇਕ ਅਮਰੀਕਨ ਵਿਅਕਤੀ ਨੂੰ ਨੂੰਹ ਦੀ ਹੱਤਿਆ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮ ਸੀਤਲ ਸਿੰਘ ਦੋਸਾਂਝ (74) ਆਪਣੀ ਨੂੰਹ ਗੁਰਪ੍ਰੀਤ ਕੌਰ ਦੋਸਾਂਝ ਨਾਲ ਆਪਣੇ ਪੁੱਤ ਨੂੰ ਤਲਾਕ ਦੇਣ ਦੇ ਇਰਾਦੇ ਤੋਂ ਖਫ਼ਾ ਸੀ।



ਈਸਟ ਬੇਅ ਟਾਈਮਜ਼ ਅਨੁਸਾਰ ਸ਼ੀਤਲ ਨੇ ਪਿਛਲੇ ਹਫਤੇ ਦੱਖਣੀ ਸਾਂ ਹੋਜ਼ੇ ਦੇ ਵਾਲਮਾਰਟ ਦੀ ਪਾਰਕਿੰਗ ਵਿਚ ਨੂੰਹ ਦੀ ਹੱਤਿਆ ਕਰ ਦਿੱਤੀ ਸੀ। ਗੁਰਪ੍ਰੀਤ ਕੌਰ ਇਸੇ ਵਾਲਮਾਰਟ ਵਿਚ ਕੰਮ ਕਰਦੀ ਸੀ। ਪੁਲਿਸ ਪੜਤਾਲ ਦੌਰਾਨ ਪਤਾ ਲੱਗਿਆ ਕਿ ਪੀੜਤ ਨੇ ਮੌਤ ਤੋਂ ਪਹਿਲਾਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਦੱਸਿਆ ਸੀ ਕਿ ਉਸ ਦਾ ਸਹੁਰਾ ਉਸ ਨੂੰ ਮਾਰਨ ਲਈ ਲੱਭ ਰਿਹਾ ਹੈ ਅਤੇ ਉਹ ਡਰੀ ਹੋਈ ਹੈ। ਫੋਨ ਤੋਂ ਪੰਜ ਘੰਟੇ ਬਾਅਦ ਵਾਲਮਾਰਟ ਦੇ ਕਰਮਚਾਰੀ ਨੂੰ ਗੁਰਪ੍ਰੀਤ ਦੀ ਲਾਸ਼ ਪਾਰਕਿੰਗ ਏਰੀਏ ਵਿਚ ਖੜ੍ਹੀ ਕਾਰ ਵਿਚੋਂ ਮਿਲੀ।

ਉਸ ਦੇ ਦੋ ਗੋਲੀਆਂ ਲੱਗੀਆਂ ਹੋਈਆਂ ਸਨ। ਪੁਲਿਸ ਅਨੁਸਾਰ ਗੁਰਪ੍ਰੀਤ ਦੇ ਰਿਸ਼ਤੇਦਾਰ ਨੂੰ ਜਾਂਚ ਪੜਤਾਲ ਦੌਰਾਨ ਦੱਸਿਆ ਕਿ ਉਹ ਸਾਂ ਹੋਜ਼ੇ ਵਿਚ ਰਹਿੰਦੀ ਸੀ, ਜਦ ਕਿ ਉਸ ਦਾ ਪਤੀ ਅਤੇ ਸਹੁਰਾ ਫਰੈਜਨੋ ਵਿਚ ਰਹਿੰਦੇ ਸਨ। ਉਹ ਆਪਣੇ ਪਤੀ ਨੂੰ ਤਲਾਕ ਦੇਣ ਜਾ ਰਹੀ ਸੀ, ਜਿਸ ਤੋਂ ਸਹੁਰਾ ਗੁੱਸੇ ਸੀ।

# ਸ਼ਹਿਰੀ ਵਿਕਾਸ ਅਥਾਰਟੀਆਂ ਨੂੰ ਰੈਗੂਲੇਟਰੀ ਪ੍ਰਵਾਨਗੀਆਂ ਸਬੰਧੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜ਼ਮੀਨ ਦੀ ਵਰਤੋਂ ਦੀ ਤਬਦੀਲੀ (ਸੀ.ਐਲ.ਯੂ.) ਸਬੰਧੀ ਸਰਟੀਫਿਕੇਟ, ਮੁਕੰਮਲਤਾ ਸਰਟੀਫਿਕੇਟ, ਲੇ-ਆਊਟ ਤੇ ਬਿਲਡਿੰਗ ਪਲਾਨ ਸਬੰਧੀ ਕੇਸਾਂ ਦੇ ਜਲਦੀ ਨਿਪਟਾਰੇ ਲਈ ਰੈਗੂਲੇਟਰੀ ਪ੍ਰਵਾਨਗੀਆਂ ਦੇਣ ਸਬੰਧੀ ਪ੍ਰਕਿਰਿਆ ਨੂੰ ਹੋਰ ਆਸਾਨ ਬਣਾ ਦਿੱਤਾ ਹੈ।

ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਰੈਗੂਲੇਟਰੀ ਪ੍ਰਵਾਨਗੀਆਂ ਦਾ ਵਿਕੇਂਦਰੀਕਰਨ ਕਰਦਿਆਂ ਆਪਣੇ ਅਧੀਨ ਸ਼ਹਿਰੀ ਵਿਕਾਸ ਅਥਾਰਟੀਆਂ ਨੂੰ ਵਧੇਰੇ ਸ਼ਕਤੀਆਂ ਸੌਂਪੀਆਂ ਗਈਆਂ ਹਨ। ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਫੈਸਲਾ ਨਿਰਧਾਰਿਤ ਸਮਾਂ-ਸੀਮਾ ਦੇ ਅੰਦਰ ਕੇਸਾਂ ਦੇ ਨਿਪਟਾਰੇ ਲਈ ਬੇਹੱਦ ਅਹਿਮ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਮੁਹਾਲੀ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਤੇ ਬਠਿੰਡਾ ਦੀਆਂ ਸ਼ਹਿਰੀ ਵਿਕਾਸ ਅਥਾਰਟੀਆਂ ਆਪਣੇ ਪੱਧਰ 'ਤੇ ਰੈਗੂਲੇਟਰੀ ਪ੍ਰਵਾਨਗੀਆਂ ਦੇਣ ਦੇ ਸਮਰੱਥ ਹੋ ਜਾਣਗੀਆਂ।

# ਜਾਇਦਾਦਾਂ ਦੀ ਈ-ਨਿਲਾਮੀ 20 ਤੋਂ

**ਚੰਡੀਗੜ੍ਹ:** ਜਲੰਧਰ ਵਿਕਾਸ ਅਥਾਰਿਟੀ ਤੇ ਅੰਮ੍ਰਿਤਸਰ ਵਿਕਾਸ ਅਥਾਰਿਟੀ ਵੱਲੋਂ ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਜਲੰਧਰ, ਫਗਵਾੜਾ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਵਿਚ ਪ੍ਰਮੁੱਖ ਜਾਇਦਾਦਾਂ ਦੀ 20 ਅਕਤੂਬਰ ਤੋਂ ਈ-ਨਿਲਾਮੀ ਕੀਤੀ ਜਾ ਰਹੀ ਹੈ। ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਅੰਮ੍ਰਿਤਸਰ ਵਿਕਾਸ ਅਥਾਰਿਟੀ ਵੱਲੋਂ 13 ਐਸ.ਸੀ.ਓਜ਼. ਤੇ 99 ਰਿਹਾਇਸ਼ੀ ਪਲਾਟਾਂ, ਗੁਰਦਾਸਪੁਰ ਵਿਚ 3.58 ਕਰੋੜ ਰੁਪਏ ਦੀ ਕੀਮਤ ਵਾਲੀ ਤੇ ਬਟਾਲਾ ਵਿਚ 5.25 ਕਰੋੜ ਰੁਪਏ ਦੀ ਕੀਮਤ ਵਾਲੀਆਂ ਸਕੂਲ ਸਾਈਟਾਂ ਤੇ ਗੁਰਦਾਸਪੁਰ ਵਿਚ 6.10 ਕਰੋੜ ਰੁਪਏ ਦੀ ਕੀਮਤ ਵਾਲੀ ਇਕ ਬਹੁ-ਮੰਤਵੀ ਸਾਈਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

# ਕੈਨੇਡਾ: ਵਿਦਿਆਰਥੀਆਂ 'ਤੇ ਘੰਟਿਆਂ ਦੀ ਕੰਮ-ਸੀਮਾ ਹਟਾਈ

**ਵੈਨਕੂਵਰ:** ਕੈਨੇਡਾ ਸਰਕਾਰ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਰਾਹਤ ਦਿੰਦਿਆਂ ਉਨ੍ਹਾਂ 'ਤੇ ਲੱਗੀ ਹਫਤੇ ਵਿਚ 20 ਘੰਟੇ ਕੰਮ ਕਰਨ ਦੀ ਪਾਬੰਦੀ ਇਕ ਸਾਲ ਲਈ ਹਟਾ ਦਿੱਤੀ ਹੈ। ਆਵਾਸ ਮੰਤਰੀ ਸਿਆਨ ਫਰੇਜ਼ਰ ਨੇ ਦੱਸਿਆ ਕਿ ਦੇਸ਼ ਵਿਚ ਕਾਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਕੌਮਾਂਤਰੀ ਵਿਦਿਆਰਥੀਆਂ 'ਤੇ ਲੱਗੀ 20 ਘੰਟੇ ਕੰਮ ਕਰਨ ਦੀ ਪਾਬੰਦੀ ਆਉਂਦੀ 15 ਨਵੰਬਰ ਤੋਂ ਅਗਲੇ ਸਾਲ ਦੇ ਅੰਤ ਤੱਕ ਖਤਮ ਕਰ ਦਿੱਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਦੌਰਾਨ ਵਿਦਿਆਰਥੀ ਆਪਣੀ ਸਮਰੱਥਾ ਅਨੁਸਾਰ ਜਿੰਨੇ ਘੰਟੇ ਚਾਹੁਣ ਕੰਮ ਕਰ ਸਕਣਗੇ। ਮੰਤਰੀ ਨੇ ਕਿਹਾ ਕਿ ਪੂਰਾ ਸਮਾਂ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਵੀ ਆਪਣੀ ਇੱਛਾ ਅਨੁਸਾਰ ਕੰਮ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਸ ਫੈਸਲੇ ਕਾਰਨ ਕਾਫੀ ਹੱਦ ਤੱਕ ਕਾਮਿਆਂ ਦੀ ਘਾਟ ਪੂਰੀ ਹੋਵੇਗੀ ਤੇ ਕਾਰੋਬਾਰੀਆਂ ਨੂੰ ਵਿਦੇਸ਼ਾਂ ਤੋਂ ਕਾਮੇ ਨਹੀਂ ਮੰਗਵਾਉਣੇ ਪੈਣਗੇ। ਇਸ ਫੈਸਲੇ ਨਾਲ ਪੜ੍ਹਾਈ ਅੱਧ ਵਿਚਾਲੇ ਛੱਡਣ ਵਾਲੇ ਵਿਦਿਆਰਥੀਆਂ ਨੂੰ ਵੀ ਰਾਹਤ ਮਿਲੇਗੀ।

ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਦਾ ਕੰਮ ਤੇਜ਼ ਹੋਵੇ: ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਆਕਲੈਂਡ ਵਿਖੇ ਨਿਊਜ਼ੀਲੈਂਡ ਦੀ ਆਪਣੀ ਹਮਰੁਤਬਾ ਨਨਯਾ ਮਾਹੂਤਾ ਨਾਲ ਗੱਲਬਾਤ ਕੀਤੀ। ਇਸ ਦੌਰਾਨ ਕੋਵਿਡ-19 ਨਾਲ ਨਜਿੱਠਣ ਲਈ ਨਿਊਜ਼ੀਲੈਂਡ ਵੱਲੋਂ ਚੁੱਕੇ ਗਏ ਕਦਮਾਂ ਨਾਲ ਭਾਰਤੀ ਵਿਦਿਆਰਥੀਆਂ ਦੇ ਪ੍ਰਭਾਵਿਤ ਹੋਣ ਦਾ ਮੁੱਦਾ ਵੀ ਉਠਾਇਆ ਗਿਆ। ਉਨ੍ਹਾਂ ਨਿਊਜ਼ੀਲੈਂਡ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ। ਨਿਊਜ਼ੀਲੈਂਡ ਵਿਚ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿਚ ਭਾਰਤ ਦੂਜੇ ਨੰਬਰ ਉਤੇ ਹੈ।



## ਭਾਰਤੀ ਹਾਈ ਕਮਿਸ਼ਨ ਕਰ ਰਿਹੈ ਗੈਰ-ਕਾਨੂੰਨੀ ਵੀਜ਼ਾ ਦਿਵਾਉਣ ਦੇ ਮਾਮਲੇ ਦੀ ਜਾਂਚ

**ਲੰਡਨ:** ਭਾਰਤੀ ਹਾਈ ਕਮਿਸ਼ਨ ਨੇ ਕਿਹਾ ਹੈ ਕਿ ਉਹ ਭਾਰਤ ਦੀ ਯਾਤਰਾ ਲਈ ਵੀਜ਼ਾ ਦਿਵਾਉਣ ਵਾਸਤੇ ਅਣਅਧਿਕਾਰਤ ਏਜੰਟ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਫੀਸ ਵਸੂਲੇ ਜਾਣ ਦੀਆਂ ਖਬਰਾਂ ਦੀ ਜਾਂਚ ਕਰ ਰਿਹਾ ਹੈ। ਖਬਰਾਂ ਵਿਚ ਕਿਹਾ ਗਿਆ ਹੈ ਕਿ ਭਾਰਤ ਲਈ ਟੂਰਿਸਟ ਵੀਜ਼ਾ ਹਾਸਲ ਕਰਨ ਵਿਚ ਬਰਤਾਨੀਆ ਦੇ ਲੋਕਾਂ ਨੂੰ ਕਾਫੀ ਮੁਸ਼ਕਤ ਕਰਨੀ ਪੈ ਰਹੀ ਹੈ। ਬਰਤਾਨਵੀ ਯਾਤਰੀ ਸਮੇਂ 'ਤੇ ਵੀਜ਼ਾ ਦੀ ਪ੍ਰਕਿਰਿਆ ਪੂਰੀ ਨਾ ਹੋਣ ਦੀ ਸ਼ਿਕਾਇਤ ਕਰ ਰਹੇ ਹਨ। ਇਸ ਵਿਚਾਲੇ, ਭਾਰਤੀ ਹਾਈ ਕਮਿਸ਼ਨ ਨੇ ਯਾਤਰੀਆਂ ਨੂੰ ਇਸ ਗੜਬੜ ਪ੍ਰਤੀ ਚੌਕਸ ਕੀਤਾ ਅਤੇ ਕਿਹਾ ਕਿ ਉਹ ਪ੍ਰਕਿਰਿਆ ਨੂੰ ਸੁਚਾਰੂ ਕਰਨ ਲਈ ਕੰਮ ਕਰ ਰਿਹਾ ਹੈ।

# ਵੱਖਰੀ ਸਿੱਖ ਗੁਰਦੁਆਰਾ ਕਮੇਟੀ ਖਿਲਾਫ ਮੋਰਚਾ ਖੋਲ੍ਹਿਆ

**ਅੰਮ੍ਰਿਤਸਰ:** ਸਿੱਖ ਗੁਰਦੁਆਰਾ ਐਕਟ 1925 ਨੂੰ ਤੋੜਨ ਖਿਲਾਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਤੇ ਹਰਿਆਣਾ ਵਿਚ ਤਿੰਨ ਵੱਖ-ਵੱਖ ਥਾਵਾਂ ਤੋਂ ਕੱਢੇ ਗਏ ਮਾਰਚ ਇਥੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ। ਇਥੇ ਸ਼੍ਰੋਮਣੀ ਕਮੇਟੀ ਦੀ ਸਲਾਮਤੀ, ਸੰਘਰਸ਼ ਦੀ ਚੜ੍ਹਦੀ ਕਲਾ ਅਤੇ ਵਿਰੋਧੀਆਂ ਨੂੰ ਮਾਤ ਦੇਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਮਾਮਲੇ ਵਿਚ ਸੰਘਰਸ਼ ਦੀ ਅਗਲੀ ਰਣਨੀਤੀ ਜਲਦੀ ਹੀ ਸਾਰਿਆਂ ਨਾਲ ਸਲਾਹ ਮਸ਼ਵਰਾ ਕਰਕੇ ਉਲੀਕੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੁਪਰੀਮ ਕੋਰਟ ਦੇ ਇਸ ਸਬੰਧੀ ਫੈਸਲੇ ਖਿਲਾਫ ਨਜ਼ਰਸਾਨੀ ਪਟੀਸ਼ਨ ਲਈ ਕਾਨੂੰਨੀ ਮਾਹਿਰਾਂ ਦੀ ਸਲਾਹ ਲਈ ਜਾ ਰਹੀ ਹੈ। ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਲਈ ਐਕਟ ਨੂੰ ਮਾਨਤਾ ਦੇਣ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਸੰਘਰਸ਼ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਤਹਿਤ ਪੰਜਾਬ ਅਤੇ ਹਰਿਆਣਾ ਵਿਚੋਂ ਤਿੰਨ ਵੱਖ-ਵੱਖ ਥਾਵਾਂ ਤੋਂ ਮਾਰਚ ਅਰੰਭੇ, ਜੋ ਸ਼ਾਮ ਇਥੇ ਸ੍ਰੀ ਅਕਾਲ ਤਖ਼ਤ ਵਿਖੇ ਪੁੱਜ ਕੇ ਸਮਾਪਤ ਹੋਏ ਹਨ। ਇਕ ਮਾਰਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਤੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ, ਦੂਸਰਾ ਮਾਰਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਤੇ ਤੀਜਾ ਮਾਰਚ ਹਰਿਆਣਾ ਦੇ ਅੰਬਾਲਾ ਤੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਸਵੇਰੇ ਆਰੰਭ ਹੋਇਆ ਸੀ। ਤਿੰਨਾਂ ਮਾਰਚਾਂ ਦਾ ਇਥੇ ਗੋਲਡਨ ਗੇਟ ਵਿਖੇ ਪੁੱਜਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵੱਖ-ਵੱਖ ਸਿੱਖ ਜਥੇਬੰਦੀਆਂ ਵਖਰੇਵਿਆਂ ਦੇ ਬਾਵਜੂਦ ਇਸ ਮਸਲੇ 'ਤੇ ਸ਼੍ਰੋਮਣੀ ਕਮੇਟੀ ਦੇ ਨਾਲ ਹਨ।

ਸ੍ਰੀ ਧਾਮੀ ਨੇ ਕਿਹਾ ਕਿ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਹਮੇਸ਼ਾਂ ਹੀ ਸਿੱਖਾਂ ਵਿਚ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਪਰ ਸਿੱਖ ਕੌਮ ਵੱਲੋਂ ਇਕੱਠਿਆਂ ਹੋ ਕੇ ਲੜੀ ਜਾਂਦੀ ਲੜਾਈ ਕਾਰਨ ਇਹ ਸਾਜ਼ਿਸ਼ਾਂ ਕਦੇ ਵੀ ਸਫਲ ਨਹੀਂ ਹੋ ਸਕੀਆਂ। ਉਨ੍ਹਾਂ ਕਿਹਾ ਕਿ ਹੁਣ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖ ਪੰਥ ਨੂੰ ਦੋਫਾੜ ਕਰਨ ਦੀ ਕੋਸ਼ਿਸ਼ ਵਜੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਕੋਝੀ ਸਾਜ਼ਿਸ਼ ਕਰ ਕੇ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰਾਂ ਦੇ ਦੁਆਰ ਬੰਦ ਹੋ ਜਾਣ ਤਾਂ ਗੁਰੂ ਦੇ ਦੁਆਰ ਖੁੱਲ੍ਹ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਸ੍ਰੀ ਅਨੰਦਪੁਰ ਸਾਹਿਬ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਵੀ ਵਿਚਾਰ ਰੱਖੇ। ਇਸ ਤੋਂ ਬਾਅਦ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਇਹ ਰੋਸ ਮਾਰਚ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਹੋ ਗਿਆ। ਰੋਸ ਮਾਰਚ ਵਿਚ ਸ਼ਾਮਲ ਆਗੂਆਂ ਵੱਲੋਂ ਜਿਥੇ ਆਪਣੀਆਂ ਪੱਗਾਂ ਉਤੇ ਕਾਲੀਆਂ ਪੱਟੀਆਂ ਬੰਨ੍ਹੀਆਂ ਹੋਈਆਂ ਸਨ, ਉਥੇ ਹੀ ਸੰਗਤਾਂ ਵੱਲੋਂ ਆਪਣੇ ਹੱਥਾਂ ਵਿਚ ਕਾਲੇ ਝੰਡੇ ਫੜ ਕੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਸੀ।



## ਸ਼੍ਰੋਮਣੀ ਕਮੇਟੀ ਦਾ ਮਾਰਚ ਢਕਵੰਜ ਕਰਾਰ

ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਵਿਰੋਧ ਵਿਚ ਸ਼੍ਰੋਮਣੀ ਕਮੇਟੀ ਦੀ ਅਗਵਾਈ 'ਚ ਕੱਢੇ ਰੋਸ ਮਾਰਚ ਨੂੰ ਇਕ ਵਿਸ਼ੇਸ਼ ਪਰਿਵਾਰ ਨੂੰ ਸਿੱਖ ਪੰਥ ਦਾ ਸਰਵ ਉੱਚ ਬਣਾਈ ਰੱਖਣ ਲਈ ਕੀਤਾ ਢਕਵੰਜ ਕਰਾਰ ਦਿੱਤਾ। ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਅਕਾਲੀ ਦਲ ਨੂੰ ਹਰਿਆਣਾ ਕਮੇਟੀ ਖਿਲਾਫ ਸੰਗਤ ਵੱਲੋਂ ਹੁੰਗਾਰਾ ਨਾ ਮਿਲਣ ਕਰ ਕੇ ਹੀ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਰੋਸ ਮਾਰਚ 'ਚ ਸ਼ਾਮਲ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਨੂੰ ਤੋੜਨ ਲਈ ਕਾਂਗਰਸ, ਭਾਜਪਾ ਤੇ 'ਆਪ' ਇਕਜੁਟ: ਸੁਖਬੀਰ

**ਤਲਵੰਡੀ ਸਾਬੋ:** ਇਥੋਂ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਲਈ ਰੋਸ ਮਾਰਚ ਰਵਾਨਾ ਹੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਉਪਰੰਤ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖ ਵਿਰੋਧੀ ਤਾਕਤਾਂ ਤੋੜਨ ਦੇ ਰਾਹ ਪਈਆਂ ਹੋਈਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ ਸਿੱਖ ਪੰਥ ਦੇ ਸਹਿਯੋਗ ਨਾਲ ਅਜਿਹਾ ਨਹੀਂ ਹੋਣ ਦੇਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੂੰ ਤੋੜਨ ਲਈ ਕਾਂਗਰਸ, ਭਾਜਪਾ ਤੇ ਆਮ ਆਦਮੀ ਪਾਰਟੀ ਇਕਸੁਰ ਹਨ। ਸ੍ਰੀ ਬਾਦਲ ਨੇ ਕਿਹਾ ਕਿ ਹਰ ਧਰਮ ਦੀ ਆਪਣੀ ਮਰਿਆਦਾ ਹੈ ਤੇ ਸਰਕਾਰਾਂ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।

## ਸਾਜ਼ਿਸ਼ਾਂ ਸਫਲ ਨਹੀਂ ਹੋਣ ਦਿਆਂਗੇ: ਡਾ. ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਹਮੇਸ਼ਾ ਸਿੱਖਾਂ ਵਿਚ ਵਖਰੇਵੇਂ ਪਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਗਈਆਂ ਤੇ ਜਦੋਂ ਉਹ ਕਾਮਯਾਬ ਨਹੀਂ ਹੋਏ ਤਾਂ ਹੁਣ ਸ਼੍ਰੋਮਣੀ ਕਮੇਟੀ ਦੇ ਮੁਕਾਬਲੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

## ਉਘੇ ਅਦਾਕਾਰ ਅਰੁਣ ਬਾਲੀ ਨਹੀਂ ਰਹੇ



**ਮੁੰਬਈ:** ਉਘੇ ਅਦਾਕਾਰ ਅਰੁਣ ਬਾਲੀ (79) ਦਾ ਸਬ ਅਰਬਨ ਮੁੰਬਈ ਵਿਚਲੇ ਘਰ ਵਿਚ ਦੇਹਾਂਤ ਹੋ ਗਿਆ। ਉਹ ਟੀਵੀ ਸ਼ੋਅ 'ਸਵੈਭਿਮਾਨ' ਤੇ ਬਲਾਕਬਸਟਰ 'ਥ੍ਰੀ ਇਡੀਅਟਜ' ਦੀ ਪ੍ਰਸਿੱਧੀ ਕਾਰਨ ਖਾਸੇ ਮਸ਼ਹੂਰ ਹੋਏ। ਉਨ੍ਹਾਂ ਦੇ ਲੜਕੇ ਅੰਕੁਸ਼ ਨੇ ਦੱਸਿਆ ਕਿ ਉਸ ਦੇ ਪਿਤਾ ਮਿਸਥੇਨੀਆ ਗਰੇਵਿਸ ਨਾਲ ਪੀੜਤ ਸਨ ਤੇ ਇਕ ਸਾਲ ਤੋਂ ਹਸਪਤਾਲ ਵਿਚ ਜੇਰੇ ਇਲਾਜ ਸਨ। ਅਰੁਣ ਬਾਲੀ ਨੇ ਫਿਲਮੀ ਜਗਤ ਦਾ ਸਫਰ ਮੰਨੇ-ਪ੍ਰਮੰਨੇ ਫਿਲਮਕਾਰ ਲੇਖ ਟੰਡਨ ਨਾਲ ਸ਼ੁਰੂ ਕੀਤਾ ਸੀ। ਉਨ੍ਹਾਂ ਟੀਵੀ ਸ਼ੋਅ 'ਪੰਚਾਰੀ', 'ਸਵੈਭਿਮਾਨ', 'ਦੇਸ਼ ਮੇਂ ਨਿਕਲਾ ਹੋਗਾ ਚਾਂਦ', 'ਕੁਮਕੁਮ' 'ਏਕ ਪਿਆਰਾ ਸਾ ਬੰਧਨ' ਵਿਚ ਕੰਮ ਕੀਤਾ। ਉਨ੍ਹਾਂ ਦੀਆਂ ਪ੍ਰਸਿੱਧ ਫਿਲਮਾਂ ਵਿਚ 'ਸੁਗੰਧ', 'ਰਾਜੂ ਬਨ ਗਿਆ ਜੈਂਟਲਮੈਨ', 'ਖਲਨਾਇਕ', 'ਸੱਤਿਆ', 'ਹੇ ਰਾਮ', 'ਲਗੇ ਰਹੋ ਮੁੰਨਾ ਭਾਈ', 'ਥ੍ਰੀ ਇਡੀਅਟਜ', 'ਰੈੱਡੀ', 'ਬਰਫੀ', 'ਮਨਮਰਜੀਆਂ', 'ਕੇਦਾਰਨਾਥ', 'ਸਮਰਾਟ ਪ੍ਰਿਥਵੀਰਾਜ' ਤੇ 'ਲਾਲ ਸਿੰਘ ਚੱਢਾ' ਵਿਚ ਵੀ ਕੰਮ ਕੀਤਾ।

# ਹਵਾਰਾ ਕਮੇਟੀ ਨੇ ਹਰਿਆਣਾ ਕਮੇਟੀ ਲਈ ਬਾਦਲਾਂ ਨੂੰ ਜ਼ਿੰਮੇਵਾਰ ਦੱਸਿਆ

**ਅੰਮ੍ਰਿਤਸਰ:** ਹਵਾਰਾ ਕਮੇਟੀ ਨੇ ਦੋਸ਼ ਲਾਇਆ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਤੌਰ 'ਤੇ ਹੋਂਦ ਵਿਚ ਆਉਣ ਪਿੱਛੇ ਕੇਂਦਰ ਸਰਕਾਰ ਦੀ ਸਿੱਖ ਮਾਰੂ ਨੀਤੀਆਂ ਅਤੇ ਬਾਦਲਕਿਆਂ ਦੀ ਨਿੱਜ ਸਵਾਰਥ ਤੋਂ ਪ੍ਰੇਰਿਤ ਸਿਆਸਤ ਜ਼ਿੰਮੇਵਾਰ ਹੈ। ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋ. ਬਲਜਿੰਦਰ ਸਿੰਘ ਨੇ ਆਖਿਆ ਕਿ ਅਕਾਲੀ ਦਲ ਦਾ ਆਪਣੇ ਮੁਢਲੇ ਆਦਰਸ਼ਾਂ ਤੋਂ ਖਿਸਕਣਾ ਤੇ ਸਿੱਖ ਵਿਰੋਧੀ ਭਾਜਪਾ ਦੇ ਨਾਲ ਦੋ ਦਹਾਕਿਆਂ ਤੋਂ ਵੱਧ ਸਮਾਂ ਭਾਈਵਾਲੀ ਰੱਖਣਾ ਘਾਤਕ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇ ਕੌਮ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵਿਦਾਂਤੀ ਵੱਲੋਂ ਜੁਲਾਈ 2004 ਵਿਚ ਆਰ.ਐਸ.ਐਸ. ਨੂੰ ਪੰਥ ਵਿਰੋਧੀ ਐਲਾਨੇ ਜਾਣ ਤੇ ਕਿਸੇ ਵੀ ਕਿਸਮ ਦਾ ਸਹਿਯੋਗ ਨਾ ਦੇਣ ਵਾਲੇ ਆਦੇਸ਼ 'ਤੇ ਇੰਨ-ਬਿੰਨ ਅਮਲ ਕੀਤਾ ਹੁੰਦਾ ਤਾਂ ਸਿੱਖ ਕੌਮ ਅਤੇ ਸ਼੍ਰੋਮਣੀ ਸਿੱਖ ਸੰਸਥਾਵਾਂ ਵਿਚ ਭਾਜਪਾ ਤੇ ਰਾਸ਼ਟਰੀ ਸਿੱਖ ਸੰਗਤ ਦੀ ਘੁਸਪੈਠ ਨੂੰ ਸਹਿਜੇ ਹੀ ਰੋਕਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਇਸ ਅਹਿਮ ਹੁਕਮ ਨੂੰ 2004 ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਕਿਸੇ ਵੀ ਜਥੇਦਾਰ ਨੇ ਬਾਦਲਕਿਆਂ ਤੋਂ ਡਰਦਿਆਂ ਇਸ ਦੇ ਅਮਲ ਲਈ ਕੋਈ ਕਦਮ ਚੁੱਕਣ ਦਾ ਹੌਸਲਾ ਨਹੀਂ ਕੀਤਾ। ਇਸ ਦਾ ਨਤੀਜਾ ਇਹ ਹੈ ਕਿ ਇਸ ਹੁਕਮ ਨੂੰ ਠੰਢੇ ਬਸਤੇ ਵਿਚ ਪਾ ਕੇ ਸਿੱਖ ਸੰਗਤ ਦੀ ਯਾਦ ਵਿਚੋਂ ਮਨਫੀ ਕਰ ਦਿੱਤਾ ਗਿਆ ਹੈ। ਹਵਾਰਾ ਕਮੇਟੀ ਨੇ ਬਿਨਾ ਕਿਸੇ ਦਾ ਨਾਂ ਲਏ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਕੁਝ ਸਿੱਖ ਆਗੂ ਹਰਿਆਣਾ ਕਮੇਟੀ ਬਣਨ 'ਤੇ ਭਾਜਪਾ ਆਗੂਆਂ ਦਾ ਧੰਨਵਾਦ ਕਰ ਰਹੇ ਹਨ। ਸਿੱਖ ਆਗੂਆਂ ਨੇ ਕਿਹਾ ਕਿ ਭੁੱਲਣਾ ਨਹੀਂ ਚਾਹੀਦਾ ਕਿ ਸ਼੍ਰੋਮਣੀ ਕਮੇਟੀ ਦਾ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਜਾਣਾ ਸਿੱਖ ਸ਼ਕਤੀ ਦਾ ਖੇਰੂੰ-ਖੇਰੂੰ ਹੋਣਾ ਹੈ ਜੋ ਭਵਿੱਖ ਲਈ ਨੁਕਸਾਨ ਦਾਇਕ ਹੈ। ਉਨ੍ਹਾਂ ਸਪਸ਼ਟ ਆਖਿਆ ਕਿ ਸਿੱਖ ਸਿਧਾਂਤਾਂ ਦੀ ਪਹਿਰੇਦਾਰੀ ਕਰਨੀ ਸਾਡਾ ਫਰਜ਼ ਹੈ।



## ਬੇਅੰਤ ਕਤਲ ਕੇਸ 'ਚ ਗੁਰਮੀਤ ਸਿੰਘ ਨੂੰ ਪੈਰੋਲ

**ਪਟਿਆਲਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਮਾਮਲੇ ਵਿਚ 1995 ਤੋਂ ਉਮਰ ਕੈਦੀ ਵਜੋਂ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਬੰਦ ਪਟਿਆਲਾ ਵਾਸੀ ਇੰਜੀਨੀਅਰ ਗੁਰਮੀਤ ਸਿੰਘ ਪੈਰੋਲ 'ਤੇ ਆਪਣੇ ਪਟਿਆਲਾ ਸਥਿਤ ਘਰ ਪੁੱਜੇ ਹਨ। ਪੈਰੋਲ ਦੀ ਇਹ ਪ੍ਰਕਿਰਿਆ ਕੁਝ ਸਾਲ ਪਹਿਲਾਂ ਭਾਈ ਬਖਸ਼ੀਸ਼ ਸਿੰਘ ਵੱਲੋਂ ਰੱਖੇ ਗਏ ਮਰਨ ਵਰਤ ਤੋਂ ਸ਼ੁਰੂ ਹੋਈ ਸੀ, ਜਿਸ ਤੋਂ ਬਾਅਦ ਗੁਰਮੀਤ ਸਿੰਘ ਸਮੇਤ ਇਸੇ ਮਾਮਲੇ 'ਚ ਦੋ ਹੋਰ ਕੈਦੀ ਲਖਵਿੰਦਰ ਸਿੰਘ ਪਟਿਆਲਾ ਅਤੇ ਸ਼ਮਸ਼ੇਰ ਸਿੰਘ ਉਕਸੀ ਰਾਜਪੁਰਾ ਪੈਰੋਲ 'ਤੇ ਆ ਰਹੇ

# ਕੜਾ ਤੇ ਕਿਰਪਾਨਧਾਰੀ ਸਿੱਖ ਉਮੀਦਵਾਰ ਹੀ ਦੇ ਸਕਣਗੇ ਪ੍ਰੀਖਿਆ

**ਨਵੀਂ ਦਿੱਲੀ:** ਦਿੱਲੀ ਅਧੀਨ ਸੇਵਾਵਾਂ ਚੋਣ ਬੋਰਡ (ਡੀ.ਐਸ.ਐਸ.ਐਸ.ਬੀ.) ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਬੋਰਡ ਨੇ ਸਿੱਖ ਉਮੀਦਵਾਰਾਂ ਨੂੰ ਕੜਾ ਤੇ ਕਿਰਪਾਨ (ਸ੍ਰੀ ਸਾਹਿਬ) ਪਹਿਨ ਕੇ ਪ੍ਰੀਖਿਆ 'ਚ ਬੈਠਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ ਪਰ ਇਸ ਲਈ ਉਮੀਦਵਾਰਾਂ ਨੂੰ ਪ੍ਰੀਖਿਆ ਸਮੇਂ ਤੋਂ ਇਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ 'ਤੇ ਪਹੁੰਚਣਾ ਪਵੇਗਾ। ਡੀ.ਐਸ.ਐਸ.ਐਸ.ਬੀ. ਬੋਰਡ ਦੇ ਵਕੀਲਾਂ ਵੱਲੋਂ ਦਾਖਲ ਹਲਫਨਾਮਿਆਂ ਨੂੰ ਧਿਆਨ 'ਚ ਰੱਖਦਿਆਂ ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਤੇ ਜਸਟਿਸ ਸੁਬਰਾਮਨੀਅਮ ਪ੍ਰਸਾਦ ਨੇ ਕਿਹਾ ਕਿ ਇਸ ਸਬੰਧੀ ਅੱਗੇ ਹੋਰ ਹੁਕਮ ਜਾਰੀ ਕਰਨ ਦੀ ਲੋੜ ਨਹੀਂ ਹੈ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨਜਮੈਂਟ ਕਮੇਟੀ (ਡੀ.ਐਸ.ਜੀ.ਐਮ.ਸੀ.) ਵੱਲੋਂ ਦਾਇਰ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ। ਬੈਂਚ ਨੇ ਕਿਹਾ ਕਿ ਬੋਰਡ ਸੋਧੇ ਹੋਏ ਦਿਸ਼ਾ ਨਿਰਦੇਸ਼ ਜਾਰੀ ਕਰ ਚੁੱਕਾ ਹੈ ਜਿਸ ਤੋਂ ਸਪੱਸ਼ਟ ਹੈ ਕਿ ਉਸ ਵੱਲੋਂ ਕੜਾ ਜਾਂ ਕਿਰਪਾਨਧਾਰੀ ਸਿੱਖ ਉਮੀਦਵਾਰਾਂ ਨੂੰ ਪ੍ਰੀਖਿਆ ਵਿਚ ਬੈਠਣ ਦੀ ਆਗਿਆ ਦੇ ਦਿੱਤੀ ਗਈ ਹੈ। ਹਾਲਾਂਕਿ ਅਜਿਹੇ ਉਮੀਦਵਾਰਾਂ ਨੂੰ ਪ੍ਰੀਖਿਆ ਸਮੇਂ ਤੋਂ ਘੱਟੋ ਘੱਟ ਇਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ 'ਤੇ ਰਿਪੋਰਟ ਕਰਨੀ ਪਵੇਗੀ ਨਹੀਂ।



# ਮੋਹਨ ਭਾਗਵਤ ਦੇ ਜਾਤੀਵਾਦ ਬਾਰੇ ਬਿਆਨ ਉਤੇ ਭਖੀ ਸਿਆਸਤ

**ਨਾਗਪੁਰ:** ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਆਖਿਆ ਹੈ ਕਿ ਸਮਾਜ ਦੇ ਹਿੱਤ ਵਿਚ ਸੋਚਣ ਵਾਲੇ ਵਿਅਕਤੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਜਾਤੀਵਾਦ ਬੀਤੇ ਸਮੇਂ ਦੀਆਂ ਗੱਲਾਂ ਹਨ। ਇਥੇ ਇਕ ਪੁਸਤਕ ਲੋਕ ਅਰਪਣ ਸਮਾਰੋਹ ਨੂੰ ਸੰਬੋਧਨ ਕਰਦਿਆਂ ਭਾਗਵਤ ਨੇ ਕਿਹਾ, ''ਜਾਤੀ ਅਤੇ ਵਰਣ ਦੇ ਵਿਸ਼ੇ ਨੂੰ ਭੁੱਲ ਜਾਣਾ ਚਾਹੀਦਾ ਹੈ... ਅੱਜ ਜੇ ਕੋਈ ਇਸ ਬਾਰੇ ਪੁੱਛਦਾ ਹੈ ਤਾਂ ਸਮਾਜ ਦੇ ਹਿੱਤ ਵਿਚ ਸੋਚਣ ਵਾਲਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਬੀਤੇ ਸਮੇਂ ਦੀਆਂ ਗੱਲਾਂ ਹਨ ਅਤੇ ਇਨ੍ਹਾਂ ਨੂੰ ਭੁੱਲ ਜਾਣਾ ਚਾਹੀਦਾ ਹੈ।'' ਇਸ ਤੋਂ ਪਹਿਲਾਂ ਭਾਗਵਤ ਨੇ ਕਿਹਾ ਸੀ ਕਿ ਘੱਟ ਗਿਣਤੀਆਂ ਨੂੰ ਖਤਰੇ ਵਿਚ ਪਾਉਣਾ ਨਾ ਤਾਂ ਸੰਘ ਅਤੇ ਨਾ ਹੀ ਹਿੰਦੂਆਂ ਦਾ ਸੁਭਾਅ ਹੈ ਅਤੇ ਆਰ.ਐਸ.ਐਸ. ਭਾਈਚਾਰੇ ਦੇ ਨਾਲ ਖੜ੍ਹੇ ਹੋਣ ਦਾ ਪੱਖ ਪੂਰਦੀ ਹੈ।

ਉਧਰ, ਸਿਆਸੀ ਧਿਰਾਂ ਨੇ ਸਵਾਲ ਕੀਤਾ ਹੈ ਕਿ ਜੇਕਰ ਸੰਘ ਮੁਖੀ ਅਸਲ ਵਿਚ ਇਹ ਸਭ ਚਾਹੁੰਦੇ ਹਨ ਤਾਂ ਸੰਗਠਨ ਦੀ ਅਗਵਾਈ ਹਮੇਸ਼ਾ ਕਿਸੇ ਉਚ ਜਾਤੀ ਦਾ ਵਿਅਕਤੀ ਹੀ ਕਿਉਂ ਕਰਦਾ ਹੈ। ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਪ੍ਰਧਾਨ ਸ਼ਰਦ ਪਵਾਰ ਨੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੇ ਉਸ ਬਿਆਨ ਦਾ ਸਵਾਗਤ ਕੀਤਾ, ਜਿਸ ਵਿਚ ਉਨ੍ਹਾਂ ਕਿਹਾ ਕਿ ਸਮਾਜਿਕ ਵਿਤਕਰੇ ਦਾ ਕਾਰਨ ਬਣੀ ਹਰ ਚੀਜ਼ ਨੂੰ ਰੱਦ ਕਰਨਾ ਚਾਹੀਦਾ ਹੈ। ਪਵਾਰ ਨੇ ਕਿਹਾ ਕਿ ਅਜਿਹੇ ਬਿਆਨ ਨੂੰ ਅਸਲ ਵਿਵਹਾਰ ਵਿਚ ਲਾਗੂ ਕਰਨ ਦੀ ਲੋੜ ਹੈ ਅਤੇ ਇਸ ਮੁੱਦੇ 'ਤੇ ਚੁੱਪ ਨਹੀਂ ਧਾਰਨੀ ਚਾਹੀਦੀ।



'ਆਪ' ਆਗੂ ਦੁਰਗੇਸ਼ ਪਾਠਕ ਨੇ ਮੰਗ ਕੀਤੀ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਸੰਗਠਨ ਦੀ ਅਗਵਾਈ ਹਮੇਸ਼ਾ ਕਿਸੇ ਉਚ ਜਾਤੀ ਦਾ ਵਿਅਕਤੀ ਹੀ ਕਿਉਂ ਕਰਦਾ ਹੈ। 'ਆਪ' ਨੇ ਭਾਜਪਾ 'ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ, ''ਇਸ ਨੇ ਦੇਸ਼ ਨੂੰ ਵਰਣ, ਜਾਤ ਅਤੇ ਧਰਮ ਦੇ ਨਾਂ 'ਤੇ ਵੰਡਿਆ ਹੈ।''

ਆਮ ਆਦਮੀ ਪਾਰਟੀ (ਆਪ) ਨੇ ਮੰਗ ਕੀਤੀ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਸੰਗਠਨ ਦੀ ਅਗਵਾਈ ਹਮੇਸ਼ਾ ਕਿਸੇ ਉੱਚ ਜਾਤੀ ਦਾ ਵਿਅਕਤੀ ਹੀ ਕਿਉਂ ਕਰਦਾ ਹੈ। 'ਆਪ' ਨੇ ਇਹ ਮੰਗ ਮੋਹਨ ਭਾਗਵਤ ਦੀ ਉਸ ਟਿੱਪਣੀ ਤੋਂ ਇਕ ਦਿਨ ਬਾਅਦ ਕੀਤੀ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ 'ਵਰਣ' ਅਤੇ 'ਜਾਤ' ਵਰਗੀ ਧਾਰਨਾ ਪੂਰੀ ਤਰ੍ਹਾਂ ਖਤਮ ਹੋਣੀ ਚਾਹੀਦੀ ਹੈ। 'ਆਪ' ਨੇ ਭਾਜਪਾ 'ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ, ''ਇਸ ਨੇ ਦੇਸ਼ ਨੂੰ ਵਰਣ, ਜਾਤ ਅਤੇ ਧਰਮ ਦੇ ਨਾਂ 'ਤੇ ਵੰਡਿਆ ਹੈ।'' ਮੋਹਨ ਭਾਗਵਤ ਦੀ ਟਿੱਪਣੀ ਬਾਰੇ ਸਵਾਲ ਦੇ ਜਵਾਬ ਵਿਚ 'ਆਪ' ਨੇਤਾ ਦੁਰਗੇਸ਼ ਪਾਠਕ ਨੇ ਕਿਹਾ, ''ਜਦੋਂ ਉਹ ਅਜਿਹੀਆਂ ਗੱਲਾਂ ਕਰਦੇ ਹਨ ਤਾਂ ਮੈਂ ਆਰ.ਐਸ.ਐਸ. ਮੁਖੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਮੇਸ਼ਾ ਉਚੀ ਜਾਤਾਂ ਵਿਚੋਂ ਕੋਈ ਵਿਅਕਤੀ ਹੀ ਆਰ.ਐਸ.ਐਸ. ਮੁਖੀ ਕਿਉਂ ਬਣਦਾ ਹੈ।''

ਪੰਜਾਬ ਟਾਈਮਜ਼

ਸਨਿਚਰਵਾਰ, 15 ਅਕਤੂਬਰ 2022

## ਸਿਆਸਤ ਅਤੇ ਸਿਆਸਤਦਾਨ

ਪੰਜਾਬ ਦੀ ਸਿਆਸਤ ਦਾ ਪਿੜ ਇਸ ਵਕਤ ਭਖਿਆ ਹੋਇਆ ਹੈ। ਤਕਰੀਬਨ ਸਾਰੀਆਂ ਸਿਆਸੀ ਧਿਰਾਂ ਆਪੋ-ਆਪਣੀ ਗੁਆਚੀ ਜ਼ਮੀਨ ਹਾਸਲ ਕਰਨ ਲਈ ਤਰਲੋ-ਮੱਛੀ ਹੋ ਰਹੀਆਂ ਹਨ। ਪੰਜਾਬ ਦੀ ਸਿਆਸਤ ਵਿਚ ਇਸ ਤੱਥ ਦੇ ਅਰਥ ਬਹੁਤ ਡੂੰਘੇ ਅਤੇ ਵਡੇਰੇ ਹਨ। ਇਸ ਦਾ ਸਪੱਸ਼ਟ ਜਿਹਾ ਮਤਲਬ ਇਹ ਹੈ ਕਿ ਪੰਜਾਬ ਦੇ ਲੋਕ ਇਕ ਵਾਰ ਤਾਂ ਸਾਰੀਆਂ ਰਵਾਇਤੀ ਧਿਰਾਂ ਨੂੰ ਰੱਦ ਕਰ ਚੁੱਕੇ ਹਨ। ਕਾਂਗਰਸ ਪਾਰਟੀ ਦਾ ਜੋ ਹਸ਼ਰ ਪੰਜਾਬ ਵਿਚ ਹੋਇਆ ਹੈ ਅਤੇ ਅਗਾਂਹ ਹੋ ਰਿਹਾ ਹੈ, ਉਸ ਬਾਰੇ ਨਾ ਪਾਰਟੀ ਆਗੂਆਂ ਅਤੇ ਨਾ ਹੀ ਕਿਸੇ ਸਿਆਸੀ ਵਿਸ਼ਲੇਸ਼ਕ ਨੇ ਇਸ ਬਾਰੇ ਪੇਸ਼ੀਨਗੋਈ ਕੀਤੀ ਸੀ। 2017 ਵਿਚ ਜਦੋਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਦੇ ਦਸ ਸਾਲ ਦੇ ਸ਼ਾਸਨ ਨੂੰ ਪਾਸੇ ਕਰਕੇ ਸੱਤਾ ਵਿਚ ਆਈ ਸੀ ਤਾਂ ਕੌਮੀ ਪੱਧਰ 'ਤੇ ਵੀ ਇਸ ਦੀ ਵਾਹਵਾ ਪੈਂਠ ਸੀ। ਕਾਰਨ ਇਹੀ ਸੀ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਬਹੁਤ ਸਾਰੇ ਰਾਜਾਂ ਵਿਚ ਸੱਤਾ ਵਿਚ ਸੀ ਅਤੇ ਪੰਜਾਬ ਅਜਿਹਾ ਰਾਜ ਬਣ ਗਿਆ ਸੀ ਜਿੱਥੇ ਕਾਂਗਰਸ ਨੇ ਆਪਣੀ ਭਰਵੀਂ ਹਾਜ਼ਰੀ ਲੁਆਈ ਸੀ ਪਰ 2022 ਵਾਲੀਆਂ ਵਿਧਾਨ ਸਭਾ ਚੋਣਾਂ ਤੱਕ ਪੁੱਜਦਿਆਂ ਪਾਰਟੀ ਦਾ ਜੋ ਹਸ਼ਰ ਹੋਇਆ, ਇਹ ਉਸੇ ਦਾ ਨਤੀਜਾ ਹੈ ਕਿ ਅੱਜ ਪਾਰਟੀ ਦੇ ਅੰਦਰ ਤੇ ਬਾਹਰ, ਦੋਹੀਂ ਥਾਈਂ ਬੇਯਕੀਨੀ ਭਾਰੂ ਹੈ। ਭਾਰਤੀ ਜਨਤਾ ਪਾਰਟੀ ਜਿਸ ਨੂੰ ਹੁਣ ਦੂਜੀਆਂ ਪਾਰਟੀਆਂ ਦੇ ਆਗੂਆਂ ਤੇ ਕਾਰਕੁਨਾਂ ਨੂੰ ਆਪਣੇ ਅੰਦਰ ਸਮੋਣ ਵਿਚ ਕੋਈ ਝਿਜਕ ਨਹੀਂ, ਐਨ ਘਾਤ ਲਾ ਕੇ ਬੈਠੀ ਹੈ। ਹਕੀਕਤ ਇਹ ਵੀ ਹੈ ਕਿ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਭਾਰਤੀ ਜਨਤਾ ਪਾਰਟੀ ਦੇ ਪੈਰ ਉਸ ਤਰ੍ਹਾਂ ਨਹੀਂ ਲੱਗ ਸਕੇ ਕਿ ਇਹ ਰਾਜ ਅੰਦਰ ਮੋਹਰੀ ਭੂਮਿਕਾ ਨਿਭਾਅ ਸਕੇ। ਕੇਂਦਰੀ ਸੱਤਾ ਹੱਥ ਵਿਚ ਹੋਣ ਕਾਰਨ ਇਹ ਰਾਜ ਵਿਚ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਪ੍ਰਭਾਵ ਜਮਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ।

ਦੂਜੇ ਬੰਨੇ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਅੰਦਰੂਨੀ ਅਤੇ ਬਹਿਰੂਨੀ, ਦੋਵੇਂ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਸਫਾਂ ਅੰਦਰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਭਾਵੇਂ ਦਿੱਲੀ ਵਾਲੇ ਸਰਨਾ ਭਰਾ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਵਿਚ ਵਾਪਸ ਆ ਗਏ ਹਨ ਪਰ ਇਸ ਵਾਪਸੀ ਦਾ ਪੰਜਾਬ ਦੀ ਸਿਆਸਤ ਉਤੇ ਕਿੰਨਾ ਕੁ ਅਸਰ ਪਵੇਗਾ, ਇਸ ਬਾਰੇ ਬਹੁਤੇ ਪੱਕ ਨਾਲ ਨਹੀਂ ਕਿਹਾ ਜਾ ਸਕਦਾ ਕਿਉਂਕਿ ਸਰਨਾ ਭਰਾਵਾਂ ਦਾ ਅਕਾਲੀ ਦਲ ਨਾਲ ਇਹ ਰਲੇਵਾਂ ਦਿੱਲੀ ਦੀ ਸਿੱਖ ਸਿਆਸਤ ਅੰਦਰ ਹੋਈ ਨਵੀਂ ਸਫਬੰਦੀ ਕਾਰਨ ਹੀ ਸੰਭਵ ਹੋ ਸਕਿਆ ਹੈ। ਭਾਰਤੀ ਜਨਤਾ ਪਾਰਟੀ ਨੇ ਦਿੱਲੀ ਦੀ ਸਿੱਖ ਸਿਆਸਤ ਨੂੰ ਟੇਢੇ ਢੰਗ ਨਾਲ ਆਪਣੇ ਹੱਥ ਕਰਨ ਦੀ ਵਿਉਂਤ ਬਣਾਈ ਹੋਈ ਹੈ, ਇਸੇ ਕਰਕੇ ਸ਼੍ਰੋਮਣੀ ਅਕਾਲੀ ਦਲ ਉਥੇ ਆਪਣੀ ਹੋਂਦ ਦਰਜ ਕਰਵਾਉਣ ਲਈ ਹੱਥ-ਪੈਰ ਮਾਰ ਰਿਹਾ ਪ੍ਰਤੀਤ ਹੁੰਦਾ ਹੈ। ਜ਼ਾਹਿਰ ਹੈ ਕਿ ਪੰਜਾਬ ਅਤੇ ਦਿੱਲੀ ਦੀ ਸਿੱਖ ਸਿਆਸਤ ਅੰਦਰ ਅਕਾਲੀ ਦਲ ਬਹੁਤ ਪਛੜ ਰਿਹਾ ਹੈ। ਅਕਾਲੀ ਦਲ ਨੇ ਢਾਈ ਦਹਾਕੇ ਵੋਟਾਂ ਦੀ ਗਿਣਤੀ-ਮਿਣਤੀ ਦੇ ਹਿਸਾਬ ਨਾਲ ਜਿਸ ਭਾਰਤੀ ਜਨਤਾ ਪਾਰਟੀ ਨਾਲ ਚੋਣ ਗੱਠਜੋੜ ਕੀਤਾ ਸੀ, ਉਸ ਨੇ ਅਕਾਲੀ ਦਲ ਨੂੰ ਸੱਤਾ ਦੇ ਦਰਵਾਜ਼ੇ ਤੱਕ ਤਾਂ ਜ਼ਰੂਰ ਪਹੁੰਚਾਇਆ ਪਰ ਹੁਣ ਭਾਰਤੀ ਜਨਤਾ ਪਾਰਟੀ ਦੀ ਮਾਰੂ ਸਿਆਸਤ ਨੇ ਇਸ ਦੇ ਪੈਰ ਚੁੱਕ ਦਿੱਤੇ ਹਨ। ਭਾਰਤੀ ਜਨਤਾ ਪਾਰਟੀ ਨੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੂੰ ਬਾਦਲਾਂ ਨੂੰ ਪੁੱਛੇ ਬਗੈਰ ਪਦਮ ਖਿਤਾਬ ਨਾਲ ਨਿਵਾਜ਼ ਕੇ ਇਹ ਤਾਂ ਸਪਸ਼ਟ ਕਰ ਦਿੱਤਾ ਸੀ ਕਿ ਭਾਰਤੀ ਜਨਤਾ ਪਾਰਟੀ ਆਪਣੀ ਅਗਲੀ ਸਿਆਸਤ ਲਈ ਪਰ ਤੋਲ ਰਹੀ ਹੈ; ਉਂਝ, ਅਕਾਲੀ ਆਗੂਆਂ ਦੇ ਇਹ ਚਿਤ-ਚੇਤੇ ਵੀ ਨਹੀਂ ਸੀ ਕਿ ਇਸ ਪਾਰਟੀ ਨੇ ਉਸੇ ਦੀ ਬਲੀ ਲੈਣ ਦਾ ਯਤਨ ਕਰ ਲੈਣਾ ਹੈ।

ਪੰਜਾਬ ਵਿਚ ਇਸ ਵਕਤ ਸੱਤਾਧਾਰੀ ਧਿਰ, ਆਮ ਆਦਮੀ ਪਾਰਟੀ ਨੇ ਇਨ੍ਹਾਂ ਦੋਹਾਂ ਰਵਾਇਤੀ ਪਾਰਟੀਆਂ ਦੇ ਬਦਲ ਵਜੋਂ ਪੰਜਾਬ ਵਿਚ ਆਪਣੀ ਹਾਜ਼ਰੀ ਲੁਆਈ ਅਤੇ ਸਰਕਾਰ ਬਣਾਈ ਪਰ ਸਰਕਾਰ ਦਾ ਹੁਣ ਤੱਕ ਦਾ ਰਿਕਾਰਡ ਦਰਸਾ ਰਿਹਾ ਹੈ ਕਿ ਇਹ ਇਨ੍ਹਾਂ ਪਾਰਟੀਆਂ ਦਾ ਬਦਲ ਬਣਨ ਤੋਂ ਉੱਕਾ ਹੀ ਉੱਕ ਗਈ ਹੈ। ਇਸੇ ਕਰ ਕੇ ਇਸ ਸਿਆਸੀ ਖਲਾਅ ਵਿਚੋਂ ਹੀ ਇਕ ਵਾਰ ਫਿਰ ਤੱਤੇ ਸਿਆਸਤਦਾਨਾਂ ਦੀ ਦਾਲ ਗਲਣ ਲੱਗ ਪਈ ਹੈ। ਇਨ੍ਹਾਂ ਸਿਆਸਤਦਾਨਾਂ ਦਾ ਕੇਂਦਰੀ ਸੱਤਾ ਉਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨਾਲ ਕਿੰਨਾ ਕੁ ਰਾਬਤਾ ਹੈ, ਇਹ ਤਾਂ ਐਵੇਂ ਸਿਆਸੀ ਕਿਆਸਆਰਾਈਆਂ ਹੀ ਹਨ ਪਰ ਇਸ ਪ੍ਰਸੰਗ ਵਿਚ ਇਹ ਗੱਲ ਹਕੀਕਤ ਹੈ ਕਿ ਤੱਤੇ ਸਿਆਸਤਦਾਨਾਂ ਦੀ ਸਿਆਸਤ ਭਾਰਤੀ ਜਨਤਾ ਪਾਰਟੀ ਦੇ ਐਨ ਮੇਚ ਆ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਪਹਿਲਾਂ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਦਿੱਤਾ ਅਤੇ ਇਸੇ ਪ੍ਰਸੰਗ ਵਿਚ ਹੁਣ ਇਹ ਕਾਂਗਰਸ ਦੀ ਥਾਂ ਆਮ ਆਦਮੀ ਪਾਰਟੀ ਨੂੰ ਧਿਰ ਮੰਨ ਕੇ ਚੱਲ ਰਹੀ ਹੈ। ਇਸੇ ਤਰ੍ਹਾਂ ਪੰਜਾਬ ਵਿਚ ਤੱਤੇ ਸਿਆਸਤਦਾਨਾਂ ਨੂੰ ਧਿਰ ਵਜੋਂ ਉਭਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ। ਹੁਣ ਸਪੱਸ਼ਟ ਹੀ ਹੋ ਗਿਆ ਹੈ ਕਿ ਭਗਵੰਤ ਮਾਨ ਸਰਕਾਰ ਕਈ ਮਾਮਲਿਆਂ ਵਿਚ ਬਹੁਤ ਕਮਜ਼ੋਰ ਸਰਕਾਰ ਸਾਬਤ ਹੋਈ ਹੈ। ਇਸ ਸੂਰਤ ਵਿਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਰੋਲ ਆਮ ਨਾਲੋਂ ਕੁਝ ਵਧੇਰੇ ਹੋ ਜਾਂਦਾ ਹੈ। ਪੰਜਾਬ ਦੇ ਰਾਜਪਾਲ ਦੀ ਸਰਗਰਮੀ ਅਤੇ ਪੰਜਾਬ ਸਰਕਾਰ ਨਾਲ ਵਾਰ-ਵਾਰ ਪੇਚਾ ਪਾਉਣ ਦੀ ਕਵਾਇਦ ਨੂੰ ਵੀ ਇਸੇ ਪ੍ਰਸੰਗ ਨਾਲ ਜੋੜ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਉਂਝ ਵੀ ਇਸ ਵਕਤ ਭਾਰਤੀ ਜਨਤਾ ਪਾਰਟੀ ਦਾ ਮੁੱਖ ਏਜੰਡਾ 2024 ਵਾਲੀਆਂ ਲੋਕ ਸਭਾ ਚੋਣਾਂ ਹਨ। ਇਸ ਨੇ ਆਪਣੀ ਸਾਰੀ ਮਸ਼ੀਨਰੀ ਇਨ੍ਹਾਂ ਗਿਣਤੀਆਂ-ਮਿਣਤੀਆਂ ਦੇ ਹਿਸਾਬ ਨਾਲ ਸਰਗਰਮ ਕੀਤੀ ਹੋਈ ਹੈ। ਇਸ ਸੂਰਤ ਵਿਚ ਪੰਜਾਬ ਦਾ ਵਿਸ਼ੇਸ਼ ਪ੍ਰਸੰਗ ਬਣਦਾ ਹੈ ਜਿਸ ਨੇ ਕੇਂਦਰੀ ਸੱਤਾ ਨੂੰ ਸਦਾ ਹੀ ਵੰਗਾਰਿਆ ਹੈ। ਇਸ ਵੰਗਾਰ ਵਿਚ ਕਿਹੜੀਆਂ ਧਿਰਾਂ ਖਾਸ ਭੂਮਿਕਾ ਨਿਭਾਉਣਗੀਆਂ ਅਤੇ ਕੀ-ਕੀ ਅਸਰ ਪਾਉਣਗੀਆਂ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜਦੋਂ ਜਾਗ ਪਏ ਲੋਕ ਤਾਂ ਥੰਮ੍ਹਣੇ ਨਹੀਂ

ਮੌਸਮ ਚੋਣਾਂ ਦਾ ਨੇੜੇ ਆਣ ਢੁੱਕਿਆ, ਆਗੂ ਗਿੜਦੇ ਵਾਂਗ ਮਸ਼ੀਨ ਦੇਖੋ।
ਕਦੇ ਭੰਗੜਾ ਤੇ ਕਦੇ ਪਵੇ ਗਰਬਾ, ਤਾਲ ਤੁਣਕਦੀ ਬਣ ਹਸੀਨ ਦੇਖੋ।
ਲੋਕੀ ਆਖਦੇ ਸਾਡੀ ਵੀ ਗੱਲ ਸੁਣ ਲਓ, ਗੱਲ ਸਿੱਧੀ ਹੈ, ਨਹੀਂ ਮਹੀਨ ਦੇਖੋ।
ਕੈਸਾ ਰਾਜ ਤੇ ਕੈਸੀਆਂ ਸਿਆਸਤਾਂ ਨੇ, ਝੂੱਲ ਰਹੀ ਕੋਈ ਨ੍ਹੇਰੀ ਨਵੀਨ ਦੇਖੋ।
ਜਦੋਂ ਜਾਗ ਪਏ ਲੋਕ ਤਾਂ ਥੰਮ੍ਹਣੇ ਨਹੀਂ, ਔਖੇ ਵਕਤ ਵੀ ਏਦਾਂ ਹੀ ਲੰਘ ਜਾਵਣ।
ਤਵਾਰੀਖ ਇਹ ਦੱਸੇ ਹਰ ਵਾਰ ਆ ਕੇ, ਸੂਰੇ ਵਕਤ ਦੀ ਅੱਖ ਵਿਚ ਅੱਖ ਪਾਵਣ।

# 'ਆਪ' ਦਾ ਮਿਸ਼ਨ ਗੁਜਰਾਤ ਤੇ 'ਬਦਲਾਅ' ਦੀ ਸਿਆਸਤ

***ਆਮ ਆਦਮੀ ਪਾਰਟੀ ਇਹ ਕਹਿ ਕੇ ਸਿਆਸੀ ਮੈਦਾਨ ਵਿਚ ਨਿੱਤਰੀ ਸੀ ਕਿ 'ਅਸੀਂ ਰਾਜਨੀਤੀ ਕਰਨ ਨਹੀਂ ਰਾਜਨੀਤੀ ਬਦਲਣ ਆਏ ਹਾਂ', ਪਰ ਪਾਰਟੀ ਦਾ ਪਿਛਲੇ ਸਾਲਾਂ ਦਾ ਰਿਪੋਰਟ ਕਾਰਡ ਦੱਸਦਾ ਹੈ ਕਿ ਇਹ ਪਾਰਟੀ ਹੋਰ ਰਵਾਇਤੀ ਪਾਰਟੀਆਂ ਵਾਂਗ ਸਿਰਫ ਚੋਣਾਂ ਜਿੱਤਣ ਤੱਕ ਹੀ ਸਿਮਟ ਗਈ ਹੈ। ਇਸ ਪਾਰਟੀ ਦੇ ਵੱਡੇ-ਵੱਡੇ ਦਾਅਵਿਆਂ ਅਤੇ ਇਸ ਦੀ ਹਕੀਕੀ ਸਿਆਸਤ ਬਾਰੇ ਵਿਸਥਾਰ ਸਹਿਤ ਚਰਚਾ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਆਮ ਆਦਮੀ ਪਾਰਟੀ ਨੇ ਗੁਜਰਾਤ ਚੋਣਾਂ ਵਿਚ ਆਪਣੀ ਪੂਰੀ ਤਾਕਤ ਝੋਕ ਦਿੱਤੀ ਹੈ। ਦਿੱਲੀ, ਪੰਜਾਬ ਤੋਂ ਬਾਅਦ ਗੁਜਰਾਤ ਉਹ ਸੂਬਾ ਹੈ ਜਿਸ 'ਤੇ 'ਆਪ' ਨੇ ਸਭ ਤੋਂ ਵੱਧ ਕੇਂਦਰਿਤ ਕੀਤਾ ਹੈ ਹਾਲਾਂਕਿ ਦਿੱਲੀ ਦੀ ਕੰਧ ਨਾਲ ਲੱਗਦੇ ਅਤੇ ਕੇਜਰੀਵਾਲ ਦੇ ਜੱਦੀ ਪੁਸ਼ਤੀ ਸੂਬੇ ਹਰਿਆਣਾ 'ਤੇ ਕਦੇ ਵੀ ਇਸ ਤਰ੍ਹਾਂ ਕੇਂਦਰਿਤ ਨਹੀਂ ਕੀਤਾ ਗਿਆ। ਪਹਿਲਾਂ ਲੱਗਦਾ ਸੀ ਕਿ 'ਆਪ' ਹਿਮਾਚਲ ਪ੍ਰਦੇਸ਼ ਚੋਣਾਂ ਵਿਚ ਪੂਰੇ ਜੋਸ਼ ਨਾਲ ਕੁੱਦੇਗੀ ਪਰ ਹੁਣ ਉਹਨਾਂ ਗੁਜਰਾਤ ਚੋਣਾਂ ਲਈ 'ਮਿਸ਼ਨ ਗੁਜਰਾਤ' ਤਹਿਤ ਬਕਾਇਦਾ ਇੱਕ ਖਾਕਾ ਤਿਆਰ ਕੀਤਾ ਹੈ ਜਿਸ ਦੇ ਚੱਲਦਿਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਲੱਗਭੱਗ ਹਰ ਹਫਤੇ ਗੁਜਰਾਤ ਚੋਣਾਂ ਵਿਚ ਪ੍ਰਚਾਰ ਲਈ ਪਹੁੰਚ ਰਹੇ ਹਨ। ਹਾਈਕਮਾਂਡ ਦੇ ਹੁਕਮਾਂ ਤਹਿਤ ਇਨ੍ਹਾਂ ਦਿਨਾਂ ਵਿਚ ਪੰਜਾਬ/ਦਿੱਲੀ ਦੇ ਜਿਆਦਤਰ ਵਿਧਾਇਕ ਗੁਜਰਾਤ ਦੇ ਪਿੰਡਾਂ ਵਿਚ ਵੋਟਰਾਂ ਨਾਲ ਸੰਪਰਕ ਬਣਾਉਣ



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਲੱਗੇ ਹੋਏ ਹਨ। ਇਹ ਚਰਚਾ ਵੀ ਸੁਣਨ ਨੂੰ ਮਿਲੀ ਹੈ ਕਿ ਹਾਈਕਮਾਂਡ ਨੇ ਵਿਧਾਇਕਾਂ ਦੇ ਕੰਨ ਵਿਚ ਫੂਕ ਮਾਰੀ ਹੈ ਕਿ ਜਿਹੜਾ ਗੁਜਰਾਤ ਚੋਣਾਂ ਵਿਚ ਵਧੀਆ ਕਾਰਗੁਜ਼ਾਰੀ ਦਿਖਾਏਗਾ, ਉਸ ਨੂੰ ਵਜ਼ੀਰ ਬਣਾਇਆ ਜਾਵੇਗਾ; ਸੋ, ਮਾਰਕੀਟਿੰਗ ਕੰਪਨੀ ਦੇ ਸੇਲਜ਼ਮੈਨਾਂ ਵਾਂਗ ਐਮ.ਐਲ.ਏ. ਲੋਕਾਂ ਨੂੰ ਲੁਭਾਉਣ ਦੀ ਕੋਸ਼ਿਸ਼ ਵਿਚ ਜੁਟੇ ਹੋਏ ਹਨ।

'ਆਪ' ਦੀ ਸੋਸ਼ਲ ਮੀਡੀਆ ਟੀਮ ਨੇ ਵੀ ਰਾਘਵ ਚੱਢਾ, ਸੰਦੀਪ ਪਾਠਕ ਵਰਗਿਆਂ ਦੀ ਅਗਵਾਈ ਹੇਠ ਪਿਛਲੇ ਕਈ ਦਿਨਾਂ ਤੋਂ ਗੁਜਰਾਤ ਡੇਰੇ ਲਾਏ ਹੋਏ ਹਨ। ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਗੁਜਰਾਤ ਚੋਣਾਂ ਵਿਚ 'ਖਜ਼ਾਨਾ' ਪੰਜਾਬ ਦਾ ਅਤੇ ਪ੍ਰਚਾਰ 'ਆਪ' ਦਾ ਹੋ ਰਿਹਾ ਹੈ। ਵੈਸੇ ਇਸ ਤਰ੍ਹਾਂ ਕਰਨ ਵਾਲੀ 'ਆਪ' ਪਹਿਲੀ ਪਾਰਟੀ ਨਹੀਂ ਹੈ ਬਲਕਿ ਭਾਜਪਾ, ਕਾਂਗਰਸ, ਅਕਾਲੀ ਦਲ ਵਰਗੀਆਂ ਰਵਾਇਤੀ ਪਾਰਟੀਆਂ ਇਸ ਤਰ੍ਹਾਂ ਕਰਦੀਆਂ ਆ ਰਹੀਆਂ ਹਨ। ਇੱਥੇ 'ਆਪ' ਦਾ ਵਿਸ਼ੇਸ਼ ਜ਼ਿਕਰ ਇਸ ਕਾਰਨ ਹੋ ਰਿਹਾ ਹੈ ਕਿ ਇਹ 'ਅਸੀਂ ਰਾਜਨੀਤੀ ਕਰਨ ਨਹੀਂ ਰਾਜਨੀਤੀ ਬਦਲਣ ਆਏ ਹਾਂ' ਦਾ ਦਾਅਵਾ ਕਰਕੇ ਇਸ ਖੇਤਰ ਵਿਚ ਨਿੱਤਰੀ ਸੀ।

ਸੱਤਾ ਖਾਤਰ ਜ਼ੋਰ-ਅਜ਼ਮਾਈ ਦਾ ਅਧਿਕਾਰ ਹਰ ਕਿਸੇ ਨੂੰ ਹੈ ਪਰ ਦੋ ਨੁਕਤੇ ਸਮਝਣੇ ਅਹਿਮ ਹਨ; ਪਹਿਲਾ ਇਹ ਕਿ ਗੁਜਰਾਤ ਭਾਜਪਾ ਦੀ ਫਿਰਕੂ ਰਾਜਨੀਤੀ ਦਾ ਧੁਰਾ ਹੈ ਤੇ 'ਆਪ' ਇਸ ਸੂਬੇ ਵਿਚ ਧਰਮ ਨਿਰਪੱਖਤਾ ਦਾ ਚਿਹਰਾ ਲੈ ਕੇ ਜਾ ਰਹੀ ਹੈ ਜਾਂ ਫਿਰ ਭਾਜਪਾ ਦੀ ਪੈੜ ਵਿਚ ਪੈੜ ਧਰ ਕੇ ਅੱਗੇ ਵਧ ਰਹੀ ਹੈ। ਦੂਜਾ ਇਹ ਕਿ ਜੋ ਰਿਪੋਰਟ ਕਾਰਡ ਗੁਜਰਾਤੀਆਂ ਨੂੰ ਦਿਖਾਇਆ ਜਾ ਰਿਹਾ ਹੈ, ਉਸ ਵਿਚ ਕਿੰਨੀ ਅਸਲੀਅਤ ਹੈ।

ਗੁਜਰਾਤ ਵਿਚ ਪਿਛਲੇ ਕਈ ਦਹਾਕਿਆਂ ਤੋਂ ਭਾਜਪਾ ਦੀ ਸੱਤਾ ਹੈ ਤੇ ਕਾਂਗਰਸ ਵਿਰੋਧੀ ਧਿਰ ਦੀ ਭੂਮਿਕਾ ਨਿਭਾਅ ਰਹੀ ਹੈ। ਕਾਂਗਰਸ ਦੀ ਥਾਂ 'ਆਪ' ਭਾਜਪਾ ਦਾ ਬਦਲ ਬਣਨ ਲਈ ਜੱਦੋਜਹਿਦ ਕਰ ਰਹੀ ਹੈ। 8-9 ਸਾਲ ਪਹਿਲਾਂ ਨਰਿੰਦਰ ਮੋਦੀ ਨੇ ਕਥਿਤ ਗੁਜਰਾਤ ਮਾਡਲ ਦਾ ਪ੍ਰਚਾਰ ਕਰ ਕੇ ਮੁੱਖ ਮੰਤਰੀ ਦੀ ਕੁਰਸੀ ਤੋਂ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਦਾ ਸਫਰ ਤੈਅ ਕੀਤਾ ਸੀ। ਮੋਦੀ ਦਾ ਗੁਜਰਾਤ ਮਾਡਲ ਹਿੰਦੂਤਵ ਦੀ ਫਿਰਕੂ ਰਾਜਨੀਤੀ 'ਤੇ ਅਧਾਰਿਤ ਹੈ ਜਿੱਥੇ 2002 ਵਿਚ ਧਾਰਮਿਕ ਘੱਟ-ਗਿਣਤੀ ਮੁਸਲਮਾਨ ਭਾਈਚਾਰੇ ਦਾ ਸ਼ਰੇਆਮ ਕਤਲੇਆਮ ਰਚਾਇਆ ਗਿਆ ਸੀ, ਮੁਸਲਮਾਨ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਸਨ ਤੇ ਉਹਨਾਂ ਦੇ ਕਾਰੋਬਾਰ ਉਜਾੜੇ ਗਏ ਸਨ।

'ਆਪ' ਦੀ ਕੋਈ ਠੋਸ ਵਿਚਾਰਧਾਰਾ ਨਹੀਂ ਹੈ। ਪੰਜਾਬ ਚੋਣ ਸਮੇਂ ਸ਼ਹੀਦ ਭਗਤ ਸਿੰਘ ਦੇ ਵਾਰਿਸ ਹੋਣ ਦਾ ਹੋਕਾ ਦੇਣ ਵਾਲੇ ਇਸ ਪਾਰਟੀ ਦੇ ਆਗੂ ਪੰਜਾਬ ਤੋਂ ਬਾਹਰ ਨਿੱਕਲਦਿਆਂ ਹੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਪਾਸੇ ਛੱਡ ਬਹੁਗਿਣਤੀ ਨੂੰ ਖੁਸ਼ ਕਰਨ ਵਾਲੀ ਰਾਜਨੀਤੀ ਕਰਦੇ ਹਨ। ਗੁਜਰਾਤ ਵਿਚ 'ਆਪ' ਦੀ ਹੁਣ ਤੱਕ ਪ੍ਰੈਕਟਿਸ 'ਚੋਂ ਧਰਮ ਨਿਰਪੱਖਤਾ ਵਾਲੀ ਗੱਲ ਲੱਭਣੀ ਔਖੀ ਹੈ। ਅਰਵਿੰਦ ਕੇਜਰੀਵਾਲ ਨੇ ਕੁਝ ਮਹੀਨੇ ਪਹਿਲਾਂ ਗੁਜਰਾਤ 'ਚ ਕਿਹਾ ਸੀ ਕਿ 'ਅਸੀਂ ਦਿੱਲੀ ਦੇ ਸੀਨੀਅਰ ਨਾਗਰਿਕਾਂ ਨੂੰ ਮੁਫਤ ਤੀਰਥ ਯਾਤਰਾ ਕਰਵਾਉਂਦੇ ਹਾਂ। ਉਨ੍ਹਾਂ ਹਰਿਦੁਆਰ, ਰਿਸ਼ੀਕੇਸ਼, ਅਯੁੱਧਿਆ ਵਰਗੇ ਜਿਨ੍ਹਾਂ 12 ਤੀਰਥ ਸਥਾਨਾਂ ਦਾ ਜਿਕਰ ਕੀਤਾ, ਉਹ ਸਾਰੇ ਹਿੰਦੂ ਧਾਰਮਿਕ ਸਥਾਨ ਹਨ। ਗੁਜਰਾਤ ਸਰਕਾਰ ਪਹਿਲਾਂ ਹੀ 50 ਫੀਸਦ ਖਰਚਾ ਪੱਲਿਓਂ ਕਰ ਕੇ ਅਜਿਹੀ ਸਕੀਮ ਚਲਾ ਰਹੀ ਹੈ। ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਅਜਿਹੀ ਸਕੀਮ ਚਲਾਉਂਦੀ ਰਹੀ ਹੈ ਤਾਂ ਫਿਰ 'ਬਦਲਾਅ' ਜਾਂ 'ਬਦਲਾਅ ਦੀ ਰਾਜਨੀਤੀ' ਕਿੱਥੇ ਹੈ? ਤਿਰੰਗਾ ਵੰਡਣ ਦੀ ਮੁਹਿੰਮ ਹੋਵੇ ਜਾਂ ਤਿਰੰਗਾ ਯਾਤਰਾ ਹੋਵੇ, ਅਰਵਿੰਦ ਕੇਜਰੀਵਾਲ ਦਾ ਜ਼ੋਰ ਆਪਣੇ ਆਪ ਨੂੰ ਭਾਜਪਾ ਤੋਂ ਵੱਡਾ ਰਾਸ਼ਟਰਵਾਦੀ ਸਿੱਧ ਕਰਨ 'ਤੇ ਲੱਗ ਜਾਂਦਾ ਹੈ।

ਗੁਜਰਾਤ ਦੇ ਮਸ਼ਹੂਰ ਸੋਮਨਾਥ ਮੰਦਰ ਜੋ 1990 ਵਿਚ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਕੱਢੀ ਗਈ ਰਥ ਯਾਤਰਾ ਸਮੇਂ ਚਰਚਾ ਵਿਚ ਆਇਆ ਸੀ ਅਤੇ ਜਿੱਥੇ ਭਾਜਪਾ ਦੇ ਵੱਡੇ ਲੀਡਰ ਅਕਸਰ ਜਾਂਦੇ ਹਨ, ਅਰਵਿੰਦ ਕੇਜਰੀਵਾਲ 2016 ਤੋਂ ਲਗਾਤਾਰ ਇੱਥੇ ਅਤੇ ਹੋਰ ਮੰਦਰਾਂ ਵਿਚ ਜਾ ਰਹੇ ਹਨ। ਗੁਜਰਾਤ ਵਿਚ ਹੋਰ ਵੀ ਧਾਰਮਿਕ ਸਥਾਨ ਹਨ ਲੇਕਿਨ ਕੇਜਰੀਵਾਲ ਜੀ ਅਜੇ ਤੱਕ ਸਿਰਫ ਗੁਜਰਾਤ ਦੇ ਮੰਦਰਾਂ ਵਿਚ ਹੀ ਗਏ ਹਨ।

ਆਰਥਿਕ ਸੰਕਟ ਦਾ ਝੰਬਿਆਂ ਪੰਜਾਬ ਨਸ਼ਿਆਂ, ਖੁਦਕੁਸ਼ੀਆਂ, ਵੱਡੀ ਪੱਧਰ 'ਤੇ ਹੋ ਰਹੇ ਪਰਵਾਸ, ਗੈਂਗਸਟਰ ਵਰਤਾਰੇ, ਬੇਰੁਜ਼ਗਾਰੀ ਸਮੇਤ ਅਨੇਕਾਂ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਪਰ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦਾ ਫਿਕਰ ਕਰਨ ਦੀ ਥਾਂ ਗੁਜਰਾਤ ਚੋਣਾਂ ਵਿਚ ਮਸਰੂਫ ਹਨ। ਇਹਨਾਂ ਦੀ ਇੱਕ ਮੌਕਾਪ੍ਰਸਤੀ ਇਹ ਵੀ ਹੈ ਕਿ ਜੋ ਪੰਜਾਬ ਵਿਚ ਐਲਾਨ ਕੀਤੇ ਹਨ, ਉਹ ਗੁਜਰਾਤ ਵਿਚ ਕੀਤੇ ਗਏ ਕੰਮ ਵਜੋਂ ਗਿਣਾਏ ਜਾ ਰਹੇ ਹਨ।

ਮਜ਼ਬੂਤ ਅਤੇ ਫਿਰਕੂ ਫਾਸ਼ੀਵਾਦੀ ਪਾਰਟੀ ਨਾਲ ਸੰਘਰਸ਼ ਸਮੇਂ ਵਿਰੋਧੀ ਧਿਰਾਂ ਨੂੰ ਨਾਲ ਲੈਣਾ ਹੁੰਦਾ ਹੈ ਪਰ ਆਮ ਆਦਮੀ ਪਾਰਟੀ ਦੀ ਪ੍ਰੈਕਟਿਸ ਇਸ ਦੇ ਬਿਲਕੁੱਲ ਉੱਲਟ ਹੈ। ਉਹ ਭਾਰਤ ਪੱਧਰ 'ਤੇ ਖੁਦ ਵਿਰੋਧੀ ਧਿਰ ਵਿਚ ਹੁੰਦਿਆਂ ਵਿਰੋਧੀ ਧਿਰ ਦੇ ਇੱਕ ਹਿੱਸੇ ਨੂੰ ਖ਼ਤਮ ਕਰਨ ਵਾਲੀ ਪਹੁੰਚ ਅਪਣਾ ਰਹੀ ਹੈ। ਕਾਂਗਰਸ ਪਿਛਲੇ ਕਈ ਦਹਾਕਿਆਂ ਤੋਂ ਗੁਜਰਾਤ ਦੀ ਸੱਤਾ ਤੋਂ ਦੂਰ ਹੈ ਤਾਂ ਇਸ ਸੂਰਤ ਵਿਚ 'ਆਪ' ਸੁਪਰੀਮੋ ਕੇਜਰੀਵਾਲ ਦਾ ਗੁਜਰਾਤ ਵਿਚ ਖੜ੍ਹ ਕੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਣ ਦੀ ਥਾਂ ਕਾਂਗਰਸ ਖਿਲਾਫ ਹੱਲਾ ਬੋਲਦਿਆਂ ਇਹ ਕਹਿਣਾ ਕਿ 'ਕਾਂਗਰਸ ਹੁਣ ਖਤਮ ਹੋ ਗਈ ਹੈ', ਭਾਜਪਾ ਦੇ ਪਸੰਦੀਦਾ ਨਾਅਰੇ 'ਕਾਂਗਰਸ ਮੁਕਤ ਭਾਰਤ' ਦੀ ਪੈੜ ਵਿਚ ਪੈੜ ਧਰਨਾ ਹੈ। ਇਸ ਤੋਂ ਇਹ ਪ੍ਰਭਾਵ ਵੀ ਪੈਂਦਾ ਹੈ ਕਿ ਕੇਜਰੀਵਾਲ ਟੀਮ ਦੀ ਮੁੱਖ ਸਿਆਸੀ ਲੜਾਈ ਭਾਜਪਾ ਨਾਲ ਨਹੀਂ, ਕਾਂਗਰਸ ਨਾਲ ਹੈ ਤੇ ਉਹ ਕਾਂਗਰਸ ਦੇ ਵੋਟ ਬੈਂਕ ਨੂੰ ਹੀ ਖੋਰਾ ਲਾਉਣਗੇ ਕਿਉਂਕਿ ਜਦ ਨਵੀਂ ਬਣੀ ਤੀਜੀ ਧਿਰ ਚੋਣ ਮੈਦਾਨ ਵਿਚ ਉੱਤਰਦੀ ਹੈ ਤਾਂ ਉਸ ਦਾ ਫਾਇਦਾ ਸੱਤਾ ਧਿਰ ਨੂੰ ਹੁੰਦਾ ਹੈ। ਸੱਤਾ ਵਿਰੋਧੀ ਵੋਟ ਦੋ ਥਾਂ ਵੰਡੀ ਜਾਂਦੀ ਹੈ। ਪੰਜਾਬ ਵਿਚ ਮਨਪ੍ਰੀਤ ਬਾਦਲ ਦੀ ਅਗਵਾਈ ਵਾਲੀ ਪੀ.ਪੀ.ਪੀ. ਦੇ ਤੀਜੀ ਧਿਰ ਵਜੋਂ ਚੋਣ ਲੜਨ ਦਾ ਫਾਇਦਾ ਉਸ ਸਮੇਂ ਅਸਿੱਧੇ ਢੰਗ ਨਾਲ ਪੰਜਾਬ ਦੀ ਸੱਤਾ ਧਿਰ ਨੂੰ ਹੋਇਆ ਸੀ। ਸੋ, 'ਆਪ' ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਗੁਜਰਾਤ ਚੋਣਾਂ ਲੜਨ ਦਾ ਉਹਨਾਂ ਦਾ ਮੰਤਵ ਕੀ ਹੈ।

ਭ੍ਰਿਸ਼ਟਾਚਾਰ ਖਿਲਾਫ ਉਠੇ 2011 ਦੇ ਅੰਨਾ ਹਜ਼ਾਰੇ ਅੰਦੋਲਨ ਦੀ ਸਿਆਸੀ ਪੈਦਾਇਸ਼ ਕੇਜਰੀਵਾਲ ਜੀ 2014 ਵਿਚ ਫਿਰਕਾਪ੍ਰਸਤੀ ਨੂੰ ਭ੍ਰਿਸ਼ਟਾਚਾਰ ਨਾਲੋਂ ਵੱਧ ਖਤਰਨਾਕ ਕਹਿੰਦੇ ਸਨ ਜੋ ਅਟੱਲ ਸੱਚ ਵੀ ਹੈ ਪਰ ਪਿਛਲੇ ਅੱਠ ਸਾਲ ਦੇ ਸਿਆਸੀ ਸਫਰ ਵਿਚ ਕੇਜਰੀਵਾਲ ਜੀ ਇਸ ਤੋਂ ਕਦ ਯੂ-ਟਰਨ ਮਾਰ ਗਏ, ਇਸ ਦਾ ਉਨ੍ਹਾਂ ਦੇ ਜ਼ਿਆਦਾਤਰ ਸਹਿਯੋਗੀਆਂ ਨੂੰ ਇਲਮ ਨਹੀਂ ਹੋਇਆ। ਗੁਜਰਾਤ ਆਰ.ਐਸ.ਐਸ. ਦਾ ਗੜ੍ਹ ਹੈ ਪਰ ਆਰ.ਐਸ.ਐਸ. ਖਿਲਾਫ ਕੇਜਰੀਵਾਲ ਜੀ ਇੱਕ ਸ਼ਬਦ ਤੱਕ ਨਹੀਂ ਬੋਲ ਰਹੇ ਹਨ।

ਨਾਗਰਿਕਤਾ ਸੋਧ ਕਾਨੂੰਨ ਖਿਲਾਫ ਦਿੱਲੀ ਵਿਚ ਪ੍ਰਦਰਸ਼ਨ 'ਤੇ ਹੋਏ ਹਮਲੇ, ਜਾਮੀਆ ਮਿਲੀਆ ਇਸਲਾਮੀਆ ਅਤੇ ਜੇ.ਐਨ.ਯੂ. ਵਿਚ ਵਿਦਿਆਰਥੀਆਂ 'ਤੇ ਹਮਲੇ ਦੌਰਾਨ 'ਆਪ' ਨੇ ਜਬਰ ਖਿਲਾਫ ਝੰਡਾ ਨਹੀਂ ਚੁੱਕਿਆ, ਜੰਮੂ ਕਸ਼ਮੀਰ ਦੇ ਵੱਧ ਅਧਿਕਾਰਾਂ ਨੂੰ ਮਨਸੂਖ ਕਰਨ ਸਮੇਂ ਭਾਜਪਾ ਦੇ ਹਾਂ ਵਿਚ ਹਾਂ ਮਿਲਾਈ ਹੈ।

ਵੋਟਾਂ ਸਮੇਂ ਹਰ ਸੂਬੇ ਵਿਚ ਜਾ ਕੇ ਮਹੀਨੇ ਦਾ ਇੱਕ ਹਜ਼ਾਰ ਰੁਪਿਆ ਪ੍ਰਤੀ ਔਰਤ ਦੇਣ ਦਾ ਐਲਾਨ ਕਰਕੇ ਔਰਤਾਂ ਦੇ ਹੱਕਾਂ ਦੀ ਗੱਲ ਕਰਨ ਵਾਲੇ ਕੇਜਰੀਵਾਲ ਜੀ 2002 ਦੇ ਗੁਜਰਾਤ ਦੰਗਿਆਂ ਸਮੇਂ ਸਮੂਹਿਕ ਬਲਾਤਕਾਰ ਦਾ ਸ਼ਿਕਾਰ ਹੋਈ ਗੁਜਰਾਤ ਦੀ ਧੀ ਬਿਲਕਿਸ ਬਾਨੋ ਦੇ ਬਲਾਤਕਾਰੀਆਂ ਦੀ ਰਿਹਾਈ ਦਾ ਵਿਰੋਧ ਨਹੀਂ ਕਰ ਰਹੇ ਹਨ। ਬਿਲਕਿਸ ਬਾਨੋ ਨੂੰ ਕਈ ਸਾਲ ਪਹਿਲਾਂ ਐਲਾਨ ਕਰਨ ਦੇ ਬਾਵਜੂਦ ਅਜੇ ਤੱਕ ਗੁਜਰਾਤ ਸਰਕਾਰ ਨੇ ਘਰ ਬਣਾ ਕੇ ਨਹੀਂ ਦਿੱਤਾ ਹੈ, ਕੀ ਕੇਜਰੀਵਾਲ ਇਹ ਕਹਿਣ ਦੀ ਜੁਅਰਤ ਕਰ ਸਕਦੇ ਹਨ ਕਿ ਗੁਜਰਾਤ ਵਿਚ ਸਰਕਾਰ ਬਣਨ 'ਤੇ ਬੇਘਰ ਬਿਲਕਿਸ ਬਾਨੋ ਨੂੰ ਉਹਨਾਂ ਦੀ ਸਰਕਾਰ ਘਰ ਬਣਾ ਕੇ ਦੇਵੇਗੀ।

5 ਅਕਤੂਬਰ ਨੂੰ ਦਿੱਲੀ ਦੇ ਮੰਤਰੀ ਰਾਜੇਂਦਰ ਪਾਲ ਗੌਤਮ ਦਿੱਲੀ ਦੇ ਡਾਕਟਰ ਅੰਬੇਡਕਰ ਭਵਨ ਵਿਚ ਬੁੱਧ ਧਰਮ ਦੇ ਇੱਕ ਸਮਾਗਮ ਵਿਚ ਚਲੇ ਗਏ ਸਨ ਜਿੱਥੇ ਉਹਨਾਂ ਲੱਗਭੱਗ 10 ਹਜ਼ਾਰ ਲੋਕਾਂ ਨਾਲ ਉਹ ਪ੍ਰਤਿੱਗਿਆਵਾਂ ਦੁਹਰਾਈਆਂ ਜੋ ਬੁੱਧ ਧਰਮ ਨਾਲ ਜੁੜੇ ਲੋਕ ਦਹਾਕਿਆਂ ਤੋਂ ਦੁਹਰਾ ਰਹੇ ਹਨ। ਵਿਰੋਧੀ ਧਿਰਾਂ ਨੇ ਇਸ ਨੂੰ ਮੁੱਦਾ ਬਣਾਇਆ ਤਾਂ ਬਹੁਗਿਣਤੀ ਨੂੰ ਖੁਸ਼ ਕਰਨ ਦੀ ਕਵਾਇਦ ਵਿਚ ਲੀਨ 'ਆਪ' ਨੇ ਤਰਕ, ਦਲੀਲ ਨਾਲ ਗੱਲ ਕਰਨ ਦੀ ਬਜਾਇ ਗੁਜਰਾਤ ਚੋਣਾਂ ਦੇ ਮੱਦੇਨਜ਼ਰ ਆਪਣੇ ਮੰਤਰੀ ਤੋਂ ਹੀ ਅਸਤੀਫਾ ਲੈ ਲਿਆ ਹੈ। ਵਿਰੋਧੀ ਧਿਰਾਂ ਤਾਂ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਪੰਜਾਬ ਤੇ ਦਿੱਲੀ ਦੇ ਕੁਝ ਮੰਤਰੀਆਂ ਦੇ ਅਸਤੀਫੇ ਵੀ ਮੰਗ ਰਹੀਆ ਸਨ ਪਰ ਉਸ ਪਾਸੇ ਧਿਆਨ ਨਹੀਂ ਦਿੱਤਾ।

ਇਸ ਪਾਰਟੀ ਦੀ ਦਿੱਲੀ, ਪੰਜਾਬ ਦੀ ਪ੍ਰੈਕਟਿਸ ਅਤੇ ਗੁਜਰਾਤ ਦੇ ਚੋਣ ਪ੍ਰਚਾਰ ਤੋਂ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਹ 'ਬਦਲਾਅ' ਦੀ ਰਾਜਨੀਤੀ ਛੱਡ ਰਵਾਇਤੀ ਢਾਂਚੇ ਵਿਚ 'ਚਿਹਰਾ' ਬਦਲਣ ਦੀ ਰਾਜਨੀਤੀ ਤੱਕ ਸੀਮਤ ਹੋ ਚੁੱਕੀ ਹੈ।

# ਲੋਕ ਮਹਿੰਗਾਈ ਅਤੇ ਜੰਗ ਖਿਲਾਫ ਉਠਣ ਲੱਗੇ

**ਮਾਨਵ**
**ਫੋਨ: +91-98888-08188**

***ਆਪਣੇ ਲੋਕਾਂ ਦੀ ਬੁਰੀ ਹਾਲਤ ਦੇ ਬਾਵਜੂਦ ਪੱਛਮੀ ਸਾਮਰਾਜ ਯੂਕਰੇਨ ਜੰਗ ਦਾ ਕੋਈ ਹੱਲ ਕੱਢਣ ਦੇ ਰੌਂਅ ਵਿਚ ਨਹੀਂ ਹਨ। ਉਲਟਾ ਜੀ-7 ਮੁਲਕਾਂ ਨੇ ਰੂਸ 'ਤੇ ਨਵੀਆਂ ਬੰਦਸ਼ਾਂ ਤਹਿਤ ਹਰ ਉਸ ਜਹਾਜ਼ਰਾਨੀ ਕੰਪਨੀ ਨੂੰ ਬੀਮਾ ਸੇਵਾਵਾਂ ਦੇਣ 'ਤੇ ਰੋਕ ਲਾਉਣ ਦਾ ਫੈਸਲਾ ਕੀਤਾ ਹੈ ਜਿਹੜੀ ਤੈਅ ਕੀਮਤ ਤੋਂ ਉੱਪਰ ਰੂਸ ਤੋਂ ਤੇਲ, ਗੈਸ ਖਰੀਦ ਕੇ ਉਸ ਦੀ ਢੋਆ-ਢੁਆਈ ਕਰਦੀ ਹੈ।***

ਵਿਸ਼ਵ ਦੀ 1929 ਦੀ ਮਹਾਂਮੰਦੀ ਤੋਂ ਬਾਅਦ ਯੂਰਪ ਦੀ ਮਜ਼ਦੂਰ ਜਮਾਤ ਆਪਣੀਆਂ ਜਿਊਣ ਹਾਲਤਾਂ 'ਤੇ ਸਭ ਤੋਂ ਵੱਡੇ ਸਰਮਾਏਦਾਰੀ ਹੱਲੇ ਦਾ ਸਾਹਮਣਾ ਕਰ ਰਹੀ ਹੈ। ਪਿਛਲੇ ਡੇਢ ਸਾਲ ਦੀ ਰਿਕਾਰਡ ਤੋੜ ਮਹਿੰਗਾਈ ਜਿਸ ਨੂੰ ਯੂਕਰੇਨ ਜੰਗ ਨੇ ਹੋਰ ਵਧਾ ਦਿੱਤਾ, ਇਸ ਨੇ ਯੂਰਪ ਦੇ ਕਿਰਤੀਆਂ ਤੇ ਮੱਧ-ਵਰਗ ਦੀ ਸਥਿਤੀ ਡਾਵਾਂਡੋਲ ਕਰ ਦਿੱਤੀ ਹੈ।

ਯੂਰਪੀ ਯੂਨੀਅਨ ਦੇ ਅੰਕੜਾ ਦਫਤਰ, ਯੂਰੋਸਟੈਟ ਮੁਤਾਬਕ 27 ਮੈਂਬਰੀ ਯੂਰਪੀ ਯੂਨੀਅਨ ਦੇ ਮੁਲਕਾਂ ਵਿਚ ਜੁਲਾਈ ਦੀ ਔਸਤ ਮਹਿੰਗਾਈ ਪਿਛਲੇ ਸਾਲ ਦੇ ਪੱਧਰ ਨਾਲੋਂ 9.8% ਜ਼ਿਆਦਾ ਸੀ ਤੇ ਇਨ੍ਹਾਂ ਵਿਚੋਂ 16 ਮੁਲਕਾਂ ਦੀ ਔਸਤ ਇਸ ਤੋਂ ਵੀ ਵੱਧ ਸੀ। ਸਭ ਤੋਂ ਮਾੜਾ ਹਾਲ ਪਹਿਲਾਂ ਹੀ ਕਮਜ਼ੋਰ ਪੂਰਬੀ ਯੂਰਪ ਦੇ ਅਰਥਚਾਰਿਆਂ ਚੈੱਕ ਗਣਰਾਜ, ਬੁਲਗਾਰੀਆ, ਹੰਗਰੀ ਤੇ ਪੋਲੈਂਡ ਦਾ ਹੋਇਆ ਹੈ ਜਿੱਥੇ ਸਰਕਾਰੀ ਮਹਿੰਗਾਈ ਦਰ 15-20% ਤੱਕ ਦੱਸੀ ਜਾਂਦੀ ਹੈ। ਯੂ.ਕੇ., ਜਿਹੜਾ ਹੁਣ ਯੂਰਪੀ ਯੂਨੀਅਨ ਦਾ ਮੈਂਬਰ ਨਹੀਂ, ਉੱਥੇ ਇਸ ਵੇਲੇ ਇਹ ਦਰ 12% ਤੇ ਆਉਂਦੇ ਤਿੰਨ ਮਹੀਨਿਆਂ ਵਿਚ 18% ਤੱਕ ਵਧਣ ਦਾ ਅਨੁਮਾਨ ਹੈ।

ਇਹ ਸਰਕਾਰੀ ਦਰਾਂ ਮਹਿਜ਼ ਛਲਾਵਾ ਹਨ, ਅਸਲ ਹਾਲਤਾਂ ਇਸ ਤੋਂ ਕਿਤੇ ਬਦਤਰ ਹਨ। ਭੋਜਨ, ਗੈਸ, ਬਿਜਲੀ, ਗੈਸੋਲੀਨ (ਵਾਹਨਾਂ ਵਿਚ ਵਰਤਿਆ ਜਾਂਦਾ ਬਾਲਣ) ਦੀ ਮਹਿੰਗਾਈ ਸਰਕਾਰੀ ਦਰਾਂ ਤੋਂ ਕਿਤੇ ਉੱਪਰ ਹੈ ਜਿਸ ਦਾ ਸਭ ਤੋਂ ਮਾੜਾ ਅਸਰ ਕਿਰਤੀਆਂ 'ਤੇ ਹੀ ਪਿਆ ਹੈ। ਇਨ੍ਹਾਂ ਬੁਨਿਆਦੀ ਲੋੜਾਂ ਦੀ ਮਹਿੰਗਾਈ ਅਸਮਾਨੀਂ ਚੜ੍ਹਨ ਦਾ ਮਤਲਬ ਹੈ ਕਿ ਆਉਂਦੇ ਤਿੰਨ ਮਹੀਨਿਆਂ ਨੂੰ ਯੂਰਪ ਵਿਚ ਸਰਦੀ ਦੀ ਸ਼ੁਰੂਆਤ ਹੋਣ ਨਾਲ ਉੱਥੋਂ ਦੇ ਕਿਰਤੀਆਂ ਸਾਹਵੇਂ ਭੁੱਖੇ ਰਹਿਣ ਜਾਂ ਠੰਢ ਵਿਚ ਠਰ ਜਾਣ ਵਿਚੋਂ ਇੱਕ ਨੂੰ ਚੁਣਨ ਦੀ ਨੌਬਤ ਆ ਗਈ ਹੈ ਜਦੋਂਕਿ ਲੱਖਾਂ ਨੂੰ ਦੋਹਾਂ ਅਲਾਮਤਾਂ ਦਾ ਸਾਹਮਣਾ ਕਰਨਾ ਪੈਣਾ ਹੈ। ਯੂ.ਕੇ. ਦੀ ਕੌਮੀ ਸਿਹਤ ਸੇਵਾ ਨੇ ਤਾਂ ਇਹ ਡਰਾਉਣੀ ਪੇਸ਼ੀਨਗੋਈ ਵੀ ਕਰ ਦਿੱਤੀ ਹੈ ਕਿ ਸਰਦੀ ਵਿਚ ਆਪਣੇ ਘਰਾਂ ਨੂੰ ਗਰਮ ਰੱਖਣ ਦੀ ਗੁੰਜਾਇਸ਼ ਨਾ ਹੋਣ ਕਾਰਨ ਹਜ਼ਾਰਾਂ ਲੋਕਾਂ ਦੀ ਮੌਤ ਤੈਅ ਹੈ। ਮਹਿੰਗਾਈ ਦੇ ਇਸ ਹੱਲੇ ਨੇ ਯੂਰਪੀ ਯੂਨੀਅਨ ਦੇ ਮੈਂਬਰ ਮੁਲਕਾਂ ਨੂੰ ਆਉਂਦੇ ਮਹੀਨਿਆਂ ਵਿਚ ਡੂੰਘੀ ਮੰਦੀ ਅੰਦਰ ਸੁੱਟਣਾ ਹੈ ਜਿਸ ਦਾ ਸਾਰਾ ਬੋਝ ਵੀ ਕਿਰਤੀਆਂ 'ਤੇ ਹੀ ਲੱਦਿਆ ਜਾਵੇਗਾ।

ਯੂਰਪ ਦੀਆਂ ਸਰਮਾਏਦਾਰੀ ਸਰਕਾਰਾਂ ਮਹਿੰਗਾਈ ਅਤੇ ਕਿਰਤੀਆਂ ਦੀ ਵਧਦੀ ਬੇਹਾਲੀ ਦਾ ਜ਼ਿੰਮਾ ਰੂਸ 'ਤੇ ਸੁੱਟ ਰਹੀਆਂ ਹਨ ਜਦੋਂਕਿ ਸੱਚਾਈ ਇਹ ਹੈ ਕਿ ਇੱਕ ਤਾਂ ਯੂਕਰੇਨ ਜੰਗ ਨੂੰ ਵਧਾਉਣ ਵਿਚ ਇਨ੍ਹਾਂ ਹੀ ਪੱਛਮੀ ਸਾਮਰਾਜੀਆਂ ਦਾ ਹੱਥ ਰਿਹਾ ਹੈ ਤੇ ਦੂਜਾ ਮਹਿੰਗਾਈ ਦਾ ਮੌਜੂਦਾ ਦੌਰ ਯੂਕਰੇਨ ਜੰਗ ਤੋਂ ਕਾਫੀ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ ਜਿਹੜਾ ਸਿੱਧਾ-ਸਿੱਧਾ ਸਰਮਾਏਦਾਰੀ ਨੀਤੀਆਂ ਦਾ ਨਤੀਜਾ ਸੀ। ਜਿੱਥੋਂ ਤੱਕ ਕਿਰਤੀਆਂ ਦੀਆਂ ਉਜਰਤਾਂ, ਉਨ੍ਹਾਂ ਦੇ ਜੀਵਨ ਪੱਧਰ 'ਤੇ ਹਮਲੇ ਦੀ ਗੱਲ ਹੈ ਤਾਂ ਸਰਮਾਏਦਾਰੀ ਸਰਕਾਰਾਂ ਨੇ ਪਿਛਲੇ ਤਿੰਨ-ਚਾਰ ਦਹਾਕਿਆਂ ਦੀਆਂ ਨਵਉਦਾਰੀਕਰਨ ਦੀਆਂ ਨੀਤੀਆਂ ਤਹਿਤ ਹੀ ਪੂਰੀ ਦੁਨੀਆ ਵਿਚ ਮਜ਼ਦੂਰਾਂ 'ਤੇ ਹਮਲਾ ਬੋਲਿਆ ਹੈ। ਇਸ ਹਮਲੇ ਨੂੰ ਲਾਂਬੂ ਮੌਜੂਦਾ ਯੂਕਰੇਨ ਜੰਗ, ਪੱਛਮੀ ਸਾਮਰਾਜੀਆਂ ਦੀਆਂ ਰੂਸ 'ਤੇ ਥੋਪੀਆਂ ਬੰਦਸ਼ਾਂ ਤੇ ਬਦਲੇ ਵਿਚ ਰੂਸ ਵੱਲੋਂ ਤੇਲ, ਗੈਸ ਦੀ ਬੰਦ ਕੀਤੀ ਪੂਰਤੀ ਨੇ ਲਾ ਦਿੱਤਾ ਹੈ।

ਭਾਵੇਂ ਯੂਰਪ ਦੀਆਂ ਸਰਕਾਰਾਂ ਆਪੋ-ਆਪਣੇ ਨਾਗਰਿਕਾਂ ਦੀਆਂ ਮੁਸ਼ਕਿਲਾਂ ਨੂੰ ਜਾਇਜ਼ ਠਹਿਰਾਉਣ ਲਈ ਇਸ ਨੂੰ ਯੂਕਰੇਨ ਵਿਚ 'ਆਜ਼ਾਦੀ ਤੇ ਜਮਹੂਰੀਅਤ' ਦੀ ਵਕਤੀ 'ਕੀਮਤ' ਵਜੋਂ ਪੇਸ਼ ਕਰ ਰਹੀਆਂ ਹਨ ਪਰ ਇਹ ਤਰਕ ਵੀ ਹੁਣ ਯੂਰਪ ਦੇ ਆਮ ਲੋਕਾਂ ਨੇ ਪ੍ਰਵਾਨ ਕਰਨਾ ਬੰਦ ਕਰ ਦਿੱਤਾ ਹੈ। ਉਨ੍ਹਾਂ ਵਿਚ ਇਹ ਯਕੀਨ ਵਧ ਰਿਹਾ ਹੈ ਕਿ ਯੂਕਰੇਨ ਜੰਗ ਇਨ੍ਹਾਂ ਸਰਮਾਏਦਾਰੀ ਸਰਕਾਰਾਂ ਨੇ ਆਪਣੇ ਸਾਮਰਾਜੀ ਹਿੱਤਾਂ ਲਈ ਆਪ ਭੜਕਾਈ ਹੈ ਜਿਸ ਦੇ ਮੋੜਵੇਂ ਮਾੜੇ ਨਤੀਜੇ ਹੁਣ ਉਨ੍ਹਾਂ ਨੂੰ ਭੁਗਤਣ ਲਈ ਕਿਹਾ ਜਾ ਰਿਹਾ ਹੈ। ਲੋਕਾਂ ਦਾ ਇਹ ਯਕੀਨ ਹੋਰ ਪੱਕਾ ਇਸ ਕਰਕੇ ਵੀ ਹੁੰਦਾ ਹੈ ਕਿਉਂਕਿ ਯੂਕਰੇਨ ਜੰਗ ਤੋਂ ਬਾਅਦ ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਤੇ ਤੇਲ, ਗੈਸ ਦੀਆਂ ਕੰਪਨੀਆਂ ਦੇ ਮੁਨਾਫੇ ਰਿਕਾਰਡ ਤੋੜ ਵਧ ਰਹੇ ਹਨ। ਇੱਕ ਪਾਸੇ ਤਾਂ ਯੂਰਪ ਦੇ ਕਿਰਤੀਆਂ ਨੂੰ ਬਿਜਲੀ, ਗੈਸ ਦੇ ਬਿੱਲ ਭਰਨੇ ਵੀ ਮੁਸ਼ਕਿਲ ਹੋ ਰਹੇ ਹਨ, ਦੂਜੇ ਪਾਸੇ ਐਕਸੌਨਮੋਬਿਲ, ਸ਼ੈਵਰੌਨ, ਸ਼ੈੱਲ, ਬੀਪੀ, ਟੋਟਲਐਨਰਜ਼ੀ ਤੇ ਐਨੀ (ਸੰਸਾਰ ਦੀਆਂ ਸਭ ਤੋਂ ਵੱਡੀਆਂ ਤੇਲ ਕੰਪਨੀਆਂ ਵਿਚ ਸ਼ੁਮਾਰ) ਦੇ 2022 ਦੀ ਸਿਰਫ ਦੂਜੀ ਤਿਮਾਹੀ ਦੇ ਮੁਨਾਫੇ ਹੀ 64 ਅਰਬ ਡਾਲਰ ਵਧ ਗਏ ਹਨ; ਯਾਨੀ ਯੂਰਪ ਦੇ ਕਿਰਤੀਆਂ ਨੂੰ ਨਿਚੋੜ ਕੇ ਇਹ ਕੰਪਨੀਆਂ ਆਪਣੇ ਖਾਤੇ ਭਰ ਰਹੀਆਂ ਹਨ।

ਇਸ ਸਿੱਧਮ-ਸਿੱਧੀ ਲੁੱਟ ਖਿਲਾਫ ਲੋਕਾਂ ਦਾ ਗੁੱਸਾ ਤੇ ਪੂਰੇ ਯੂਰਪੀ ਮਹਾਂਦੀਪ ਵਿਚ ਸਿਆਸੀ ਅਸਥਿਰਤਾ ਦਾ ਮਾਹੌਲ ਵਧ ਰਿਹਾ ਹੈ। ਸਤੰਬਰ ਦੇ ਪਹਿਲੇ ਹਫਤੇ ਵਿਚ ਹੀ ਯੂਰਪ ਦੇ ਵੱਖ-ਵੱਖ ਮੁਲਕਾਂ ਵਿਚ ਦਹਿ ਹਜ਼ਾਰਾਂ ਦੇ ਇਕੱਠ ਕਰਕੇ ਲੋਕਾਂ ਨੇ ਆਪੋ-ਆਪਣੀਆਂ ਸਰਕਾਰਾਂ ਦੀਆਂ ਲੋਟੂ ਨੀਤੀਆਂ ਖਿਲਾਫ ਆਵਾਜ਼ ਬੁਲੰਦ ਕੀਤੀ। ਚੈੱਕ ਗਣਰਾਜ ਦੀ ਰਾਜਧਾਨੀ ਪਰਾਗ ਵਿਚ ਯੂਰਪੀ ਯੂਨੀਅਨ, ਨਾਟੋ ਅਤੇ ਊਰਜਾ ਸੰਕਟ ਖਿਲਾਫ 70,000 ਤੋਂ ਵੱਧ ਲੋਕਾਂ ਦਾ ਮੁਜ਼ਾਹਰਾ ਹੋਇਆ ਤੇ ਲੋਕਾਂ ਨੇ ਮੰਗ ਕੀਤੀ ਕਿ ਯੂਕਰੇਨ ਜੰਗ ਵਿਚ ਉਨ੍ਹਾਂ ਦੀ ਸਰਕਾਰ ਆਪਣੀ ਭਾਈਵਾਲੀ ਬੰਦ ਕਰੇ। ਇਸੇ ਤਰ੍ਹਾਂ ਜਰਮਨੀ ਦੇ ਸ਼ਹਿਰਾਂ ਬਰਲਿਨ, ਫਰੈਂਕਫਰਟ, ਲੀਪਜ਼ਿਗ ਤੇ ਫਰਾਂਸ ਦੇ ਵੀ ਵੱਖ-ਵੱਖ ਸ਼ਹਿਰਾਂ ਵਿਚ ਵੱਡੇ ਮੁਜ਼ਾਹਰੇ ਹੋਏ ਹਨ। ਹੁਣ ਜਦੋਂ ਸਰਦੀ ਦੀ ਆਮਦ ਨੂੰ ਦੋ-ਢਾਈ ਮਹੀਨਿਆਂ ਦਾ ਸਮਾਂ ਰਹਿ ਗਿਆ ਹੈ ਤਾਂ ਇਨ੍ਹਾਂ ਮੁਜ਼ਾਹਰਿਆਂ ਦੀ ਗਿਣਤੀ ਤੇ ਘੇਰਾ ਹੋਰ ਵਸੀਹ ਹੋਣ ਦੀ ਪੂਰੀ ਆਸ ਹੈ।

ਯੂਰਪ ਦੇ ਆਮ ਲੋਕਾਂ ਵਿਚ ਵਧ ਰਹੀ ਇਹ ਬੇਚੈਨੀ ਇੱਕ ਝਲਕ ਮਾਤਰ ਹੈ। ਇਸ ਦੇ ਹੇਠਾਂ ਇਕੱਠਾ ਹੋ ਰਿਹਾ ਗੁਬਾਰ ਆਉਂਦੇ ਦਿਨਾਂ ਵਿਚ ਲਾਜ਼ਮੀ ਮੌਜੂਦਾ ਸਰਕਾਰਾਂ ਦੀ ਵਾਜਬੀਅਤ ਨੂੰ ਵੱਡੇ ਪੱਧਰ 'ਤੇ ਖੋਰਾ ਲਾਵੇਗਾ। ਆਖਰ ਜਿਹੜੀਆਂ ਸਰਕਾਰਾਂ ਡੇਢ-ਦੋ ਸਾਲ ਪਹਿਲਾਂ ਆਪਣੇ ਨਾਗਰਿਕਾਂ ਨੂੰ ਕਰੋਨਾ ਦਾ ਡਰਾਵਾ ਦੇ ਕੇ ਲੌਕਡਾਊਨ ਵਿਚ ਨਹੀਂ ਡੱਕ ਸਕੀਆਂ, ਹੁਣ ਉਹ ਇਨ੍ਹਾਂ ਹੀ ਲੋਕਾਂ ਨੂੰ ਇਹ ਗੱਲ ਕਿਵੇਂ ਜਚਾਉਣਗੀਆਂ ਕਿ ਅਜਿਹੀ ਜੰਗ ਲਈ ਉਨ੍ਹਾਂ ਦੀ ਕੁਰਬਾਨੀ ਦੀ ਲੋੜ ਹੈ ਜਿਹੜੀ ਉਨ੍ਹਾਂ ਦੀ ਆਪਣੀ ਵੀ ਨਹੀਂ। ਯੂਰਪ ਵਿਚ ਲੋਕਾਂ ਅੰਦਰ ਇਹ ਅਹਿਸਾਸ ਹੋਰ ਪੱਕਾ ਹੋ ਰਿਹਾ ਹੈ ਕਿ ਉਨ੍ਹਾਂ ਦੀਆਂ ਸਰਮਾਏਦਾਰੀ ਸਰਕਾਰਾਂ ਯੂਕਰੇਨ ਜੰਗ ਦਾ ਖਾਤਮਾ ਨਹੀਂ ਚਾਹੁੰਦੀਆਂ ਸਗੋਂ ਰੂਸ ਨਾਲ ਆਪਣੇ ਸਾਮਰਾਜੀ ਟਕਰਾਅ ਕਾਰਨ ਇਸ ਨੂੰ ਤੂਲ ਦੇਈ ਰੱਖਣਾ ਚਾਹੁੰਦੀਆਂ ਹਨ। ਇਸ ਸਭ ਲਈ ਉਨ੍ਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ।

ਆਪਣੇ ਲੋਕਾਂ ਦੀ ਬੁਰੀ ਹਾਲਤ ਦੇ ਬਾਵਜੂਦ ਪੱਛਮੀ ਸਾਮਰਾਜ ਯੂਕਰੇਨ ਜੰਗ ਦਾ ਕੋਈ ਹੱਲ ਕੱਢਣ ਦੇ ਰੌਂਅ ਵਿਚ ਨਹੀਂ ਹਨ। ਉਲਟਾ ਜੀ-7 ਮੁਲਕਾਂ ਨੇ ਰੂਸ 'ਤੇ ਨਵੀਆਂ ਬੰਦਸ਼ਾਂ ਤਹਿਤ ਹਰ ਉਸ ਜਹਾਜ਼ਰਾਨੀ ਕੰਪਨੀ ਨੂੰ ਬੀਮਾ ਸੇਵਾਵਾਂ ਦੇਣ 'ਤੇ ਰੋਕ ਲਾਉਣ ਦਾ ਫੈਸਲਾ ਕੀਤਾ ਹੈ ਜਿਹੜੀ ਤੈਅ ਕੀਮਤ ਤੋਂ ਉੱਪਰ ਰੂਸ ਤੋਂ ਤੇਲ, ਗੈਸ ਖਰੀਦ ਕੇ ਉਸ ਦੀ ਢੋਆ-ਢੁਆਈ ਕਰਦੀ ਹੈ। ਸੰਸਾਰ ਦੇ ਕੁੱਲ ਜਹਾਜ਼ਰਾਨੀ ਬੀਮਾ ਮੰਡੀ ਦਾ 90% ਹਿੱਸਾ ਜੀ-7 ਮੁਲਕਾਂ ਕੋਲ ਹੈ, ਇਹ ਲਈ ਇਹ ਸਾਮਰਾਜੀ ਧੜਾ ਚਾਹੁੰਦਾ ਹੈ ਕਿ ਇਸ ਕਦਮ ਰਾਹੀਂ ਰੂਸ ਦੀ ਤੇਲ, ਗੈਸ ਬਰਾਮਦ ਤੇ ਕਮਾਈ ਨੂੰ ਠੱਪ ਕੀਤਾ ਜਾ ਸਕੇ। ਇਸ ਦੇ ਵਿਰੋਧ ਵਿਚ ਰੂਸ ਦੀ ਤੇਲ ਕੰਪਨੀ ਗਾਜ਼ਪਰੌਮ ਨੇ ਯੂਰਪ ਨੂੰ ਤੇਲ, ਗੈਸ ਦੀ ਪੂਰਤੀ ਮੁਕੰਮਲ ਰੂਪ ਵਿਚ ਬੰਦ ਕਰਨ ਦਾ ਐਲਾਨ ਕਰ ਦਿੱਤਾ ਤੇ ਰੂਸ ਨੇ ਧਮਕੀ ਦਿੱਤੀ ਹੈ ਕਿ ਜੇ ਜੀ-7 ਦੇ ਨਵੇਂ ਕਦਮ ਅਮਲ ਵਿਚ ਆਉਂਦੇ ਹਨ ਤਾਂ ਪਹਿਲੋਂ ਹੋਏ ਸਮਝੌਤਿਆਂ ਨੂੰ ਵੀ ਰੱਦ ਕਰ ਦਿੱਤਾ ਜਾਵੇਗਾ। ਇਸ ਨਵੇਂ ਕਦਮ ਨਾਲ ਯੂਰਪ ਵਿਚ ਊਰਜਾ ਸੰਕਟ ਤੇ ਆਮ ਲੋਕਾਂ ਦੀ ਬਰਬਾਦੀ ਹੋਰ ਵਧੇਗੀ।

ਯੂਰਪੀ ਯੂਨੀਅਨ ਤੇ ਅਮਰੀਕੀ ਅਗਵਾਈ ਵਾਲੇ ਨਾਟੋ ਨੇ ਸਪੱਸ਼ਟ ਇਸ਼ਾਰਾ ਦੇ ਦਿੱਤਾ ਹੈ ਕਿ ਯੂਕਰੇਨ ਜੰਗ ਦੇ ਮਸਲੇ 'ਤੇ ਤਾਜ਼ਾ ਟਕਰਾਅ ਨੂੰ ਠੱਲਣ ਦਾ ਉਸ ਦਾ ਬਿਲਕੁਲ ਵੀ ਰੌਂਅ ਨਹੀਂ ਹੈ। ਨਾਟੋ ਸਕੱਤਰ ਜਨਰਲ ਜੈਂਸ ਸਟੌਲਟਨਬਰਗ ਨੇ ਇੱਕ ਲੇਖ ਵਿਚ ਸਪੱਸ਼ਟ ਮੰਨਿਆ ਕਿ ਨਾਟੋ ਇਸ ਜੰਗ ਦੀ ਤਿਆਰੀ ਸਾਲਾਂ ਤੋਂ ਕਰ ਰਿਹਾ ਸੀ ਤੇ ਇਹ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਰੂਸ ਨੂੰ ਆਰਥਿਕ ਤੇ ਸੈਨਿਕ ਤੌਰ 'ਤੇ ਤਬਾਹ ਕਰਕੇ ਆਪਣੇ ਦਬਦਬੇ ਵਿਚ ਨਹੀਂ ਕਰ ਲਿਆ ਜਾਂਦਾ।

ਉੱਧਰ ਰੂਸ 'ਤੇ ਬੰਦਸ਼ਾਂ ਕਾਰਨ ਉਸ ਨੂੰ ਬਿਜਲਈ ਪੁਰਜ਼ਿਆਂ ਵਗੈਰਾ ਦੀ ਘਾਟ ਕਾਰਨ ਕੁਝ ਦਿੱਕਤਾਂ ਜ਼ਰੂਰ ਆਈਆਂ ਹਨ, ਪਰ ਅਸਮਾਨੀਂ ਚੜ੍ਹੀਆਂ ਊਰਜਾ ਕੀਮਤਾਂ ਤੋਂ ਰੂਸ ਨੇ ਮੁਨਾਫਾ ਕਮਾਇਆ ਹੈ। ਦੂਸਰਾ ਯੂਰਪ ਨੂੰ ਘਟੀ ਪੂਰਤੀ ਨੂੰ ਰੂਸ ਨੇ ਚੀਨ, ਭਾਰਤ ਤੇ ਹੋਰਾਂ ਮੁਲਕਾਂ ਨੂੰ ਤੇਲ, ਗੈਸ ਵੇਚ ਕੇ ਪੂਰਾ ਕਰ ਲਿਆ ਹੈ। ਰੂਸ 'ਤੇ ਲਾਈਆਂ ਬੰਦਸ਼ਾਂ ਨੇ ਰੂਸ ਨੂੰ ਚੀਨ ਦੇ ਹੋਰ ਨੇੜੇ ਕਰ ਦਿੱਤਾ ਹੈ। ਰੂਸ-ਚੀਨ ਦਰਮਿਆਨ ਵਧਦੀ ਭਾਈਵਾਲੀ ਕਾਰਨ ਦੋਹਾਂ ਦਰਮਿਆਨ ਵਪਾਰ ਜਨਵਰੀ-ਅਗਸਤ 2022 ਦਰਮਿਆਨ 33% ਤੋਂ ਵੱਧ ਦੇ ਵਾਧੇ ਨਾਲ 117.2 ਅਰਬ ਡਾਲਰ ਨੂੰ ਪਹੁੰਚ ਗਿਆ। ਰੂਸ ਚੀਨ ਦਾ ਸਭ ਤੋਂ ਵੱਡਾ ਤੇਲ ਪੂਰਕ ਤੇ ਗੈਸ, ਕੋਲੇ ਤੇ ਖੇਤੀ ਉਤਪਾਦਾਂ ਦਾ ਵੱਡਾ ਸਰੋਤ ਹੈ।

ਸਪਸ਼ਟ ਹੈ ਕਿ ਇਨ੍ਹਾਂ ਦੋ ਸਾਮਰਾਜੀ ਧੜਿਆਂ ਦਾ ਆਪਸੀ ਟਕਰਾਅ ਅੱਜ ਜਿਸ ਪੜਾਅ 'ਤੇ ਪੁੱਜ ਚੁੱਕਾ ਹੈ ਇਸ ਦੇ ਠੰਢਾ ਪੈਣ ਦੀ ਸੰਭਾਵਨਾ ਕਾਫੀ ਘੱਟ ਹੈ। ਵੀਹਵੀਂ ਸਦੀ ਦਾ ਇਤਿਹਾਸ ਦੱਸਦਾ ਹੈ ਕਿ ਅਜਿਹੀਆਂ ਅੰਤਰ-ਸਾਮਰਾਜੀ ਜੰਗਾਂ ਦੀ ਕੀਮਤ ਹਮੇਸ਼ਾ ਘਰੇਲੂ ਮਜ਼ਦੂਰ ਜਮਾਤ ਨੇ ਚੁਕਾਈ ਹੈ। ਹੁਣ ਵੀ ਇੱਕ ਪਾਸੇ ਜੰਗਾਂ 'ਤੇ ਅਰਬਾਂ ਡਾਲਰ ਖਰਚੇ ਜਾ ਰਹੇ ਹਨ, ਆਮ ਲੋਕਾਂ ਦਾ ਕਤਲੇਆਮ ਤੇ ਹੋਰ ਮਾਲੀ ਤਬਾਹੀ ਹੋ ਰਹੀ ਹੈ; ਦੂਜੇ ਪਾਸੇ ਇਨ੍ਹਾਂ ਸਾਮਰਾਜੀ ਮੁਲਕਾਂ ਦੇ ਅੰਦਰ ਸਿੱਖਿਆ, ਸਿਹਤ, ਸੜਕਾਂ ਆਦਿ ਜਿਹਾ ਬੁਨਿਆਦੀ ਢਾਂਚਾ ਖਿੰਡ ਰਿਹਾ ਹੈ।

ਇਹੀ ਨਹੀਂ, ਇਸ ਟਕਰਾਅ ਕਾਰਨ ਸੰਸਾਰ ਅਰਥਚਾਰੇ ਦੇ ਹੋਣ ਵਾਲੇ ਨੁਕਸਾਨ ਦਾ ਅਸਰ ਪੂਰੀ ਦੁਨੀਆ 'ਤੇ ਪੈ ਰਿਹਾ ਹੈ। ਉਨ੍ਹਾਂ ਮੁਲਕਾਂ 'ਤੇ ਵੀ ਪੈ ਰਿਹਾ ਹੈ ਜਿਨ੍ਹਾਂ ਦਾ ਇਸ ਜੰਗ ਨਾਲ ਦੂਰ-ਦੂਰ ਦਾ ਵੀ ਵਾਸਤਾ ਨਹੀਂ। ਸੋ ਆਉਂਦੇ ਮਹੀਨੇ ਸੰਸਾਰ ਅਰਥਚਾਰੇ ਲਈ ਤੇ ਸੰਸਾਰ ਭਰ ਦੇ ਕਿਰਤੀ ਲੋਕਾਂ ਲਈ ਭਾਰੇ ਪੈਣ ਵਾਲੇ ਹਨ। ਜਿਸ ਤਰ੍ਹਾਂ ਯੂਰਪ ਵਿਚ ਆਮ ਲੋਕਾਂ ਨੇ ਇਸ ਜੰਗ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਹੈ ਆਸ ਹੈ ਕਿ ਮਹਿੰਗਾਈ ਤੇ ਜੰਗਵਾਦ ਖਿਲਾਫ ਇਹ ਵਿਰੋਧ ਹੋਰ ਵੱਡੇ ਤੇ ਵਿਆਪਕ ਰੂਪ ਵਿਚ ਫੈਲੇਗਾ।

---

# ਲੋਕ ਸਭਾ ਚੋਣਾਂ 2024 ਲਈ ਚੜ੍ਹਨ ਲੱਗਾ ਸਿਆਸੀ ਪਾਰਾ

**ਕਲਿਆਣੀ ਸ਼ੰਕਰ**

ਭਾਰਤ 'ਚ ਰਾਜਨੀਤਕ ਪਾਰਟੀਆਂ ਨੇ ਹੁਣ ਤੋਂ ਹੀ 2024 ਦੀਆਂ ਲੋਕ ਸਭਾ ਚੋਣਾਂ ਲਈ ਅਗਾਮੀ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਅਤੇ ਵਿਰੋਧੀ ਧਿਰ ਆਪੋ-ਆਪਣੀਆਂ ਤਿਆਰੀਆਂ ਨਾਲ ਇਕ-ਦੂਜੇ ਨੂੰ ਪਛਾੜਨ ਦੀ ਦੌੜ 'ਚ ਲੱਗੀਆਂ ਹਨ। ਉਹ ਮੌਜੂਦਾ ਰਾਜਨੀਤਕ ਮਾਹੌਲ ਅਨੁਸਾਰ ਆਪੋ-ਆਪਣੀ ਰਣਨੀਤੀ ਬਣਾ ਰਹੇ ਹਨ। 2024 'ਚ ਭਾਰਤ ਦੀਆਂ ਅਗਲੀਆਂ ਆਮ ਚੋਣਾਂ ਲਈ ਮੰਚ ਤਿਆਰ ਹੈ।

ਸਮਾਂਤਰ ਆਧਾਰ 'ਤੇ ਖੇਤਰੀ ਦਲ ਭਾਜਪਾ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਸੱਤਾਧਾਰੀ ਭਾਜਪਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ 'ਹੈਟ੍ਰਿਕ' ਲਗਾਉਣ (ਤੀਸਰੀ ਵਾਰ ਜਿਤਾਉਣ) ਦੀ ਯੋਜਨਾ ਬਣਾ ਰਹੀ ਹੈ, ਜਦੋਂ ਕਿ ਵਿਰੋਧੀ ਧਿਰ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ 2024 'ਚ 350 ਤੋਂ ਵੱਧ ਸੀਟਾਂ ਜਿੱਤਣ ਦੇ ਟੀਚੇ ਦੀ ਗੱਲ ਕਰ ਰਹੀ ਹੈ, ਜਦੋਂ ਕਿ ਨਿਤੀਸ਼ ਕੁਮਾਰ ਅਤੇ ਮਮਤਾ ਸਾਰੇ ਵਿਰੋਧੀ ਦਲਾਂ ਨੂੰ ਇਕਜੁੱਟ ਕਰਕੇ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਹਰਾਉਣ ਲਈ ਆਸਵੰਦ ਹਨ।

ਵਿਰੋਧੀ ਧਿਰ ਏਕਤਾ ਦੇ ਸੁਪਨਾ ਤਾਂ ਦੇਖਦੀ ਹੈ ਪਰ ਉਸ ਨੂੰ ਇਕ ਫ਼ੈਸਲਾਕੁਨ ਨੁਕਸਾਨ ਹੁੰਦਾ ਹੈ ਕਿਉਂਕਿ ਉਹ ਅਜੇ ਵੀ ਮੋਦੀ ਨੂੰ ਚੁਣੌਤੀ ਦੇਣ ਵਾਲੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨੇਤਾ ਦੀ ਭਾਲ 'ਚ ਹੈ। ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦੀ ਇਹ ਕਮੀ ਵਿਰੋਧੀ ਦਲ ਨੂੰ ਪ੍ਰੇਸ਼ਾਨ ਕਰ ਸਕਦੀ ਹੈ ਜਦੋਂ ਕਿ ਭਾਜਪਾ ਮੋਦੀ ਬਨਾਮ ਕੌਣ ਦੇ ਸਵਾਲ 'ਤੇ ਸਿਆਸੀ ਖੇਡ, ਖੇਡ ਸਕਦੀ ਹੈ।

ਪੱਛਮੀ ਬੰਗਾਲ 'ਚ ਮਮਤਾ ਬੈਨਰਜੀ, ਬਿਹਾਰ 'ਚ ਨਿਤੀਸ਼ ਕੁਮਾਰ, ਦੱਖਣ 'ਚ ਕੇ. ਚੰਦਰਸ਼ੇਖਰ ਰਾਓ, ਐਮ.ਕੇ. ਸਟਾਲਿਨ ਅਤੇ ਉੱਤਰ 'ਚ ਅਰਵਿੰਦ ਕੇਜਰੀਵਾਲ ਦੇ ਨਾਲ, ਭਾਜਪਾ ਨੂੰ ਕਈ ਖੇਤਰਾਂ 'ਚੋਂ ਦੁਵੱਲੇ ਮੁਕਾਬਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਿਰੋਧੀਆਂ ਦੇ ਗੜ੍ਹ 'ਚ 200 ਤੋਂ ਵੱਧ ਸੀਟਾਂ ਹਨ। ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ 'ਚ ਇਸ ਸਾਲ ਦੇ ਅਖੀਰ 'ਚ ਚੋਣ ਹੋਵੇਗੀ ਅਤੇ ਅਗਲੇ ਸਾਲ ਛੇ ਪ੍ਰਮੁੱਖ ਰਾਜਾਂ ਕਰਨਾਟਕ, ਤ੍ਰਿਪੁਰਾ, ਤਿਲੰਗਾਨਾ, ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਖੇ ਵੋਟਾਂ ਪੈਣਗੀਆਂ।

ਭਾਜਪਾ ਨੇ ਹੁਣ ਦੱਖਣੀ ਰਾਜਾਂ ਜਿੱਥੇ ਲੋਕ ਸਭਾ ਦੀਆਂ ਕੁੱਲ 129 ਸੀਟਾਂ ਹਨ, 'ਤੇ ਜਿੱਤ ਹਾਸਲ ਕਰਨੀ ਹੈ। ਜਿੱਥੇ ਆਮ ਆਦਮੀ ਪਾਰਟੀ ਦੇ ਕਨਵੀਨਰ ਕੇਜਰੀਵਾਲ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨੂੰ ਨਿਸ਼ਾਨੇ 'ਤੇ ਲੈਂਦੇ ਹਨ, ਉੱਥੇ ਹੋਰ ਦੂਜੇ ਆਗੂ ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਮੁੱਦਿਆਂ 'ਤੇ ਭਾਜਪਾ ਨੂੰ ਘੇਰਨ ਦੀ ਯੋਜਨਾ ਬਣਾ ਰਹੇ ਹਨ।

ਦੂਜਾ, ਸਹੀ ਜਾਂ ਗ਼ਲਤ, ਭਾਜਪਾ ਆਪਣੀ ਵਿਚਾਰਧਾਰਾ ਬਾਰੇ ਸਪੱਸ਼ਟ ਹੈ, ਇਕ ਮੰਤਰ ਮੁਗਧ ਕਥਾ ਅਤੇ ਚੋਣ ਦੀ ਤਿਆਰੀ ਦੇ ਨਾਲ ਅਤੇ ਉਸ ਕੋਲ ਸਰਗਰਮ ਕਾਰਕੁਨ ਵੀ ਹਨ ਅਤੇ ਚੋਣ ਲੜਨ ਲਈ ਕਾਫੀ ਧਨ ਵੀ। ਮੋਦੀ ਕੋਲ ਸਰਕਾਰੀ ਮਸ਼ੀਨਰੀ ਹੈ ਅਤੇ ਦਿਖਾਉਣ ਲਈ ਲੋਕ ਭਲਾਈ ਯੋਜਨਾਵਾਂ ਵੀ ਹਨ ਪਰ ਉੱਥੇ ਹੀ ਖੇਤਰੀ ਆਗੂ ਆਪਣੇ ਰਾਜਾਂ 'ਚ ਕਾਫੀ ਮਜ਼ਬੂਤ ਹਨ।

ਮੋਦੀ ਨੇ ਨਾ ਸਿਰਫ਼ ਆਪਣੇ ਗੱਠਜੋੜ ਨੂੰ ਇਕੱਠਾ ਰੱਖਿਆ ਹੈ ਸਗੋਂ ਆਲੋਚਨਾਵਾਂ ਦੇ ਬਾਵਜੂਦ, ਹੋਰ ਕਈ ਦਲਾਂ ਨੂੰ ਵੀ ਤੋੜ ਦਿੱਤਾ ਹੈ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਭਾਜਪਾ 'ਚ ਸ਼ਾਮਿਲ ਵੀ ਕਰ ਲਿਆ ਹੈ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਰਾਮ ਮੰਦਰ, ਕਸ਼ਮੀਰ 'ਚ ਧਾਰਾ 370 ਨੂੰ ਹਟਾਉਣ ਅਤੇ ਤਿੰਨ ਤਲਾਕ ਜਿਹੇ ਸੰਘ ਪਰਿਵਾਰ ਦੇ ਮੁੱਖ ਏਜੰਡੇ ਨੂੰ ਵੀ ਪੂਰਾ ਕੀਤਾ ਹੈ। ਉਹ ਜਲਦ ਹੀ ਸਮਾਨ ਨਾਗਰਿਕ ਜ਼ਾਬਤਾ ਦਾ ਮੁੱਦਾ ਵੀ ਉਠਾ ਸਕਦੇ ਹਨ। ਇਸ ਸਭ ਨਾਲ ਉਹ ਆਪਣੇ ਵਚਨਬੱਧ ਵੋਟਰਾਂ ਨੂੰ ਆਪਣੇ ਨਾਲ ਜੋੜੀ ਰੱਖਣਗੇ।

ਹਾਲਾਂਕਿ ਥੋੜ੍ਹਾ ਚਿਰ ਪਹਿਲਾਂ ਹੀ ਭਾਜਪਾ ਸੰਸਦੀ ਬੋਰਡ 'ਚ ਫੇਰਬਦਲ ਅਤੇ ਪਿਛਲੇ ਮਹੀਨੇ ਬਿਹਾਰ 'ਚ ਜਨਤਾ ਦਲ (ਯੂ.) ਦੇ ਐਨ.ਡੀ.ਏ. ਗੱਠਜੋੜ 'ਚੋਂ ਬਾਹਰ ਨਿਕਲਣ ਨਾਲ ਭਾਜਪਾ ਦੇ ਅੰਦਰ ਕੁਝ ਅਸ਼ਾਂਤੀ ਪੈਦਾ ਹੋ ਗਈ ਹੈ। ਫਿਰ ਵੀ, ਨੇਤਾ ਸੰਕਟ 'ਚ ਜ਼ਰੂਰੀ ਸੁਧਾਰ ਕਰਨ ਦੀ ਭਾਜਪਾ ਦੀ ਸਮਰੱਥਾ 'ਤੇ ਭਰੋਸਾ ਕਰਦੇ ਹਨ। ਭਾਜਪਾ ਨੂੰ ਕੁਝ ਹੋਰ ਸਹਿਯੋਗੀ ਦਲਾਂ ਦੀ ਵੀ ਜ਼ਰੂਰਤ ਹੈ।

ਪਾਰਟੀ ਨੇ ਆਮ ਚੋਣਾਂ ਲਈ ਹਮਲਾਵਰ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਸ ਨੇ ਹਾਲ ਹੀ 'ਚ ਦਿੱਲੀ 'ਚ 144 ਲੋਕ ਸਭਾ ਚੋਣ ਹਲਕਿਆਂ ਜਿੱਥੇ ਭਾਜਪਾ ਕਮਜ਼ੋਰ ਹੈ, 'ਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਇਕ ਖਾਕਾ ਤਿਆਰ ਕਰਨ ਲਈ ਇਕ ਬੈਠਕ ਕੀਤੀ। ਪਾਰਟੀ ਨੇ ਉਨ੍ਹਾਂ 70 ਲੋਕ ਸਭਾ ਸੀਟਾਂ 'ਤੇ ਵੀ ਧਿਆਨ ਰੱਖਣ ਦਾ ਪ੍ਰਸਤਾਵ ਰੱਖਿਆ ਹੈ, ਜੋ ਉਸ ਨੇ ਕਦੇ ਨਹੀਂ ਜਿੱਤੀਆਂ।

ਦੂਜੇ ਪਾਸੇ, ਵਿਰੋਧੀ ਦਲਾਂ 'ਚ ਤਾਲਮੇਲ ਨਹੀਂ ਹੈ ਅਤੇ ਵੱਖ-ਵੱਖ ਵਿਚਾਰਧਾਰਾਵਾਂ ਦਾ ਮਿਸ਼ਰਨ ਹੈ। ਉਨ੍ਹਾਂ ਸਾਰਿਆਂ ਨੂੰ ਇਕ-ਦੂਜੇ ਨੂੰ ਲਾਭ ਦੇਣ ਅਤੇ ਇਕ-ਦੂਜੇ ਤੋਂ ਲਾਭ ਲੈਣ ਦੀ ਮੁਦਰਾ ਅਪਣਾਉਣੀ ਚਾਹੀਦੀ ਹੈ। ਜਿੱਥੇ ਖੇਤਰੀ ਨੇਤਾਵਾਂ ਨੇ ਆਪੋ-ਆਪਣੇ ਰਾਜਾਂ 'ਚ ਚੰਗਾ ਪ੍ਰਦਰਸ਼ਨ ਕੀਤਾ ਹੈ, ਉੱਥੇ ਬਿਨਾ ਜ਼ਰੂਰਤ ਹੀ ਸਾਰਿਆਂ ਨੂੰ ਭਾਗੀਦਾਰਾਂ ਲਈ ਜ਼ਰੂਰੀ ਘੱਟੋ-ਘੱਟ ਸਾਂਝਾ ਪ੍ਰੋਗਰਾਮ ਤਿਆਰ ਕਰਨਾ ਚਾਹੀਦਾ ਹੈ।

ਦੇਵਗੌੜਾ, ਲਾਲੂ ਯਾਦਵ, ਨਿਤੀਸ਼ ਕੁਮਾਰ, ਅਖਿਲੇਸ਼ ਯਾਦਵ ਅਤੇ ਓਮ ਪ੍ਰਕਾਸ਼ ਚੌਟਾਲਾ ਸਾਬਕਾ ਜਨਤਾ ਦਲ ਨੂੰ ਇਕਜੁੱਟ ਕਰਨ ਲਈ ਸਹਿਯੋਗ ਕਰ ਸਕਦੇ ਹਨ। ਕਾਂਗਰਸ ਦੇ ਨਾਲ, ਉਹ ਹਰਿਆਣਾ, ਕਰਨਾਟਕ, ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਰਗੇ ਬਹੁ-ਦਲੀ ਰਾਜਾਂ 'ਚ ਮਜ਼ਬੂਤ ਹੋ ਸਕਦੇ ਹਨ; ਮਤਲਬ ਕਰੀਬ 200 ਲੋਕ ਸਭਾ ਸੀਟਾਂ 'ਤੇ। ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਜੇ ਹਲਚਲ ਕਰਦੀ ਹੈ ਤਾਂ ਇਸ ਨਾਲ ਕਾਂਗਰਸ ਨੂੰ ਮਦਦ ਮਿਲ ਸਕਦੀ ਹੈ।

ਉੱਤਰ ਪ੍ਰਦੇਸ਼ 'ਚ ਠੋਸ ਖੇਤਰੀ ਪਾਰਟੀ ਸਮਾਜਵਾਦੀ ਪਾਰਟੀ ਆਪਣੇ ਸੰਗਠਨਾਤਮਿਕ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਪਾਰਟੀ ਮੁਖੀ ਅਖਿਲੇਸ਼ ਯਾਦਵ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਉਹ ਕਾਂਗਰਸ ਜਾਂ ਬਸਪਾ ਨਾਲ ਗੱਠਜੋੜ ਕਰਨ ਦੀ ਯੋਜਨਾ ਨਹੀਂ ਬਣਾ ਰਹੇ ਸਗੋਂ ਰਾਸ਼ਟਰੀ ਲੋਕ ਦਲ ਜਿਹੇ ਛੋਟੇ ਦਲਾਂ ਦੇ ਨਾਲ ਬਣੇ ਰਹਿਣਗੇ। ਉੱਥੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਭਾਜਪਾ ਲਈ 80 'ਚੋਂ 75 ਸੀਟਾਂ ਜਿੱਤਣ ਦਾ ਟੀਚਾ ਮਿੱਥਿਆ ਹੈ।

ਬਸਪਾ ਨੇ ਪਹਿਲੇ ਪੜਾਅ ਦੇ ਰੂਪ 'ਚ ਹਰ ਵਿਧਾਨ ਸਭਾ ਖੇਤਰ 'ਚ 75000 ਮੈਂਬਰ ਬਣਾਉਣ ਦੇ ਟੀਚੇ ਨਾਲ ਵੱਡੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਹੈ। ਬਸਪਾ ਮੁਖੀ ਮਾਇਆਵਤੀ ਪਿਛਲੇ ਇਕ ਦਹਾਕੇ ਤੋਂ ਹਾਰ ਤੋਂ ਬਾਅਦ ਹਾਰ ਦਾ ਸਾਹਮਣਾ ਕਰ ਰਹੀ ਹੈ ਪਰ ਉਸ ਕੋਲ ਅਜੇ ਵੀ ਮਜ਼ਬੂਤ ਦਲਿਤ ਵੋਟ ਬੈਂਕ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ.ਐਸ. ਜਗਨ ਮੋਹਨ ਰੈੱਡੀ ਨੇ ਆਪਣੇ ਵਿਧਾਇਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜਾਂ ਤਾਂ ਕੰਮ ਕਰੋ ਜਾਂ ਰਾਜਨੀਤਕ ਜੀਵਨ ਤੋਂ ਸੰਨਿਆਸ ਲੈ ਲਓ। ਉਨ੍ਹਾਂ ਆਪਣੇ ਵਿਧਾਇਕਾਂ ਦੇ ਨਾਲ ਲੋਕਾਂ ਦੇ ਘਰ-ਘਰ ਦੌਰਾ ਵੀ ਸ਼ੁਰੂ ਕਰ ਦਿੱਤਾ ਹੈ। ਤਿਲੰਗਾਨਾ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਨੇ ਭਾਰਤ ਰਾਸ਼ਟਰ ਸਮਿਤੀ ਨਾਂ ਦੀ ਨਵੀਂ ਕੌਮੀ ਪਾਰਟੀ ਬਣਾਈ ਹੈ ਅਤੇ ਉਹ ਕੌਮੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮੋਦੀ ਦੇ ਪਿੱਛੇ ਦਸ ਸਾਲਾਂ ਦੀ ਸੱਤਾ ਵਿਰੋਧੀ ਲਹਿਰ ਹੋਵੇਗੀ ਪਰ ਭਾਜਪਾ ਮੋਦੀ ਦੇ ਜਾਦੂ 'ਤੇ ਨਿਰਭਰ ਹੈ। ਉਂਝ ਕਈ ਸਵਾਲ ਹਨ, ਜਿਵੇਂ: ਕੀ ਮੋਦੀ ਹੈਟ੍ਰਿਕ ਲਗਾਉਣਗੇ? ਕੀ ਵਿਰੋਧੀ ਧਿਰ ਇਕਜੁੱਟ ਹੋਵੇਗੀ? ਕੀ ਰਾਹੁਲ ਇਕ ਸਫਲ ਚੁਣੌਤੀ ਦੇਣ ਵਾਲੇ ਨੇਤਾ ਬਣ ਕੇ ਉਭਰਨਗੇ? ਪਹਿਲੀ ਵਾਰ ਵੋਟਰ ਬਣੇ ਨੌਜਵਾਨ ਕਿਸ ਨੂੰ ਪਸੰਦ ਕਰਨਗੇ? ਰਾਜਨੀਤੀ 'ਚ ਇਕ ਹਫਤਾ ਵੀ ਲੰਮਾ ਦੱਸਿਆ ਜਾਂਦਾ ਹੈ। 2024 ਦੀਆਂ ਚੋਣਾਂ ਤੋਂ ਪਹਿਲਾਂ ਸਾਡੇ ਕੋਲ 18 ਮਹੀਨੇ ਹਨ। ਚੋਣਾਂ ਕੋਲ ਆਉਂਦਿਆਂ ਹੀ ਤਸਵੀਰ ਸਾਫ਼ ਹੋ ਜਾਵੇਗੀ। ਤਦ ਤੱਕ ਰਾਜਨੀਤੀ ਪੰਡਿਤ ਹਨੇਰੇ 'ਚ ਸੀਟੀ ਵਜਾ ਰਹੇ ਹਨ।

# ਪੁਰਖਿਆਂ ਦੇ ਦੇਸ਼ 'ਚ: ਵਾਹਗੇ ਦੀ ਲੀਕ ਟੱਪਦਿਆਂ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਚਿਰਾਂ ਦੀ ਤਾਂਘ ਸੀ ਕਿ ਪੁਰਖ਼ਿਆਂ ਦੇ ਦੇਸ਼ ਪਾਕਿਸਤਾਨ ਜਾਵਾਂ। ਦੇਸ਼ ਜੋ ਮੇਰੇ ਆਪਣਿਆਂ ਦਾ ਹੈ, ਆਪਣਾ ਹੀ ਹਿੱਸਾ ਜਿਸ ਨਾਲੋਂ ਟੁੱਟਣ ਦੀ ਚੀਸ ਮੇਰੇ ਪੁਰਖ਼ੇ ਆਖ਼ਰੀ ਸਾਹ ਤੀਕ ਹੰਢਾਉਂਦੇ ਰਹੇ। ਦੇਸ਼ ਜਿਸ ਵਿਚ ਉਨ੍ਹਾਂ ਦੀਆਂ ਉਮਰ ਭਰ ਦੀਆਂ ਸਾਂਝਾਂ ਸਨ, ਜਿਸ ਵਿਚ ਉਨ੍ਹਾਂ ਸੁਪਨੇ ਵੀ ਲਏ ਅਤੇ ਇਨ੍ਹਾਂ ਨੂੰ ਪੂਰਨ ਦੇ ਰਾਹ ਵੀ ਤੁੱਰੇ। ਪਰ ਸਮੇਂ ਦੇ ਹਾਕਮਾਂ ਨੇ ਉਨ੍ਹਾਂ ਦੇ ਸੁਪਨਿਆਂ ਦੀਆਂ ਕਿੱਚਰਾਂ ਉਨ੍ਹਾਂ ਦੇ ਰਾਹਾਂ ਵਿਚ ਵਿਛਾ ਦਿਤੀਆਂ ਅਤੇ ਉਹ ਲਹੂ-ਲੁਹਾਣ ਹੋਏ ਪੈਰਾਂ ਨਾਲ, ਜੀਵਨ ਦਾ ਰਹਿੰਦਾ ਸਫ਼ਰ ਪੂਰਾ ਕਰਨ ਲਈ ਮਰਨ ਵਿਚੋਂ ਜਿਉਣ ਦਾ ਆਹਰ ਕਰਦੇ ਰਹੇ।

ਗਰਮੀਆਂ ਵਿਚ ਤਿੰਨ ਸਾਲ ਬਾਅਦ ਪੰਜਾਬ ਆਇਆ ਤਾਂ ਮਨ ਵਿਚ ਇਹ ਧਾਰ ਕੇ ਆਇਆ ਸੀ ਕਿ ਇਸ ਵਾਰ ਪਾਕਿਸਤਾਨ ਵਿਚਲੇ ਗੁਰੂਘਰਾਂ ਦੇ ਦਰਸ਼ਨ ਵੀ ਕਰਨੇ ਆ, ਲਾਹੌਰ ਵੀ ਦੇਖਣਾ ਅਤੇ ਆਪਣੇ ਬਜ਼ੁਰਗਾਂ ਦੀਆਂ ਉਨ੍ਹਾਂ ਨਿਸ਼ਾਨੀਆਂ ਨੂੰ ਵੀ ਲਾਹੌਰ ਵਿਚ ਗਹੁ ਨਾਲ ਨਿਹਾਰਨਾ ਏ, ਜਿਨ੍ਹਾਂ ਦਾ ਜਿੱਕਰ ਅਕਸਰ ਹੀ ਗੱਲ-ਕੱਥ ਵਿਚ ਕਰਿਆ ਕਰਦੇ ਸਨ। ਅੰਬਰਸਰ ਤੇ ਲਾਹੌਰ ਉਨ੍ਹਾਂ ਦੀ ਰੂਹ ਦੇ ਬਹੁਤ ਕਰੀਬ ਸਨ ਅਤੇ ਇਨ੍ਹਾਂ ਦੀ ਜ਼ਿਆਰਤ ਲਈ ਉਹ ਮੌਕੇ ਦੀ ਭਾਲ ਵਿਚ ਰਹਿੰਦੇ ਸਨ।

ਜੁਲਾਈ ਦਾ ਆਖਰੀ ਹਫ਼ਤਾ। ਅੰਮ੍ਰਿਤਸਰ ਨੂੰ ਲੰਘ ਕੇ ਵਾਹਗਾ ਬਾਰਡਰ ਨੂੰ ਜਾ ਰਹੀ ਕਾਰ। ਜਾਂਦਾ ਸੋਚ ਰਿਹਾ ਸਾਂ ਕਿ ਇਸ ਸੜਕ ਤੇ ਮੇਰੇ ਸਹੁਰਾ ਸਾਹਿਬ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਿਆਂ ਲਾਹੌਰ ਨੂੰ ਜਾਣ ਲਈ ਕਈ ਵਾਰ ਸਾਈਕਲ ਤੇ ਸਫ਼ਰ ਕੀਤਾ ਹੋਵੇਗਾ ਅਤੇ ਉਨ੍ਹਾਂ ਲਈ ਇਹ ਰਾਹ ਬਹੁਤ ਜਾਣੇ-ਪਛਾਣੇ ਸਨ। ਪਰ ਇਸ ਰਾਹ 'ਤੇ ਤੁੱਰਨਾ ਉਨ੍ਹਾਂ ਨੂੰ ਕਦੇ ਵੀ ਨਸੀਬ ਨਾ ਹੋਇਆ ਜਿਸ ਦਿਨ ਤੋਂ ਵਾਹਗੇ ਦੀ ਲੀਕ ਨੇ ਘੁੱਗ ਵੱਸਦੇ ਪੰਜਾਬ ਨੂੰ ਦੋਫਾੜ ਕਰ ਦਿਤਾ। ਉਨ੍ਹਾਂ ਦੇ ਮਨ ਵਿਚ ਬਹੁਤ ਚਾਹਨਾ ਸੀ ਕਿ ਇਨ੍ਹਾਂ ਰੁੱਸੇ ਰਾਹਾਂ ਨੂੰ ਮਨਾ ਕੇ, ਫਿਰ ਪੁਰਾਣੇ ਰਾਹਾਂ, ਥਾਵਾਂ, ਗਰਾਵਾਂ, ਯਾਰਾਂ-ਬੇਲੀਆਂ ਅਤੇ ਸੰਗੀ-ਸਾਥੀਆਂ ਦੀ ਨੇੜਤਾ ਮਾਣੀ ਜਾਵੇ। ਪਰ ਕਦ ਮਿੱਟਦੀਆਂ ਨੇ ਇਹ ਲਕੀਰਾਂ? ਇਸ ਲਕੀਰ ਨੇ ਸਿਰਫ਼ ਦਰਦ ਹੀ ਦਿੱਤੇ ਅਤੇ ਦਰਦਾਂ 'ਚੋਂ ਉਗੇ ਹੋਏ ਗੀਤ ਅੱਜ ਤੀਕ ਵੀ ਪੰਜਾਬ ਦੀ ਫਿਜ਼ਾ ਵਿਚ ਸੋਗ ਧਰ ਰਹੇ ਨੇ।

ਵਾਹਗਾ ਬਾਰਡਰ 'ਤੇ ਪਹੁੰਚਦਾ ਹਾਂ। ਉਚੀਆਂ ਲੰਮੀਆਂ ਵਲਗਣਾਂ ਅਤੇ ਲੋਹੇ ਦੇ ਵੱਡੇ ਵੱਡੇ ਗੇਟ। ਵਿਚਕਾਰ ਢਾਈ ਕੁ ਗਜ਼ ਚੌੜੀ ਪੱਟੀ। ਇਹ ਪੱਟੀ ਹੀ ਜਾਣ ਵਾਲੇ ਰਾਹੀਆਂ ਦੇ ਮੁਬਾਰਕ ਕਦਮਾਂ ਨੂੰ ਚੁੰਮਦੀ ਹੈ। ਇਸਨੂੰ ਅਥਾਹ ਖੁਸ਼ੀ ਹੁੰਦੀ ਹੈ ਕਿ ਕੋਈ ਤਾਂ ਹੈ ਜਿਹੜਾ ਦੋਹੀਂ ਪਾਸੀਂ ਵੱਸਦੇ ਆਪਣੇ ਪਿਆਰਿਆਂ ਦੀ ਮਿਲਣ-ਤੜਪ ਨੂੰ ਘਟਾਉਣ ਲਈ ਚਾਅ ਨਾਲ ਭਰਿਆ ਮੇਰੀ ਛੋਹ ਮਾਣਦਾ ਹੈ। ਇਹ ਨਿੱਕੀ ਜਹੀ ਭੌਂਏਂ ਹੀ ਉਨ੍ਹਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਦਾ ਸੱਭ ਤੋਂ ਵੱਡਾ ਸਬੱਬ ਅਤੇ ਵਸੀਲਾ।

ਦੋਹਾਂ ਗੇਟਾਂ ਦੇ ਦਰਮਿਆਨ ਇਸ ਨਿੱਕੇ ਜਹੇ ਜ਼ਮੀਂ ਦੇ ਟੁੱਕੜੇ ਨੂੰ ਯਾਦ ਹੈ ਜਦ ਇਸਦੀ ਹਿੱਕੜੀ ਤੇ ਲੀਕ ਵਾਹੀ ਗਈ ਤਾਂ ਇਸਦਾ ਕਲੇਜਾ ਫੱਟ ਗਿਆ ਸੀ। ਇਸਨੇ ਆਪਣੇ ਪਿੰਡੇ ਤੇ ਲਾਸ਼ਾਂ ਦੇ ਕਾਫ਼ਲਿਆਂ ਨੂੰ ਲੰਘਦਿਆਂ ਤੱਕਿਆ, ਸਿਰਾਂ ਦੇ ਸਾਈਂ ਗਵਾ ਆਈਆਂ ਮਾਵਾਂ ਦੇ ਕੀਰਨੇ ਸੁਣੇ, ਆਪਣੀ ਇੱਜਤ ਬਚਾਉਣ ਲਈ ਖੂਹਾਂ 'ਚ ਡੁੱਬ ਮੋਈਆਂ ਜਾਂ ਆਪਣਿਆਂ ਵਲੋਂ ਮਾਰ-ਮੁਕਾਈਆਂ ਧੀਆਂ ਦੀ ਮੂਕ ਵੇਦਨਾ ਸੁਣੀ, ਬਾਪ ਦੀਆਂ ਰੁੱਲਦੀ ਪੱਗ ਦੀਆਂ ਲੀਰਾਂ ਨੂੰ ਕਿੱਕਰ ਤੇ ਟੰਗੀਆਂ ਨੂੰ ਦੇਖਿਆ ਅਤੇ ਲਹੂ-ਰੱਤੀਆਂ ਕਿਰਪਾਨਾਂ, ਤ੍ਰਿਸੂਲਾਂ ਤੇ ਨੇਜਿਆਂ ਦੀ ਕਰੂਰਤਾ ਵੀ ਦੇਖੀ। ਅਜੇਹੇ ਮਾਰੂ ਵਕਤਾਂ ਵਿਚ ਕੁਝ ਕਰਮਯੋਗੀਆਂ ਨੂੰ ਅਛੋਪਲੇ ਜਹੇ ਦੇਖਿਆ ਜਿਹੜੇ ਮਰ ਗਈ ਮਨੁੱਖਤਾ ਦਾ ਮਰਸੀਆ ਹੋਠਾਂ ਤੇ ਟਿਕਾ, ਭਲਿਆਈ ਤੇ ਬੰਦਿਆਈ ਦਾ ਸ਼ਬਦਨਾਮਾ ਬਣੇ। ਇੱਜ਼ਤਾਂ ਦੇ ਰੱਖਵਾਲੇ ਬਣੇ। ਉਨ੍ਹਾਂ ਨੇ ਬੇਗਾਨੇ ਹੋ ਗਏ ਆਪਣਿਆਂ ਨੂੰ ਗੱਲ਼ ਨਾਲ ਲਾਇਆ, ਧਾੜਵੀਆਂ ਤੋਂ ਬਚਾਇਆ ਅਤੇ ਮਾਨਵਤਾ ਨੂੰ ਜਿਊਂਦਾ ਰੱਖਣ ਲਈ ਆਪਣੀ ਜਾਨ ਦੀ ਵੀ ਪ੍ਰਵਾਹ ਨਾ ਕੀਤੀ। ਉਨ੍ਹਾਂ ਨੂੰ ਪਤਾ ਸੀ ਕਿ ਸਾਡੀਆਂ ਸ਼ਰਮਸ਼ਾਰੀਆਂ ਕਾਰਨ ਸਾਡੀਆਂ ਨਸਲਾਂ ਨੇ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਾ। ਫਿਰ ਤਵਾਰੀਖ਼ ਨੇ ਕਦੇ ਵੀ ਸਾਡੇ ਹੱਕ ਵਿਚ ਹਉਕਾ ਨਹੀਂ ਭਰਨਾ।

ਜਮੀਂ ਦੇ ਇਸ ਨਿੱਕੇ ਜਹੇ ਟੋਟੇ ਦੇ ਚੇਤਿਆਂ ਵਿਚ ਤਾਜ਼ਾ ਹੈ ਕਿ ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਚ ਪੜ੍ਹਦੇ ਵਿਦਿਆਰਥੀ ਅਕਸਰ ਹੀ ਕਈ ਵਾਰ ਖਾਣਾ ਖਾਣ ਲਾਹੌਰ ਆ ਜਾਂਦੇ। ਆਪਣੇ ਸਾਥੀਆਂ ਨਾਲ ਰਾਤ ਗੁਜ਼ਾਰ, ਸਵੇਰੇ ਕਾਲਜ਼ ਦੇ ਟਾਈਮ ਵਾਪਸ ਪਰਤ ਜਾਂਦੇ। ਬੀਤੇ ਦੀਆਂ ਇਹ ਸੁਖਨ ਯਾਦਾਂ ਥੋੜ੍ਹਚਿਰੀਆਂ ਹੀ ਹੁੰਦੀਆਂ, ਕਿਉਂਕਿ ਜਲਦੀ ਹੀ ਇਸਦੇ ਕੰਨਾਂ ਵਿਚ ਮਾਸੂਮਾਂ ਦੀਆਂ ਲੇਰਾਂ ਸੁਣਾਈ ਦਿੰਦੀਆਂ। ਆਪਣੇ ਕੰਨਾਂ ਤੇ ਹੱਥ ਰੱਖ, ਤੋਬਾ ਕਰਦੀ ਕਿ ਹਿੱਚਕੀਆਂ, ਲੇਰਾਂ ਅਤੇ ਹੁੱਬਕੀਆਂ ਨੂੰ ਕਿਆਸਣ ਤੋਂ ਬਗੈਰ ਹੀ ਉਸ ਸਮੇਂ ਦੇ ਹਾਕਮਾਂ ਨੇ ਇਸ ਲਕੀਰ ਨੂੰ ਵਾਹਣ ਦੀ ਇਹ ਹਿਕਾਮਤ ਕਿਉਂ ਕੀਤੀ? ਇਨ੍ਹਾਂ ਬੇਦੋਸ਼ਿਆਂ ਦੇ ਕਤਲਾਂ ਲਈ ਕੌਣ ਨੇ ਜ਼ਿੰਮੇਵਾਰ? ਕਿਹੜੀਆਂ






ਕੁਤਾਹੀਆਂ ਤੇ ਕੁਚਾਲਾਂ ਨਾਲ ਸਿਰਫ਼ ਪੰਜਾਬ ਤੇ ਬੰਗਾਲ ਨੂੰ ਹੀ ਦੁਫਾੜ ਕਰਕੇ ਇਸਦੀ ਤਵਾਰੀਖ਼ ਤੇ ਤਾਸੀਰ ਨੂੰ ਲਹੂ-ਰੰਗੀ ਰੰਗਤ ਦਿਤੀ ਗਈ?

ਧਰਤੀ ਦੇ ਪਿੰਡੇ ਤੇ ਵਾਹੀ ਹੋਈ ਇਹ ਲੀਕ ਸੋਚਦੀ ਹੈ ਕਿ ਮੈਂ ਤਾਂ ਸਿਰਫ਼ ਬੰਦਿਆਂ ਵਲੋਂ ਬੰਦਿਆਂ ਨੂੰ ਰੋਕਣ ਨੂੰ ਲਈ ਹੀ ਵਾਹੀ ਗਈ ਹਾਂ। ਮੈਂ ਨਹੀਂ ਰੋਕ ਸਕਦੀ ਪੰਛੀਆਂ ਦੀ ਪ੍ਰਵਾਜ਼। ਬੱਦਲਾਂ ਦਾ ਆਵਾਗਵਣ, ਜੋ ਇਕ ਛਰਾਟਾ ਅੰਮ੍ਰਿਤਸਰ ਤੇ ਦੂਸਰਾ ਲਾਹੌਰ ਦੇ ਵਿਚ ਵਰਾਉਂਦੇ ਨੇ। ਕਦੇ ਨਹੀਂ ਰੋਕ ਸਕਦੀ ਪੌਣ ਜਿਹੜੀ ਆਪਣਿਆਂ ਦੇ ਸੁਨੇਹੇ ਆਪਣੇ ਪਿੰਡੇ 'ਤੇ ਉਕਰਾ, ਇਧਰੋਂ ਉਧਰ ਜਾਂਦੀ ਅਤੇ ਪਿਆਰਿਆਂ ਦੇ ਬੋਲਾਂ ਦਾ ਹੁੰਗਾਰਾ ਲੈ ਕੇ ਵਾਪਸ ਪਰਤਦੀ। ਨਹੀਂ ਰੋਕ ਸਕਦੀ ਸੂਰਜ ਦਾ ਚੜ੍ਹਨਾ ਅਤੇ ਡੁੱਬਣਾ। ਵੱਧਦੇ ਤੇ ਘੱਟਦੇ ਪ੍ਰਛਾਂਵਿਆਂ ਨੂੰ। ਇਸਦੀ ਧੁੱਪ ਵਿਚ ਪਿਘਲਣ ਵਾਲੇ ਉਨ੍ਹਾਂ ਪਲਾਂ ਨੂੰ ਜਦ ਕੋਈ ਮੇਰੀ ਜੂਹ ਟੱਪ ਕੇ ਆਪਣਿਆਂ ਦੀ ਗਲਵਕੜੀ ਦਾ ਨਿੱਘ ਮਾਣਣ ਲਈ ਉਤਾਵਲਾ ਹੁੰਦਾ। ਬੰਦਾ ਨਹੀਂ ਰੋਕ ਸਕਦਾ ਸਤਲੁਜ, ਬਿਆਸ, ਰਾਵੀ, ਜਿਹਲਮ ਜਾਂ ਝਨਾਬ ਦੇ ਪਾਣੀਆਂ ਨੂੰ ਕਿਉਂਕਿ ਇਨ੍ਹਾਂ ਨੇ ਪੰਜਾਬ ਦੀ ਧਰਤ ਨੂੰ ਸਿੰਜਣਾ ਏ। ਇਨ੍ਹਾਂ ਲਈ ਪਾਕਿਸਤਾਨ ਜਾਂ ਭਾਰਤ ਦੀ ਜਮੀਂ ਦੇ ਕੋਈ ਅਰਥ ਨਹੀਂ। ਇਨ੍ਹਾਂ ਲਈ ਬੰਦੇ ਜੰਮਣ ਵਾਲੀ ਧਰਤੀ ਵਿਚੋਂ ਉਗਦੇ ਸੋਨੇ ਨਾਲ ਪੰਜਾਬੀਆਂ ਦੇ ਭੜੌਲੇ ਭਰਨ ਦੀ ਹੀ ਤਰਜ਼ੀਹ ਹੈ। ਬੰਦੇ ਦੀ ਇਹ ਕੇਹੀ ਫਿਤਰਤ ਕਿ ਜਦ ਉਹ ਕੁਦਰਤੀ ਕਿਰਿਆਵਾਂ 'ਤੇ ਕੋਈ ਵੀ ਹੁਕਮ ਚਲਾਉਣ ਤੋਂ ਅਸਮਰਥ ਹੋ ਜਾਵੇ ਤਾਂ ਫਿਰ ਆਪਣਿਆਂ ਤੇ ਜਾਬਰੀ ਹੁਕਮਾਂ ਦੀ ਤਾਮੀਲ ਕਰਨ ਲਈ ਨਵੇਂ ਨਵੇਂ ਰਾਹ ਲੱਭਦਾ ਹੈ।

ਇਸ ਲਕੀਰ ਕਾਰਨ ਪਤਾ ਨਹੀਂ ਕਿੰਨੇ ਘਰ ਖੰਡਰ ਬਣੇ? ਕਿੰਨੇ ਪਰਿਵਾਰਾਂ ਨੂੰ ਤੋੜਿਆ ਅਤੇ ਤੜਫਾਇਆ? ਕਿੰਨੇ ਸੁਪਨਿਆਂ ਨੂੰ ਮੌਲਣ ਤੋਂ ਪਹਿਲਾਂ ਹੀ ਕਬਰਾਂ ਵਿਚ ਸੰਵਾ ਦਿਤਾ? ਕਿੰਝ ਤੜਫੇ ਹੋਣਗੇ ਘਰ ਜਦ ਘਰਾਂ ਵਾਲੇ ਭਰੇ-ਭਕੁੰਨੇ ਘਰਾਂ ਚੋਂ ਖਾਲੀ ਹੱਥ ਬਾਹਰ ਨਿਕਲੇ ਹੋਣਗੇ? ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਕਿੰਨਿਆਂ ਨੇ ਜਿਉਂਦੇ ਜੀਅ ਪਹੁੰਚਣਾ? ਕਿਹੜੀ ਥਾਂ ਉਨ੍ਹਾਂ ਲਈ ਠਾਹਰ ਬਣੇਗੀ? ਸ਼ਾਹੀ ਠਾਠ ਵਿਚ ਰਹਿੰਦੇ ਲੋਕ ਜਦ ਰੋਟੀ ਤੋਂ ਆਤੁਰ ਹੋਏ, ਬੇਗਾਨਿਆਂ ਹੱਥਾਂ ਵੱਲ ਝਾਕਦੇ ਹੋਣਗੇ ਤਾਂ ਸਮੇਂ ਨੂੰ ਤਾਂ ਨਮੋਸ਼ੀ ਜਰੂਰ ਆਉਂਦੀ ਹੋਵੇਗੀ। ਪਰ ਹਾਕਮਾਂ ਨੂੰ ਨਵੀਆਂ ਮਿਲੀਆਂ ਗੱਦੀਆਂ ਦਾ ਚਾਅ ਸੀ। ਉਨ੍ਹਾਂ ਨੇ ਆਪਣਿਆਂ ਦੀਆਂ ਲਾਸ਼ਾਂ ਤੇ ਉਸਰੇ ਤਖਤਾਂ ਦੀ ਸਲਾਮਤੀ ਨੂੰ ਆਪਣਾ ਅਕੀਦਾ ਬਣਾ ਲਿਆ ਸੀ।

ਇਸ ਲੀਕ ਦੀ ਧੁੱਧਲ਼ ਨੇ ਲੋਕਾਂ ਦੇ ਡੁੱਲੇ ਲਹੂ, ਦੀਦਿਆਂ ਵਿਚ ਵੱਗਦੀ ਅੱਥਰੂਆਂ ਦੀ ਨੈਂਅ ਅਤੇ ਮੂਕ ਹੋਈਆਂ ਵਿਲਕਣੀਆਂ ਨੂੰ ਅਜੇ ਤੀਕ ਵੀ ਆਪਣੀ ਹਿੱਕ ਵਿਚ ਸਾਂਭਿਆ ਹੋਇਆ। ਇਸਦੀ ਫਿਜ਼ਾ ਵਿਚ ਡੌਰ-ਭੌਰ ਹੋਏ ਦੀਦਿਆਂ ਵਿਚ ਮਾਤਮ ਦਾ ਸਾਇਆ ਹੈ ਜੋ ਆਪਣੇ ਸਾਹਾਂ ਦੀ ਖੈਰ ਮਨਾਉਂਦਿਆਂ, ਆਪਣੇ ਪਿਆਰਿਆਂ ਦਾ ਮਾਤਮ ਮਨਾਉਣ ਜੋਗੇ ਵੀ ਨਹੀਂ ਸਨ। ਅੱਧ-ਜਲੀਆਂ ਲਾਸ਼ਾਂ, ਕੁੱਤਿਆਂ ਕਾਵਾਂ ਦੀਆਂ ਨੋਚੀਆਂ ਲੋਥਾਂ ਅਤੇ ਬੇਦੋਸ਼ਿਆਂ ਦੇ ਸਰੀਰਾਂ ਦੀਆਂ ਬੋਟੀਆਂ ਵੀ ਇਸ ਮਿੱਟੀ ਵਿਚ ਜ਼ਰੂਰ ਹੋਣਗੀਆਂ। ਇਨ੍ਹਾਂ ਬੋਟੀਆਂ 'ਚੋਂ ਸਿੰਮੇ ਹੋਏ ਲਹੂ ਨੇ ਪਤਾ ਨਹੀਂ ਕਿਹੜੇ ਰੰਗ ਵਿਚ ਲੀਕ ਦੀ ਤਾਸੀਰ ਨੂੰ ਤਾਮੀਰ ਕੀਤਾ ਹੋਊ।

ਬਹੁਤ ਕੁਝ ਮਨ ਵਿਚ ਆਉਂਦਾ ਏ ਇਸ ਨਿੱਕੀ ਜਹੀ ਲਕੀਰ ਨੂੰ ਪਾਰ ਕਰਨ ਵੇਲੇ। ਕਿਉਂ ਵੰਡ ਦਾ ਨਾਸੂਰ ਸਾਡੀ ਹੀ ਹਿੱਕ 'ਤੇ ਉਗਿਆ? ਕਿਉਂ ਅੰਮ੍ਰਿਤਾ ਪ੍ਰੀਤਮ ਨੂੰ ਧਾਹਾਂ ਮਾਰ ਕੇ ਵਾਰਸ ਸ਼ਾਹ ਨੂੰ ਹਾਕ ਮਾਰਨੀ ਪਈ? ਕਿਉਂ ਸਾਡੀਆਂ, ਕਹਾਣੀਆਂ ਤੇ ਕਵਿਤਾਵਾਂ ਵਿਚ ਸੋਗ ਦਾ ਰੰਗ ਗੂੜਾ ਹੋਇਆ? ਕਿਉਂ ਸਾਡੇ ਹਰਫ਼ਾਂ ਤੇ ਬੋਲਾਂ ਵਿਚ ਦਰਦਾਂ ਦੀ ਫ਼ਸਲ ਉਗੀ? ਇਸ ਦਰਦਵੰਤੀ ਇਬਾਰਤ ਨੂੰ ਸਮਝਣ ਅਤੇ ਇਸਦੀ ਦਵਾ ਬਣਨ ਲਈ ਕਿਸੇ ਵੀ ਪੀਰ/ਔਲੀਏ, ਫਕੀਰ ਜਾਂ ਅਹਿਲਕਾਰ ਨੇ ਪਹਿਲ ਕਿਉਂ ਨਾ ਕੀਤੀ? ਕੀ ਲੀਡਰਾਂ ਲਈ ਲੋਕ ਸਿਰਫ਼ ਵੋਟਾਂ ਸਨ। ਉਨ੍ਹਾਂ ਦੀ ਭਾਵਨਾਤਮਿਕਤਾ ਨੂੰ ਵਰਗਲਾ ਕੇ, ਨਿੱਜੀ ਹਓਮੈਂ ਨੂੰ ਪੱਠੇ ਪਾਉਣੇ ਅਤੇ ਨਿੱਜੀ ਚਾਹਤਾਂ ਦੀ ਪੂਰਨਤਾ ਹੀ ਉਨ੍ਹਾਂ ਦਾ ਨਿਰੋਲ ਮਕਸਦ ਸੀ।

ਇਸ ਨਿੱਕੇ ਜਹੇ ਟੋਟੇ 'ਤੇ ਖੜਾ ਸੋਚਦਾ ਹਾਂ ਕਿ ਇਕ ਪਾਸਾ ਮੇਰਾ ਕਹਿਲਾਉਂਦਾ ਹੈ, ਜਦ ਕਿ ਦੂਸਰਾ ਬੇਗਾਨਾ। ਪਰ ਮੇਰੇ ਲਈ ਦੋਹਾਂ ਵਿਚ ਕੋਈ ਅੰਤਰ ਨਹੀਂ। ਉਹ ਵੀ ਮੇਰੇ ਨੇ ਅਤੇ ਇਹ ਵੀ ਮੇਰੇ ਆਪਣੇ। ਦੋਹੀਂ ਪਾਸੀਂ ਧਰਤ ਇੱਕੋ ਜਿਹੀ ਤੇ ਲੋਕ ਇੱਕੋ ਜਿਹੇ। ਬੋਲੀ, ਰਹਿਤਲ ਅਤੇ ਵਰਤਾਰਾ ਵਿਚ ਤਾਂ ਕੋਈ ਫਰਕ ਨਹੀਂ। ਸੋਚਣ ਲੱਗਾ ਕਿ ਇਸ ਢਾਈ ਗਜ਼ ਲੰਬੇ ਰਾਹ ਨੂੰ ਲੰਘ ਕੇ ਲਾਹੌਰ ਨੂੰ ਜਾਣ ਵਾਲੇ ਰਸਤੇ 'ਤੇ ਪੈਰ ਰੱਖਣ ਲਈ ਮੈਨੂੰ ਸੱਤਰ ਸਾਲ ਲੱਗ ਗਏ। ਪਤਾ ਨਹੀਂ ਕਿੰਨੇ ਲੋਕ ਇਨ੍ਹਾਂ ਰਾਹਾਂ 'ਤੇ ਪੈਰ ਧਰਨ ਅਤੇ ਆਪਣਿਆਂ ਨੂੰ ਮਿਲਣ ਦੀ ਤੜਪ ਮਨ ਵਿਚ ਲੈ ਕੇ ਆਖ਼ਰੀ ਸਫ਼ਰ 'ਤੇ ਤੁੱਰ ਗਏ। ਕਿੰਨੇ ਹੋਰ ਅਜੇਹੇ ਹੋਣਗੇ ਜਿਹੜੇ ਲਾਹੌਰ ਸਮੇਤ ਬਹੁਤ ਸਾਰੀਆਂ ਅਕੀਦਤਯੋਗ ਅਸਥਾਨਾਂ ਤੇ ਨੱਤਮਸਤਕ ਹੋਣ ਲਈ ਤਾਂਘਦੇ, ਕੋਈ ਤਰਕੀਬ ਲੱਭਦੇ ਹੋਣਗੇ। ਸਮੇਂ ਦੀਆਂ ਸਰਕਾਰਾਂ ਦਾ ਕੇਹਾ ਵਰਤਾਰਾ ਕਿ ਆਪਣਿਆਂ ਨੂੰ ਆਪਣਿਆਂ ਨਾਲ ਮਿਲਣ ਤੋਂ ਵਰਜਿਆ ਜਾ ਰਿਹਾ। ਉਹ ਆਪਣਿਆਂ ਦੇ ਸ਼ਗਨਾਂ, ਵਿਆਹਾਂ ਅਤੇ ਦੁੱਖ-ਸੁੱਖ ਵਿਚ ਸ਼ਰੀਕ ਹੋਣ ਤੋਂ ਵਿਰਵੇ, ਸਿਰਫ਼ ਨੈਣਾਂ ਵਿਚ ਅਧੂਰੇ ਸੁਪਨਿਆਂ ਦੀ ਕਬਰ ਹੀ ਬਣਾਉਣ ਜੋਗੇ ਰਹਿ ਜਾਣਗੇ।

ਇਸ ਲੀਕ ਨੂੰ ਟੱਪ ਕੇ ਦੂਸਰੇ ਪਾਸੇ ਪੈਰ ਧਰਨ ਲੱਗਾ ਅਰਦਾਸ ਕਰਦਾ ਹਾਂ ਕਿ ਯਾ ਖੁਦਾਇਆ! ਬੰਦਿਆਂ ਨੂੰ ਪੰਛੀਆਂ ਵਰਗੀ ਪ੍ਰਵਾਜ਼ ਦਾ ਵਰਦਾਨ ਦੇ ਤਾਂ ਕਿ ਉਹ ਜਦ ਵੀ ਮਨ ਕਰੇ ਜਾਂ ਉਸਦਾ ਪਿਆਰਾ ਹਾਕ ਮਾਰੇ ਤਾਂ ਉਹ ਹੁੰਗਾਰਾ ਭਰ ਸਕੇ। ਉਹ ਇਸ ਲਕੀਰ ਨੂੰ ਉਵੇਂ ਹੀ ਪਾਰ ਕਰ ਸਕੇ ਜੀਕੂੰ ਪਿੰਡ ਵਿਚ ਇਕ ਗਵਾਂਢੀ ਤੋਂ ਦੂਸਰੇ ਗਵਾਂਢੀ ਦੇ ਘਰ ਕਦੇ ਲੱਸੀ ਲੈਣ ਜਾਂ ਕਦੇ ਦਾਲ ਲੈਣ ਚਲੇ ਜਾਈਦਾ। ਜਾਂ ਕਦੇ ਕਦਾਈਂ ਆਪਣੇ ਮਿੱਤਰ ਨੂੰ ਮਿਲਣ ਗਏ ਉਸਦੀ ਅੰਮੀਂ ਦੇ ਚੌਂਕੇ ਵਿਚ ਬਹਿ ਕੇ ਰੋਟੀ ਖਾ ਕੇ ਘਰ ਨੂੰ ਪਰਤਦੇ ਹਾਂ। ਕੋਈ ਉਚੇਚ ਨਹੀਂ। ਮਾਵਾਂ ਨੂੰ ਕੋਈ ਫਿਕਰ ਨਹੀਂ ਹੁੰਦਾ ਵੇਲੇ-ਕੁਵੇਲੇ ਘਰ ਪਰਤਣ ਦਾ। ਕਦੇ ਕਦਾਈਂ ਤਾਂ ਆਪਣੇ ਮਿੱਤਰਾਂ ਨਾਲ ਖੂਹ ਤੇ ਰਾਤ ਕੱਟ ਕੇ ਘਰਾਂ ਨੂੰ ਪਰਤਦੇ ਸਾਂ ਕਿਉਂਕਿ ਮਾਵਾਂ ਜਾਣਦੀਆਂ ਨੇ ਕਿ ਉਨ੍ਹਾਂ ਦੇ ਲਾਡਲਿਆਂ ਨੂੰ ਹਾਣੀਆਂ ਦੀ ਸੰਗਤ ਮਾਨਣਾ ਚੰਗਾ ਲੱਗਦਾ ਹੈ।

ਇਨ੍ਹਾਂ ਸੋਚਾਂ ਵਿਚ ਗ੍ਰਸਿਆ ਮੈਂ ਲਾਹੌਰ ਨੂੰ ਜਾਂਦੇ ਰਾਹ ਤੇ ਤੁੱਰ ਪੈਂਦਾ ਹਾਂ। ਦਫਤਰ ਵਿਚ ਜਾਂਦਾ ਹਾਂ ਤਾਂ ਨੌਜ਼ਵਾਨ ਇੰਮੀਗਰੇਸ਼ਨ ਅਫਸਰ ਕਹਿੰਦਾ ਹੈ, "ਸਰਦਾਰ ਜੀ, ਜੀ ਆਇਆਂ ਸਾਡੇ ਦੇਸ਼ ਵਿਚ।" ਮਨ 'ਚ ਆਉਂਦਾ ਹੈ ਕਿ ਕਹਾਂ ਕਿ ਇਹ ਤਾਂ ਮੇਰੇ ਪੁਰਖਿਆਂ ਦਾ ਦੇਸ਼ ਹੈ। ਜਦ ਪੁੱਛਦਾ ਹੈ ਕਿ ਕਿਵੇਂ ਆਉਣਾ ਹੋਇਆ? ਤਾਂ ਦੱਸਦਾ ਹਾਂ ਕਿ ਮੈਂ ਆਪਣੇ ਪੁਰਖ਼ਿਆਂ ਦੇ ਦੇਸ਼ ਆਇਆ ਹਾਂ ਅਤੇ ਉਨ੍ਹਾਂ ਥਾਵਾਂ-ਗਰਾਵਾਂ ਦੀ ਅਕੀਦਤ ਕਰਨੀ ਏ ਜਿਥੇ ਸਾਡੇ ਗੁਰੂਆਂ, ਪੀਰਾਂ ਤੇ ਫਕੀਰਾਂ ਨੇ ਆਪਣੀ ਛੋਹ ਨਾਲ ਇਨ੍ਹਾਂ ਨੂੰ ਤੀਰਥ ਅਸਥਾਨ ਦਾ ਰੁੱਤਬਾ ਦਿਤਾ। ਸਾਡੀਆਂ ਪੀੜ੍ਹੀਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜ ਕੇ ਇਕ ਅਜੇਹੀ ਰਹਿਤਲ, ਸਭਿਅਤਾ ਅਤੇ ਵਿਰਸੇ ਨੂੰ ਸਿਰਜਿਆ, ਜਿਨ੍ਹਾਂ 'ਤੇ ਅਸੀਂ ਸਾਰੇ ਨਾਜ਼ ਕਰਦੇ ਹਾਂ ਭਾਂਵੇਂ ਕਿ ਅਸੀਂ ਕਿਧਰੇ ਵੀ ਰਹੀਏ।

ਇੰਮੀਗਰੇਸ਼ਨ ਦਫਤਰ ਤੋਂ ਬਾਹਰ ਨਿਕਲਦੇ ਹਾਂ ਤਾਂ ਸਾਹਮਣੇ ਅਸ਼ਰਫ ਸੁਹੇਲ ਦਾ ਫ਼ਰਜੰਦ ਆਪਣੇ ਮਿੱਤਰ ਨਾਲ ਸਾਨੂੰ ਲੈਣ ਲਈ ਪਹਿਲਾਂ ਤੋਂ ਹੀ ਇੰਤਜ਼ਾਰ ਕਰ ਰਿਹਾ ਸੀ। ਉਸਦੇ ਹੱਥ ਵਿਚ ਮੇਰੀ ਪੁਸਤਕ 'ਜ਼ਿੰਦਗੀ' ਦਾ ਸਰਵਰਕ ਸੀ ਕਿਉਂਕਿ ਨਾ ਤਾਂ ਮੈਂ ਉਸਨੂੰ ਪਹਿਲਾਂ ਮਿਲਿਆ ਸੀ ਅਤੇ ਨਾ ਹੀ ਉਹ ਮੈਨੂੰ ਕਦੇ ਮਿਲਿਆ ਸੀ। ਭਾਵੇਂ ਕਿ ਅਸ਼ਰਫ਼ ਸੁਹੇਲ ਹੁਰਾਂ ਨਾਲ ਟੋਰਾਂਟੋ ਵਿਖੇ ਕੁਝ ਦਿਨਾਂ ਦੀ ਸੰਗਤ ਮਾਣੀ ਸੀ।

ਪਾਕਿਸਤਾਨ ਦੇ ਸਕਿਊਰਿਟੀ ਵਾਲਿਆਂ ਦਾ ਮੁਹੱਬਤੀ ਵਰਤਾਅ, ਮਨ ਦੇ ਖੂੰਜੀਂ ਇਕ ਚਾਅ ਪੈਦਾ ਕਰ ਗਿਆ ਕਿ ਜਦ ਕੋਈ ਆਪਣਾ, ਆਪਣਿਆਂ ਦੇ ਘਰੀਂ ਆਉਂਦਾ ਏ ਤਾਂ ਹਰੇਕ ਪੰਜਾਬੀ ਇਸ ਤਰ੍ਹਾਂ ਹੀ ਆਪਣਿਆਂ ਦੀ ਆਮਦ ਦਾ ਚਾਅ ਮਨਾਉਂਦਾ ਹੈ। ਵਾਹਗਾ ਬਾਰਡਰ ਤੋਂ ਨਿਕਲਦੇ ਸਾਰ ਹੀ ਉਹੋ ਜਿਹੇ ਖੇਤ, ਫਸਲਾਂ ਅਤੇ ਲੋਕ ਨਜ਼ਰ ਆਏ। ਕੋਈ ਵੀ ਫਰਕ ਨਹੀਂ ਸੀ। ਅੱਧੇ ਘੰਟੇ ਵਿਚ ਹੀ ਅਸੀਂ ਲਾਹੌਰ ਵਿਖੇ ਅਸ਼ਰਫ਼ ਸੁਹੇਲ ਹੋਰਾਂ ਦੇ ਘਰ ਪਹੁੰਚ ਗਏ, ਜੋ ਬੀਹੀ ਵਿਚ ਖੜਾ ਸਾਨੂੰ ਹੀ ਉਡੀਕ ਰਿਹਾ ਸੀ। ਉਸਦੇ ਅੱਖਾਂ ਵਿਚ ਉਤਰਿਆ ਚਾਅ ਅਤੇ ਚਿਹਰੇ ਦੀ ਮੁਸਕਰਾਹਟ, ਆਪਣਿਆਂ ਦੀ ਖੁਸ਼ਆਮਦੀਦ ਵਿਚ ਹੋਰ ਵੀ ਗੂੜੀ ਹੋ ਗਈ।

# ਅਠਾਈ ਓਲੰਪਿਕ ਮੈਡਲਾਂ ਦਾ ਜੇਤੂ ਮਾਈਕਲ ਫੈਲਪਸ

**ਵਿਸ਼ਵ ਦੇ ਮਹਾਨ ਖਿਡਾਰੀ**



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਠਾਈ ਮੈਡਲ ਕਹਿ ਦੇਣੀ ਗੱਲ ਐ! ਉਹ ਵੀ ਓਲੰਪਿਕ ਖੇਡਾਂ ਦੇ। ਓਲੰਪਿਕ ਖੇਡਾਂ 'ਚੋਂ ਤਾਂ ਇਕ ਮੈਡਲ ਜਿੱਤ ਲੈਣਾ ਵੀ ਮਾਣ ਨਹੀਂ ਹੁੰਦਾ। ਭਾਰਤ ਵਿਚ ਹੁਣ ਇਕੋ ਓਲੰਪਿਕ ਮੈਡਲ ਜਿੱਤਣ ਵਾਲੇ ਨੂੰ ਕਰੋੜਾਂ ਰੁਪਏ ਦੇ ਇਨਾਮ ਤੇ ਪਦਮ ਸਨਮਾਨ ਮਿਲਦੇ ਹਨ। ਅਮਰੀਕਾ ਦੇ ਇਸ ਤੂਫ਼ਾਨੀ ਤੈਰਾਕ ਮਾਈਕਲ ਫੈਲਪਸ ਨੇ ਚਾਰ ਓਲੰਪਿਕ ਖੇਡਾਂ 'ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗਮੇ ਜਿੱਤੇ ਹਨ! ਉਹ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਮੈਡਲ ਜਿੱਤਣ ਵਾਲਾ ਓਲੰਪੀਅਨ ਹੈ। ਪਹਿਲਾਂ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ 18 ਮੈਡਲ ਜਿੱਤਣ ਦਾ ਰਿਕਾਰਡ ਸੀ। ਫੈਲਪਸ ਨੇ ਵਰਲਡ ਚੈਂਪੀਅਨਸ਼ਿਪਾਂ, ਓਲੰਪਿਕ ਖੇਡਾਂ ਤੇ ਪੈਨ ਅਮੈਰੀਕਨ ਖੇਡਾਂ 'ਚੋਂ 83 ਮੈਡਲ ਜਿੱਤਦਿਆਂ 39 ਵਰਲਡ ਰਿਕਾਰਡ ਨਵਿਆਏ। ਬੀਜਿੰਗ ਦੀਆਂ ਓਲੰਪਿਕ ਖੇਡਾਂ-2008 'ਚੋਂ 8 ਗੋਲਡ ਮੈਡਲਾਂ ਨਾਲ 1 ਓਲੰਪਿਕ ਰਿਕਾਰਡ ਤੇ 7 ਵਰਲਡ ਰਿਕਾਰਡ ਨਵਿਆ ਕੇ ਦੁਨੀਆ ਦੰਗ ਕਰ ਦਿੱਤੀ ਸੀ ਮਾਂ ਦੇ ਪੁੱਤ ਨੇ। ਇਕੋ ਓਲੰਪਿਕਸ ਵਿਚੋਂ 8 ਗੋਲਡ ਮੈਡਲ ਤੇ 7 ਵਰਲਡ ਰਿਕਾਰਡ! ਬਰਤਾਨਵੀ ਇੰਡੀਆ ਅਤੇ ਆਜ਼ਾਦ ਭਾਰਤ ਨੇ 1896 ਤੋਂ ਸ਼ੁਰੂ ਹੋਈਆਂ ਓਲੰਪਿਕ ਖੇਡਾਂ 'ਚੋਂ 2021 ਤਕ ਕੁਲ 10 ਗੋਲਡ ਮੈਡਲ ਜਿੱਤੇ ਹਨ। ਕਾਸ਼! ਫੈਲਪਸ ਕਿਤੇ ਭਾਰਤ ਵਿਚ ਜੰਮਿਆ ਹੁੰਦਾ। ਬੀਜਿੰਗ ਦੀਆਂ ਓਲੰਪਿਕ ਖੇਡਾਂ ਸਮੇਂ ਸ਼ੁਗੂਫ਼ੇ ਵੀ ਛੱਡੇ ਗਏ ਪਈ ਅਮਰੀਕਾ ਭਾਰਤ ਦੇ ਸਾਰੇ ਖਿਡਾਰੀ ਲੈ ਲਵੇ ਤੇ ਇਵਜ਼ ਵਿਚ ਭਾਰਤ ਨੂੰ ਇਕੋ ਮਾਈਕਲ ਫੈਲਪਸ ਦੇ ਦੇਵੇ। ਫਿਰ ਦੇਖੋ ਭਾਰਤ ਦੇ ਹੱਥ!

ਵਿਸ਼ਵ ਦੇ ਇਸ ਉਡਣੇ ਤੈਰਾਕ ਨੂੰ 'ਫਲਾਈਂਗ ਫਿਸ਼' ਕਿਹਾ ਜਾਂਦੈ। ਉਸ ਨੂੰ 'ਪਾਣੀਆਂ ਦਾ ਚੈਂਪੀਅਨ' ਤੇ 'ਬਾਲਟੀਮੋਰ ਬੁਲੇਟ' ਦੇ ਖ਼ਿਤਾਬ ਵੀ ਮਿਲੇ ਹਨ। ਉਹਦੀਆਂ ਤਾਰੀਆਂ ਭੂਚਾਲ ਲਿਆ ਦਿੰਦੀਆਂ ਸਨ ਤੈਰਨ ਤਲਾਵਾਂ 'ਚ। ਅੱਗ ਲਾ ਦਿੰਦੀਆਂ ਸਨ ਪਾਣੀਆਂ ਨੂੰ। ਉਸ ਨੇ ਖੇਡਾਂ ਦੀ ਦੁਨੀਆ ਵਿਚ ਉਹ ਕੁਝ ਕਰ ਵਿਖਾਇਐ ਜਿਸ ਨੂੰ ਕੁਦਰਤ ਦਾ ਕ੍ਰਿਸ਼ਮਾ ਹੀ ਕਿਹਾ ਜਾ ਸਕਦੈ। ਹੈਰਾਨ ਹੋਈਦੈ ਕਿ ਅਜਿਹੇ ਅਫਲਾਤੂਨ ਵੀ ਇਸ ਧਰਤੀ ਉਤੇ ਵਿਚਰ ਰਹੇ ਹਨ! ਜਿੰਨਾ ਤੇਜ਼ ਉਹ ਤੈਰਦਾ ਸੀ ਆਮ ਬੰਦਾ ਤਾਂ ਤੁਰ ਕੇ ਵੀ ਉਹਦੇ ਨਾਲ ਨਹੀਂ ਸੀ ਰਲ ਸਕਦਾ। 100 ਮੀਟਰ ਦੀ ਤਾਰੀ ਉਸ ਨੇ 8 ਮਿੰਟ ਪ੍ਰਤੀ ਕਿਲੋਮੀਟਰ ਦੀ ਰਫ਼ਤਾਰ ਨਾਲ ਤੈਰੀ ਹੋਈ ਹੈ। ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਉਹਦੇ ਰਿਕਾਰਡਾਂ ਨਾਲ ਭਰੀ ਪਈ ਹੈ। ਉਸ ਨੂੰ ਖੇਡਾਂ ਦੇ ਸਭ ਤੋਂ ਵੱਡੇ ਟਾਈਟਲ 'ਲੌਰੀਅਸ ਵਰਲਡ ਸਪੋਰਟਸ ਅਵਾਰਡ' ਨਾਲ ਸਨਮਾਨਿਆ ਗਿਐ। ਉਹਦੇ ਬਾਰੇ ਲੇਖਕਾਂ ਨੇ ਲੱਖਾਂ ਲਫ਼ਜ਼ ਲਿਖੇ ਤੇ ਵੀਡੀਓਜ਼ ਬਣਾਉਣ ਵਾਲਿਆਂ ਨੇ ਸੈਂਕੜੇ ਫ਼ਿਲਮਾਂ ਬਣਾਈਆਂ। ਉਹਦੀ ਮਸ਼ਹੂਰੀ ਦਾ ਕੋਈ ਹੱਦ ਬੰਨਾ ਨਾ ਰਿਹਾ।

ਉਸ ਨੇ 11 ਅਗਸਤ 2008 ਨੂੰ ਬੀਜਿੰਗ ਵਿਚ 4+100 ਮੀਟਰ ਦੀ ਰੀਲੇਅ ਤਾਰੀ 'ਚ ਆਪਣੇ ਹਿੱਸੇ ਦੀ ਤਾਰੀ 47.51 ਸੈਕੰਡ ਵਿਚ ਲਾਈ ਸੀ। 200 ਮੀਟਰ ਉਹ 1:42.96 ਸੈਕੰਡ 'ਚ ਤੈਰਿਆ ਤੇ 400 ਮੀਟਰ 3:47.79 ਸੈਕੰਡ ਵਿਚ। 2000 ਤੋਂ 2016 ਤਕ ਪੰਜ ਵਾਰ ਉਸ ਨੇ ਓਲੰਪਿਕ ਖੇਡਾਂ ਵਿਚ ਭਾਗ ਲਿਆ। ਸੱਤ ਵਾਰ ਉਹ ਵਿਸ਼ਵ ਦਾ ਸਰਬੋਤਮ ਤੈਰਾਕ ਐਲਾਨਿਆ ਗਿਆ। 2001 ਤੋਂ 16 ਤਕ ਵਿਸ਼ਵ ਪੱਧਰ 'ਤੇ 83 ਤਗਮੇ ਜਿੱਤ ਕੇ ਗਲ਼ੇ ਦੇ ਨਾਲ ਆਪਣੀਆਂ ਬਾਂਹਵਾਂ ਵੀ ਭਰ ਲਈਆਂ। ਸਾਰੇ ਮੈਡਲ ਪਹਿਨੀ ਉਹਦੀਆਂ ਤਸਵੀਰਾਂ ਅਜਾਇਬ ਘਰਾਂ ਦੀ ਸ਼ਾਨ ਬਣੀਆਂ। ਉਸ ਨੇ ਦੋ ਕਿਤਾਬਾਂ ਵੀ ਲਿਖੀਆਂ। ਇਕ ਦਾ ਨਾਂ 'ਬਿਨੀਥ ਦੀ ਸਰਫੇਸ' ਹੈ ਤੇ ਦੂਜੀ ਦਾ 'ਨੋ ਲਿਮਟਸ: ਦਿ ਵਿੱਲ ਟੂ ਸਕਸੀਡ'। ਬੌਬ ਨੇ ਉਸ ਦੀ ਜੀਵਨੀ ਲਿਖੀ ਹੈ 'ਮਾਈਕਲ ਫੈਲਪਸ, ਦੀ ਅਨਟੋਲਡ ਸਟੋਰੀ ਆਫ਼ ਏ ਚੈਂਪੀਅਨ'।



ਆਪਣੇ ਵਿਸ਼ਵ ਰਿਕਾਰਡਾਂ ਬਾਰੇ ਫੈਲਪਸ ਦਾ ਕਹਿਣਾ ਹੈ, ਮੇਰੇ ਸਿਰੇ ਦੇ ਰੱਖੇ ਰਿਕਾਰਡ ਅਟੁੱਟ ਨਹੀਂ ਜੋ ਕਦੇ ਨਾ ਟੁੱਟਣ। ਰਿਕਾਰਡ ਆਖ਼ਰ ਟੁੱਟਣ ਹੀ ਲਈ ਹੁੰਦੇ ਹਨ। ਜੇ ਉਸ ਨੇ ਪਹਿਲੇ ਤਾਰੂਆਂ ਦੇ ਰਿਕਾਰਡ ਤੋੜੇ ਨੇ ਤਾਂ ਕੋਈ ਵਜ੍ਹਾ ਨਹੀਂ ਕਿ ਉਸ ਦੇ ਰਿਕਾਰਡ ਕੋਈ ਹੋਰ ਨਾ ਤੋੜੇ। ਇਹ ਵੱਖਰੀ ਗੱਲ ਹੈ ਕਿ ਸਮਾਂ ਘੱਟ ਲੱਗੇ ਜਾਂ ਵੱਧ। ਬੰਦਾ ਆਏ ਦਿਨ ਤਕੜੇ ਤੋਂ ਤਕੜਾ ਹੋ ਰਿਹੈ। ਉਹ ਆਸ਼ਾਵਾਦੀ ਹੈ ਪਰ ਫੋਕੇ ਫੈਂਟਰ ਨਹੀਂ ਸੀ ਮਾਰਦਾ। ਨਾ ਜਿੱਤ ਦੇ ਅਫਰੇਵੇਂ ਵਿਚ ਹੈਂਕੜ ਵਿਖਾਉਂਦਾ ਸੀ। ਉਸ ਨੇ ਮਿਸ਼ੀਗਨ ਯੂਨੀਵਰਸਿਟੀ ਵਿਚ ਚਾਰ ਸਾਲ ਲਾਏ ਸਨ ਜਿਥੇ ਪੰਜਾਬੀ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਇੰਜਨੀਅਰਿੰਗ ਦੀ ਉਚੇਰੀ ਪੜ੍ਹਾਈ ਕੀਤੀ ਸੀ। ਫੈਲਪਸ ਉਥੇ ਸਪੋਰਟਸ ਮਾਰਕੀਟਿੰਗ ਐਂਡ ਮੈਨੇਜਮੈਂਟ ਦੇ ਕੋਰਸ ਦਾ ਵਿਦਿਆਰਥੀ ਸੀ ਜੋ ਤੈਰਨ ਦੀ ਕੋਚਿੰਗ ਵੀ ਲੈਂਦਾ ਰਿਹਾ। ਉਸ ਨੇ ਪੜ੍ਹਾਈ ਵੀ ਖੁੱਭ ਕੇ ਕੀਤੀ ਤੇ ਤੈਰਾਕੀ ਵੀ ਪੂਰੇ ਤਾਣ ਨਾਲ ਕੀਤੀ।

ਉਹਦਾ ਪਰਿਵਾਰਕ ਨਾਂ ਮਾਈਕਲ ਫਰੈੱਡ ਫੈਲਪਸ ਦੂਜਾ ਹੈ। ਉਸ ਦਾ ਜਨਮ 30 ਜੂਨ 1985 ਨੂੰ ਅਮਰੀਕਾ ਦੇ ਸ਼ਹਿਰ ਬਾਲਟੀਮੋਰ ਲਾਗੇ ਟਾਊਸਨ, ਮੈਰੀਲੈਂਡ ਵਿਚ ਹੋਇਆ। ਉਹ ਦੋ ਭੈਣਾਂ ਦਾ ਛੋਟਾ ਭਰਾ ਹੈ। ਉਨ੍ਹਾਂ ਦੀ ਮਾਂ ਮਿਡਲ ਸਕੂਲ ਦੀ ਪ੍ਰਿੰਸੀਪਲ ਸੀ। ਪਿਤਾ ਫੁੱਟਬਾਲ ਦਾ ਸ਼ੌਕੀ ਤੇ ਲਹਿਰੀ ਸੁਭਾਅ ਦਾ ਬੰਦਾ ਸੀ। ਫੈਲਪਸ 9 ਸਾਲਾਂ ਦਾ ਸੀ ਜਦੋਂ ਉਹਦਾ ਪਿਤਾ ਉਹਦੀ ਮਾਂ ਨੂੰ ਤਲਾਕ ਦੇ ਕੇ ਚਲਾ ਗਿਆ ਤੇ ਕਿਸੇ ਹੋਰ ਨਾਲ ਸ਼ਾਦੀ ਕਰ ਲਈ। ਬੱਚਿਆਂ ਦੀ ਪਾਲਣਾ ਪੋਸ਼ਣਾ ਤੇ ਪੜ੍ਹਾਈ ਮਾਂ ਨੇ ਕਰਾਈ। ਫੈਲਪਸ ਦੇ ਪੁਰਖਿਆਂ ਦਾ ਪਿਛੋਕੜ, ਇੰਗਲਿਸ਼, ਆਇਰਿਸ਼, ਸਕਾਟਿਸ਼, ਵੈਲਿਸ਼ ਤੇ ਜਰਮਨ ਦੀ ਅੰਸ਼-ਵੰਸ਼ ਦਾ ਹੈ। ਉਹਦੇ 'ਚ ਦੋਗਲੀਆਂ ਨਸਲਾਂ ਦਾ ਲਹੂ ਤੈਰਦੈ!

ਫੈਲਪਸ ਨੂੰ ਨਿੱਕੇ ਹੁੰਦਿਆਂ ਹੀ ਅਟੈਨਸ਼ਨ ਡੈਫੀਸਿਟ ਡਿਸਆਰਡਰ ਦੀ ਬਿਮਾਰੀ ਸੀ। ਪਰ ਉਸ ਵਿਚ ਲੋਹੜੇ ਦੀ ਊਰਜਾ ਸੀ ਜੋ ਉਸ ਨੂੰ ਟਿਕਾਅ ਨਹੀਂ ਸੀ ਲੈਣ ਦਿੰਦੀ। ਉਹਦੇ ਮਾਪਿਆਂ ਨੂੰ ਡਾਕਟਰਾਂ ਨੇ ਸਲਾਹ ਦਿੱਤੀ ਕਿ ਇਹਨੂੰ ਤੈਰਨ ਲਾਓ। ਫੈਲਪਸ ਪਾਣੀ 'ਚ ਸਿਰ ਡਬੋਣ ਤੋਂ ਡਰਦਾ ਸੀ। ਉਸ ਨੂੰ ਸੇਫਟੀ ਜੈਕਟ ਪੁਆ ਕੇ ਪਾਣੀ 'ਚ ਉਤਾਰਿਆ ਤਾਂ ਉਸ ਨੇ ਪਹਿਲਾਂ ਪੁੱਠੀ ਤਾਰੀ ਲਾਈ, ਫਿਰ ਸਿੱਧੀ। ਉਦੋਂ ਉਹ 7 ਸਾਲਾਂ ਦਾ ਸੀ ਕਿ ਕੋਚ ਬੌਬ ਬਾਊਮੈਨ ਦੀਆਂ ਨਜ਼ਰਾਂ 'ਚ ਆ ਗਿਆ ਜਿਸ ਨੇ ਉਸ ਨੂੰ ਕੋਚਿੰਗ ਦੇਣੀ ਸ਼ੁਰੂ ਕਰ ਦਿੱਤੀ। ਉਹ ਹਾਲੇ 15 ਸਾਲਾਂ ਦਾ ਹੋਇਆ ਸੀ ਕਿ ਸਿਡਨੀ ਦੀਆਂ ਓਲੰਪਿਕ ਖੇਡਾਂ-2000 ਲਈ ਅਮਰੀਕਾ ਦੀ ਰਿਲੇਅ ਟੀਮ ਵਿਚ ਚੁਣਿਆ ਗਿਆ। ਅਮਰੀਕਾ ਦੀ ਤੈਰਾਕੀ ਦੇ 70 ਸਾਲਾਂ ਵਿਚ ਇਹ ਪਹਿਲੀ ਵਾਰ ਸੀ ਕਿ ਏਨੀ ਛੋਟੀ ਉਮਰ ਦਾ ਤੈਰਾਕ ਅਮਰੀਕਾ ਦੀ ਟੀਮ ਵਿਚ ਚੁਣਿਆ ਗਿਆ। ਸਿਡਨੀ ਤੋਂ ਉਹ ਕੋਈ ਤਗਮਾ ਤਾਂ ਨਾ ਜਿੱਤ ਸਕਿਆ ਪਰ ਉਥੋਂ ਨਵਾਂ ਉਤਸ਼ਾਹ ਲੈ ਕੇ ਮੁੜਿਆ।

ਸਿਡਨੀ ਤੋਂ ਮੁੜ ਕੇ 15 ਸਾਲ 9 ਮਹੀਨੇ ਦੀ ਛੋਟੀ ਉਮਰ ਵਿਚ ਮਾਈਕਲ ਫੈਲਪਸ ਨੇ 200 ਮੀਟਰ ਬਟਰ ਫਲਾਈ ਤਾਰੀ ਦਾ ਵਿਸ਼ਵ ਰਿਕਾਰਡ ਤੋੜ ਦਿੱਤਾ! 2001 ਵਿਚ ਉਸ ਨੇ 400 ਮੀਟਰ ਫਰੀ ਸਟਾਈਲ ਤਾਰੀ ਦਾ ਵੀ ਨਵਾਂ ਵਰਲਡ ਰਿਕਾਰਡ ਬਣਾਇਆ। ਉਹਦੀਆਂ ਚਾਰ ਚੁਫੇਰੇ ਧੁੰਮਾਂ ਪੈਣੀਆਂ ਸ਼ੁਰੂ ਹੋ ਗਈਆਂ। ਇਹਦੇ ਨਾਲ ਉਹਦੀਆਂ ਕੌਮਾਂਤਰੀ ਜਿੱਤਾਂ ਦਾ ਦੌਰ ਸ਼ੁਰੂ ਹੋ ਗਿਆ। ਉਸ ਦਾ ਕੱਦ ਵੀ 6 ਫੁੱਟ 4 ਇੰਚ ਉੱਚਾ ਹੋ ਗਿਆ ਤੇ ਵਜ਼ਨ 88 ਕਿਲੋਗਰਾਮ। ਹੁਣ ਤਾਂ ਸੁੱਖ ਨਾਲ 90 ਕਿੱਲੋ ਹੈ। ਉਹਦੀਆਂ ਲੱਤਾਂ ਬਾਹਾਂ ਲੰਮੀਆਂ ਹਨ, ਲੱਕ ਪਤਲਾ, ਮੋਢੇ ਚੌੜੇ ਤੇ ਜੁੱਸਾ ਗੁੰਦਵਾਂ। ਧੌਣ ਲੰਮੀ, ਠੋਡੀ ਚੌੜੀ, ਸਿਰ ਦਾ ਆਕਾਰ ਛੋਟਾ ਜਿਸ ਕਰਕੇ ਧੌਣ ਵਰਗਾ ਹੀ ਲੱਗਦੈ। ਚਿਹਰਾ ਲੰਮੂਤਰਾ ਹੈ, ਅੱਖਾਂ ਨਸਵਾਰੀ ਤੇ ਸਿਹਲੀਆਂ ਸੰਘਣੀਆਂ। ਹੱਸਦਾ ਹੈ ਤਾਂ ਗੋਲ ਬੁੱਲ੍ਹਾਂ 'ਚੋਂ ਚਿੱਟੇ ਦੰਦ ਚਮਕਦੇ ਹਨ। ਪਿੰਡੇ 'ਤੇ ਵਾਲ ਨਾਮਾਤਰ, ਹੱਥ ਚੌੜੇ ਚਪਟੇ ਚੱਪੂਆਂ ਵਰਗੇ, ਕੰਨ ਵੱਡੇ ਤੇ ਸਿਰ ਦੇ ਵਾਲ ਛੋਟੇ ਹਨ। ਜੇ ਬਾਹਾਂ ਖਿਲਾਰ ਕੇ ਮਿਣਤੀ ਕਰਾਵੇ ਤਾਂ ਉਹਦੇ ਪੁਰ ਦੀ ਲੰਬਾਈ 2.01 ਮੀਟਰ ਬਣਦੀ ਹੈ।

ਉਸ ਨੇ 2003 ਵਿਚ ਟਾਊਸਨ ਦੇ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ ਸੀ। 2004 ਤੋਂ 8 ਤਕ ਉਹ ਐਨ ਆਰਬਰ ਰਿਹਾ। ਉਥੇ ਉਸ ਦੇ ਕੋਚ ਬੌਬ ਨੂੰ ਮਿਸ਼ੀਗਨ ਯੂਨੀਵਰਸਿਟੀ ਦੀ ਜੌਬ ਮਿਲ ਗਈ ਸੀ। ਚਾਰ ਸਾਲਾਂ ਬਾਅਦ ਬੌਬ ਬਾਲਟੀਮੋਰ ਮੁੜਿਆ ਤਾਂ ਉਹ ਵੀ ਨਾਲ ਈ ਮੁੜ ਪਿਆ। 2003 ਵਿਚ ਤੈਰਾਕੀ ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ ਉਸ ਨੇ 4 ਗੋਲਡ ਤੇ 2 ਸਿਲਵਰ ਮੈਡਲ ਜਿੱਤੇ। 2004 'ਚ ਏਥਨਜ਼ ਦੀਆਂ ਓਲੰਪਿਕ ਖੇਡਾਂ 'ਚੋਂ ਉਸ ਨੇ 6 ਸੋਨੇ ਤੇ 2 ਤਾਂਬੇ ਦੇ ਤਗਮੇ ਜਿੱਤਦਿਆਂ 3 ਓਲੰਪਿਕ ਤੇ 2 ਵਰਲਡ ਰਿਕਾਰਡ ਨਵਿਆਏ। 2005 ਦੀ ਵਰਲਡ ਚੈਂਪੀਅਨਸ਼ਿਪ 'ਚ ਉਸ ਨੇ 1 ਸਿਲਵਰ ਤੇ 5 ਗੋਲਡ ਮੈਡਲ ਜਿੱਤੇ। 2007 ਦੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਵਿਚ ਉਹ 7 ਸੋਨੇ ਦੇ ਤਗਮੇ ਜਿੱਤਣ ਨਾਲ 5 ਵਿਸ਼ਵ ਰਿਕਾਰਡ ਰੱਖ ਗਿਆ!

ਏਥਨਜ਼-2004 ਦੀਆਂ ਓਲੰਪਿਕ ਖੇਡਾਂ 'ਚ ਫੈਲਪਸ 200 ਮੀਟਰ ਫਰੀ ਸਟਾਈਲ ਤਾਰੀ ਵਿਚ ਆਸਟ੍ਰੇਲੀਆ ਦੇ ਤੈਰਾਕ ਇਆਨ ਥੋਰਪੇ ਤੋਂ ਹਾਰ ਗਿਆ ਸੀ। ਬੀਜਿੰਗ ਦੀਆਂ ਓਲੰਪਿਕ ਖੇਡਾਂ-2008 ਤੋਂ ਪਹਿਲਾਂ ਇਆਨ ਥੋਰਪੇ ਨੇ ਭਵਿੱਖਬਾਣੀ ਕੀਤੀ ਸੀ ਕਿ ਕੋਈ ਵੀ ਤੈਰਾਕ ਇਕੋ ਓਲੰਪਿਕਸ ਵਿਚੋਂ ਅਮਰੀਕਾ ਦੇ ਅਦਭੁਤ ਤੈਰਾਕ ਮਾਰਕ ਸਪਿਟਜ਼ ਦਾ 7 ਸੋਨ ਤਗਮੇ ਜਿੱਤਣ ਦਾ ਰਿਕਾਰਡ ਕਦੇ ਵੀ ਨਹੀਂ ਤੋੜ ਸਕੇਗਾ। ਪਰ ਮਾਈਕਲ ਫੈਲਪਸ ਨੇ ਬੀਜਿੰਗ ਤੋਂ 8 ਗੋਲਡ ਮੈਡਲ ਜਿੱਤ ਕੇ ਥੋਰਪੇ ਦੀ ਭਵਿੱਖਬਾਣੀ ਝੁਠਲਾ ਦਿੱਤੀ ਸੀ।

ਲੰਡਨ-2012 ਦੀਆਂ ਓਲੰਪਿਕ ਖੇਡਾਂ 'ਚ ਮਾਈਕਲ ਫੈਲਪਸ ਤੇ ਉਸੈਨ ਬੋਲਟ ਦੀ ਚਰਚਾ ਸਭ ਤੋਂ ਵੱਧ ਸੀ। ਸੁਆਲ ਸੀ, ਕੀ ਉਹ ਬੀਜਿੰਗ ਦੀਆਂ ਜਿੱਤਾਂ ਨੂੰ ਦੁਹਰਾਅ ਸਕਣਗੇ? ਉਥੇ ਫੈਲਪਸ ਨੇ 4 ਸੋਨੇ ਤੇ 2 ਚਾਂਦੀ ਦੇ ਤਗਮੇ ਜਿੱਤੇ। ਲੰਡਨ ਦੀਆਂ ਓਲੰਪਿਕ ਖੇਡਾਂ 'ਚ ਭਾਗ ਲੈ ਕੇ ਫੈਲਪਸ ਤੈਰਨ ਤੋਂ ਰਿਟਾਇਰ ਹੋ ਗਿਆ ਸੀ। ਬਾਅਦ ਵਿਚ ਖ਼ਬਰਾਂ ਆਈਆਂ, ਸੰਭਵ ਹੈ ਉਹ 2016 ਵਿਚ ਰੀਓ ਡੀ ਜਨੇਰੋ ਦੀਆਂ ਓਲੰਪਿਕ ਖੇਡਾਂ ਵਿਚ ਵੀ ਭਾਗ ਲੈ ਲਵੇ। ਉਹ ਮੁੜ ਸਰਗਰਮ ਹੋ ਗਿਆ। ਉਸ ਨੇ 31 ਸਾਲ ਦੀ ਉਮਰੇ ਸੱਚਮੁੱਚ ਰੀਓ ਦੀਆਂ ਓਲੰਪਿਕ ਖੇਡਾਂ 'ਚ ਭਾਗ ਲਿਆ ਅਤੇ 5 ਸੋਨੇ ਤੇ 1 ਚਾਂਦੀ ਦਾ ਤਗਮਾ ਜਿੱਤ ਕੇ ਤੈਰਾਕੀ ਤੋਂ ਰਿਟਾਇਰ ਹੋਇਆ। ਉਸ ਨੂੰ ਬੇਅੰਤ ਇਨਾਮ ਸਨਮਾਨ ਮਿਲੇ ਹਨ। 2003, 4, 6, 7, 8, 9 ਤੇ 12 ਵਿਚ ਉਹ ਵਿਸ਼ਵ ਦੇ ਸਰਬੋਤਮ ਤੈਰਾਕ ਦਾ ਅਵਾਰਡ ਲੈ ਚੁੱਕੈ। ਮੈਰੀਲੈਂਡ ਦੀ ਅਸੰਬਲੀ ਨੇ ਉਹਦਾ ਉਚੇਚਾ ਮਾਣ ਸਨਮਾਨ ਕੀਤਾ। ਉਹਦੇ ਮਾਨਾਂ ਸਨਮਾਨਾਂ ਦੀ ਗਿਣਤੀ ਦਰਜਨਾਂ ਵਿਚ ਹੈ। ਉਹ ਅਮਰੀਕਾ ਹੀ ਨਹੀਂ ਵਿਸ਼ਵ ਦਾ ਵਿਸ਼ੇਸ਼ ਵਿਅਕਤੀ ਹੈ।

ਕਈਆਂ ਨੇ ਸ਼ੱਕ ਪ੍ਰਗਟ ਕੀਤਾ ਸੀ ਕਿ ਫੈਲਪਸ ਕਿਤੇ ਡੋਪਿੰਗ ਨਾ ਕਰਦਾ ਹੋਵੇ। ਵਾਡਾ ਵੱਲੋਂ ਉਸ ਦਾ 9 ਵਾਰ ਡੋਪ ਟੈਸਟ ਹੋਇਆ। ਉਹ ਹਰ ਵਾਰ ਖਰਾ ਖਿਡਾਰੀ ਨਿਕਲਿਆ। ਲਾਜ਼ਮੀ ਡੋਪ ਟੈਸਟਾਂ ਤੋਂ ਬਿਨਾਂ ਉਹ ਵਾਧੂ ਟੈਸਟਾਂ ਲਈ ਵੀ ਆਪਣੇ ਆਪ ਨੂੰ ਪੇਸ਼ ਕਰਦਾ ਰਿਹਾ। ਇਹ ਵੱਖਰੀ ਗੱਲ ਹੈ ਕਿ 19 ਸਾਲ ਦੀ ਉਮਰੇ ਉਹ ਸ਼ਰਾਬ ਪੀ ਕੇ ਗੱਡੀ ਚਲਾਉਂਦਾ ਫੜਿਆ ਗਿਆ ਸੀ। ਏਥਨਜ਼ ਦੀਆਂ ਓਲੰਪਿਕ ਖੇਡਾਂ 'ਚੋਂ 8 ਮੈਡਲ ਜਿੱਤ ਕੇ ਮੁੜਿਆ ਤਾਂ ਸ਼ਰਾਬ ਦੇ ਸਰੂਰ ਵਿਚ ਆਪਣੇ ਸ਼ਹਿਰ ਨੇੜੇ ਸੈਲਿਸਬਰੀ ਦੇ ਇਕ 'ਸਟਾਪ' ਸਾਈਨ 'ਤੇ ਨਾ ਰੁਕਿਆ। ਸਿੱਧਾ ਲੰਘ ਜਾਣ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੁਰਮਾਨਾ ਹੋਇਆ ਤੇ 18 ਮਹੀਨੇ ਦੀ ਪ੍ਰੋਬੇਸ਼ਨ ਲੱਗੀ। ਉਸ ਨੂੰ ਸਕੂਲ ਦੇ ਬੱਚਿਆਂ ਸਾਹਮਣੇ, ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਔਗੁਣਾਂ ਬਾਰੇ ਭਾਸ਼ਣ ਦੇਣ ਦੀ ਸਜ਼ਾ ਭੁਗਤਣੀ ਪਈ। ਉਸ ਨੇ ਮੰਨਿਆ ਕਿ ਅੱਗੋਂ ਉਹ ਅਜਿਹੀ ਗ਼ਲਤੀ ਨਹੀਂ ਕਰੇਗਾ।

ਉਸ ਦੇ ਕੋਚ ਦਾ ਕਹਿਣਾ ਹੈ ਕਿ ਫੈਲਪਸ ਬੜਾ ਮਿਹਨਤੀ ਤੇ ਇਰਾਦੇ ਦਾ ਪੱਕਾ ਸੀ। ਉਹ ਕੋਚਿੰਗ ਦੇ ਸਬਕ ਸਮਝਦਾ ਸੀ ਅਤੇ ਦਿਲ ਜਾਨ ਨਾਲ ਅਭਿਆਸ ਕਰਦਾ ਸੀ। ਫੈਲਪਸ ਦਿਲ ਦਾ ਦਿਆਲੂ ਹੈ। ਉਸ ਨੇ ਆਪਣੇ ਸਪਾਂਸਰ 'ਸਪੀਡੋ' ਤੋਂ ਮਿਲੇ ਦਸ ਲੱਖ ਡਾਲਰਾਂ ਦੇ ਵਜ਼ੀਫ਼ੇ ਨਾਲ ਆਪਣੇ ਸ਼ਹਿਰ ਵਿਚ ਮਾਈਕਲ ਫੈਲਪਸ ਫਾਊਂਡੇਸ਼ਨ ਬਣਾਈ ਜੋ ਬੱਚਿਆਂ ਨੂੰ ਸਿਹਤ ਨਰੋਈ ਰੱਖਣ, ਤੈਰਾਕੀ ਦੀ ਕੋਚਿੰਗ ਦੇਣ ਤੇ ਵਧੀਆ ਇਨਸਾਨ ਬਣਨ ਦੀ ਲਗਨ ਲਾਉਣ ਲਈ ਹੈ। ਉਹਦੇ ਸ਼ਹਿਰ ਵਾਸੀਆਂ ਨੇ ਇਕ ਸੜਕ ਦਾ ਨਾਂ 'ਮਾਈਕਲ ਫੈਲਪਸ ਵੇਅ' ਰੱਖ ਦਿੱਤਾ ਹੈ। ਉਹ ਜੀਂਦੇ ਜੀਅ ਮਿੱਥ ਬਣ ਗਿਆ ਹੈ।

ਉਸ ਦਾ ਵਿਆਹ ਕਲੋਰਾਡੋ ਦੀ ਜੰਮਪਲ ਮਿਸ ਅਮਰੀਕਾ, ਨਿਕੋਲ ਜੌਨਸਨ ਨਾਲ 2016 ਵਿਚ ਹੋਇਆ। ਨਿਕੋਲ ਦਾ ਰੰਗ ਗੋਰਾ ਹੈ, ਅੱਖਾਂ ਨਸਵਾਰੀ ਤੇ ਵਾਲ ਭੂਰੇ ਹਨ। ਉਨ੍ਹਾਂ ਦੇ ਤਿੰਨ ਪੁੱਤਰ ਵਿਹੜੇ ਦੇ ਭਾਗ ਹਨ। ਫੈਲਪਸ ਨੇ ਆਪਣੇ ਖੇਡ ਕੈਰੀਅਰ ਵਿਚ 39 ਵਿਸ਼ਵ ਰਿਕਾਰਡ ਬਣਾਏ ਜਿਨ੍ਹਾਂ ਵਿਚ 29 ਵਿਅਕਤੀਗਤ ਤੇ 10 ਰਿਲੇਅ ਟੀਮਾਂ ਦੇ ਹਨ। ਉਸ ਤੋਂ ਪਹਿਲਾਂ ਅਮਰੀਕਾ ਦੇ ਹੀ ਮਾਰਕ ਸਪਿਟਜ਼ ਨੇ 33 ਵਿਸ਼ਵ ਰਿਕਾਰਡ ਰੱਖੇ ਸਨ ਜਿਨ੍ਹਾਂ ਵਿਚ 26 ਵਿਅਕਤੀਗਤ ਤੇ 7 ਰਿਲੇਅ ਟੀਮਾਂ ਦੇ ਸਨ। 37 ਸਾਲਾਂ ਦੇ ਘੁੱਗ ਵਸਦੇ ਉਡਣੇ ਤੈਰਾਕ ਮਾਈਕਲ ਫੈਲਪਸ ਦਾ ਕਹਿਣਾ ਹੈ ਕਿ ਹੁਣ ਉਹਦਾ ਪੂਲ ਦੇ ਪਾਣੀਆਂ ਤੋਂ ਜੀਅ ਭਰ ਗਿਆ ਹੈ ਤੇ ਉਹ ਸਾਗਰਾਂ 'ਚ ਤੈਰਨ ਦੇ ਸੁਫ਼ਨੇ ਲੈ ਰਿਹੈ! ਵੇਖਦੇ ਹਾਂ ਖੁੱਲ੍ਹੇ ਸਾਗਰਾਂ ਨੂੰ ਉਹ ਕਦੋਂ ਰੰਗ ਭਾਗ ਲਾਉਂਦੈ?

# ਨੋਬੇਲ ਪੁਰਸਕਾਰ ਦਾ ਜਨਮਦਾਤਾ ਅਲਫਰੈੱਡ ਨੋਬਲ

ਰਜਵਿੰਦਰ ਪਾਲ ਸ਼ਰਮਾ
ਫੋਨ: 70873-67969

ਵਿਗਿਆਨ ਦੀ ਚਿੰਗਾਰੀ ਨੇ ਮਨੁੱਖ ਦੇ ਸਦੀਆਂ ਤੋਂ ਕੁਦਰਤੀ ਵਰਤਾਰਿਆਂ ਪ੍ਰਤੀ ਪਏ ਹੋਏ ਭਰਮ ਭੁਲੇਖਿਆਂ ਨੂੰ ਦੂਰ ਕਰ ਕੇ ਇਕ ਨਵੀਂ ਅਤੇ ਚਿੰਤਨ ਕਰਨ ਯੋਗ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ, ਜਿਸ ਨਾਲ ਮਨੁੱਖ ਦੇ ਰਹਿਣ-ਸਹਿਣ ਦੇ ਨਾਲ-ਨਾਲ ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਵਿਗਿਆਨ ਦੀਆਂ ਖੋਜਾਂ ਵਿਚ ਦਿਨ ਰਾਤ ਜੁੱਟੇ ਹੋਏ ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ ਹੀ ਇਹ ਸੰਭਵ ਹੋਇਆ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਰਕੇ ਪੂਰੀ ਦੁਨੀਆ ਇਕ ਗਲੋਬਲ ਪਿੰਡ ਬਣ ਗਈ ਹੈ। ਵਿਗਿਆਨੀਆਂ ਨੂੰ ਉਨ੍ਹਾਂ ਦੀਆਂ ਖੋਜਾਂ ਬਦਲੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ-ਸਨਮਾਨਾਂ ਨਾਲ ਨਿਵਾਜਿਆ ਜਾਂਦਾ ਹੈ ਪਰ ਕੁਝ ਪੁਰਸਕਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਮਿਲਣ ਨਾਲ ਵਿਅਕਤੀ ਰਾਤੋ-ਰਾਤ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਕੇ ਨਾਮ ਕਮਾ ਜਾਂਦਾ ਹੈ, ਅਜਿਹਾ ਹੀ ਇਕ ਪੁਰਸਕਾਰ ਹੈ ਨੋਬੇਲ ਪੁਰਸਕਾਰ। ਆਓ! ਇਸ ਬਾਰੇ ਕੁਝ ਜਾਣਕਾਰੀ ਹਾਸਲ ਕਰੀਏ।

ਨੋਬੇਲ ਪੁਰਸਕਾਰ ਸਵੀਡਨ ਦੇ ਮਹਾਨ ਵਿਗਿਆਨੀ ਅਤੇ ਡਾਈਨਾਮਾਈਟ ਦੇ ਪਿਤਾ ਕਹੇ ਜਾਂਦੇ ਅਲਫਰੈੱਡ ਨੋਬੇਲ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਅਲਫਰੈੱਡ ਨੋਬੇਲ ਦੁਆਰਾ ਕੀਤੀਆਂ ਗਈਆਂ ਖੋਜਾਂ ਅਤੇ ਮਾਣ-ਸਨਮਾਨਾਂ ਦੁਆਰਾ ਇਕੱਠੇ ਕੀਤੇ ਗਏ ਪੈਸੇ ਨੂੰ ਉਨ੍ਹਾਂ ਨੇ ਆਪਣੇ ਅਖੀਰਲੇ ਸਮੇਂ ਵਿਚ ਦਾਨ ਕਰ ਦਿੱਤਾ। ਦਾਨ ਕੀਤੇ ਪੈਸੇ ਤੋਂ ਹੀ ਨੋਬੇਲ ਪੁਰਸਕਾਰ ਦੀ ਸ਼ੁਰੂਆਤ ਹੁੰਦੀ ਹੈ। ਅਲਫਰੈੱਡ ਨੋਬੇਲ ਦੀ ਮੌਤ ਤੋਂ ਪੰਜ ਸਾਲ ਬਾਅਦ ਭਾਵ 1901 ਤੋਂ ਨੋਬੇਲ ਪੁਰਸਕਾਰ ਰਸਾਇਣਕ ਵਿਗਿਆਨ, ਭੌਤਿਕ ਵਿਗਿਆਨ, ਜੀਵ ਵਿਗਿਆਨ,



ਸਹਿਤ ਅਤੇ ਵਿਸ਼ਵ ਵਿਚ ਸ਼ਾਂਤੀ ਨੂੰ ਸਥਾਪਿਤ ਕਰਨ ਲਈ ਪਾਏ ਵਡਮੁੱਲੇ ਯੋਗਦਾਨ ਲਈ ਦਿੱਤਾ ਜਾਂਦਾ ਹੈ। ਇਨ੍ਹਾਂ ਖੇਤਰਾਂ ਤੋਂ ਇਲਾਵਾ ਇਕ ਖੇਤਰ ਅਜਿਹਾ ਹੈ ਜਿਸਨੂੰ ਸ਼ੁਰੂਆਤੀ ਦੌਰ ਵਿਚ ਪੁਰਸਕਾਰ ਲਈ ਨਹੀਂ ਚੁਣਿਆ ਜਾਂਦਾ ਸੀ ਪਰ ਸਵੀਡਨ ਦੇ ਕੇਂਦਰੀ ਬੈਂਕ ਦੁਆਰਾ 1968 ਤੋਂ ਅਰਥ-ਸ਼ਾਸਤਰ ਦੇ ਖੇਤਰ ਵਿਚ ਵੀ ਇਹ ਪੁਰਸਕਾਰ ਦਿੱਤਾ ਜਾਣ ਲੱਗਾ।

ਭਾਰਤੀ ਕਵੀ, ਨਾਵਲਕਾਰ ਅਤੇ ਭਾਰਤ ਦੇ ਰਾਸ਼ਟਰੀ ਗਾਣ ਦੇ ਰਚੇਤਾ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ ਏਸ਼ੀਆ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਲਿਖੀ ਰਚਨਾ ਗੀਤਾਂਜਲੀ ਦੇ ਲਈ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ। ਵਿਗਿਆਨ ਦੇ ਖੇਤਰ ਵਿਚ ਡਾ ਸੀ ਵੀ ਰਮਨ, ਡਾ. ਸੁਬਰਮਨੀਅਮ ਚੰਦਰਸ਼ੇਖਰ, ਡਾ. ਹਰਗੋਬਿੰਦ ਖੁਰਾਣਾ, ਅਰਥ-ਸ਼ਾਸਤਰ ਵਿਚ ਡਾ. ਅਮਰਿਤਿਅ ਸੇਨ ਅਤੇ ਸ਼ਾਂਤੀ ਦੇ ਖੇਤਰ ਵਿਚ ਕੈਲਾਸ਼ ਸਤਿਆਰਥੀ ਅਤੇ ਪਾਕਿਸਤਾਨ ਦੀ ਸਮਾਜਿਕ ਕਾਰਕੁਨ ਮਲਾਲਾ ਯੂਸਫਜ਼ਈ ਨੂੰ ਸਾਂਝੇ ਤੌਰ 'ਤੇ ਨਿਵਾਜਿਆ ਜਾ ਚੁੱਕਾ ਹੈ।

ਇਨ੍ਹਾਂ ਪੁਰਸਕਾਰਾਂ ਦਾ ਐਲਾਨ ਅਕਤੂਬਰ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਦਸੰਬਰ ਮਹੀਨੇ ਵੰਡ ਕੀਤੀ ਜਾਂਦੀ ਹੈ। ਇਹ ਪੁਰਸਕਾਰ ਇਕੋ ਸਮੇਂ ਵਿਚ ਇਕ ਜਾਂ ਇਕ ਤੋਂ ਵੱਧ ਵਿਅਕਤੀਆਂ ਨੂੰ ਵੀ ਦਿੱਤਾ ਜਾ ਸਕਦਾ ਹੈ। 1901 ਤੋਂ ਬਾਅਦ ਕਈ ਵਾਰ ਅਜਿਹਾ ਸਮਾਂ ਵੀ ਆਇਆ ਹੈ ਜਦੋਂ ਨੋਬੇਲ ਪੁਰਸਕਾਰਾਂ ਦਾ ਐਲਾਨ ਨਹੀਂ ਕੀਤਾ ਗਿਆ।

ਨੋਬੇਲ ਪੁਰਸਕਾਰ ਦੁਨੀਆਂ ਦਾ ਸਰਵ ਉੱਤਮ ਅਤੇ ਸਰਵਉੱਚ ਪੁਰਸਕਾਰ ਮੰਨਿਆ ਜਾਂਦਾ ਹੈ ਜਿਸਦੇ ਬਰਾਬਰ ਦਾ ਹੋਰ ਕੋਈ ਸਾਹਨੀ ਨਹੀਂ ਮਿਲਦਾ। ਨੋਬੇਲ ਪੁਰਸਕਾਰ ਰਚੇਤਾ ਨੂੰ ਸਾਡਾ ਸਲਾਮ। ਜਿੰਨਾ ਸਮਾਂ ਨੋਬੇਲ ਪੁਰਸਕਾਰ ਰਹੇਗਾ ਉਨਾ ਸਮਾਂ ਅਲਫਰੈਡ ਨੋਬੇਲ ਵੀ ਜਿਉਂਦਾ ਰਹੇਗਾ। ਨੋਬਲ ਪੁਰਸਕਾਰ ਨੇ ਅਲਫਰੈਡ ਨੋਬੇਲ ਨੂੰ ਵੀ ਅਮਰ ਕਰ ਦਿੱਤਾ ਹੈ।

## ਗੁਜਰਾਤ ਹਿੰਸਾ: 'ਸਿਟ' ਨੇ ਮੋਦੀ ਨੂੰ ਕਲੀਨ ਚਿੱਟ ਕਿਵੇਂ ਦਿੱਤੀ-2

# ਤੱਥਾਂ ਨਾਲ ਇਉਂ ਹੋਈ ਤੋੜ-ਮਰੋੜ

*ਗੁਜਰਾਤ ਵਿਚ 2002 ਵਿਚ ਹੋਈ ਭਿਆਨਕ ਫਿਰਕੂ ਹਿੰਸਾ ਦੇ ਮਾਮਲੇ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਸੂਬੇ ਦੇ ਉਸ ਵਕਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਖਿਲਾਫ ਦੋਸ਼ ਖਾਰਜ ਕਰ ਦਿੱਤੇ। ਉਘੇ ਪੱਤਰਕਾਰ ਹਰਤੋਸ਼ ਸਿੰਘ ਬਲ ਨੇ ਇਸ ਸਮੁੱਚੇ ਮਾਮਲੇ ਬਾਰੇ ਲੰਮੀ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਉਹ ਤੱਥ ਉਜਾਗਰ ਕੀਤੇ ਹਨ ਜਿਨ੍ਹਾਂ ਨੂੰ ਅਦਾਲਤ ਨੇ ਗੌਲਿਆ ਹੀ ਨਹੀਂ। ਇਸ ਲੰਮੀ ਰਿਪੋਰਟ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਰਿਪੋਰਟ ਦੀ ਦੂਜੀ ਕਿਸ਼ਤ ਪੇਸ਼ ਹੈ।*




*2002 ਦੀ ਹਿੰਸਾ ਦੌਰਾਨ ਜਲ ਰਹੇ ਗੁਜਰਾਤ ਦੀ ਇਕ ਝਲਕ।*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

"ਇਹ ਤੱਥ ਕਿ ਦੰਗਿਆਂ ਅਤੇ ਪੁਲਿਸ ਗੋਲੀਬਾਰੀ ਦੇ ਪੀੜਤ ਮੁੱਖ ਤੌਰ 'ਤੇ ਮੁਸਲਿਮ ਭਾਈਚਾਰਾ ਸੀ ਜੋ ਇਹ ਗੱਲ ਸਥਾਪਿਤ ਕਰਦਾ ਹੈ ਕਿ ਦੰਗਈ, ਪ੍ਰਸ਼ਾਸਨ, ਹੁਕਮਰਾਨ ਪਾਰਟੀ (ਭਾਜਪਾ) ਦੇ ਸਹਿਯੋਗੀ ਮੁੱਖ ਮੰਤਰੀ ਦੇ ਸ਼ੈਤਾਨੀ ਉਦੇਸ਼ ਪੂਰੇ ਕਰਨ ਲਈ ਸਹਿਯੋਗ ਕਰ ਰਹੇ ਹਨ। 'ਸਿਟ' ਰਿਪੋਰਟ ਵਿਚ ਇਕ ਦੋਸ਼ ਦਾ ਜ਼ਿਕਰ ਹੈ। ਇਹ ਆਰ.ਬੀ. ਸ੍ਰੀਕੁਮਾਰ ਦੁਆਰਾ ਨਾਨਾਵਤੀ-ਸ਼ਾਹ ਜਾਂਚ ਕਮਿਸ਼ਨ ਨੂੰ ਮੁਹੱਈਆ ਕੀਤੇ ਅੰਕੜਿਆਂ ਦਾ ਜ਼ਿਕਰ ਕਰਦੀ ਹੈ ਜੋ ਕਤਲੇਆਮ ਤੋਂ ਬਾਅਦ ਬਣਾਇਆ ਸੀ।

24 ਅਪਰੈਲ 2002 ਨੂੰ ਸਰਕਾਰ ਨੂੰ ਸੌਂਪੀ ਰਿਪੋਰਟ ਵਿਚ ਸ੍ਰੀਕੁਮਾਰ ਵੱਲੋਂ ਆਪਣੇ ਦੋਸ਼ਾਂ ਦੀ ਹਮਾਇਤ 'ਚ ਸੂਚੀਬੱਧ ਕੀਤੇ ਗਏ ਅੰਕੜੇ ਪੜ੍ਹਨ ਯੋਗ ਹਨ:

ਮੁਸਲਮਾਨਾਂ ਦਾ ਜਾਨ-ਮਾਲ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। 636 ਤੋਂ ਵੱਧ ਮੁਸਲਮਾਨ ਮਾਰੇ ਗਏ ਜਿਨ੍ਹਾਂ ਵਿਚੋਂ 91 ਪੁਲਿਸ



ਗੋਲੀਬਾਰੀ ਵਿਚ ਮਾਰੇ ਗਏ। ਇਸ ਦੇ ਮੁਕਾਬਲੇ ਦੰਗਿਆਂ ਵਿਚ 181 ਹਿੰਦੂ ਮਾਰੇ ਗਏ ਜਿਨ੍ਹਾਂ ਵਿਚੋਂ 76 ਪੁਲਿਸ ਗੋਲੀਬਾਰੀ ਵਿਚ ਮਾਰੇ ਗਏ। 74 ਹਿੰਦੂਆਂ ਦੇ ਮੁਕਾਬਲੇ 329 ਮੁਸਲਮਾਨ ਜ਼ਖ਼ਮੀ

**ਹਰਤੋਸ਼ ਸਿੰਘ ਬਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਹੋਏ ਅਤੇ ਮੁਸਲਮਾਨਾਂ ਦੀ ਜਾਇਦਾਦ ਦਾ ਨੁਕਸਾਨ 600 ਕਰੋੜ ਰੁਪਏ, ਜਦਕਿ ਹਿੰਦੂਆਂ ਦਾ 40 ਕਰੋੜ ਰੁਪਏ ਦਾ ਹੋਇਆ। ਇਹ ਵੀ ਦੱਸਿਆ ਗਿਆ ਕਿ ਅਹਿਮਦਾਬਾਦ ਸ਼ਹਿਰ ਵਿਚ ਦੰਗਿਆਂ 'ਚ 278 ਮੁਸਲਮਾਨ ਮਾਰੇ ਗਏ ਜਿਨ੍ਹਾਂ ਵਿਚੋਂ 57 ਪੁਲਿਸ ਗੋਲੀ ਨਾਲ ਮਾਰੇ ਗਏ। ਇਸ ਦੇ ਮੁਕਾਬਲੇ 91 ਹਿੰਦੂ ਮਾਰੇ ਗਏ ਸਨ ਜਿਨ੍ਹਾਂ ਵਿਚੋਂ 30 ਪੁਲਿਸ ਕਾਰਵਾਈ ਵਿਚ ਮਾਰੇ ਗਏ ਸਨ। ਇਸ ਤੋਂ ਇਲਾਵਾ ਅਹਿਮਦਾਬਾਦ ਵਿਚ ਜ਼ਖਮੀ ਹੋਏ ਮੁਸਲਮਾਨਾਂ ਦੀ ਗਿਣਤੀ 408 ਸੀ। ਇਸ ਦੇ ਮੁਕਾਬਲੇ 329 ਹਿੰਦੂ ਛੁਰੇਬਾਜ਼ੀ ਅਤੇ ਅੱਗਜ਼ਨੀ ਦਾ ਸ਼ਿਕਾਰ ਹੋਏ।

ਉਸ ਸਮੇਂ ਅਹਿਮਦਾਬਾਦ ਦੇ ਪੁਲਿਸ ਕਮਿਸ਼ਨਰ ਪੀ.ਸੀ. ਪਾਂਡੇ ਨੇ 'ਸਿਟ' ਨੂੰ ਦੱਸਿਆ ਸੀ, "ਦੰਗਿਆਂ ਦੌਰਾਨ ਪੁਲਿਸ ਲਈ ਇਹ ਪਛਾਣ ਕਰਨਾ ਮੁਸ਼ਕਿਲ ਹੁੰਦਾ ਹੈ ਕਿ ਕਿਹੜਾ ਵਿਅਕਤੀ ਕਿਸ ਵਿਸ਼ੇਸ਼ ਫਿਰਕੇ ਦਾ ਹੈ।" ਪਾਂਡੇ ਨੇ 28 ਫਰਵਰੀ 2002 ਦੀ ਇਕ ਤਰੀਕ ਵੱਲ ਇਸ਼ਾਰਾ ਕਰਦੇ ਹੋਏ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਕੋਈ ਸਿੱਧਾ ਵਿਤਕਰਾ ਨਹੀਂ ਕੀਤਾ ਗਿਆ। ਉਸ ਨੇ ਕਿਹਾ ਕਿ ਇਸ ਦਿਨ ਪੁਲਿਸ ਗੋਲੀਬਾਰੀ ਵਿਚ ਮਾਰੇ ਗਏ 17 ਵਿਅਕਤੀਆਂ ਵਿਚੋਂ 11 ਹਿੰਦੂ ਅਤੇ 6 ਮੁਸਲਮਾਨ ਸਨ। 'ਸਿਟ' ਅੱਗੇ ਕਹਿੰਦੀ ਹੈ, "ਉਸ ਨੇ ਇਹ ਵੀ ਕਿਹਾ ਹੈ ਕਿ ਬਾਅਦ ਦੇ ਦਿਨਾਂ ਵਿਚ ਮੁਸਲਿਮ ਧਿਰ ਵੱਲੋਂ ਵੀ ਜਵਾਬੀ ਕਾਰਵਾਈ ਸ਼ੁਰੂ ਹੋਈ, ਇਸ ਲਈ ਜਿੱਥੇ ਵੀ ਪੁਲਿਸ ਨੇ ਤਾਕਤ ਦੀ ਵਰਤੋਂ ਕੀਤੀ, ਉੱਥੇ ਦੋਵਾਂ ਪਾਸਿਆਂ ਦਾ ਜਾਨੀ ਨੁਕਸਾਨ ਹੋਇਆ।"

ਪਾਂਡੇ ਨੇ 'ਸਿਟ' ਨੂੰ ਇਹ ਵੀ ਦੱਸਿਆ ਕਿ 28 ਫਰਵਰੀ ਤੋਂ 30 ਅਪਰੈਲ ਤੱਕ 113 ਹਿੰਦੂ ਅਤੇ 329 ਮੁਸਲਮਾਨ, ਕੁਲ 442 ਲੋਕ ਮਾਰੇ ਗਏ। ਰਿਪੋਰਟ ਵਿਚ ਕਿਹਾ ਗਿਆ ਹੈ, "ਇਨ੍ਹਾਂ ਅੰਕੜਿਆਂ ਵਿਚ ਪੁਲਿਸ ਗੋਲੀਬਾਰੀ ਵਿਚ 100 ਤੋਂ ਵੱਧ ਅਤੇ ਨਿੱਜੀ ਗੋਲੀਬਾਰੀ ਵਿਚ 33 ਤੋਂ ਵੱਧ ਮੌਤਾਂ ਸ਼ਾਮਿਲ ਹਨ।" ਪਾਂਡੇ ਨੇ ਅੱਗੇ ਦੱਸਿਆ ਕਿ ਇਸ ਸਮੇਂ ਦੌਰਾਨ 780 ਅਪਰਾਧਿਕ ਮਾਮਲੇ ਦਰਜ ਕੀਤੇ ਗਏ ਸਨ ਅਤੇ 2862 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ 1755 ਹਿੰਦੂ ਸਨ।" ਇਸ ਤੋਂ ਪਾਂਡੇ ਨੇ ਸਿੱਟਾ ਕੱਢਿਆ, "ਇਹ ਕਹਿਣਾ ਗ਼ਲਤ ਹੈ ਕਿ ਪ੍ਰਸ਼ਾਸਨ ਅਤੇ ਪੁਲਿਸ ਦੰਗਈਆਂ ਦੀ ਮਦਦ ਕਰ ਰਹੇ ਸਨ ਅਤੇ ਮੁੱਖ ਮੰਤਰੀ ਦੇ ਕਥਿਤ ਉਦੇਸ਼ ਨੂੰ ਪੂਰਾ ਕਰਨ ਦੇ ਇਰਾਦੇ ਨਾਲ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਸਨ।

ਇਹ ਉਲਝਾਉਣ ਦੀ ਚਾਲ ਹੈ। ਤੁਸੀਂ ਲੰਮੇ ਅਰਸੇ ਵਿਚ ਇਕੱਠੇ ਕੀਤੇ ਅੰਕੜਿਆਂ 'ਚੋਂ ਸਾਹਮਣੇ ਇਕ ਪੈਟਰਨ ਨੂੰ ਗ਼ਲਤ ਸਾਬਤ ਕਰਨ ਲਈ ਇਕ ਦਿਨ ਦੇ ਅੰਕੜਿਆਂ ਦੀ ਵਰਤੋਂ ਨਹੀਂ ਕਰ ਸਕਦੇ ਹੋ। ਇਹ ਜਾਂਚ ਕਰਨ ਵਾਲੀ ਗੱਲ ਹੈ ਕਿ ਪਾਂਡੇ ਦੇ ਸ਼ਬਦ ਕੀ ਦਰਸਾਉਂਦੇ ਹਨ। ਪਾਂਡੇ ਅਤੇ ਸ੍ਰੀਕੁਮਾਰ ਵੱਲੋਂ ਅਹਿਮਦਾਬਾਦ ਬਾਰੇ ਦਿੱਤੇ ਕੁਲ ਅੰਕੜੇ ਅੰਦਾਜ਼ਨ ਹਨ, ਇਹ ਦੇਖਦੇ ਹੋਏ ਕਿ ਪਾਂਡੇ ਦੇ ਅੰਕੜਿਆਂ ਵਿਚ 24-30 ਅਪਰੈਲ 2002 ਦਾ ਵਾਧੂ ਅਰਸਾ ਸ਼ਾਮਿਲ ਹੈ। ਦਿਲਚਸਪ ਗੱਲ ਇਹ ਹੈ ਕਿ ਪਾਂਡੇ ਦੇ ਅੰਕੜੇ ਇਹ ਨਹੀਂ ਦੱਸਦੇ ਕਿ ਪੁਲਿਸ ਗੋਲੀਬਾਰੀ ਵਿਚ ਕਿੰਨੇ ਮੁਸਲਮਾਨ ਅਤੇ ਕਿੰਨੇ ਹਿੰਦੂ ਮਾਰੇ ਗਏ ਸਨ।

ਜੇਕਰ ਪਹਿਲੇ ਦਿਨ ਪੁਲਿਸ ਗੋਲੀਬਾਰੀ ਵਿਚ 11 ਹਿੰਦੂ ਅਤੇ 6 ਮੁਸਲਮਾਨ ਮਾਰੇ ਗਏ ਸਨ, ਤਾਂ ਇਸਦਾ ਮਤਲਬ ਹੈ, ਜੇਕਰ ਅਸੀਂ ਅਹਿਮਦਾਬਾਦ ਬਾਰੇ ਦਿੱਤੇ ਸ੍ਰੀਕੁਮਾਰ ਦੇ ਅੰਕੜਿਆਂ ਨੂੰ ਲੈਂਦੇ ਹਾਂ, ਤਾਂ 1 ਮਾਰਚ ਤੋਂ 24 ਅਪਰੈਲ ਦਰਮਿਆਨ 30 ਹਿੰਦੂ ਅਤੇ 57 ਮੁਸਲਮਾਨ ਮਾਰੇ ਗਏ ਸਨ। ਇਸ ਲਈ ਅਹਿਮਦਾਬਾਦ ਵਿਚ ਪੁਲਿਸ ਗੋਲੀਬਾਰੀ ਵਿਚ ਘੱਟੋ-ਘੱਟ 51 ਮੁਸਲਮਾਨ ਅਤੇ 19 ਹਿੰਦੂ ਮਾਰੇ ਗਏ ਸਨ। ਫਿਰ, ਜੇ ਅਸੀਂ ਪਾਂਡੇ ਦੇ ਸ਼ਬਦਾਂ ਅਨੁਸਾਰ ਚੱਲੀਏ ਅਤੇ ਇਹ ਮੰਨ ਲਈਏ ਕਿ ਪੁਲਿਸ ਨੇ ਕੋਈ ਵਿਤਕਰਾ ਨਹੀਂ ਕੀਤਾ ਕਿਉਂਕਿ ਉਹ ਕਿਸੇ ਵਿਸ਼ੇਸ਼ ਭਾਈਚਾਰੇ ਦੇ ਮੈਂਬਰਾਂ ਦੀ ਪਛਾਣ ਨਹੀਂ ਕਰ ਸਕਦੇ ਸਨ, ਤਾਂ ਇਹ ਗਿਣਤੀ ਦੱਸਦੀ ਹੈ ਕਿ ਹਿੰਦੂਆਂ ਨਾਲੋਂ ਮੁਸਲਮਾਨਾਂ ਦੀ ਗਿਣਤੀ ਦਾ ਫ਼ਰਕ ਪੰਜ ਅਨੁਪਾਤ ਦੋ ਦਾ ਸੀ।

ਹਾਲਾਂਕਿ ਪਾਂਡੇ ਨੇ ਦਾਅਵਾ ਕੀਤਾ ਹੈ ਕਿ ਬਾਅਦ ਦੇ ਦਿਨਾਂ 'ਚ ਵਧੇਰੇ ਮੁਸਲਮਾਨ ਸੜਕਾਂ 'ਤੇ ਆਏ, ਇਹ ਅਨੁਪਾਤ ਟਿਕਾਊ ਨਹੀਂ ਹੈ। ਇਹ ਕਲਪਨਾ ਕਰਨਾ ਮੁਸ਼ਕਿਲ ਹੈ ਕਿ ਜੇ 'ਸਿਟ' ਸਬੂਤਾਂ ਦੀ ਨਿਰਪੱਖ ਜਾਂਚ ਕਰ ਰਹੀ ਹੁੰਦੀ ਤਾਂ ਉਹ ਇਸ ਨੂੰ ਸਰਸਰੀ ਜਹੇ ਕਿਵੇਂ ਸਵੀਕਾਰ ਕਰ ਸਕਦੀ ਸੀ। ਇਸ ਦਾਅਵੇ ਨੂੰ ਚੁਣੌਤੀ ਦੇਣ ਲਈ ਸਾਨੂੰ ਅਹਿਮਦਾਬਾਦ ਦੀ ਜਨਸੰਖਿਆ ਜਾਂ ਚਸ਼ਮਦੀਦ ਗਵਾਹਾਂ ਦੀ ਗਵਾਹੀ ਦੇਖਣ ਦੀ ਵੀ ਲੋੜ ਨਹੀਂ ਹੈ। ਸੜਕਾਂ 'ਤੇ ਇਸ ਅਨੁਪਾਤ ਨੂੰ ਦੇਖਦੇ ਹੋਏ ਇਹ ਅਸੰਭਵ ਹੈ ਕਿ ਜੇ ਅਸੀਂ ਪੁਲਿਸ ਗੋਲੀਬਾਰੀ ਵਿਚ ਮਾਰੇ ਗਏ ਲੋਕਾਂ ਨੂੰ ਬਾਹਰ ਵੀ ਕੱਢ ਦੇਈਏ ਅਤੇ ਇਕ ਵਾਰ ਫਿਰ ਸ੍ਰੀਕੁਮਾਰ ਦੇ ਅੰਕੜਿਆਂ 'ਤੇ ਵਿਚਾਰ ਕਰੀਏ ਤਾਂ ਝੜਪਾਂ ਵਿਚ 61 ਹਿੰਦੂਆਂ ਦੇ ਮੁਕਾਬਲੇ 221 ਮੁਸਲਮਾਨ ਮਾਰੇ ਗਏ ਜਾਂ ਇਹ ਕਿ ਛੁਰੇਬਾਜ਼ੀ ਅਤੇ ਅੱਗਜ਼ਨੀ ਦੀਆਂ ਵਾਰਦਾਤਾਂ ਵਿਚ 329 ਹਿੰਦੂਆਂ ਦੇ ਮੁਕਾਬਲੇ 408 ਮੁਸਲਮਾਨ ਜ਼ਖ਼ਮੀ ਹੋਏ।

ਜਦੋਂ ਅਸੀਂ ਸ੍ਰੀਕੁਮਾਰ ਵੱਲੋਂ ਪੂਰੇ ਰਾਜ ਬਾਰੇ ਦਿੱਤੇ ਗਏ ਅੰਕੜਿਆਂ ਦੀ ਜਾਂਚ ਕਰਦੇ ਹਾਂ, ਤਾਂ ਅਸੀਂ ਦੇਖਦੇ ਹਾਂ ਕਿ ਪੁਲਿਸ ਗੋਲੀਬਾਰੀ ਦੀਆਂ ਮੌਤਾਂ ਨੂੰ ਛੱਡ ਕੇ ਫਿਰਕੂ ਹਿੰਸਾ ਵਿਚ 545 ਮੁਸਲਮਾਨ ਅਤੇ 105 ਹਿੰਦੂ ਮਾਰੇ ਗਏ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਹਿੰਦੂਆਂ ਦੀ ਭੀੜ ਮੁਸਲਮਾਨਾਂ ਨਾਲੋਂ ਕਿਤੇ ਜ਼ਿਆਦਾ ਸੀ। ਇਸ ਨੂੰ ਦੇਖਦੇ ਹੋਏ ਇਹ ਹਿਸਾਬ ਲਗਾਉਣਾ ਅਸੰਭਵ ਹੈ ਕਿ ਜੇਕਰ ਪੁਲਿਸ ਸਰਗਰਮੀ ਨਾਲ ਆਪਣੇ ਨਿਸ਼ਾਨੇ ਦੀ ਚੋਣ ਨਹੀਂ ਕਰ ਰਹੀ ਸੀ ਤਾਂ 76 ਹਿੰਦੂਆਂ ਦੇ ਮੁਕਾਬਲੇ ਪੁਲਿਸ ਗੋਲੀਬਾਰੀ ਵਿਚ ਸਿਰਫ਼ 91 ਮੁਸਲਮਾਨ ਕਿਵੇਂ ਮਾਰੇ ਗਏ।

ਲੰਬੇ ਸਮੇਂ 'ਚ ਇਕੱਠੇ ਕੀਤੇ ਡੇਟਾ ਪੈਟਰਨ ਦੇ ਜਵਾਬ ਵਿਚ ਇਕ ਸਿੰਗਲ ਡੇਟਾ ਪੁਆਇੰਟ ਦੀ ਵਰਤੋਂ ਕਰਨਾ ਗੜਬੜ ਹੈ। ਅੰਕੜਿਆਂ ਦੀ ਕਿਸੇ ਵੀ ਆਮ ਸ਼੍ਰੇਣੀ ਵਿਚ ਵੀ ਇਸਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਸਿੱਧੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਪੁਲਿਸ ਗੋਲੀਬਾਰੀ 'ਚ ਮੁਸਲਮਾਨਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਏ ਜਾਣ ਤੋਂ ਇਲਾਵਾ ਹੋਰ ਕੋਈ ਸਿੱਟਾ ਨਹੀਂ ਨਿੱਕਲਦਾ ਹੈ। ਮੋਦੀ ਦੇ ਤਤਕਾਲੀ ਜੂਨੀਅਰ ਗ੍ਰਹਿ ਮੰਤਰੀ ਗੋਰਧਨ ਜੜਾਫੀਆ ਬਾਰੇ, ਜੋ ਹਿੰਦੂ ਅਤੇ ਮੁਸਲਿਮ ਮੌਤਾਂ ਦੀ ਗਿਣਤੀ ਉੱਪਰ ਨਜ਼ਰ ਰੱਖ ਰਿਹਾ ਸੀ, ਪੁਲਿਸ ਸੁਪਰਡੈਂਟ ਦੁਆਰਾ ਕੀਤੇ ਗਏ ਇਕ ਖ਼ੁਲਾਸੇ ਤੋਂ ਵੀ ਇਸ ਤੱਥ ਨੂੰ ਮਜ਼ਬੂਤੀ ਮਿਲਦੀ ਹੈ।

ਆਪਣੇ ਅਧਿਕਾਰ ਖੇਤਰ ਵਿਚ ਹਿੰਸਾ ਨੂੰ ਰੋਕਣ ਲਈ ਅਸਰਦਾਰ ਕਾਰਵਾਈ ਕਰਨ ਤੋਂ ਤੁਰੰਤ ਬਾਦ ਕਈ ਪੁਲਿਸ ਅਧਿਕਾਰੀਆਂ ਨੂੰ ਫੀਲਡ ਪੋਸਟਿੰਗ ਤੋਂ ਤੁਰੰਤ ਬਦਲ ਦਿੱਤਾ ਗਿਆ। ਭਾਵਨਗਰ ਦਾ ਐੱਸ.ਪੀ. ਰਾਹੁਲ ਸ਼ਰਮਾ ਵੀ ਅਧਿਕਾਰੀਆਂ ਵਿਚ ਸ਼ਾਮਿਲ ਸੀ। ਸ਼ਰਮਾ ਨੇ 'ਸਿਟ' ਨੂੰ ਇਸ ਸਥਿਤੀ ਬਾਰੇ ਦੱਸਿਆ:

'ਭਾਵਨਗਰ ਪੁਲਿਸ 02-03-2002 ਦੀ ਸ਼ਾਮ ਤੱਕ ਫਿਰਕੂ ਦੰਗਿਆਂ ਉੱਪਰ ਕਾਬੂ ਪਾਉਣ 'ਚ ਕਾਮਯਾਬ ਰਹੀ ਸੀ। ਰਾਹੁਲ ਸ਼ਰਮਾ ਨੇ ਕਿਹਾ ਹੈ ਕਿ ਗੋਰਧਨ ਜੜਾਫੀਆ ਨੇ 16-03-2002 ਨੂੰ ਉਸ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਸ ਨੂੰ ਕਿਹਾ ਕਿ ਉਨ੍ਹਾਂ ਨੇ ਫਿਰਕੂ ਦੰਗਿਆਂ ਉੱਪਰ ਕਾਬੂ ਪਾਉਣ ਲਈ ਚੰਗਾ ਕੰਮ ਕੀਤਾ ਹੈ ਪਰ ਦੰਗਿਆਂ 'ਚ ਪੁਲਿਸ ਗੋਲੀਬਾਰੀ 'ਚ ਹੋਈਆਂ ਮੌਤਾਂ ਦਾ ਅਨੁਪਾਤ ਸਹੀ ਨਹੀਂ ਹੈ। ਯਾਨੀ ਮੁਸਲਮਾਨਾਂ ਨਾਲੋਂ ਵੱਧ ਹਿੰਦੂਆਂ ਦਾ ਮਰਨਾ। ਰਾਹੁਲ ਸ਼ਰਮਾ ਨੇ ਇਹ ਵੀ ਕਿਹਾ ਹੈ ਕਿ 23-03-2002 ਨੂੰ ਇਕ ਮਸਜਿਦ ਉੱਪਰ ਦੰਗਈ ਭੀੜ ਵੱਲੋਂ ਹਮਲਾ ਕੀਤਾ ਗਿਆ ਸੀ ਜਿਸ ਤੋਂ ਬਾਅਦ 21 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਥਾਨਕ ਆਗੂਆਂ ਨੇ ਉਨ੍ਹਾਂ ਨੂੰ ਰਿਹਾਅ ਕਰਨ ਲਈ ਦਬਾਅ ਪਾਇਆ ਸੀ ਜਿਸ ਲਈ ਉਹ ਸਹਿਮਤ ਨਹੀਂ ਸੀ। ਇਸ ਕਾਰਨ ਉਸ ਦਾ ਕਲੈਕਟਰ, ਆਈ.ਜੀ.ਪੀ., ਜੂਨਾਗੜ੍ਹ ਰੇਂਜ ਅਤੇ ਡੀ.ਜੀ.ਪੀ. ਨਾਲ ਮੱਤਭੇਦ ਹੋ ਗਿਆ। ਰਾਹੁਲ ਸ਼ਰਮਾ ਦਾ ਤਬਾਦਲਾ ਡੀ.ਸੀ.ਪੀ., ਕੰਟਰੋਲ ਰੂਮ, ਅਹਿਮਦਾਬਾਦ ਸਿਟੀ ਵਜੋਂ ਕਰ ਦਿੱਤਾ ਗਿਆ ਅਤੇ ਉਸ ਨੂੰ 26-03-2002 ਤੋਂ ਐੱਸ.ਪੀ., ਭਾਵਨਗਰ ਦੇ ਅਹੁਦੇ ਤੋਂ ਮੁਕਤ ਕਰ ਦਿੱਤਾ ਗਿਆ।'

ਇੱਥੇ ਇਕ ਸਰਵਿਸ ਕਰ ਰਿਹਾ ਪੁਲਿਸ ਅਧਿਕਾਰੀ ਹੈ ਜੋ ਆਪਣੀ ਗੱਲ ਦਰਜ ਕਰਦਾ ਹੈ ਕਿ ਜੜਾਫੀਆ ਦਰਅਸਲ ਪੁਲਿਸ ਗੋਲੀਬਾਰੀ ਵਿਚ ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਮੌਤਾਂ ਦੇ ਅਨੁਪਾਤ ਉੱਪਰ ਨਜ਼ਰ ਰੱਖ ਰਿਹਾ ਸੀ ਅਤੇ ਉਹ ਇਸ ਬਾਰੇ ਸਪਸ਼ਟ ਸੀ ਕਿ ਅਨੁਪਾਤ ਉਸ ਦੇ ਅਨੁਮਾਨ ਨਾਲ ਮੇਲ ਨਹੀਂ ਖਾਂਦਾ ਸੀ- "ਮੁਸਲਮਾਨਾਂ ਨਾਲੋਂ ਜ਼ਿਆਦਾ ਹਿੰਦੂਆਂ ਦਾ ਮਰਨਾ।" ਇਸ ਤੱਥ ਦਾ 'ਸਿਟ' ਵੱਲੋਂ ਵਿਚਾਰੇ ਜਾਣ ਵਾਲੇ ਮੁੱਖ ਦੋਸ਼ਾਂ ਵਿਚੋਂ ਇਕ ਉੱਪਰ ਅਸਰ ਪੈਂਦਾ ਹੈ: ਮੁਸਲਮਾਨਾਂ ਵਿਰੁੱਧ ਪੁਲਿਸ ਦੇ ਪੱਖਪਾਤ ਦਾ ਸਵਾਲ। 'ਸਿਟ' ਦੀ ਰਿਪੋਰਟ ਇਸ ਦਾਅਵੇ ਬਾਰੇ ਸੋਚਣਾ ਵੀ ਜ਼ਰੂਰੀ ਨਹੀਂ ਸਮਝਦੀ। ਇਸ ਦੀ ਬਜਾਇ ਉਹ ਸਿਰਫ਼ ਇੰਨਾ ਕਹਿੰਦੀ ਹੈ: "ਹਾਲਾਂਕਿ ਰਾਹੁਲ ਸ਼ਰਮਾ ਨੇ ਕਿਹਾ ਹੈ ਕਿ ਉਹ ਉਨ੍ਹਾਂ ਹਾਲਾਤ ਉੱਪਰ ਟਿੱਪਣੀ ਨਹੀਂ ਕਰ ਸਕੇਗਾ ਜਿਨ੍ਹਾਂ ਕਾਰਨ ਉਸ ਦੀ ਬਦਲੀ/ਪੋਸਟਿੰਗ ਭਾਵਨਗਰ ਤੋਂ ਅਹਿਮਦਾਬਾਦ ਸ਼ਹਿਰ ਵਿਚ ਹੋਈ ਕਿਉਂਕਿ ਟ੍ਰਾਂਸਫਰ/ਪੋਸਟਿੰਗ ਸਰਕਾਰ ਦਾ ਅਧਿਕਾਰ ਹੈ।"

"ਹਾਲਾਂਕਿ" ਸ਼ਬਦ ਖੁਦ ਇਸ ਸਮੱਸਿਆ ਦਾ ਸੰਕੇਤ ਹੈ ਕਿ 'ਸਿਟ' ਆਪਣਾ ਕੇਸ ਕਿਵੇਂ ਤਿਆਰ ਕਰਦੀ ਹੈ। ਸ਼ਰਮਾ ਸਰਵਿਸ ਕਰ ਰਿਹਾ ਪੁਲਿਸ ਅਧਿਕਾਰੀ ਸੀ ਜੋ ਕਿਸੇ ਵੀ ਤਰ੍ਹਾਂ ਸਰਕਾਰ 'ਤੇ ਮਨਸ਼ਾ ਨਹੀਂ ਥੋਪ ਸਕਦਾ ਸੀ। ਉਹ ਸਿਰਫ਼ ਉਨ੍ਹਾਂ ਹਾਲਾਤ ਦਾ ਜ਼ਿਕਰ ਕਰ ਸਕਦਾ ਹੈ ਜਿਨ੍ਹਾਂ ਕਾਰਨ ਉਸ ਦਾ ਤਬਾਦਲਾ ਹੋਇਆ। 'ਸਿਟ' ਨੇ ਉਸ ਨੂੰ ਸਵਾਲ ਪੁੱਛਿਆ ਜਿਸ ਦਾ ਉਹ ਇਮਾਨਦਾਰੀ ਨਾਲ ਜਵਾਬ ਨਹੀਂ ਦੇ ਸਕਿਆ ਅਤੇ ਉਸ ਜਵਾਬ ਦੀ ਵਰਤੋਂ ਸੰਖੇਪ ਵਿਚ ਉਸ ਦੀ ਗਵਾਹੀ ਨੂੰ ਸਰਸਰੀ ਤੌਰ 'ਤੇ ਖਾਰਜ ਕਰਨ ਲਈ ਕੀਤੀ ਗਈ। "ਮਜ਼ਬੂਤ ਦਲੀਲ" ਜਾਂ "ਵਿਸਲੇਸ਼ਣਾਤਮਕ ਸੂਝ" ਦੀ ਵਰਤੋਂ ਕਰਨ ਤੋਂ ਦੂਰ - ਇੱਥੇ ਵੀ 'ਸਿਟ' ਦੀ ਕਾਰਜਪ੍ਰਣਾਲੀ ਇਕ ਅਸਹਿਜ ਕਰਨ ਵਾਲੇ ਸੱਚ ਨੂੰ ਦਬਾਉਣ ਬਾਰੇ ਦੱਸਦੀ ਹੈ।

ਇਹ ਉਦੋਂ ਹੋਰ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀਂ ਇਕ ਹੋਰ ਪੁਲਿਸ ਅਧਿਕਾਰੀ ਵਿਵੇਕ ਸ੍ਰੀਵਾਸਤਵ ਦੀ ਗਵਾਹੀ ਉੱਪਰ ਵਿਚਾਰ ਕਰਦੇ ਹਾਂ। ਸ੍ਰੀਵਾਸਤਵ ਨੇ 'ਸਿਟ' ਨੂੰ ਕੱਛ ਜ਼ਿਲ੍ਹੇ ਦੇ ਕਸਬੇ ਨਖਤਰਾਨਾ ਦੇ ਬਾਹਰ ਦਰਗਾਹ ਉੱਪਰ ਵਾਪਰੀ ਘਟਨਾ ਬਾਰੇ ਦੱਸਿਆ। ਇਕ ਮੁਸਲਿਮ ਪਰਿਵਾਰ 'ਤੇ "ਤੇਜਧਾਰ ਹਥਿਆਰਾਂ" ਨਾਲ ਹਮਲਾ ਕੀਤਾ ਗਿਆ ਸੀ। ਇਸ ਤੋਂ ਬਾਦ ਦੀ ਜਾਂਚ ਵਿਚ ਹੋਮ ਗਾਰਡ ਦੇ ਇਕ ਕਮਾਂਡੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਜੋ ਕਿ ਭਾਜਪਾ ਨਾਲ ਸਬੰਧਤ ਸੀ। ਸ੍ਰੀਵਾਸਤਵ ਨੇ 'ਸਿਟ' ਨੂੰ ਦੱਸਿਆ ਕਿ "ਉਸ ਨੂੰ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੇ ਦਫ਼ਤਰ ਤੋਂ ਕੁਝ ਫੋਨ ਆਏ ਸਨ ਜਿਨ੍ਹਾਂ ਵਿਚ ਉਸ ਤੋਂ ਮਾਮਲੇ ਦੇ ਵੇਰਵੇ ਪੁੱਛੇ ਗਏ ਸਨ ਅਤੇ ਇਹ ਵੀ ਪੁੱਛਿਆ ਗਿਆ ਸੀ ਕਿ ਕੀ ਸਾਰੇ ਮੁਲਜ਼ਮਾਂ ਵਿਰੁੱਧ ਪੁਖਤਾ ਸਬੂਤ ਹਨ। ਉਸ ਨੇ ਪੁਸ਼ਟੀ ਕੀਤੀ ਕਿ ਗ੍ਰਿਫ਼ਤਾਰੀ ਲਈ ਸਾਰੇ ਮੁਲਜਮਾਂ ਵਿਰੁੱਧ ਪੁਖਤਾ ਸਬੂਤ ਮੌਜੂਦ ਹਨ।" ਮਾਰਚ 2002 ਦੇ ਅੰਤ ਵਿਚ ਉਸ ਦਾ ਤਬਾਦਲਾ ਇਕ ਵੱਖਰੇ ਅਹੁਦੇ 'ਤੇ ਕਰ ਦਿੱਤਾ ਗਿਆ ਸੀ। 'ਸਿਟ' ਦੀ ਰਿਪੋਰਟ ਵਿਚ ਕਿਹਾ ਗਿਆ ਹੈ, "ਹਾਲਾਂਕਿ ਵਿਵੇਕ ਸ੍ਰੀਵਾਸਤਵ ਕਾਰਨਾਂ ਉੱਪਰ ਟਿੱਪਣੀ ਕਰਨ ਲਈ ਤਿਆਰ ਨਹੀਂ ਸਨ ਕਿਉਂਕਿ ਉਸ ਦੇ ਅਨੁਸਾਰ ਤਬਾਦਲਾ ਸਰਕਾਰ ਦਾ ਵਿਸ਼ੇਸ਼-ਅਧਿਕਾਰ ਸੀ।"

'ਸਿਟ' ਨੇ ਇਹ ਜਾਂਚ ਕਰਨ ਦਾ ਕੋਈ ਯਤਨ ਨਹੀਂ ਕੀਤਾ ਕਿ ਮੁੱਖ ਮੰਤਰੀ ਦਫ਼ਤਰ ਅਤੇ ਗ੍ਰਹਿ ਮੰਤਰੀ ਦਫ਼ਤਰ ਇਸ ਮਾਮਲੇ ਵਿਚ ਇੰਨੀ ਦਿਲਚਸਪੀ ਕਿਉਂ ਰੱਖਦੇ ਹਨ। ਕੀ ਇਨ੍ਹਾਂ ਦਫ਼ਤਰਾਂ ਲਈ ਹਿੰਸਾ ਨਾਲ ਜੁੜੇ ਹਰ ਗੰਭੀਰ ਮਾਮਲੇ 'ਚ ਸਬੂਤ ਮੰਗਣਾ ਆਮ ਗੱਲ ਸੀ?

ਪੁਲਿਸ ਅਧਿਕਾਰੀ ਸਤੀਸ਼ ਚੰਦਰ ਵਰਮਾ ਦੀ ਇਕ ਹੋਰ ਗਵਾਹੀ ਵੀ ਇਸੇ ਪਹੁੰਚ ਦੀ ਗਵਾਹੀ ਭਰਦੀ ਹੈ। 2003 ਅਤੇ 2005 ਦਰਮਿਆਨ, ਜਦੋਂ ਵਰਮਾ ਕੱਛ-ਭੁਜ ਹੈੱਡਕੁਆਰਟਰ ਵਿਚ ਡਿਪਟੀ ਇੰਸਪੈਕਟਰ ਜਨਰਲ ਵਜੋਂ ਤਾਇਨਾਤ ਸੀ, ਉਦੋਂ ਰਾਧਨਪੁਰ ਥਾਣੇ 'ਚ ਦਰਜ ਇਕ ਜੁਰਮ ਦਾ ਕੇਸ ਉਸ ਦੇ ਧਿਆਨ ਵਿਚ ਲਿਆਂਦਾ ਗਿਆ ਸੀ। ਗੋਧਰਾ ਤੋਂ ਬਾਅਦ ਹੋਈ ਫਿਰਕੂ ਹਿੰਸਾ ਵਿਚ ਪੁਲਿਸ ਦੀ ਗੋਲੀਬਾਰੀ ਵਿਚ ਦੋ ਮੁਸਲਮਾਨਾਂ ਦੇ ਮਾਰੇ ਜਾਣ ਦੀ ਖ਼ਬਰ ਸੀ। ਸ਼ੰਕਰ ਚੌਧਰੀ ਉਸ ਸਮੇਂ ਰਾਧਨਪੁਰ ਤੋਂ ਭਾਜਪਾ ਦਾ ਵਿਧਾਇਕ ਸੀ। ਵਰਮਾ ਨੇ 'ਸਿਟ' ਨੂੰ ਦੱਸਿਆ ਕਿ "ਪੁਲਿਸ ਗੋਲੀਬਾਰੀ ਨਾਲ ਇਨ੍ਹਾਂ ਦੋ ਮੁਸਲਮਾਨਾਂ ਦੀ ਮੌਤ ਦੀ ਪੁਸ਼ਟੀ ਹਾਸਲ ਸਬੂਤਾਂ ਦੁਆਰਾ ਨਹੀਂ ਕੀਤੀ ਗਈ ਸੀ ਪਰ ਸ਼ੰਕਰ ਚੌਧਰੀ ਸਮੇਤ ਨਿੱਜੀ ਵਿਅਕਤੀਆਂ ਵਿਰੁੱਧ ਕਾਰਵਾਈ ਕਰਨ ਲਈ ਸਬੂਤ ਮੌਜੂਦ ਸਨ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋਈ।" ਉਸ ਨੇ ਕਿਹਾ ਕਿ ਉਸ ਨੇ ਚੌਧਰੀ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਅਤੇ ਬਾਅਦ ਵਿਚ ਉਸ ਦਾ ਤਬਾਦਲਾ ਇਕ ਪੁਲਿਸ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਵਜੋਂ ਜੂਨਾਗੜ੍ਹ 'ਚ ਕਰ ਦਿੱਤਾ ਗਿਆ। "ਹਾਲਾਂਕਿ ਸ੍ਰੀ ਵਰਮਾ ਨੇ ਕਿਹਾ ਹੈ ਕਿ ਉਹ ਇਹ ਨਹੀਂ ਕਹਿ ਸਕਦਾ ਕਿ ਤਬਾਦਲਾ ਉਪਰੋਕਤ ਹੁਕਮਾਂ ਦਾ ਨਤੀਜਾ ਸੀ। ਉਸ ਨੇ ਇਹ ਵੀ ਕਿਹਾ ਹੈ ਕਿ ਉਹ ਕਿਸੇ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਦੇ ਅਹੁਦੇ ਨੂੰ ਮਾਮੂਲੀ ਨਹੀਂ ਕਹਿ ਸਕਦੇ।" ਇਨ੍ਹਾਂ ਵੇਰਵਿਆਂ ਦੇ ਅਧਾਰ ਤੇ 'ਸਿਟ' ਨੇ ਨਤੀਜਾ ਕੱਢਿਆ ਕਿ ਭਾਵੇਂ ਸ਼ਰਮਾ, ਸ੍ਰੀਵਾਸਤਵ, ਵਰਮਾ ਅਤੇ ਹੋਰਾਂ ਦੇ ਬਿਆਨ "ਦਿਖਾਉਂਦੇ ਹਨ ਕਿ ਉਨ੍ਹਾਂ ਦੇ ਤਬਾਦਲੇ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਕੁਝ ਘਟਨਾਵਾਂ ਤੋਂ ਤੁਰੰਤ ਬਾਦ ਹੋਏ ਸਨ," ਉਨ੍ਹਾਂ ਦਾ ਇਹ ਮੰਨਣਾ ਕਿ ਤਾਇਨਾਤੀਆਂ ਅਤੇ ਤਬਾਦਲਾ ਸਰਕਾਰ ਦਾ ਵਿਸ਼ੇਸ਼-ਅਧਿਕਾਰ ਹੈ, ਦੱਸਦਾ ਹੈ ਕਿ "ਇਸ ਨੂੰ ਕੁਝ ਘਟਨਾਵਾਂ ਨਾਲ ਜੋੜਿਆ ਨਹੀਂ ਜਾ ਸਕਦਾ ਜੋ ਉਨ੍ਹਾਂ ਦੇ ਤਬਾਦਲੇ ਤੋਂ ਤੁਰੰਤ ਪਹਿਲਾਂ ਵਾਪਰੀਆਂ ਸਨ।" ਇਹ ਸੁਭਾਵਿਕ ਨਤੀਜਾ ਨਹੀਂ ਹੈ। ਅਧਿਕਾਰੀ ਸਰਕਾਰ ਦੀ ਮਨਸ਼ਾ 'ਤੇ ਟਿੱਪਣੀ ਨਾ ਕਰਨ ਦੇ ਪਾਬੰਦ ਹਨ। ਇਸ ਤੋਂ ਕਿਸੇ ਵੀ ਤਰੀਕੇ ਨਾਲ ਇਸ ਨਤੀਜੇ 'ਤੇ ਨਹੀਂ ਪਹੁੰਚਿਆ ਜਾ ਸਕਦਾ ਕਿ ਤਬਾਦਲੇ ਨੂੰ ਕੁਝ ਘਟਨਾਵਾਂ ਨਾਲ ਜੋੜਿਆ ਨਹੀਂ ਜਾ ਸਕਦਾ ਹੈ ਜੋ ਤਬਾਦਲੇ ਤੋਂ ਠੀਕ ਪਹਿਲਾਂ ਵਾਪਰੀਆਂ ਸਨ। ਦਰਅਸਲ, ਬਿਆਨਾਂ ਦਾ ਸੁਭਾਅ ਜਿੱਥੇ ਅਧਿਕਾਰੀ ਆਪਣੀਆਂ ਕਾਰਵਾਈਆਂ ਬਾਰੇ ਸਰਕਾਰ ਦੇ ਚਿੰਤਤ ਹੋਣ ਦੀਆਂ ਖ਼ਾਸ ਘਟਨਾਵਾਂ ਦਾ ਜ਼ਿਕਰ ਕਰਦੇ ਹਨ, 'ਸਿਟ' ਦੁਆਰਾ ਜਾਂਚ ਕੀਤੇ ਜਾ ਰਹੇ ਦੋਸ਼ਾਂ ਨੂੰ ਸਾਬਤ ਕਰਨ ਲਈ ਕਾਫ਼ੀ ਹੈ, ਨਾ ਕਿ ਉਨ੍ਹਾਂ ਨੂੰ ਖਾਰਜ ਕਰਨ ਲਈ।

ਇਕ ਹੋਰ ਇਲਜ਼ਾਮ ਜਿਸ ਦੀ ਜਾਂਚ ਦਾ ਕੰਮ 'ਸਿਟ' ਨੂੰ ਸੌਂਪਿਆ ਗਿਆ ਸੀ, ਉਹ ਸੀ ਸੰਘ ਪਰਿਵਾਰ ਨਾਲ ਸਬੰਧਤ ਵਕੀਲਾਂ ਦੀ ਫਿਰਕੂ

*(ਬਾਕੀ ਅਗਲੇ ਸਫੇ 'ਤੇ)*

# ਬਣਾ ਵਾਲੀ ਦਾ ਗੁਰਪ੍ਰੀਤ

## ਡਾਇਰੀ ਦਾ ਪੰਨਾ

ਮਾਨਸਾ ਇਲਾਕੇ 'ਚ ਅਕਾਲੀ ਦਲ ਦੇ ਪੰਜ ਵਾਰੀ ਵਿਧਾਇਕ ਬਣੇ ਸੀ ਬਲਦੇਵ ਸਿੰਘ ਖਿਆਲਾ। ਗੁਰਪ੍ਰੀਤ ਬਣਾਵਾਲੀ ਬਾਰ੍ਹਵੀਂ 'ਚ ਪੜ੍ਹਦਾ ਸੀ ਤੇ ਉਨ੍ਹਾਂ ਸਾਹਮਣੇ ਉਹ ਇਕ ਸਿਆਸੀ ਸਟੇਜ ਉਤੇ ਬੋਲਿਆ, ਉਨ੍ਹਾਂ ਨੂੰ ਚੰਗਾ ਲੱਗਿਆ, ਪਾਸੇ ਕਰ ਕੇ ਕਹਿੰਦੇ, 'ਕਾਕਾ, ਕੀ ਤੂੰ ਏਸੇ ਫੀਲਡ 'ਚ ਆਉਣਾ ਐਂ?' ਉਹਨੇ ਕਿਹਾ ਕਿਹਾ, 'ਅੰਕਲ ਜੀ, ਬਿਲਕੁਲ ਜੀ, ਪੱਕਾ ਆਉਣਾ ਐਂ ਜੀ, ਮੈਨੂੰ ਸ਼ੌਕ ਐ ਸਿਆਸਤ ਦਾ।' ਤੇ ਉਹ ਕਹਿੰਦੇ, "ਕਾਕਾ, ਏਹ ਸਿਆਸਤ ਵਿਚ ਨੱਬੇ ਪ੍ਰਤੀਸ਼ਤ ਫੇਲ੍ਹ ਹੁੰਦੇ ਨੇ ਤੇ ਦਸ ਪ੍ਰਤੀਸ਼ਤ ਪਾਸ ਹੁੰਦੇ ਨੇ, ਇਹ ਸਿਆਸਤ ਰਾਮ ਗਊਆਂ ਦਾ ਵੱਗ

**ਨਿੰਦਰ ਘੁਗਿਆਣਵੀ**

ਆ, ਏਥੇ ਲੰਮੇ ਸਿੰਗਾਂ ਦੀ ਲੋੜ ਐ, ਤੁਰਦੇ ਵੱਗ 'ਚੋਂ ਜੇ ਕੋਈ ਸੱਜਿਓਂ ਮਾਰੂ ਤਾਂ ਸੱਜਾ ਸਿੰਗ ਮਾਰੀਂ ਜੇ ਖੱਬਿਓਂ ਮਾਰੂ, ਤਾਂ ਖੱਬਾ ਸਿੰਗ ਮਾਰੀਂ, ਜੇ ਕੋਈ ਸਾਹਮਣਿਓਂ ਟੱਕਰੂ ਤਾਂ ਦੋਵੇਂ ਸਿੰਗ ਮਾਰੀਂ, ਬੇਟਾ ਫੇਰ ਕਾਮਯਾਬ ਰਹੇਂਗਾ ਤੂੰ ਤੇ ਫੇਰ ਥਾਂ ਮਿਲੂਗੀ।' ਬਾਰ੍ਹਵੀਂ 'ਚ ਪੜ੍ਹਦੇ ਹੀ ਬਣਾ ਵਾਲੀ ਨੇ ਬੜੀ ਗੱਲ ਪੱਲੇ ਬੰਨ੍ਹ ਲਈ ਸੀ ਖਿਆਲਾ ਸਾਹਬ ਦੀ।

****

ਬਣਾ ਵਾਲੀ ਨੂੰ ਮੈਂ ਆਖਿਆ ਕਿ ਆਪਣੀ ਕਹਾਣੀ ਸੁਣਾ। ਇਕ ਵਾਢਿਓਂ ਉਹਨੇ ਕਣਕ ਦੀ ਪਾਤ ਵੱਢਣ ਵਾਂਗ ਗੱਲ ਵਿੱਢੀ, "ਨਿੰਦਰ ਬਾਈ, ਮੈਂ 2002 ਵਿਚ ਅਕਾਲੀ ਦਲ ਯੂਥ ਦਾ ਜ਼ਿਲ੍ਹਾ ਪ੍ਰਧਾਨ ਬਣਿਆ, ਉਦੋਂ ਵੱਡੇ ਵੱਡੇ ਅਕਾਲੀ ਅੰਦਰ ਤੁੰਨਤੇ ਸੀ ਕੈਪਟਨ ਨੇ, ਮੈਂ ਵਕਾਲਤ ਵੀ ਕਰਦਾ ਸੀ, ਕੇਸ ਲੜਨੇ ਸੀ, ਇਸੇ ਲਈ ਬਣਾਇਆ ਯੂਥ ਪ੍ਰਧਾਨ ਮੈਨੂੰ ਕਿ ਸਾਡੇ ਕੇਸ ਲੜੂਗਾ। ਭੂੰਦੜ 'ਤੇ ਵੀ ਪਰਚਾ ਸੀ, ਲੰਗਾਹ, ਤੋਤਾ ਸਿੰਘ ਹੋਰ ਬਥੇਰੇ ਅੰਦਰ ਸਨ। ਮੈਂ ਆਪਣੇ ਸਮਰਥਕ ਮੁੰਡੇ ਲੈ ਕੇ ਹਰ ਥਾਂ ਧਰਨਿਆਂ ਉਤੇ ਜਾਂਦਾ, ਬੜਾ ਪਿੱਟ ਸਿਆਪਾ ਕਰਦੇ ਕੈਪਟਨ ਦਾ, ਬਾਲਾਸਰ ਰੇਡ ਪਈ, ਮੈਂ ਉਥੇ ਆਬਦੇ ਮੁੰਡੇ ਲੈ ਗਿਆ, ਦਿੱਲੀ ਬਾਦਲਾਂ ਦਾ ਔਰਬਿਟ ਰਿਜ਼ੋਰਟ ਚੈੱਕ ਕਰਨ ਆਏ, ਅਸੀਂ ਜਾ ਘੇਰਿਆ, ਮੈਂ ਅਫਸਰਾਂ ਨਾਲ ਬਹਿਸ ਕੀਤੀ ਕਿ ਰਿਜ਼ੋਰਟ ਦੇ ਅੰਦਰ ਵੜਨ ਤੋਂ ਪਹਿਲਾਂ ਆਪ ਸਾਰੇ ਤਲਾਸ਼ੀ ਦਿਓ, ਕੀ ਪਤੈ ਕੀ ਲੈਜੋਂ ਨਾਲ ਅੰਦਰ? ਸ਼ਰਨਜੀਤ ਸਿੰਘ ਢਿੱਲੋਂ ਪੰਜਾਬ ਯੂਥ ਦਾ ਪ੍ਰਧਾਨ ਸੀ, ਉਹਨੇ ਹਦਾਇਤ ਕੀਤੀ ਕਿ ਜੈਪੁਰ ਰੋਡ ਬਲੌਕ ਕਰਦੋ, ਅਸੀਂ ਕਰਤਾ, ਗਰਮੀ ਦਾ ਦਿਨ ਤੇ ਪਿੱਛੇ ਮੱਚਣ ਸਭਦੇ, ਅਸੀਂ ਮਾਨਸੇ ਆਲੇ ਬੋਰੀਆਂ ਦੇ ਝੋਲਿਆਂ ਆਲੇ ਸੀ, ਸਭ ਨੇ ਹੇਠਾਂ ਝੋਲੇ ਦੇ ਲਏ, ਬਾਕੀ ਵੱਡੇ ਵੱਡੇ ਅਕਾਲੀ ਹੋਟਲਾਂ 'ਚ ਠਹਿਰੇ ਵੇ, ਅਸੀਂ ਧਰਮਸ਼ਾਲਾ 'ਚ ਭੁੰਜੇ ਦਰੀਆਂ ਉਤੇ। ਸੁਖਬੀਰ ਬਾਦਲ ਨੂੰ ਪਤਾ ਲੱਗਿਆ ਤਾਂ ਕਹਿੰਦਾ ਕਿ ਮਾਨਸੇ ਆਲੇ ਰਹਿਣ ਬਾਕੀ ਜਾਣ ਸਾਰੇ, ਸੁਖਬੀਰ ਦੀ ਚੰਗੀ ਨਿਗ੍ਹਾ 'ਚ ਆ ਗਿਆ ਮੈਂ ਓਦਣ ਕਿ ਬਣਾ ਵਾਲੀ ਬੰਦਾ ਕੰਮ ਦਾ। ਇਓਂ ਸਿੱਧੀਆਂ ਤਾਰਾਂ ਜੁੜਗੀਆਂ, ਭੂੰਦੜ ਕੇ ਅੰਦਰੋਂ ਅੰਦਰੋਂ ਔਖੇ ਹੋਣ ਲੱਗਪੇ, ਮੈਂ ਕੰਮ ਕਰਦਾ ਰਿਹਾ ਤੇ ਬਾਦਲਾਂ ਨੂੰ ਮਿਲਦਾ-ਗਿਲਦਾ ਰਿਹਾ ਤੇ ਮੇਰੇ ਅਰਗੇ ਸੁਪਨੇ ਲੈਣ ਕਿ ਹੁਣ 2012 ਆ ਗਈ ਐ, ਕੁਛ ਚੰਗਾ ਹੋ ਸਕਦਾ ਐ, ਬਾਦਲ ਟਿਕਟ ਦੇਣ ਲੱਗੇ ਤੇ ਮੈਂ ਵੀ ਮੰਗ 'ਲੀ ਮਾਨਸੇ ਤੋਂ, ਭੂੰਦੜ ਸੋਚੇ ਕਿ ਜੇ ਬਣਾ ਵਾਲੀ ਮਾਨਸੇ ਤੋਂ ਪਹਿਲੀ ਵਾਰੀ ਈ ਜਿੱਤ ਗਿਆ, ਤਾਂ ਮੇਰੇ ਮੁੰਡੇ ਦਾ ਪੱਕਾ ਸਿਆਸੀ ਸ਼ਰੀਕ ਬਣਜੂ, ਦਿਲਰਾਜ ਭੂੰਦੜ ਪਹਿਲੀ ਵਾਰੀ ਲੜ ਰਿਹਾ ਸੀ ਸਰਦੂਲਗੜ੍ਹੋਂ, ਭੂੰਦੜ ਨੇ ਕਿਸੇ ਨੂੰ ਇਹ ਵੀ ਕਿਹਾ ਕਿ ਜੇ ਮੇਰਾ ਮੁੰਡਾ ਹਰ ਗਿਆ ਤੇ ਬਣਾ ਵਾਲੀ ਜਿੱਤ ਗਿਆ ਤਾਂ ਫੇਰ ਕੀ ਬਣੂੰ? ਏਹੋ ਈ ਆਲ ਨਾਲ ਹੋਊ ਫਿਰ ਤਾਂ, ਤੇ ਫਿਰ ਭੂੰਦੜ ਨੇ ਠੋਕ ਕੇ ਭਾਨੀ ਮਾਰੀ, ਲੁਧਿਆਣਿਓਂ ਪ੍ਰੇਮ ਮਿੱਤਲ ਲਿਆ ਖੜ੍ਹਾ ਕੀਤਾ, ਉਹ ਜਿੱਤ ਗਿਆ, ਐਂ ਤਾਂ ਪਾਰਟੀ



ਕਰਕੇ ਮਿੱਤਲ ਮਗਰ ਜ਼ੋਰ ਲਾਉਣਾ ਈ ਸੀ, ਤੇ ਦਿਲਰਾਜ ਪਿੱਛੇ ਵੀ ਜ਼ੋਰ ਲਾਉਣਾ ਹੀ ਕਿ ਜੇ ਏਹ ਅੱਗੇ ਵਧੂ ਫਿਰ ਈ ਮੇਰਾ ਕੁਛ ਬਣੂੰ? ਦਿਲਰਾਜ ਹਰ ਗਿਆ ਸਰਦੂਲਗੜ੍ਹੋਂ, ਚੇਤੰਨ ਸਿੰਘ ਸਮਾਓਂ ਜਿੱਤ ਗਿਆ ਬੁਢਲਾਢੇ ਤੋਂ, ਭੂੰਦੜ ਫਿਰ ਔਖਾ ਕਿ ਮੁੰਡਾ ਮੇਰਾ ਹਰ ਗਿਆ, ਮਿੱਤਲ ਤੇ ਸਮਾਓਂ ਜਿੱਤਗੇ, ਆਉਣ ਵਾਲੇ ਸਮੇਂ 'ਚ ਮੁੰਡੇ ਦਾ ਕੀ ਬਣੂੰ? ਏਹ ਤਾਂ ਜਮ੍ਹਾਂ ਈ ਪਿਛਾਂਹ ਰਹਿ ਜਾਣਾ, ਭੂੰਦੜ, ਮਿੱਤਲ ਤੇ ਸਮਾਓਂ ਦੀਆਂ ਵੀ ਲੱਤਾਂ ਖਿੱਚਣ ਲੱਗਿਆ, ਮੇਰਾ ਮਾਨਸੇ ਦੀਆਂ ਸਟੇਜਾਂ ਉਤੇ ਚੜ੍ਹਨਾ ਬੋਲਣਾ ਬੰਦ, ਜੇ ਚੜ੍ਹਾਉਣਾ ਬੁਲਵਾਉਣਾ ਵੀ, ਤਾਂ ਉਦੋਂ ਜਦੋਂ ਬਾਦਲ ਹਾਲੇ ਸਟੇਜ ਉਤੇ ਆਉਣੇ ਹੋਣ, ਜਾਂ ਉਠ ਕੇ ਚਲੇ ਗਏ ਹੋਣ, ਕੁਰਸੀ ਵੀ ਪਰ੍ਹੇ ਜਿਹੇ ਲਗਵਾਉਣੀ, ਮੈਂ 14 ਸਾਲ ਕੰਮ ਕਰੀ ਗਿਆ।"

***

ਗੁਰਪ੍ਰੀਤ ਬਣਾ ਵਾਲੀ ਦਾ ਸਿਆਸੀ ਕਿੱਸਾ ਬੜਾ ਰੌਚਕ ਸੀ। ਇਕੋ ਸਾਹੇ ਸੁਣਾ ਰਿਹਾ ਸੀ ਤੇ ਚਾਹ ਵੀ ਠੰਢੀ ਹੋ ਗਈ। ਉਸ ਗੱਲ ਅੱਗੇ ਤੋਰੀ, "ਨਿੰਦਰ ਬਾਈ, 2014 ਦੀ ਪਾਰਲੀਮੈਂਟ ਚੋਣ ਆਗੀ, ਦੇਵਰ ਭਰਜਾਈ ਦੀ ਸਿਆਸੀ ਲੜਾਈ ਬਠਿੰਡਿਓਂ, ਮੈਂ ਹਰਸਿਮਰਤ ਬੀਬੀ ਜੀ ਦੇ ਨੌਂ ਹਲਕਿਆਂ 'ਚ ਮੂਹਰੇ ਮੂਹਰੇ, ਬੀਬੀ ਜੀ ਦੇ ਬੋਲਣ ਤੋਂ ਪਹਿਲਾਂ ਮੈਂ ਬੋਲਿਆ ਕਰਾਂ, ਬੀਬੀ ਜੀ ਖੁਸ਼ ਸੀ ਕਿ ਸਪੀਚ ਪ੍ਰਭਾਵਿਤ ਕਰਦੀ ਏਹਦੀ ਲੋਕਾਂ ਨੂੰ ਤੇ ਜਾਣ-ਪਛਾਣ ਵੀ ਵੱਧ ਬਣਾਈ ਬੈਠਾ ਐ, ਤੇ ਮਨਪ੍ਰੀਤ ਬਾਦਲ ਆਪਣੀ ਸਪੀਚ ਹਰ ਥਾਂ ਆਖਿਆ ਕਰੇ ਕਿ ਗਾਂ ਗਾਰ 'ਚ ਫਸਗੀ ਭਾਈ ਕੱਢ ਦਿਓ, ਓ ਲੋਕੋ, ਨਾ ਮੇਰਾ ਭਰਾ ਮੇਰਾ ਬਣਿਆ ਤੇ ਨਾ ਭਰਜਾਈ ਬਣੀ ਮੇਰੀ, ਗਊ ਗਾਰ 'ਚ ਫਸਗੀ ਕੱਢਦੋ, ਤੇ ਇਸ ਉਤੇ ਬਣਾ ਵਾਲੀ ਵਿਅੰਗ ਕੱਸਿਆ ਕਰਨ ਕਿ ਗਊ ਤਾਂ ਸੜਕ ਉਤੇ ਤੁਰੀ ਜਾਂਦੀ ਸੀ ਤੇ ਵਿਚਾਰੀ ਗਊ ਨੂੰ ਚੇਹਰਾ ਮੁੱਖ ਮੰਤਰੀ ਦਾ ਵਿਖਾਤਾ, ਤੇ ਗਊ ਨੇ ਗਾਰ ਤਾਂ ਵੇਖੀ ਹੀ ਨਹੀਂ, ਤੇ ਵਿਚਾਰੀ ਦੇ ਗਾਰ ਨਾਸਾਂ ਤੀਕ ਚੜ੍ਹਗੀ, ਤੇ ਗਊ ਨੂੰ ਤਾਂ ਲੋਕੋ ਉਦੋਂ ਈ ਪਤਾ ਲੱਗਾ ਜਦੋਂ ਪੇੜੇ ਦੇ ਸੁਆਦ 'ਚ ਫਸਗੀ। ਨਿੰਦਰ ਬਾਈ, ਲੋਕ ਬੜੇ ਹੱਸਿਆ ਕਰਨ ਸੁਣ ਕੇ, ਮੈਂ ਭੂੰਦੜ ਦੇ ਉਲਟ ਤੇ ਰੁੱਸੇ ਹੋਏ ਬਾਗੀ ਬੰਦੇ ਬਾਦਲਾਂ ਨੂੰ ਰਾਤਾਂ ਨੂੰ ਲਿਜਾ ਲਿਜਾ ਕੇ ਮਿਲਾਉਣ ਲੱਗਿਆ, ਬੀਬੀ ਜੀ ਤੇ ਸੁਖਬੀਰ ਨੂੰ ਅੰਦਰ ਖਾਤੇ ਮੇਰੇ ਮਿਲਣ ਮਿਲਾਉਣ 'ਤੇ ਭੂੰਦੜ ਕੇ ਪੂਰੇ ਔਖੇ ਹੋਏ ਪਏ ਸੀ। ਸੁਖਬੀਰ, ਭੂੰਦੜ ਦੇ ਬੰਦਿਆਂ ਨੂੰ ਆਖਿਆ ਕਰੇ ਕਿ ਮੇਰੇ ਨਾਲ ਆੜਤ ਪਾ ਕੇ ਵੇਖੋ ਤੁਸੀਂ, ਤੇ ਅੱਗੋਂ ਵਰਕਰ ਆਖਿਆ ਕਰਨ ਕਿ ਬਾਦਲ ਜੀ, ਆੜਤ ਤੇਰੇ ਨਾਲ ਪਾਵਾਂਗੇ ਝੋਨੇ ਝੋਨੇ ਦੀ, ਤੇ ਅਗਾਂਹ ਕਣਕ ਨੂੰ ਗੱਲ ਨਾ ਕਰੀਂ ਸਾਡੇ ਨਾਲ, ਤੇ ਸੁਖਬੀਰ ਆਖਿਆ ਕਰੇ ਕਿ ਸਾਡਾ ਤਾਂ ਆਹ ਬੰਦਾ ਐ ਬਣਾ ਵਾਲੀ ਗੁਰਪ੍ਰੀਤ ਬਸ ਤੁਸੀਂ ਇਹਦੇ ਨਾਲ ਜਦੋਂ ਮਰਜ਼ੀ ਆਓ ਜਾਓ, ਤੇ ਬਾਈ ਜੀ, ਬੀਬੀ ਚੋਣ ਜਿੱਤਗੀ ਤੇ ਹੋਰ ਸਾਰੇ ਪਾਸੇ ਹਰੀ ਤੇ ਨੌਂ ਹਲਕਿਆਂ 'ਚ ਵੋਟ ਵਧੀ, ਹੁਣ ਭੂੰਦੜ ਕੇ ਔਖੇ ਕਿ ਸਾਡੇ ਬੰਦੇ ਪੱਟ ਪੱਟ ਕੇ ਸਿੱਧੇ ਬਾਦਲਾਂ ਕੋਲ ਲਿਜਾਈ ਜਾਂਦੈ ਕੀ ਕਰੀਏ? ਉਹ ਸਿੱਧਾ ਗਿਆ ਉਨ੍ਹਾਂ ਕੋਲ, ਵਾਹਵਾ ਬੋਲ ਕੇ ਆਇਆ, ਮੈਂ ਦੋ ਸਾਲ ਫਿਰ ਮਾਨਸਾ ਦਾ ਜ਼ਿਲ੍ਹਾ ਪ੍ਰਧਾਨ ਰਿਹਾ, ਪ੍ਰਧਾਨਗੀ ਮੁੱਕੀ ਤਾਂ ਮੈਨੂੰ ਕੋਰ ਕਮੇਟੀ ਯੂਥ ਵਿਚ ਲੈ ਲਿਆ ਤੇ ਦਿਲਰਾਜ ਭੂੰਦੜ ਵੀ ਇਸ ਕਮੇਟੀ 'ਚ ਸੀ, ਏਹ ਫਿਰ ਪ੍ਰੇਸ਼ਾਨ ਕਿ ਮੇਰੇ ਮੁੰਡੇ ਦੇ ਬਰੋਬਰ ਜਾ ਬੈਠਾ ਐ, ਅਸਲ ਵਿਚ ਸੁਖਬੀਰ ਜੀ ਭੂੰਦੜ ਤੇ ਢੀਂਡਸੇ ਵਰਗਿਆਂ ਨੂੰ ਵਿਖਾ ਰਿਹਾ ਸੀ ਕਿ ਘਬਰਾਓ ਨਾ, ਸਾਡੇ ਕੋਲ ਆਹ ਸਟਿੱਪਣੀਆਂ ਹੈਗੀਆਂ ਨੇ, ਜਦੋਂ ਮਰਜ਼ੀ ਤੇ ਜਿੱਥੇ ਮਰਜ਼ੀ ਫਿਟ ਕਰਲਾਂਗੇ, ਤੇ ਭੂੰਦੜ ਜੀ ਆਖਿਰ ਵੱਡੇ ਬਾਦਲ ਜੀ ਕੋਲ ਜਾ ਕੇ ਕਹਿੰਦੇ ਕਿ ਜਾਂ ਬਣਾ ਵਾਲੀ ਨੂੰ ਰੱਖਲੋ ਜਾਂ ਮੈਨੂੰ, ਇਓਂ ਨੀ ਚੱਲਣਾ, ਤੇ ਫਿਰ ਮੈਨੂੰ ਲਾਤਾ ਜੀ ਜ਼ਿਲ੍ਹਾ ਚੋਣ ਇੰਚਾਰਜ ਬਰਨਾਲੇ, ਇਹ ਫਿਰ ਨਾ ਟਿਕੇ ਤੇ ਆਖੇ ਕਿ ਏਹ ਤਾਂ ਬਰਨਾਲਿਓਂ ਬੈਠਾ ਮਾਨਸੇ ਦਖਲ ਦਿੰਦੈ, ਲੋਕਾਂ ਦੇ ਕੰਮ ਕਰਵਾਈ ਜਾਂਦੈ, ਆਖਿਰ ਫਿਰ ਸੁਖਬੀਰ ਜੀ ਕੋਲ ਗਿਆ ਤੇ ਅੱਖਾਂ ਵਿਖਾਈਆਂ।

*(ਬਾਕੀ ਅਗਲੇ ਹਫਤੇ)*

---

ਹਿੰਸਾ ਨਾਲ ਸਬੰਧਤ ਕੇਸਾਂ ਵਿਚ ਸਰਕਾਰੀ ਵਕੀਲਾਂ ਵਜੋਂ ਨਿਯੁਕਤੀ। ਇਹ ਇਲਜ਼ਾਮ ਖ਼ਾਸ ਦਿਲਚਸਪੀ ਵਾਲਾ ਹੈ ਕਿਉਂਕਿ 'ਸਿਟ' ਹੁਕਮਰਾਨਾਂ ਦੁਆਰਾ ਅਪਰਾਧਿਕ ਸਾਜ਼ਿਸ਼ ਦੀ ਸੰਭਾਵਨਾ ਦੀ ਜਾਂਚ ਕਰ ਰਹੀ ਸੀ।

'ਸਿਟ' ਦੀ ਰਿਪੋਰਟ ਸਰਕਾਰੀ ਵਕੀਲਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਬਾਰੇ ਦੱਸਦੀ ਹੈ:

'ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਕਿਸੇ ਕਸਬੇ ਵਿਚ ਸਰਕਾਰੀ ਵਕੀਲ ਦੀ ਨਿਯੁਕਤੀ ਦੀ ਵਿਧੀ ਇਹ ਹੈ ਕਿ ਕੁਲੈਕਟਰ ਅਤੇ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਮੁਕਾਮੀ ਅਖ਼ਬਾਰਾਂ 'ਚ ਖਾਲੀ ਪੋਸਟ ਬਾਰੇ ਇਸ਼ਤਿਹਾਰ ਦੇ ਕੇ ਨੋਟੀਫਾਈ ਕੀਤਾ ਜਾਂਦਾ ਹੈ। ਇਸ਼ਤਿਹਾਰ ਦੇ ਜਵਾਬ 'ਚ ਪ੍ਰਿੰਸੀਪਲ ਸੈਸ਼ਨ ਜੱਜ ਅਤੇ ਜ਼ਿਲ੍ਹਾ ਮੈਜਿਸਟਰੇਟ ਨੂੰ ਲੈ ਕੇ ਬਣਾਇਆ ਬੋਰਡ ਕਈ ਯੋਗ ਉਮੀਦਵਾਰਾਂ ਦੀ ਇੰਟਰਵਿਊ ਲੈਂਦਾ ਹੈ। ਇਸ ਤੋਂ ਬਾਅਦ, ਬੋਰਡ ਵੱਲੋਂ ਚੁਣੇ ਗਏ ਤਿੰਨ ਜਾਂ ਚਾਰ ਵਕੀਲਾਂ ਦਾ ਪੈਨਲ ਸਰਕਾਰੀ ਵਕੀਲ ਦੀ ਨਿਯੁਕਤੀ ਬਾਰੇ ਸਰਕਾਰ ਨੂੰ ਭੇਜਿਆ ਜਾਂਦਾ ਹੈ। ਸਰਕਾਰ ਆਪਣੀ ਮਰਜ਼ੀ ਨਾਲ ਸੂਚੀਬੱਧ ਉਮੀਦਵਾਰਾਂ ਵਿਚੋਂ ਇਕ ਨੂੰ ਤਿੰਨ ਸਾਲਾਂ ਦੀ ਮਿਆਦ ਲਈ ਸਰਕਾਰੀ ਵਕੀਲ ਵਜੋਂ ਚੁਣਦੀ ਹੈ ਅਤੇ ਨੋਟੀਫਾਈ ਕਰਦੀ ਹੈ। ਇਸ ਤਰ੍ਹਾਂ ਇਹ ਦੇਖਿਆ ਜਾ ਸਕਦਾ ਹੈ ਕਿ ਚੋਣ ਪ੍ਰਕਿਰਿਆ ਪਾਰਦਰਸ਼ੀ ਹੁੰਦੇ ਹੋਏ ਵੀ ਭੇਜੇ ਗਏ 3-4 ਵਕੀਲਾਂ ਦੇ ਪੈਨਲ ਵਿਚੋਂ ਵਿਸ਼ੇਸ਼ ਵਕੀਲ ਨਿਯੁਕਤ ਕਰਨ ਦਾ ਅਖ਼ਤਿਆਰ ਮਿਲਿਆ ਹੋਇਆ ਹੈ।'

ਇਸ ਪ੍ਰਕਿਰਿਆ ਰਾਹੀਂ ਨਿਯੁਕਤ ਕੀਤੇ ਗਏ ਸਰਕਾਰੀ ਵਕੀਲਾਂ ਦੇ ਪਿਛੋਕੜ ਦੀ ਜਾਂਚ ਕਰਨ ਤੋਂ ਬਾਦ 'ਸਿਟ' ਨੇ ਨਤੀਜਾ ਕੱਢਿਆ ਕਿ ਹਾਲਾਂਕਿ ਇੰਞ ਪ੍ਰਤੀਤ ਹੁੰਦਾ ਹੈ ਕਿ ਚੋਣ ਵਿਚ ਸਿਆਸੀ ਸਬੰਧ ਮਹੱਤਵਪੂਰਨ ਸਨ, ਅਦਾਲਤੀ ਮੁਕੱਦਮੇ ਜਾਂ ਜ਼ਮਾਨਤ ਦੀ ਸੁਣਵਾਈ ਦੌਰਾਨ ਸਰਕਾਰੀ ਵਕੀਲਾਂ ਵੱਲੋਂ ਮੁਲਜਮਾਂ ਦੀ "ਤਰਫ਼ਦਾਰੀ ਕਰਨ" ਦਾ ਕੋਈ ਖ਼ਾਸ ਦੋਸ਼ ਸਾਹਮਣੇ ਨਹੀਂ ਆਇਆ ਸੀ। ਹਾਲਾਂਕਿ, ਅਜਿਹੀ ਸਥਿਤੀ 'ਚ ਕਿਸੇ ਵਿਸ਼ੇਸ਼ ਪੱਖਪਾਤ ਵੱਲ ਇਸ਼ਾਰਾ ਕਰਨਾ ਮੁਸ਼ਕਲ ਹੈ। ਜਦੋਂ ਸਰਕਾਰੀ ਵਕੀਲਾਂ ਦੇ ਕੰਮ ਵਿਚ ਹਿਤਾਂ ਦਾ ਸੰਭਾਵੀ ਟਕਰਾਅ ਹੁੰਦਾ ਹੈ ਤਾਂ ਕੇਸਾਂ 'ਤੇ ਸਮੁੱਚੇ ਪ੍ਰਭਾਵ ਨੂੰ ਵਿਚਾਰਨਾ ਵਧੇਰੇ ਸਮਝ 'ਚ ਆਉਂਦਾ ਹੈ। ਉਨਾ ਹੀ ਮਹੱਤਵਪੂਰਨ ਤੱਥ ਇਹ ਹੈ ਕਿ 'ਸਿਟ' ਨੂੰ ਮਜਬੂਰਨ ਇਹ ਮੰਨਣਾ ਪਿਆ ਹੈ ਕਿ ਸਰਕਾਰ ਦੀ ਮਨਸ਼ਾ ਵੀ.ਐਚ.ਪੀ. ਜਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਪਿਛੋਕੜ ਵਾਲੇ ਲੋਕਾਂ ਨੂੰ ਨਿਯੁਕਤ ਕਰਨ ਦੀ ਸੀ। ਇਸ ਆਮ ਮਨਸ਼ਾ ਨੂੰ ਸਥਾਪਤ ਕਰਨ ਤੋਂ ਬਾਦ 'ਸਿਟ' ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਸੀ ਕਿ ਇਸ ਸਮੇਂ ਸਰਕਾਰ ਦੇ ਹਰ ਕੰਮ ਨੂੰ ਇਸ ਤੱਥ ਦੇ ਵਿਰੁੱਧ ਅੰਕਿਆ ਜਾਵੇ।



*ਸ਼ਰੇਆਮ ਤਲਵਾਰਾਂ ਅਤੇ ਹਾਕੀਆਂ ਲਹਿਰਾ ਰਹੇ ਦੰਗਈ।*

ਇਸ ਦੇ ਮੱਦੇਨਜ਼ਰ ਇਹ ਸਮਝਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ ਕਿ 'ਸਿਟ' ਇਹ ਨਤੀਜਾ ਕਿਵੇਂ ਕੱਢ ਸਕਦੀ ਹੈ ਕਿ ਕੁਝ ਪੁਲਿਸ ਅਧਿਕਾਰੀਆਂ ਦੇ ਤਬਾਦਲਿਆਂ ਵਿਚ ਕੋਈ ਗੜਬੜ ਨਹੀਂ ਹੋਈ ਸੀ, ਜਦ ਕਿ ਅਸੀਂ ਉੱਪਰ ਦੇਖ ਚੁੱਕੇ ਹਾਂ ਕਿ ਤਬਾਦਲੇ ਦੇ ਹਰ ਕੇਸ 'ਚ ਆਰ.ਐੱਸ.ਐੱਸ. ਅਤੇ ਵੀ.ਐੱਚ.ਪੀ. ਦੀ ਹਮਾਇਤੀ ਸਰਕਾਰ ਦੇ ਕੋਲ ਇਨ੍ਹਾਂ ਅਫ਼ਸਰਾਂ ਵਿਰੁੱਧ ਕਾਰਵਾਈ ਕਰਨ ਦੇ ਖ਼ਾਸ ਕਾਰਨ ਸਨ। ਇਕ ਵਾਰ ਜਦੋਂ ਇਹ ਸਥਾਪਿਤ ਹੋ ਜਾਂਦਾ ਹੈ ਕਿ ਸਰਕਾਰ ਦੀ ਨੀਅਤ ਸ਼ੱਕੀ ਹੈ, ਤਾਂ ਇਸ ਦੋਸ਼ ਨੂੰ ਸਿਰਫ਼ ਇਹ ਕਹਿ ਕੇ ਖਾਰਜ ਕਰਨਾ ਅਸੰਭਵ ਹੈ ਕਿ ਤਬਾਦਲਾ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ।

---

ਗੋਧਰਾ ਦੇ ਮ੍ਰਿਤਕਾਂ ਨੂੰ ਅਹਿਮਦਾਬਾਦ ਲਿਆਉਣਾ ਇਕ ਹੋਰ ਮਿਸਾਲ ਹੈ ਜਿਸ ਵਿਚ ਗੁਜਰਾਤ ਸਰਕਾਰ 'ਤੇ ਆਪਣੇ ਇਰਾਦਿਆਂ ਨੂੰ ਲੁਕੋਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਦੋਸ਼ ਵਿਚ ਦੋ ਦੋਸ਼ ਸ਼ਾਮਲ ਸਨ: ਗੋਧਰਾ ਦੇ ਮ੍ਰਿਤਕਾਂ ਦੀਆਂ ਲਾਸ਼ਾਂ ਵੀ.ਐੱਚ.ਪੀ. ਨੂੰ ਸੌਂਪ ਦਿੱਤੀਆਂ ਗਈਆਂ ਅਤੇ ਬਾਅਦ ਵਿਚ ਇਨ੍ਹਾਂ ਲਾਸ਼ਾਂ ਨੂੰ ਜਲੂਸ ਲਈ ਅਹਿਮਦਾਬਾਦ ਲਿਜਾਇਆ ਗਿਆ।

ਇਹ 'ਸਿਟ' ਵੱਲੋਂ ਇਕੱਠੇ ਕੀਤੇ ਗਏ ਤੱਥ ਹਨ। 27 ਫਰਵਰੀ 2002 ਨੂੰ ਵੀ.ਐੱਚ.ਪੀ. ਦਾ ਸੂਬਾ ਜਨਰਲ ਸਕੱਤਰ ਜੈਦੀਪ ਪਟੇਲ ਦੁਪਹਿਰ 12.48 ਵਜੇ ਗੋਧਰਾ ਪਹੁੰਚਿਆ। ਉਸ ਸ਼ਾਮ 8.03 ਤੋਂ 9.15 ਦੇ ਦਰਮਿਆਨ ਉਹ ਫ਼ੋਨ ਕਾਲਾਂ ਰਾਹੀਂ ਜੜਾਫੀਆ ਨਾਲ ਲਗਾਤਾਰ ਸੰਪਰਕ ਵਿਚ ਰਿਹਾ। ਉਸ ਨੂੰ ਸਾਰਾ ਦਿਨ ਡਿਪਟੀ ਕਮਿਸ਼ਨਰ ਆਫ ਪੁਲਿਸ ਆਰ.ਜੇ.ਸਵਾਨੀ ਦੇ ਫੋਨ ਵੀ ਆਉਂਦੇ ਰਹੇ। "ਉਪਰੋਕਤ ਕਾਲ ਡਿਟੇਲ ਰਿਕਾਰਡ ਇਹ ਸਥਾਪਤ ਕਰਦੇ ਹਨ ਕਿ ਜੈਦੀਪ ਪਟੇਲ 27-02-2002 ਨੂੰ ਲੱਗਭੱਗ 23.58 ਵਜੇ ਤੱਕ ਗੋਧਰਾ ਵਿਖੇ ਸੀ।" ਇਹ ਸਥਾਪਿਤ ਕਰਦਾ ਹੈ ਕਿ ਲਾਸ਼ਾਂ ਅਧਿਕਾਰਕ ਤੌਰ 'ਤੇ ਪਟੇਲ ਨੂੰ ਸੌਂਪੀਆਂ ਗਈਆਂ ਸਨ - ਗੋਧਰਾ ਦੇ ਕਾਰਜਕਾਰੀ ਮੈਜਿਸਟਰੇਟ ਐੱਮ.ਐੱਲ. ਨਲਵਈਆ ਨੇ "ਵੀ.ਐੱਚ.ਪੀ. ਦੇ ਡਾ. ਜੈਦੀਪ ਪਟੇਲ ਨੂੰ ਇਕ ਚਿੱਠੀ ਜਾਰੀ ਕੀਤੀ ਜਿਸ ਵਿਚ ਉਸਨੇ ਦੱਸਿਆ ਕਿ ਪੰਜ ਟਰੱਕਾਂ ਰਾਹੀਂ 54 ਲਾਸ਼ਾਂ ਭੇਜੀਆਂ ਜਾ ਰਹੀਆਂ ਹਨ।"

ਰਿਪੋਰਟ ਵਿਚ ਅੱਗੇ ਵਿਸਤਾਰ 'ਚ ਦੱਸਿਆ ਗਿਆ ਹੈ:

'ਲਾਸ਼ਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਹਸਮੁਖ ਟੀ. ਪਟੇਲ ਨੂੰ ਸੌਂਪ ਦਿੱਤੀਆਂ ਗਈਆਂ। ਜ਼ਿਕਰ ਕਰਨਾ ਜ਼ਰੂਰੀ ਹੈ ਕਿ ਲਾਸ਼ਾਂ ਨੂੰ ਉਨ੍ਹਾਂ ਦੇ ਕਾਨੂੰਨੀ ਵਾਰਸਾਂ/ਸਰਪ੍ਰਸਤਾਂ ਨੂੰ ਸੌਂਪਣਾ ਰੇਲਵੇ ਪੁਲਿਸ ਦਾ ਫਰਜ਼ ਸੀ ਜਿਸ ਨੇ ਇਸ ਘਟਨਾ ਦੇ ਸਬੰਧ ਵਿਚ ਕੇਸ ਦਰਜ ਕੀਤਾ ਸੀ। ਐੱਮ.ਐੱਲ. ਨਲਵਈਆ ਨੇ ਕਿਹਾ ਹੈ ਕਿ ਗੋਧਰਾ ਦੀ ਡੀ.ਐੱਮ.ਜੈਯੰਤੀ ਐੱਸ. ਰਵੀ ਅਤੇ ਏ.ਡੀ.ਐੱਮ. ਸਵਰਗੀ ਬੀ.ਐੱਮ. ਦਾਮੋਰ ਦੀਆਂ ਹਦਾਇਤਾਂ ਅਨੁਸਾਰ ਇਹ ਲਾਸ਼ਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜੈਦੀਪ ਪਟੇਲ ਅਤੇ ਹਸਮੁਖ ਟੀ. ਪਟੇਲ ਨੂੰ ਅਧਿਕਾਰਕ ਤੌਰ 'ਤੇ ਸੌਂਪ ਦਿੱਤੀਆਂ ਗਈਆਂ। ਐੱਮ.ਐੱਲ. ਨਲਵਈਆ ਨੇ ਇਸ ਸਬੰਧ ਵਿਚ 05-09-2009 ਨੂੰ ਨਾਨਾਵਤੀ ਜਾਂਚ ਕਮਿਸਨ ਦੇ ਸਾਹਮਣੇ ਹਲਫ਼ਨਾਮਾ ਦਾਇਰ ਕੀਤਾ ਹੈ।'

ਜ਼ਿਲ੍ਹਾ ਮੈਜਿਸਟਰੇਟ ਨੂੰ ਫਸਾਉਣ ਵਾਲੀ ਇਹ ਗਵਾਹੀ ਹੇਠ ਲਿਖੇ ਵਾਕ ਦੁਆਰਾ ਕਮਜ਼ੋਰ ਹੁੰਦੀ ਹੈ: "ਹਾਲਾਂਕਿ ਜੈਯੰਤੀ ਰਵੀ ਨੇ ਕਿਹਾ ਹੈ ਕਿ ਨਲਵਈਆ ਨੂੰ ਅਜਿਹਾ ਕੋਈ ਨਿਰਦੇਸ਼ ਨਹੀਂ ਦਿੱਤਾ ਗਿਆ ਸੀ ਕਿ ਲਾਸ਼ਾਂ ਵੀ.ਐੱਚ.ਪੀ. ਦੇ ਜੈਦੀਪ ਪਟੇਲ ਜਾਂ ਹਸਮੁਖ ਟੀ. ਪਟੇਲ ਨੂੰ ਸੌਂਪ ਦਿੱਤੀਆਂ ਜਾਣ। ਜੈਦੀਪ ਪਟੇਲ ਨੇ ਸਿਰਫ਼ ਲਾਸ਼ਾਂ ਦੇ ਨਾਲ ਅਹਿਮਦਾਬਾਦ ਜਾਣਾ ਸੀ।"

ਭਾਰਤੀ ਨੌਕਰਸਾਹੀ ਨੂੰ ਜਾਣਨ ਵਾਲੇ ਕਿਸੇ ਵੀ ਵਿਅਕਤੀ ਲਈ ਇਹ ਯਕੀਨ ਕਰਨਾ ਔਖਾ ਹੋਵੇਗਾ ਕਿ ਜਿਸ ਦਿਨ ਪੂਰੇ ਮੁਲਕ ਦਾ ਧਿਆਨ ਗੋਧਰਾ 'ਤੇ ਕੇਂਦਰਤ ਸੀ ਜਿੱਥੇ ਮੁੱਖ ਮੰਤਰੀ ਖ਼ੁਦ ਮੌਜੂਦ ਸੀ ਅਤੇ ਪ੍ਰਬੰਧਾਂ ਦੀ ਨਿਗਰਾਨੀ ਕਰ ਰਿਹਾ ਸੀ, ਉੱਥੇ ਇਕ ਕਾਰਜਕਾਰੀ ਮੈਜਿਸਟਰੇਟ ਆਪਣੇ ਤੌਰ 'ਤੇ ਕਾਰਵਾਈ ਕਰੇਗਾ। ਇਸ ਤੋਂ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਉਹ ਜ਼ਿਲ੍ਹਾ ਮੈਜਿਸਟਰੇਟ ਦੀਆਂ ਹਦਾਇਤਾਂ ਨੂੰ ਛਿੱਕੇ ਟੰਗਦੇ ਹੋਏ ਇਸ ਨੂੰ ਕਾਗਜ਼ਾਂ 'ਤੇ ਲਿਖ ਦੇਵੇਗਾ। ਇਸ ਤੋਂ ਇਲਾਵਾ, ਨਲਵਈਆ ਦੀ ਗਵਾਹੀ ਸਿੱਧੇ ਤੌਰ 'ਤੇ ਰਵੀ ਵੱਲ ਇਸ਼ਾਰਾ ਕਰਦੀ ਹੈ ਅਤੇ ਦੱਸਦੀ ਹੈ ਕਿ ਇਸ ਗੱਲ ਦਾ ਸਬੂਤ ਹੈ ਕਿ ਲਾਸ਼ਾਂ ਰਸਮੀ ਤੌਰ 'ਤੇ ਵੀ.ਐੱਚ.ਪੀ. ਨੂੰ ਸੌਂਪੀਆਂ ਗਈਆਂ ਸਨ। ਰਵੀ ਦਾ ਇਹ ਕਹਿਣਾ ਕਿ ਉਸ ਨੇ ਨਲਵਈਆ ਨੂੰ ਕੋਈ ਹਦਾਇਤ ਨਹੀਂ ਦਿੱਤੀ ਸੀ ਅਤੇ 'ਸਿਟ' ਵੱਲੋਂ ਇਸ ਨੂੰ ਮੰਨ ਲੈਣਾ, ਉਹ ਵੀ ਉਦੋਂ ਜਦੋਂ ਰਵੀ ਖ਼ੁਦ ਮੁਲਜ਼ਮ ਹੈ, ਤਰਕ ਅਤੇ ਬਾਹਰਮੁੱਖਤਾ ਨਾਲ ਮੇਲ ਨਹੀਂ ਖਾਂਦਾ। ਰਵੀ ਨੇ 'ਸਿਟ' ਕੋਲ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਮ੍ਰਿਤਕਾਂ ਨੂੰ ਸੜਕ ਰਾਹੀਂ ਅਹਿਮਦਾਬਾਦ ਲਿਜਾਣ ਦਾ ਫ਼ੈਸਲਾ ਉਸ ਦੀ ਮਰਜੀ ਦੇ ਵਿਰੁੱਧ ਕੀਤਾ ਗਿਆ ਸੀ। ਇਹ ਵੀ ਉਸ 'ਤੇ ਲੱਗੇ ਦੋਸ਼ਾਂ 'ਚੋਂ ਇਕ ਸੀ।

ਸਿੱਟ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ, "ਹਾਲਾਂਕਿ ਐੱਮ.ਐੱਲ. ਨਲਵਈਆ ਨੇ ਵੀ.ਐੱਚ.ਪੀ. ਦੇ ਜੈਦੀਪ ਪਟੇਲ ਦੇ ਨਾਮ ਚਿੱਠੀ ਲਿਖੀ ਅਤੇ ਲਾਸ਼ਾਂ ਵੀ.ਐੱਚ.ਪੀ ਦੇ ਹਸਮੁਖ ਟੀ. ਪਟੇਲ ਨੇ ਲੈ ਲਈਆਂ, ਫਿਰ ਵੀ ਪੁਲਿਸ ਵੱਲੋਂ ਲਾਸ਼ਾਂ ਨੂੰ ਅਹਿਮਦਾਬਾਦ ਸ਼ਹਿਰ ਦੇ ਬਾਹਰਵਾਰ ਸੋਲਾ ਸਿਵਲ ਹਸਪਤਾਲ, ਅਹਿਮਦਾਬਾਦ ਵਿਚ ਲਿਜਾਇਆ ਗਿਆ। ਇਸ ਵਿਚ ਅੱਗੇ ਕਿਹਾ ਗਿਆ ਹੈ, ਪਟੇਲ ਨੇ ''ਹਸਪਤਾਲ ਅਧਿਕਾਰੀਆਂ ਅਤੇ ਸਥਾਨਕ ਪੁਲਿਸ ਨੂੰ ਚਿੱਠੀ ਸੌਂਪੀ ਅਤੇ ਹਸਪਤਾਲ ਦੇ ਅਧਿਕਾਰੀਆਂ ਨੇ ਲਾਸ਼ਾਂ ਨੂੰ ਆਪਣੇ ਕਬਜੇ ਵਿਚ ਲੈ ਲਿਆ।''

ਸਿੱਟ ਦੀ ਦਲੀਲ ਹੈ ਕਿ ਲਾਸ਼ਾਂ ਨੂੰ ਵੀ.ਐੱਚ.ਪੀ. ਨੂੰ ਸੌਂਪਣ ਤੋਂ ਬਾਅਦ ਉਨ੍ਹਾਂ ਦੇ ਕਾਫ਼ਲੇ ਨੂੰ ਪੁਲਿਸ ਸੁਰੱਖਿਆ ਮੁਹੱਈਆ ਕੀਤੀ ਗਈ ਸੀ। ਉਹ ਇਸ ਤਕਨੀਕ ਦੀ ਵਰਤੋਂ ਇਹ ਦਰਸਾਉਣ ਲਈ ਕਰਦੀ ਹੈ ਕਿ ਦਰਅਸਲ ਵੀ.ਐੱਚ.ਪੀ. ਨੂੰ ਲਾਸ਼ਾਂ ਦੀ ਸਪੁਰਦਗੀ ਨਹੀਂ ਹੋਈ ਸੀ ਅਤੇ ਇਹ ਪਟੇਲ ਹੀ ਸੀ ਜੋ ਪੁਲਿਸ ਦੇ ਨਾਲ ਸੀ, ਨਾ ਕਿ ਇਸ ਦੇ ਉਲਟ ਹੋਇਆ ਸੀ। ਫਿਰ, ਇਸ ਨੂੰ ਇਸ ਤੱਥ ਦੇ ਵਿਰੁੱਧ ਪੜ੍ਹਿਆ ਜਾਣਾ ਚਾਹੀਦਾ ਹੈ ਕਿ ਨਿਰਪੱਖਤਾ ਅਤੇ ਨਿਆਂ ਦੇ ਹਿਤਾਂ ਦੇ ਵਿਰੁੱਧ ਜਾਂਦੀ ਹੋਣ ਦੇ ਬਾਵਜੂਦ ਸਰਕਾਰ ਦੀ ਵੀ.ਐੱਚ.ਪੀ. ਨੂੰ ਖੁਸ਼ ਕਰਨ ਅਤੇ ਉਸ ਦੇ ਆਦੇਸ਼ਾਂ ਦੀ ਪਾਲਣਾ ਕਰਨ ਦੀ ਮਨਸ਼ਾ ਸਿੱਟ ਵੱਲੋਂ ਪਹਿਲਾਂ ਹੀ ਸਥਾਪਿਤ ਕੀਤੀ ਜਾ ਚੁੱਕੀ ਹੈ।

**(ਚੱਲਦਾ)**

# ਐਨੀ ਅਰਨੌ ਦਾ ਸਾਹਿਤ

ਕਲਾ ਪਰਿਕਰਮਾ



**ਸਾਹਿਤ ਤਿੱਖਾ ਨਸ਼ਤਰ ਹੈ। ਇਹ ਸਭ ਕੁਝ ਸਮੇਂ ਅਤੇ ਇਤਿਹਾਸ ਦੀ ਦਾਸਤਾਨ ਹੈ।**
**-ਐਨੀ ਅਰਨੌ**

ਫਰਾਂਸੀਸੀ ਭਾਸ਼ਾ ਦੀ ਲੇਖਕ ਐਨੀ ਅਰਨੌ ਨੂੰ ਇਸ ਵਰ੍ਹੇ ਦਾ ਨੋਬੇਲ ਸਾਹਿਤ ਪੁਰਸਕਾਰ ਦਿੱਤਾ ਗਿਆ ਹੈ। ਬੇਬਾਕ ਸ਼ੈਲੀ ਦੀ ਇਸ ਪ੍ਰੌੜ ਲੇਖਕ ਦਾ ਕਥਨ ਹੈ ਕਿ ਸਾਹਿਤ ਸਾਵੇ ਪੱਤਰਾਂ ਦੀ ਕਥਾ ਨਹੀਂ ਹੁੰਦਾ; ਇਹ ਮਹਿਜ਼ ਕਵਿਤਾ ਕਹਾਣੀ ਵੀ ਨਹੀਂ ਹੈ; ਇਹ ਰਾਜਨੀਤਕ ਹਥਿਆਰ ਹੈ ਤੇ ਲਗਾਤਾਰ ਬਦਲਦਾ ਹੈ। ਇਸ ਦੀ ਭਾਸ਼ਾ ਚਾਕੂ ਵਾਂਗ ਨਸ਼ਤਰ ਤੋਂ ਵੀ ਜ਼ਿਆਦਾ ਧਾਰਦਾਰ ਹੈ। ਇਹ ਸਭ ਕੁਝ ਮੈਂ ਆਪ ਹੰਢਾਇਆ ਹੈ,

**ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**

ਖ਼ੁਦ ਜੀਵਿਆ ਹੈ। ਜੋ ਲਿਖਿਆ ਹੈ ਉਹ ਜੋ ਕੁਝ ਵੀ ਹੈ, ਤੁਹਾਡੇ ਸਾਹਮਣੇ ਹੈ। ਹੁਣ ਸਿਰਫ਼ ਸਾਹਿਤ ਦੀ ਤਾਕਤ ਹੀ ਦੁਨੀਆ ਨੂੰ ਬਦਲ ਸਕਦੀ ਹੈ।

ਇਹ ਹੈ ਐਨੀ ਅਰਨੌ ਦਾ ਉਹ ਬਿਆਨ ਜੋ ਉਸ ਨੇ ਆਪਣੇ ਸਾਹਿਤ ਅਤੇ ਜੀਵਨ 'ਤੇ ਬਣੀ ਦਸਤਾਵੇਜ਼ੀ ਫਿਲਮ ਵਿਚ ਬਿਆਨ ਕੀਤਾ ਹੈ। ਉਸ ਦੇ ਜੀਵਨ ਦੀਆਂ ਕਈ ਪਰਤਾਂ ਇਸ ਫਿਲਮ ਵਿਚ ਮਿਲਦੀਆਂ ਹਨ। ਸਾਡੇ ਵਰਤਮਾਨ ਸਮੇਂ ਦੀ ਇਹ ਵੱਡੀ ਲੇਖਕ ਆਪਣੀ ਭਾਸ਼ਾ ਪ੍ਰਤੀ ਸੁਚੇਤ ਹੋ ਕੇ ਕਹਿੰਦੀ ਹੈ ਕਿ ਸਾਹਿਤ ਦੀ ਭਾਸ਼ਾ ਤਿੱਖੀ ਹੋਣੀ ਚਾਹੀਦੀ ਹੈ ਜੋ ਦਿਲ ਵਿਚ ਉਤਰ ਜਾਏ।

ਐਨੀ ਦਾ ਹੌਸਲੇ ਅਤੇ ਦਲੇਰੀ ਉਸ ਦੇ ਜ਼ਖ਼ਮਾਂ ਨੂੰ ਸਾਹਮਣੇ ਲਿਆਉਂਦੇ ਹਨ। ਉਸ ਦਾ ਕਹਿਣਾ ਹੈ ਕਿ ਇਹ ਸ਼ਬਦਾਂ ਦਾ ਮਰਮ ਹੀ ਉਸ ਦੀ ਤਾਕਤ ਹੈ। ਉਸ ਨੇ ਅਠਤਾਲੀ ਵਰ੍ਹੇ ਪਹਿਲਾਂ ਜਿਸ ਗਰਭਪਾਤ ਸਮੱਸਿਆ ਬਾਰੇ ਕਿਤਾਬ ਲਿਖੀ ਸੀ, ਉਸ ਨੇ ਫਰਾਂਸ ਵਿਚ ਗਰਭਪਾਤ ਬਾਰੇ ਤਬਦੀਲੀ ਲਿਆ ਕੇ ਨਵਾਂ ਸਮਾਜ ਸਿਰਜਣ ਵਿਚ ਭੂਮਿਕਾ ਨਿਭਾਈ ਤੇ ਜਿਊਣ ਦਾ ਤਰੀਕਾ ਔਰਤਾਂ ਖ਼ਾਸਕਰ ਲੜਕੀਆਂ ਨੂੰ ਦੱਸਿਆ ਸੀ। ਇਸ ਕਰਕੇ ਉਸ ਨੂੰ ਦੁਨੀਆ ਦੀ ਵੱਡੀ ਤਾਕਤ ਦੀ ਰਾਜਨੀਤੀ ਤੋਂ ਵੀ ਵੱਡੀ ਸਾਹਿਤ ਦੀ ਤਾਕਤ ਗਰਦਾਨਿਆ ਗਿਆ ਸੀ।

ਐਨੀ ਅਰਨੌ ਬਾਰੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਸ ਨੇ ਭਾਸ਼ਾ ਨੂੰ ਤਿੱਖੇ ਹਥਿਆਰ ਵਾਂਗ ਵਰਤਿਆ। ਜਾਂ ਪਾਲ ਸਾਰਤਰ ਵਰਗੇ ਫਰਾਂਸੀਸੀ ਲੇਖਕਾਂ ਤੋਂ ਲੈ ਕੇ ਪੀਅਰੇ ਵਰਗੇ ਚਿੰਤਕਾਂ ਵਿਚ ਫਰਾਂਸੀਸੀ ਸਾਹਿਤ ਦੀ ਵੱਖਰੀ ਮੁੱਖਧਾਰਾ ਨੇ ਅੱਜ ਤੱਕ ਪੂਰੀ ਦੁਨੀਆ ਨੂੰ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਤੋਂ ਬਾਅਦ ਸਾਹਿਤ ਰਚਨਾ ਕਰਨ ਵਾਲਿਆਂ ਵਿਚ ਐਨੀ ਦਾ ਵੀ ਪ੍ਰਮੁੱਖ ਸਥਾਨ ਹੈ। ਐਨੀ ਅਰਨੌ ਸਾਡੇ ਸਮੇਂ ਦੀ ਉਹ ਚਿਤੇਰੀ ਹੈ ਜਿਸ ਨੇ ਆਪਣੇ (ਮੈਂ ਦੇ) ਅੰਦਾਜ਼ ਵਿਚ ਕਥਾ ਸੰਸਾਰ ਨੂੰ ਜੀਵਿਆ ਅਤੇ ਦੁਨੀਆ ਸਾਹਮਣੇ ਲਿਆਂਦਾ ਹੈ। ਆਪਣੇ ਸੁੱਚੇ ਰਚਨਾ ਸੰਸਾਰ ਵਿਚ ਉਹ ਅਜਿਹੀ ਹੀ ਦਰਿਆਦਿਲੀ ਦਿਖਾਉਂਦੀ ਹੈ।


ਸਵੀਡਿਸ਼ ਅਕਾਦਮੀ ਨੇ ਆਪਣੇ ਬਿਆਨ ਵਿਚ ਉਸ ਨੂੰ ਸਾਹਸੀ, ਲਿੰਗ ਭੇਦਾਂ ਵਿਚ ਵੰਡੇ ਹੋਏ ਸਮਾਜ ਵਿਚ ਵਿਅਕਤੀਗਤ ਭਾਵਨਾਵਾਂ ਜਿਸ ਵਿਚ ਪ੍ਰੇਮ, ਪ੍ਰੇਮਿਕਾ ਤੇ ਇਸ਼ਕ ਤੋਂ ਲੈ ਕੇ ਗਰਭਪਾਤ ਵਰਗੇ ਮੁੱਦਿਆਂ ਦੀ ਆਵਾਜ਼ ਬਣਨ ਲਈ ਖੁੱਲ੍ਹੀ ਕਿਤਾਬ ਵਰਗੀ ਲੇਖਕ ਕਿਹਾ ਹੈ। ਬਿਆਸੀ ਵਰ੍ਹਿਆਂ ਦੀ ਉਮਰ ਹੰਢਾਅ ਚੁੱਕੀ ਐਨੀ ਅਜੇ ਵੀ ਓਨੀ ਹੀ ਬੇਬਾਕ ਹੈ। ਵੀਹ ਸਾਲ ਦੀ ਉਮਰ ਵਿਚ ਸ਼ੁਰੂ ਹੋਏ ਆਪਣੀ ਆਤਮ-ਕਥਾ ਦੇ ਕਿਤਾਬੀ ਸਫ਼ਰ ਵਿਚ ਉਸ ਨੇ ਆਪਣੇ ਆਲੇ-ਦੁਆਲੇ ਦੇ ਲੋਕਾਂ ਬਾਰੇ ਲਿਖਿਆ। ਉਸ ਦੀ 2008 ਵਿਚ ਪ੍ਰਕਾਸ਼ਿਤ ਕਿਤਾਬ 'ਦਿ ਯੀਅਰਜ਼' ਪੜ੍ਹਦਿਆਂ ਜਾਪਦਾ ਹੈ ਕਿ ਉਹ ਯੁੱਧ ਦੇ ਅੰਤ ਅਤੇ ਆਪਣੇ ਪਿਤਾ ਬਾਰੇ ਜਿਸ ਢੰਗ ਨਾਲ ਲਿਖਦੀ ਹੈ, ਉਸ ਸਦਾ ਪ੍ਰੇਰਨਾਮਈ ਬਣਿਆ ਰਹੇਗਾ। ਐਨੀ ਨੇ 40 ਤੋਂ ਵੱਧ ਕਿਤਾਬਾਂ ਦੀ ਰਚਨਾ ਕੀਤੀ ਹੈ ਅਤੇ 22 ਤੋਂ ਭਾਸ਼ਾਵਾਂ ਵਿਚ ਉਸ ਦੀਆਂ ਕਿਤਾਬਾਂ ਦਾ ਅਨੁਵਾਦ ਹੋਇਆ ਹੈ। 1974 ਵਿਚ ਆਪਣੀ ਲਿਖਣ ਯਾਤਰਾ ਸ਼ੁਰੂ ਕਰਨ ਵਾਲੀ ਐਨੀ ਅਰਨੌ ਨੇ ਲੇਸ ਅਰਮੋਰਇਰਜ਼ (ਕਲੀਨਡ ਆਊਟ) ਨਾਲ ਸ਼ੁਰੂ ਕੀਤਾ ਸੀ ਤੇ ਬਾਅਦ ਵਿਚ ਜਦੋਂ ਫਰਾਂਸੀਸੀ ਤੋਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਹੋ ਕੇ ਉਹ ਪੂਰੀ ਦੁਨੀਆ ਵਿਚ ਪਹੁੰਚੀ ਤਾਂ ਉਸ ਦੇ ਆਪੇ ਦੀ ਕਥਾ ਪੂਰੀ ਦੁਨੀਆ ਦੇ ਮਨਾਂ ਨੂੰ ਛੂਹ ਗਈ ਸੀ।


ਆਪਣੀਆਂ ਦੂਸਰੀਆਂ ਪੁਸਤਕਾਂ ਵਿਚ 'ਏ ਮੈਨਜ਼ ਪਲੇਸ', 'ਲ ਹੋਂਟੇ' ਵਰਗੀਆਂ ਪੁਸਤਕਾਂ ਵਿਚ ਉਸ ਨੇ ਜਿਸਮਾਨੀ ਤੇ ਰੂਹਾਨੀ ਰਿਸ਼ਤਿਆਂ ਬਾਰੇ ਬੇਬਾਕੀ ਨਾਲ ਲਿਖਿਆ ਹੈ। 'ਸ਼ੇਮ' ਉਸ ਦਾ ਇਕ ਹੋਰ ਵੱਕਾਰੀ ਪੁਸਤਕ-ਗ੍ਰੰਥ ਹੈ। ਉਸ ਦੀਆਂ ਪੁਸਤਕਾਂ ਦੇ ਪ੍ਰਕਾਸ਼ਕ ਸੈਵਨ ਸਟੋਰੀ ਪ੍ਰੈੱਸ ਦਾ ਕਹਿਣਾ ਹੈ ਕਿ ਉਸ ਦੀਆਂ ਪੁਸਤਕਾਂ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਹਰ ਵਰਗ ਵਿਚ ਹਰਮਨ ਪਿਆਰੀਆਂ ਹਨ।


ਉਸ ਨੇ 'ਆਈ ਰੀਮੇਨ ਇਨ ਡਾਰਕਨੈਸ', 'ਥਿੰਗਜ਼ ਸੀਨ', ਹੈਪਨਿੰਗ, ਗੈਟਿੰਗ ਲੌਸਟ, ਪੈਸ਼ਨ ਸਿੰਪਲ, ਏ ਗਰਲ'ਜ਼ ਸਟੋਰੀ, 'ਦਿ ਪੋਜੈਸ਼ਨ' ਵਰਗੀਆਂ ਕਿਤਾਬਾਂ ਨਾਲ ਕਈ ਉਹ ਯਾਦਾਂ ਦੁਨੀਆ ਭਰ ਦੇ ਆਪਣੇ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ ਜਿਨ੍ਹਾਂ ਵਿਚ ਜ਼ਿੰਦਗੀ ਧੜਕਦੀ ਹੈ। ਆਪਣੀਆਂ ਕਿਤਾਬਾਂ ਲਈ ਉਸ ਨੂੰ ਦੁਨੀਆ ਭਰ ਦੇ ਪੁਰਸਕਾਰ ਮਿਲੇ ਹਨ ਜਿਨ੍ਹਾਂ ਵਿਚ ਰਾਇਲ ਸੁਸਾਇਟੀ ਆਫ ਲਿਟਰੇਚਰ ਦਾ ਐਵਾਰਡ ਤੇ ਯੂਰਪੀ ਲਿਟਰੇਚਰ ਐਵਾਰਡ ਆਪਣੀ ਥਾਂ 'ਤੇ ਹੈ ਪਰ ਨੋਬੇਲ ਦੀ ਪ੍ਰਾਪਤੀ ਉਸ ਦੀਆਂ ਲਿਖਤਾਂ ਦਾ ਉਹ ਅਸਰ ਹੈ ਜੋ ਸਮਾਜ ਪ੍ਰਤੀ ਉਸ ਦੀ ਪ੍ਰਤੀਬੱਧਤਾ ਨੂੰ ਦਿਖਾਉਂਦਾ ਹੈ।

ਉਸ ਨੇ ਤਜਰਬਿਆਂ ਅਤੇ ਬੜੀ ਉਤਾਰ-ਚੜ੍ਹਾਅ ਵਾਲੀ ਜ਼ਿੰਦਗੀ ਹੰਢਾਈ ਹੈ। ਫਿਲਿਪਸ ਅਰਨੌ ਨਾਲ ਸ਼ਾਦੀ ਕਰਨ ਵਾਲੀ ਅਤੇ ਦੋ ਪੁੱਤਰਾਂ ਦੀ ਮਾਂ ਐਨੀ 1980ਤੋਂ ਇਕੱਲਿਆਂ ਰਹਿ ਰਹੀ ਹੈ। ਉਸ ਦੀ ਚੁਸਤ-ਦਰੁਸਤ ਜ਼ਿੰਦਗੀ ਤੇ ਲਿਖਣ ਦੀ ਪ੍ਰਤਿਭਾ ਹੀ ਸਭ ਤੋਂ ਵੱਡੀ ਪ੍ਰਾਪਤੀ ਹੈ ਜਿਸ ਵਿਚ ਕਿਤੇ ਵੀ ਠਹਿਰਾਅ ਨਹੀਂ ਹੈ। ਇਸ ਮੌਕੇ 'ਤੇ ਉਸ ਦੀ ਪੁਸਤਕ 'ਲਾ ਪੇਲੈਸ' ਯਾਦ ਆਉਂਦੀ ਹੈ ਜਿਸ ਦਾ ਅਨੁਵਾਦ ਅੰਗਰੇਜ਼ੀ ਵਿਚ ਬਹੁਤ ਸਾਲ ਪਹਿਲਾਂ ਪੜ੍ਹਿਆ ਸੀ। ਇਸ ਵਿਚ ਉਹ ਆਪਣੇ ਪਿਤਾ ਤੇ ਆਪਣੇ ਸਬੰਧਾਂ ਬਾਰੇ ਲਿਖਦੀ ਹੈ। ਇਕ ਛੋਟੇ ਕਸਬੇ ਦੀ ਮੱਧਵਰਗੀ ਮਾਨਸਿਕਤਾ ਅਤੇ ਪੁੱਤਰੀ ਤੇ ਪਿਤਾ ਦੇ ਸਬੰਧਾਂ ਬਾਰੇ ਚਿਤਵਿਆ ਤੇ ਚਿਤਰਿਆ ਹੋਇਆ ਬਿਰਤਾਂਤ ਇਨਸਾਨੀ ਜ਼ਿੰਦਗੀ ਦਾ ਸੱਚ ਹੈ।

ਐਨੀ ਨੂੰ ਪੜ੍ਹਦਿਆਂ ਇਹ ਅਹਿਸਾਸ ਵਾਰ-ਵਾਰ ਹੁੰਦਾ ਹੈ ਕਿ ਅਸੀਂ ਕਿਹੜੀ ਦੁਨੀਆਂ ਵਿਚ ਜੀਅ ਰਹੇ ਹਾਂ। ਉਸ ਨੇ ਯੈਲੋ ਵੈਸਟ ਮੂਵਮੈਂਟ 2018 ਵਿਚ ਭਾਗ ਲਿਆ ਜੋ ਫਰਾਂਸ ਵਿਚ ਵਧੀਆ ਕੀਮਤਾਂ ਅਤੇ ਰਹਿਣ-ਸਹਿਣ ਬਾਰੇ ਪਰਿਵਰਤਨ ਦੀ ਲਹਿਰ ਸੀ। ਸਾਹਿਤ ਕੀ ਕਰ ਸਕਦਾ ਹੈ? ਉਸ ਦੀਆਂ ਪੁਸਤਕਾਂ ਵਿਚ ਦਰਜ ਉਹਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ: "ਤਿੱਖਾ ਨਸ਼ਤਰ ਹੈ ਸਾਹਿਤ। ਇਹ ਸਭ ਕੁਝ ਸਮੇਂ ਅਤੇ ਇਤਿਹਾਸ ਦੀ ਦਾਸਤਾਨ ਹੈ।"








*ਨੋਬੇਲ ਇਨਾਮ ਜੇਤੂ ਲਿਖਾਰੀ ਐਨੀ ਅਰਨੌ ਦੀਆਂ ਕੁਝ ਕਿਤਾਬਾਂ ਦੇ ਮੁਖੜੇ।*

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਕਤੂਬਰ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-556



ਖੇਡਣ ਵਾਲ਼ੀ ਉਮਰ ਗੁਆਚੀ, ਪੜ੍ਹਨ ਲਿਖਣ ਦੇ ਚਾਰੇ,
ਖੋਹ ਲਈ ਆਜ਼ਾਦੀ ਚੰਦਰਿਆਂ, ਆਉਣ ਗਰੀਬੀ ਮਾਰੇ।
ਭੁੱਖੇ ਢਿੱਡ ਨੂੰ ਨਾ ਪਏ ਝੁਲਕਾ, ਕਰ ਕਰ ਮੁਸ਼ੱਕਤ ਹਾਰੇ,
ਅੰਮ੍ਰਿਤਕਾਲ ਨ ਕੋਈ ਮਾਇਨੇ, ਸੁਣ ਡਾਢੀਏ ਸਰਕਾਰੇ।

### ਕੈਪਸ਼ਨ ਮੁਕਾਬਲਾ-554



ਪੁੱਤਰਾਂ ਵਾਂਗੂੰ ਪਾਲੀਆਂ ਫਸਲਾਂ,
ਹਨੇਰੀ ਝੱਖੜਾਂ ਖਾ ਲਈਆਂ ਫਸਲਾਂ।
ਕਰਜ਼ਾ ਦਿਨੋਂ-ਦਿਨ ਵਧਦਾ ਜਾਵੇ,
ਧੀ ਦੇ ਵਿਆਹ ਦਾ ਫਿਕਰ ਸਤਾਵੇ।
ਲਾਹੇਵੰਦ ਧੰਦਾ ਰਹੀ ਨਾ ਖੇਤੀ,
ਅੰਨਦਾਤਾ ਹੁੰਦਾ ਜਾਵੇ ਕੰਗਾਲ।
ਸਰਕਾਰਾਂ ਨੇ ਤਾਂ ਪਾਸਾ ਵੱਟ ਲਿਆ,
ਕਿਵੇਂ ਲਹੂ ਇਸ ਦੇ ਗਲੋਂ ਜੰਜਾਲ?
*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*
*ਫੋਨ: 94176-49275*

---

ਚੰਗੀਆਂ ਭਲੀਆਂ ਫਸਲਾਂ
ਪੱਕਣ 'ਤੇ ਆਈਆਂ
ਬੇਮੌਸਮੀ ਤੂਫਾਨ ਨੇ
ਧਰਤੀ 'ਤੇ ਵਿਛਾਈਆਂ।
ਕਰਜ਼ਾਈ ਕਿਸਾਨਾਂ ਦੀ ਹੂਕ
ਨਿਕਲ ਗਈ,
ਆਰਾਮ ਦੀਆਂ ਸਕੀਮਾਂ ਰਹਿਗੀਆਂ
ਧਰੀਆਂ ਧਰਾਈਆਂ।
ਅੱਜ ਦੇ ਜ਼ਮਾਨੇ ਕੋਈ
ਬਾਂਹ ਵੀ ਨੀ ਫੜਦਾ
ਰੱਬ ਨੂੰ ਉਲਾਂਭੇ ਦੇਵਾਂ
ਦੇਖ ਦੇ ਦੁਹਾਈਆਂ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*
*ਫੋਨ: 98784-69639*

---

ਜੋਬਨ ਜਵਾਨ ਚੜ੍ਹੀ ਫਸਲ ਝੋਨਾ
ਝੱਖੜ ਤੂਫਾਨ ਮੀਂਹ ਦੀ ਮਾਰ
ਵਿਛ ਗਏ ਅਰਮਾਨ ਮਿੱਟੀ 'ਚ
ਉਪਜ ਸੀ ਜੋ ਪੱਤ ਸਮਾਨ
ਨਹੀਂ ਸਹਾਰ ਸਕੀ ਵਾਛੜ
ਭਿੱਜਿਆ ਝੋਨਾ ਮਰਿਆ ਮੱਚ
ਕੀਮਤ ਘਟੀ, ਬੋਝ ਕਰਜ਼ੇ ਦਾ ਸਿਰ
ਮਾਰ ਦੁਹੱਥੜਾ ਸਿਰ ਸਿੱਟ ਥੱਲੇ
ਰਾਹ ਤੱਕਦਾ ਕੌਣ ਆਉਂਦਾ
ਮਦਦ ਲਈ ਅੱਗੇ।
*-ਦਰਸ਼ਨ ਪਾਲ ਦੋਸਾਂਝ*

*To Advertise with Punjab Times Call:*
**847-359-0746**
*E-mail:punjabtimes1@gmail.com*
*Visit us on the web:www.punjabtimesusa.com*

# ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ

ਭ੍ਰਿਸ਼ਟਾਚਾਰ ਏਨਾ ਜਾਣਿਆ-ਪਛਾਣਿਆ ਸ਼ਬਦ ਹੈ, ਜਿਵੇਂ ਘਰ ਦਾ ਜੀਅ ਹੋਵੇ। ਇਸ ਸ਼ਬਦ ਨੇ, ਹਰ ਸ਼ਹਿਰੀ ਦੀ ਮਾਨਸਿਕਤਾ ਨੂੰ ਮੱਲਿਆ ਹੋਇਐ, ਸਭ ਨੂੰ ਇਹੀ ਲਗਦੈ ਕਿ ਸਾਰੀਆਂ ਬੀਮਾਰੀਆਂ ਦੀ ਜੜ੍ਹ ਇਹੋ ਹੈ। ਇਸ ਲਈ ਹਰ ਸਿਆਸੀ ਪਾਰਟੀ 'ਭ੍ਰਿਸ਼ਟਾਚਾਰ ਵਿਰੋਧੀ' ਹੋਣ ਦਾ ਸਿਹਰਾ ਲੈਣ ਲਈ ਪੱਬਾਂ ਭਾਰ ਹੈ। ਕਈ ਪਾਰਟੀਆਂ ਵਲੋਂ, ਆਰਥਿਕ, ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਭ੍ਰਿਸ਼ਟਾਚਾਰ-ਮੁਕਤ ਸਰਕਾਰ ਨੂੰ ਇਕੋ ਇਕ ਹੱਲ ਵਜੋਂ ਉਭਾਰਿਆ ਜਾ ਰਿਹਾ ਹੈ। ਭਾਵ ਪ੍ਰਸ਼ਾਸਕੀ ਪੇਸ਼ਬੰਦੀਆਂ (administrative Measures) ਨੇ ਨਿਜ਼ਾਮ ਬਦਲੀ (Change of system) ਥਾਂ ਲੈ ਲਿਆ ਹੈ।

**ਪਰਿਭਾਸ਼ਾ ਅਤੇ ਵਰਤੋਂ:** ਭ੍ਰਿਸ਼ਾਟਾਚਾਰ ਖ਼ਿਲਾਫ ਲੜਾਈ ਲੜਦਿਆਂ, ਭ੍ਰਿਸ਼ਟਾਚਾਰ ਸ਼ਬਦ ਦੇ ਅਰਥ ਅਤੇ ਭਾਵ-ਅਰਥ ਜਾਣਨੇ ਜ਼ਰੂਰੀ ਹਨ। ਇਸ ਦਾ ਸ਼ਬਦਕੋਸ਼ੀ ਅਰਥ ਹੈ: ਹਰਾਮਖੋਰੀ, ਵਿਗਾੜ, ਕਰੂਪਤਾ ਜਾਂ ਭ੍ਰਸ਼ਟਤਾ। ਭ੍ਰਿਸ਼ਟਾਚਾਰ ਦੋ ਸ਼ਬਦਾਂ ਦੀ ਸੰਧੀ ਹੈ: ਭ੍ਰਸ਼ਟ + ਆਚਾਰ। ਭਾਵ, ਵਿਗੜਿਆ ਜਾਂ ਮਿਆਰ ਤੋਂ ਡਿੱਗਿਆ ਵਿਹਾਰ।

**ਅਵਤਾਰ ਗੋਂਦਾਰਾ**

ਇਹਦੇ ਵਿਚ ਵਿਅਕਤੀ ਦਾ, ਹਰ ਵਿਹਾਰ ਜਾਂ ਵਰਤਾਓ ਆਊ, ਜੋ ਮਿਆਰੀ ਨਹੀਂ, ਨੀਵਾਂ ਜਾਂ ਵਿਗੜਿਆ ਹੋਇਐ। ਪਰ ਆਮ ਬੋਲਚਾਲ ਵਿਚ ਇਹਨੂੰ ਰਿਸ਼ਵਤਖੋਰੀ (Bribe) ਤੱਕ ਹੀ ਸੀਮਿਤ ਕਰ ਲਿਆ ਹੈ। ਵਿਅਕਤੀ ਦੇ ਬਾਕੀ ਆਚਾਰ ਨੂੰ ਇਸ ਦੇ ਘੇਰੇ ਤੋਂ ਬਾਹਰ ਕੱਢ ਦਿਤੈ ਅਤੇ ਉਹਨੂੰ ਭ੍ਰਿਸ਼ਟਾਚਾਰ ਨਹੀਂ ਸਮਝਿਆ ਜਾਂਦਾ। ਜਾਂ ਏਨਾ ਮਾੜਾ ਨਹੀਂ ਕਿ ਸਜ਼ਾ ਦਾ ਭਾਗੀ ਹੋਵੇ। ਜੇ ਸ਼ਬਦ ਨੂੰ ਇਸ ਦੇ ਸਹੀ ਅਰਥਾਂ ਵਿਚ ਲੈਣਾ ਹੋਵੇ ਤਾਂ ਸ਼ਾਇਦ ਹੀ ਕੋਈ ਜਣਾ ਇਸ ਤੋਂ ਮੁਕਤ ਹੋਵੇ। ਰੋਜ਼ਾਨਾ ਜ਼ਿੰਦਗੀ ਵਿਚ, ਅਸੀਂ ਸਾਰੇ ਕਿਸੇ ਨਾ ਕਿਸੇ ਰੂਪ ਵਿਚ ਭ੍ਰਸ਼ਟ ਹਾਂ। ਭਾਵ ਸਾਡਾ ਆਚਾਰ, ਮਿਆਰੀ ਨਹੀਂ। ਥੋੜੀਆਂ ਜਿਹੀਆਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ, ਜਿਵੇਂ: ਮਾੜੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨਾ, ਆਲਸ, ਕੰਮਚੋਰੀ, ਗੈਰਜ਼ਿੰਮੇਵਾਰੀ, ਅਨੁਸ਼ਾਸਨਹੀਣਤਾ, ਲਿਹਾਜ਼ਦਾਰੀ, ਢਿੱਲ ਮੱਠਪੁਣਾ, ਦਿਖਾਵਾ, ਈਰਖਾ ਆਦਿ ਭ੍ਰਸ਼ਟ ਆਚਾਰ ਦੀਆਂ ਆਮ ਵੰਨਗੀਆਂ ਹਨ। ਪਰ ਬਹੁਤੇ ਜਣਿਆਂ ਨੇ ਲੜਾਈ ਨੂੰ ਸਰਕਾਰੀ ਅਦਾਰਿਆਂ ਤੱਕ ਸੀਮਤ ਕਰ ਕੇ, ਆਚਾਰ ਦੇ ਬਾਕੀ ਰੂਪਾਂ ਪ੍ਰਤੀ ਲਿਹਾਜ਼ਦਾਰੀ ਵਰਤ ਲਈ ਹੈ। ਦਲੀਲ ਇਹ ਹੁੰਦੀ ਹੈ ਕਿ ਸਰਕਾਰੀ ਅਦਾਰਿਆਂ ਦੀ ਮਾਰ ਆਮ ਜਨਤਾ ਝੱਲਦੀ ਹੈ, ਪਰ ਨਿੱਜੀ ਆਚਾਰ, ਘਰ ਪਰਿਵਾਰ ਤੱਕ ਸੀਮਿਤ ਰਹਿੰਦੈ। ਜੀਹਦਾ ਭਾਵ ਇਹ ਬਣਦੈ ਕਿ ਭ੍ਰਸ਼ਟ ਆਚਾਰ ਆਪਣੇ ਆਪ ਵਿਚ ਮਾੜਾ ਨਹੀਂ, ਸਗੋਂ ਆਪਣੇ ਅਸਰ ਦੀ ਮਾਰ ਅਤੇ ਮਿਕਦਾਰ ਕਰਕੇ ਹੈ। ਸ਼ਬਦ ਦੀ ਇਸ ਕੁਵਰਤੋਂ ਨਾਲ, ਸਾਡੀ ਲੜਾਈ, ਭ੍ਰਿਸ਼ਟਾਚਾਰ ਦੇ ਸਮੁੱਚੇ ਵਰਤਾਰੇ ਨਾਲ ਨਾ ਹੋ ਕੇ, ਉਸ ਦੇ ਇੱਕੋ ਇੱਕ ਰੂਪ 'ਰਿਸ਼ਵਤਖੋਰੀ' ਤੱਕ ਸੁੰਗੜ ਜਾਂਦੀ ਹੈ। ਜਦੋਂ ਕਿ ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਦਾ ਨਿੱਕਾ ਜਿਹਾ ਅੰਗ ਹੈ, ਸਮੁੱਚ ਨਹੀਂ।

**ਸਰਬਵਿਆਪਕਤਾ:** ਉਕਤ ਪਰਿਭਾਸ਼ਾ 'ਚੋਂ ਇੱਕ ਗੱਲ ਨਿਕਲਦੀ ਹੈ ਕਿ ਭ੍ਰਿਸ਼ਟਾਚਾਰ ਇਕ ਸਰਬਵਿਆਪੀ ਵਰਤਾਰਾ ਹੈ। ਵਿਅਕਤੀ ਜਿੱਥੇ ਵੀ ਹੋਵੇ, ਪ੍ਰਛਾਵੇਂ ਵਾਂਗ ਨਾਲ ਨਾਲ ਰਹਿੰਦਾ ਹੈ। ਭਾਵ ਵਿਅਕਤੀ ਕੋਲ ਦੋ ਹੀ ਚੋਣਾਂ ਹਨ, ਉਹ ਮਿਆਰੀ ਵਿਹਾਰ ਕਰ ਰਿਹਾ ਹੈ ਜਾਂ ਨਹੀਂ ਕਰ ਰਿਹਾ। ਪਰ ਇਕ ਸਮੱਸਿਆ ਇਹ ਹੈ ਕਿ ਕਈ ਰੂਪਾਂ ਵਿਚ ਵੰਡੇ ਹੋਏ ਸਮਾਜਾਂ ਵਿਚ, ਸਹੀ ਮਿਆਰ ਦੀ ਸਰਬਪ੍ਰਵਾਣਿਤ ਪਰਿਭਾਸ਼ਾ ਨਹੀਂ ਹੋ ਸਕਦੀ। ਜੋ ਇਕ ਸਮੂਹ ਨੂੰ ਪਵਿੱਤਰ ਲੱਗਦੈ, ਉਹ ਦੂਜੇ ਲਈ ਕੁਫਰ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਤੁਸੀਂ ਹੁਣ ਮੁਹੱਲੇ 'ਚ ਗੰਦ ਪਾਓ, ਕੰਧਾਂ 'ਤੇ ਥੁੱਕੀ ਜਾਓ, ਢੀਠ ਬਣੇ ਰਹੋ, ਸਮਾਜਿਕ ਜ਼ਿੰਮੇਵਾਰੀਆਂ ਤੋਂ ਅੱਖਾਂ ਮੀਚੀ ਰੱਖੋ, ਇਹ ਸਜ਼ਾਯੋਗ ਨਹੀਂ। ਜਨਤਕ ਤੌਰ 'ਤੇ ਇਸ ਨੂੰ ਬਹੁਤਾ ਗੌਲਿਆ ਨਹੀਂ ਜਾਂਦਾ। ਇਸ ਲਈ ਬਹੁਤਾ ਜ਼ੋਰ ਭ੍ਰਿਸ਼ਟਾਚਾਰ ਦੇ ਇੱਕ ਅੰਗ, ਰਿਸ਼ਵਤਖੋਰੀ ਦੇ ਖਾਤਮੇ ਉੱਪਰ ਦਿੱਤਾ ਜਾ ਰਿਹੈ। ਬਹੁਤੇ ਜਣੇ ਕਹਿੰਦੇ ਸੁਣੇ ਜਾਂਦੇ ਹਨ, 'ਹੁਣ ਤਾਂ ਜੀ ਕਲਯੁੱਗ ਆ ਗਿਆ, ਪਹਿਲਾਂ ਬੜੇ ਭਲੇ ਸਮੇਂ ਸਨ।' ਪਹਿਲੇ ਸਮਿਆਂ ਦੀ ਸੁਣ ਲਓ। ਦੋ ਹਜ਼ਾਰ ਸਾਲ ਪਹਿਲਾਂ ਭਾਰਤੀ ਦਾਰਸ਼ਨਿਕ ਕੌਟਲਿਆ ਨੇ 'ਅਰਥ-ਸਾਸ਼ਤਰ' ਵਿਚ ਕਿਹਾ ਸੀ ਕਿ ਸਰਕਾਰੀ ਕਰਮਚਾਰੀ ਕੋਲੋਂ ਰਿਸ਼ਵਤ ਨਾ ਲੈਣ ਦੀ ਮੰਗ ਕਰਨਾ ਇਵੇਂ ਹੈ, ਜਿਵੇਂ ਜੀਭ 'ਤੇ ਪਏ ਸ਼ਹਿਦ ਦੇ ਤੁਪਕੇ ਦਾ ਸੁਆਦ ਨਾ ਲੈਣ ਦੀ ਤਵੱਕੋ ਕਰਨਾ। ਇਟਲੀ ਦੇ ਕਵੀ ਡਾਂਟੇ ਨੇ ਲਿਖਿਆ ਕਿ ਰਿਸ਼ਵਤਖੋਰਾਂ ਦੀ ਨਰਕ ਵਿਚ ਥਾਂ ਹੈ। ਸ਼ੇਕਸਪੀਅਰ ਦੇ ਕਈ ਨਾਟਕਾਂ ਵਿਚ ਰਿਸ਼ਵਤ ਦੇ ਵਰਤਾਰੇ ਦਾ ਜ਼ਿਕਰ ਆਉਂਦਾ ਹੈ। ਉਂਝ ਵੀ ਜਦੋਂ ਧਾਰਮਿਕ ਸਥਾਨਾਂ ਉੱਪਰ, ਆਪਣੀ ਸਮੱਸਿਆ ਦੇ ਹੱਲ ਲਈ ਸ਼ਰਧਾਲੂ ਸੁੱਖਾਂ ਸੁੱਖਦੇ ਹਨ, ਯੱਗ ਕਰਦੇ ਹਨ, ਅਰਦਾਸਾਂ ਹੁੰਦੀਆ ਹਨ, ਚੜ੍ਹਾਵੇ ਚੜ੍ਹਦੇ ਹਨ, ਕੰਮ ਕਢਾਉਣ ਲਈ ਦਿੱਤੀ ਗਈ ਦਾਨ ਦਸ਼ਣਾ, ਰਿਸ਼ਵਤ ਦਾ ਹੀ ਸਨਮਾਨਿਤ ਰੂਪ ਹੈ। ਰਿਸ਼ਵਤ ਖ਼ਿਲਾਫ ਲੜਾਈ ਵਿਚ, ਨਿਆਂਪਾਲਕਾ ਦਾ ਕੀ ਰੋਲ ਹੈ, ਇਹ ਵੀ ਦੇਖ ਲਈਏ। ਇੱਕ ਕੇਸ ਦੀ ਸੁਣਾਈ ਦੌਰਾਨ, 22 ਅਗਸਤ 2020 ਨੂੰ ਅਟਾਰਨੀ ਜਨਰਲ ਏ.ਕੇ. ਵੇਨੂੰਗੋਪਾਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਕੋਲ ਸੁਪਰੀਮ ਕੋਰਟ ਦੇ ਸਾਬਕਾ ਜੱਜਾਂ ਦੀ ਸੂਚੀ ਹੈ ਜਿਨ੍ਹਾਂ ਨੇ ਕਿਹਾ ਸੀ ਕਿ ਉਚੇਰੀ ਨਿਆਂਪਾਲਿਕਾ ਵਿਚ ਭ੍ਰਿਸ਼ਟਾਚਾਰ ਹੈ। ਇਸੇ ਟਿੱਪਣੀ ਦੇ ਹਵਾਲੇ ਨਾਲ, ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ, ਈ.ਐਸ. ਵੈਂਕਟਾਰਮਈਆ ਖ਼ਿਲਾਫ ਅਦਾਲਤ ਦੀ ਮਾਣਹਾਨੀ ਦਾ ਕੇਸ ਹੋਇਆ ਸੀ, ਜਿਸ ਨੂੰ ਨਾਗਪੁਰ ਬੈਂਚ ਨੇ ਮਾਰਚ 2, 1990 ਨੂੰ ਰੱਦ ਕਰ ਦਿੱਤਾ। ਕਈ ਵਿਚਾਰਵਾਨਾਂ ਦਾ ਵਿਚਾਰ ਹੈ ਕਿ ਰਿਸ਼ਵਤਖੋਰੀ ਸ਼ੱਕਰ ਰੋਗ ਵਾਂਗ ਹੈ, ਜਿਸ ਨੂੰ ਕਾਬੂ ਤਾਂ ਕੀਤਾ ਜਾ ਸਕਦੈ, ਪਰ ਖਤਮ ਨਹੀਂ ਕੀਤਾ ਜਾ ਸਕਦਾ। ਪਰ ਇਹ ਹੈ ਕੀ?

**ਰਿਸ਼ਵਤਖੋਰੀ:** ਰਿਸ਼ਵਤਖੋਰੀ ਭਾਵੇਂ ਭ੍ਰਿਸ਼ਟਾਚਾਰ ਦਾ ਛੋਟਾ ਜਿਹਾ ਅੰਗ ਹੈ, ਪਰ ਇਸ ਨੇ ਸਭ ਦੀਆਂ ਸੋਚਾਂ ਦਾ ਵੱਡਾ ਥਾਂ ਮੱਲਿਆ ਹੋਇਆ ਹੈ। ਸੰਸਾਰ ਬੈਂਕ ਨੇ ਇਸ ਨੂੰ 'ਨਿੱਜੀ ਲਾਭ ਲਈ ਜਨਤਕ ਸੱਤਾ ਦੀ ਦੁਰਵਰਤੋਂ' ਵਜੋਂ ਪਰਿਭਾਸ਼ਿਤ ਕੀਤਾ ਹੈ। ਦੁਨੀਆਂ 'ਚ ਸ਼ਾਇਦ ਹੀ ਕੋਈ ਐਸਾ ਮੁਲਕ ਹੋਵੇ, ਜੋ ਇਸ ਵਬਾ ਤੋਂ ਬਚਿਆ ਹੋਵੇ। Transparency International ਨੇ 180 ਮੁਲਕਾਂ ਦੇ ਜਨਤਕ ਅਦਾਰਿਆਂ ਵਿਚ ਹੁੰਦੀ ਰਿਸ਼ਵਤਖੋਰੀ ਦਾ ਲੇਖਾ-ਜੋਖਾ ਕੀਤਾ ਹੈ। ਨਿੱਜੀ ਜੀਵਨ ਅਤੇ ਅਦਾਰਿਆ 'ਚ ਹੁੰਦੇ ਭ੍ਰਿਸ਼ਟਾਚਾਰ ਜਿਵੇਂ: ਟੈਕਸ, ਆਮਦਨ ਕਰ-ਚੋਰੀ ਅਤੇ ਚੋਰ-ਬਾਜ਼ਾਰੀ, ਜ਼ਖੀਰੇਬਾਜ਼ੀ ਆਦਿ ਇਸ ਲੇਖੇ-ਜੋਖੇ ਵਿਚ ਨਹੀਂ ਆਉਂਦੇ। ਇਸ ਸਰਵੇ ਲਈ, ਸਵੈ-ਸੇਵੀ-ਜਥੇਬੰਦੀਆਂ, ਸੰਸਾਰ ਬੈਂਕ ਅਤੇ ਵਰਲਡ ਇਕਨਾਮਿਕ ਫੋਰਮ ਵੱਲੋਂ ਇਕੱਠੀ ਕੀਤੀ ਜਾਣਕਾਰੀ ਨੂੰ ਲਿਆ ਹੈ। ਤੁਲਨਾਮਕ ਲੇਖੇ-ਜੋਖੇ ਨਾਲ, ਉਹ ਮੁਲਕ ਵਿਚਲੀ ਰਿਸ਼ਵਤਖੋਰੀ ਨੂੰ 0 ਤੋਂ 100 ਤੱਕ ਅੰਕਦੇ ਹਨ। ਸਿਫਰ ਵਾਲਾ ਸਿਰੇ ਦਾ ਕੁਰੱਪਟ ਅਤੇ ਸੌ ਵਾਲਾ ਸਾਫ ਸੁਥਰਾ। ਦੇਖੀਏ ਸਰਵੇਖਣ ਕੀ ਕਹਿੰਦਾ ਹੈ?

| ਅੰਕ | ਮੁਲਕ | ਰੈਂਕ |
|---|---|---|
| 88 | ਡੈਨਮਾਰਕ | 1 |
| 88 | ਨਿਊਜ਼ੀਲੈਂਡ | 1 |
| 85 | ਸਿੰਘਾਪੁਰ | 4 |
| 84 | ਸਵਿਟਜ਼ਰਲੈਂਡ | 7 |
| 80 | ਜਰਮਨੀ | 10 |
| 78 | ਬਰਤਾਨੀਆ | 11 |
| 76 | ਹਾਂਗਕਾਂਗ | 12 |
| 74 | ਕੈਨੇਡਾ | 3 |
| 73 | ਜਾਪਾਨ | 18 |
| 71 | ਫਰਾਂਸ | 22 |
| 67 | ਅਮਰੀਕਾ | 27 |

ਜੇ ਵਿਕਸਤ ਕਹਾਉਂਦੇ ਮੁਲਕ ਵੀ ਪਾਕ ਸਾਫ ਨਹੀਂ ਤਾਂ ਅਣਵਿਕਸਤ ਮੁਲਕਾਂ ਦਾ ਤਾਂ ਕਹਿਣਾ ਹੀ ਕੀ। ਭਾਰਤ ਦਾ ਨੰਬਰ 94ਵਾਂ ਹੈ। ਕਮਿਊਨਿਸਟ ਮੁਲਕ ਵਜੋਂ ਜਾਣਿਆ ਜਾਂਦਾ ਚੀਨ ਵੀ ਇਸ ਵਬਾ ਤੋਂ ਬਚਿਆ ਨਹੀਂ। ਪੋਲਿਟ ਬਿਓਰੋ ਮੈਂਬਰਾਂ ਦੇ ਇਕ ਸਮੂਹ ਸੰਬੋਧਨ ਕਰਦਿਆਂ ਉਥੋਂ ਦੇ ਪ੍ਰਧਾਨ ਜੀਆਓ ਪਿੰਗ ਨੇ ਕਿਹਾ ਕਿ 'ਭ੍ਰਿਸ਼ਟਾਚਾਰ' ਦੇ ਵਰਤਾਰੇ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ'। ਚੀਨ ਵਿਚ ਇਸ ਜੁਰਮ ਦੀ ਸਜ਼ਾ ਏ ਮੌਤ ਹੈ। (Bloomberg Nefs June 17, 2022)

**ਚਰਚਾ ਕਿਉਂ:** ਸੁਆਲ ਪੈਦਾ ਹੁੰਦਾ ਹੈ ਜੇ ਰਿਸ਼ਵਤਖੋਰੀ ਏਨੀ ਪੁਰਾਣੀ ਹੈ ਤਾਂ ਇਸ ਬਾਰੇ ਰੌਲਾ ਹੁਣ ਹੀ ਕਿਉਂ ਪੈਣ ਲੱਗਿਐ? ਪਹਿਲਾਂ ਜੋ ਕੁਝ ਢਕਿਆ ਹੋਇਆ ਸੀ, ਗਲੋਬਲਾਈਜ਼ੇਸ਼ਨ ਅਤੇ ਸੋਸ਼ਲ ਮੀਡੀਆ ਨਾਲ ਉਹ ਆਮ ਹੋ ਗਿਆ ਹੈ। ਉਕਤ ਚਰਚਾ ਵਿਚ ਆਪਾਂ ਦੇਖਿਆ ਹੈ ਕਿ ਹੁਣ ਕਿਸ ਮੁਲਕ ਵਿਚ ਕੀ ਹੁੰਦਾ ਹੈ ਉਹ ਲਕੋਇਆ ਨਹੀਂ ਜਾ ਸਕਦਾ। ਕੌਮਾਂਤਰੀ ਲੈਣ ਦੇਣ ਵੇਲੇ, ਵਿੱਤੀ-ਪੂੰਜੀ (Finance Capital) ਦੇ ਆਦਾਨ ਪ੍ਰਦਾਨ 'ਚ ਜੋ ਸਥਾਨਕ ਦੁਸ਼ਵਾਰੀਆਂ ਆਉਂਦੀਆਂ ਹਨ, ਉਨ੍ਹਾਂ ਵਿਚ ਰਿਸ਼ਵਤਖੋਰੀ ਮੁੱਖ ਹੈ। ਹੋਏ ਸੌਦੇ ਸਿਰੇ ਨੀਂ ਚੜ੍ਹਦੇ ਜਾਂ ਲਮਕਦੇ ਰਹਿੰਦੇ ਹਨ। ਇਸ ਲਈ ਰਿਸ਼ਵਤਖੋਰੀ ਦੇ ਅੜਿੱਕੇ ਨੂੰ ਦੂਰ ਕਰਨਾ ਕੌਮਾਂਤਰੀ ਸਰੋਕਾਰ ਬਣਿਆ ਹੋਇਆ ਹੈ। ਦੁਨੀਆਂ ਭਰ 'ਚ ਚੱਲਦੇ ਮੁਨਾਫਾਮੁਖੀ ਪ੍ਰਬੰਧ ਨਾਲ ਕੁਝ ਸਮੱਸਿਆਂਵਾਂ ਪੱਕੇ ਤੌਰ 'ਤੇ ਜੁੜੀਆਂ ਹੋਈਆਂ ਹਨ: ਜਿਵੇਂ ਬੇਰੁਜ਼ਗਾਰੀ, ਮੁਦਰਾ ਵਿਸਤਾਰ, ਮਹਿੰਗਾਈ, ਜਨਤਕ ਸੇਵਾਵਾਂ 'ਚ ਨਿਘਾਰ, ਵਾਤਾਵਰਨ 'ਚ ਵਿਗਾੜ, ਮਾਨਵੀ ਰਿਸ਼ਤਿਆਂ ਵਿਚਲੀ ਖਹਿਬੜ, ਕੌਮਾਂ ਦੀ ਸ਼ਰੀਕੇਬਾਜ਼ੀ ਆਦਿ। ਆਮ ਜਨਤਾ ਉਪਰ, ਇਨ੍ਹਾਂ ਸਮੱਸਿਆਵਾਂ ਦੀ ਮਾਰ ਨੂੰ ਸਹਿੰਦਾ ਕਰਨ ਲਈ, ਰਿਸ਼ਵਤਖੋਰੀ ਵਿਰੁੱਧ ਲੜਾਈ ਰਾਮ ਬਾਣ ਹੈ। ਇਹਦਾ ਫਾਇਦਾ ਇਹ ਹੈ ਕਿ ਮੀਡੀਆ ਅਤੇ ਬੁੱਧੀਜੀਵੀਆਂ ਦਾ ਧਿਆਨ ਰੂੜੀ ਵੱਲ ਨਹੀਂ ਜਾਂਦਾ, ਉਸ ਉਤੇ ਪਲ ਰਹੇ ਮੱਛਰ ਵੱਲ ਜਾਂਦਾ ਹੈ। ਜਿਸ ਨਾਲ 'ਨਿਆਂਈ ਅਤੇ ਬਰਾਬਰੀ' ਵਾਲੇ ਸਮਾਜ ਦੀ ਗੱਲ ਹਾਲ ਦੀ ਘੜੀ ਠੰਢੇ ਬਸਤੇ ਵਿਚ ਚਲੀ ਗਈ ਹੈ। ਛੋਟਾ ਕਾਰੋਬਾਰੀ ਵੀ 'ਬਰਾਬਰੀ, ਨਿਆਂ' ਦੀ ਗੱਲ ਕਰਨ ਦੀ ਬਜਾਏ 'ਅਮੀਰ ਕਿਵੇਂ ਬਣੀਏ' ਦੀ ਗੱਲ ਸੁਣਨੀ ਜ਼ਿਆਦਾ ਪਸੰਦ ਕਰਦਾ ਹੈ। ਇਨਕਲਾਬ ਕਰਨ ਤੁਰੇ ਕਈ ਜਣਿਆਂ ਵੱਲੋਂ ਰਵਾਇਤੀ ਪਾਰਟੀਆਂ ਵਿਚ ਜਾਣਾ ਇਸ ਰੁਝਾਨ ਦਾ ਸਬੂਤ ਹੈ। ਜੇ ਲੁੱਟ-ਰਹਿਤ ਸਮਾਜ ਨਹੀਂ ਤਾਂ ਚਲੋ ਰਿਸ਼ਵਤ-ਮੁਕਤ ਸਰਕਾਰ ਹੀ ਸਹੀ। ਇਸ ਲਈ ਸਮੁੱਚੇ ਅਨਿਆਈਂ ਪ੍ਰਬੰਧ ਨੂੰ ਬਦਲਣ ਦੀ ਥਾਂ ਰਿਸ਼ਵਤ ਵਿਰੁੱਧ ਲੜਾਈ ਨੇ ਲੈ ਲਈ ਹੈ।



**ਭੰਬਲਭੂਸਾ:** ਇਸ ਦਾ ਭਾਵ ਇਹ ਨਹੀਂ ਕਿ ਭ੍ਰਿਸ਼ਟਾਚਾਰ ਖ਼ਿਲਾਫ ਨਾ ਬੋਲਿਆ ਜਾਵੇ। ਸਗੋਂ ਸਮਝਣ ਵਾਲੀ ਗੱਲ ਇਹ ਹੈ ਕਿ ਕੋਈ ਮੁਲਕ ਕਿੰਨਾ ਅਮੀਰ ਹੋਵੇ, ਉਹ ਭ੍ਰਿਸ਼ਟਾਚਾਰ-ਮੁਕਤ ਨਹੀਂ ਹੋ ਸਕਦਾ। ਜਿੰਨਾ ਚਿਰ ਵਿਅਕਤੀ ਦਾ ਸਵੈ-ਹਿੱਤ, ਸਮੂਹ-ਹਿੱਤ ਨਾਲ ਇਕਸੁਰ ਨਹੀਂ ਹੁੰਦਾ, ਉਨਾ ਚਿਰ ਭ੍ਰਸ਼ਟ ਹੋਣ ਦੀ ਸੰਭਾਵਨਾਵਾਂ ਬਣੀਆਂ ਰਹਿਣੀਆਂ ਹਨ। ਜਿਵੇਂ; ਜੇ ਤਮਾਂ ਕਾਬੂ 'ਚ ਨਹੀਂ, ਤਾਂ ਹੁੰਦਿਆ ਸੁੰਦਿਆਂ ਵੀ ਰਿਸ਼ਵਤਖੋਰੀ ਹੋਣੀ ਹੀ ਹੋਣੀ ਹੈ, ਜੇ ਯਥਾਯੋਗ ਵੇਤਨ ਨਹੀਂ ਤਾਂ ਲੋੜਾਂ ਵਿਅਕਤੀ ਨੂੰ ਭ੍ਰਸ਼ਟ ਹੋਣ ਲਈ ਉਕਸਾਉਂਦੀਆਂ ਰਹਿਣਗੀਆਂ। ਭ੍ਰਿਸ਼ਟਾਚਾਰ ਵਿਰੁੱਧ ਲੜਨ ਵੇਲੇ, ਵਿਅਕਤੀ ਅਤੇ ਬਾਹਰ-ਮੁਖੀ ਹਾਲਤਾਂ ਦੇ ਇਸ ਦਵੰਦ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ।

ਕਈ ਸਿਆਸੀ ਹਸਤੀਆਂ, ਰਿਸ਼ਵਤਖੋਰੀ ਦੇ ਖਾਤਮੇ ਨੂੰ ਹੀ ਨਿਜ਼ਾਮ ਬਦਲੀ ਕਹੀ ਜਾਂਦੀਆਂ ਹਨ। ਸ਼ਬਦਾਂ ਦੀ ਕੁਵਰਤੋਂ ਕਰ ਕੇ, ਆਮ ਬੰਦਾ, ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਨੂੰ ਇੱਕੋ ਸਮਝੀ ਜਾਂਦੈ। ਪਰਿਭਾਸ਼ਾ ਵਿਚ ਆਪਾਂ ਦੇਖਿਆ ਹੈ ਕਿ ਭ੍ਰਿਸ਼ਟਾਚਾਰ ਹੇਠ ਮਨੁੱਖ ਦਾ ਸਮੁੱਚਾ ਗੈਰ-ਮਿਆਰੀ ਵਿਹਾਰ ਆ ਜਾਂਦਾ ਹੈ, ਜਦੋਂ ਕਿ ਰਿਸ਼ਵਤਖੋਰੀ ਵਿਚ ਸਿਰਫ ਪੈਸਿਆਂ ਦਾ ਲੈਣ-ਦੇਣ ਹੁੰਦੈ।

ਇਸ ਗੱਲ ਵਿਚੋਂ ਇੱਕ ਹੋਰ ਸੁਆਲ ਖੜ੍ਹਾ ਹੁੰਦੈ ਕਿ ਕੀ ਰਿਸ਼ਵਤ ਨਾ ਲੈਣ ਵਾਲੇ ਵਿਅਕਤੀ ਨੂੰ ਵੀ ਭ੍ਰਸ਼ਟ (Corrupt) ਕਿਹਾ ਜਾ ਸਕਦਾ ਹੈ? ਆਓ ਦੇਖੀਏ। ਕੋਈ ਅਫਸਰ ਕਿਸੇ ਦਫਤਰ ਵਿਚ ਤਾਇਨਾਤ ਹੈ, ਜਿਥੇ ਨਿੱਕੇ ਮੋਟੇ ਕੰਮਾਂ ਲਈ ਲੋਕ ਲਾਈਨਾਂ 'ਚ ਖੜ੍ਹੇ ਹਨ। ਅਫਸਰ ਰਿਸ਼ਵਤ ਨਹੀਂ ਲੈਂਦਾ। ਸ਼ਰਾਬ ਨਹੀਂ ਪੀਂਦਾ। ਸਾਦੇ ਕੱਪੜੇ ਪਾਉਂਦਾ ਹੈ, ਸਾਈਕਲ 'ਤੇ ਦਫਤਰ ਆਉਂਦੈ। ਪਰ ਲੋਕਾਂ ਦੇ ਕੰਮਾਂ ਨੂੰ ਬੇਵਜ੍ਹਾ ਟਾਲਦਾ ਹੈ। ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾਂਦੈ। ਸਰਕਾਰੀ ਸਮੇਂ ਨੂੰ ਗੱਲਾਂ ਕਰਨ ਅਤੇ ਚਾਹ ਪਾਣੀ ਪੀਣ 'ਤੇ ਜਾਇਆ ਕਰਦੈ। ਅਜੇਹੇ ਬੰਦੇ ਦੇ ਵਿਹਾਰ ਨੂੰ ਕਿਸ ਖਾਤੇ ਪਾਓਗੇ? ਮੇਰੇ ਖਿਆਲ ਅਨੁਸਾਰ ਉਸ ਦਾ ਵਿਹਾਰ, ਭ੍ਰਿਸ਼ਟਾਚਾਰ ਦੇ ਘੇਰੇ 'ਚ ਹੀ ਆਉਂਦਾ ਹੈ, ਭਾਵੇਂ ਉਹ ਰਿਸ਼ਵਤ ਨਹੀਂ ਲੈਂਦਾ। ਇਸ ਨਾਲ ਇਹ ਭੰਬਲਭੂਸਾ ਸਾਫ ਹੋ ਜਾਂਦੈ ਕਿ ਸਾਡੀ ਲੜਾਈ ਕਾਹਦੇ ਖ਼ਿਲਾਫ ਹੈ? ਜੇ ਲੜਾਈ, ਭ੍ਰਿਸ਼ਟਾਚਾਰ ਖ਼ਿਲਾਫ ਹੈ ਤਾਂ ਇਹ ਵਿਅਕਤੀ ਦੇ ਸਮੁੱਚੇ ਵਿਹਾਰ ਅਤੇ ਲੋਟੂ ਪੈਦਾਵਾਰੀ ਰਿਸ਼ਤਿਆਂ ਦੀ ਕਾਇਆਕਲਪ ਕਰਨ ਲਈ ਲੜਨੀ ਪਊ, ਜੋ ਵਿਅਕਤੀ ਨੂੰ ਸਮੂਹ ਖ਼ਿਲਾਫ ਖੜ੍ਹਾ ਕਰਦੇ ਹਨ, ਉਸ ਨੂੰ ਅਮਾਨਵੀ ਵਿਹਾਰ ਲਈ ਉਕਸਾਉਂਦੇ ਹਨ। ਇਹ ਕੰਮ ਵਿਸਲਬਲੋਰਾਂ ਦਾ ਨਹੀਂ, ਬਲਕਿ ਇਨਕਲਾਬੀ ਸਿਆਸਤ ਦੇ ਕਰਨ ਵਾਲਾ ਹੈ। ਹਾਂ, ਜੇ ਲੜਾਈ ਸਿਰਫ ਰਿਸ਼ਵਤ ਖ਼ਿਲਾਫ ਹੈ ਤਾਂ ਇਹ ਕੰਮ ਪ੍ਰਸ਼ਾਸਕੀ ਪੇਸ਼ਬੰਦੀਆਂ ਨਾਲ ਕੀਤਾ ਜਾ ਸਕਦੈ, ਇਸ ਲਈ ਨਿਜ਼ਾਮ ਬਦਲਣ ਦੀ ਲੋੜ ਨਹੀਂ। ਜਿਵੇਂ ਕੁਝ ਪੂੰਜੀਵਾਦੀ ਮੁਲਕਾਂ ਨੇ ਕੀਤਾ ਹੈ।

**ਭ੍ਰਿਸ਼ਟਾਚਾਰ ਦੇ ਰੂਪ:**

- ਪੈਸੇ ਜਾਂ ਕੀਮਤਾਂ ਚੀਜ਼ਾਂ ਦਾ ਲੈਣ ਦੇਣ
- ਜਨਤਕ ਫੰਡਾਂ ਦੀ ਦੁਰਵਰਤੋਂ
- ਸਰਕਾਰੀ ਤੰਤਰ ਦੀ ਨਲਾਇਕੀ
- ਲਾਲ ਫੀਤਾਸ਼ਾਹੀ
- ਭਾਈ ਭਤੀਜਾਵਾਦ
- ਆਮਦਨ ਦੇ ਸੋਮਿਆਂ ਦੀ ਪਰਦਾਪੋਸ਼ੀ
- ਸੱਤਾ ਦਾ ਦੁਰਪ੍ਰਯੋਗ
- ਪਾਰਦਰਸ਼ਤਾ ਦੀ ਅਣਹੋਂਦ।

**ਪ੍ਰਕਿਰਿਆ:** ਭ੍ਰਿਸ਼ਟਾਚਾਰ ਦੇ ਉਕਤ ਰੂਪ ਨਿਮਨ ਲਿਖਤ ਪ੍ਰਸ਼ਾਸਕੀ ਰੂਟਾਂ ਰਾਹੀਂ ਕਾਰਜਸ਼ੀਲ ਹੁੰਦੇ ਹਨ:

- ਜਿਵੇਂ ਲਾਇਸੈਂਸ, ਪਰਮਿਟ, ਪਾਸਪੋਰਟ, ਡਰਾਈਵਿੰਗ ਲਾਇਸੈਂਸ, ਟੈਕਸ ਉਗਰਾਹੀ ਵਿਚ ਛੋਟਾਂ ਦੇਣ ਲਈ ਮਿਲੀਆਂ ਇਖਤਿਆਰੀ ਸ਼ਕਤੀਆਂ।
- ਫੰਡਾਂ ਦੀ ਵੰਡ, ਵਿਕਾਸਮੁਖੀ ਕੰਮਾਂ ਵਿਚ ਖਿੱਤੇ ਦੀ ਚੋਣ, ਲੋਕ ਭਲਾਈ ਸਕੀਮਾਂ 'ਚ ਮਨਮਾਨੀਆਂ, ਰੁਜ਼ਗਾਰ ਦੇਣ ਵੇਲੇ ਕੀਤੀਆਂ ਜਾਂਦੀਆਂ ਬੇਨਿਯਮੀਆਂ ਅਤੇ ਪੱਖਪਾਤ।
- ਪਾਰਟੀ ਫੰਡਾਂ, ਸਰਕਾਰੀ ਤੰਤਰ ਰਾਹੀਂ ਹੁੰਦੇ ਕੰਮਾਂ ਦੀ ਪਰਦਾਪੋਸ਼ੀ

ਅਮਰੀਕੀ ਨੋਬਲ ਇਨਾਮ ਜੇਤੂ ਅਰਥ-ਸ਼ਾਸ਼ਤਰੀ ਗੇਰੀ ਬੈਕਰ ਦਾ ਕਹਿਣਾ ਹੈ ਕਿ ਧੰਨ ਕੁਬੇਰਾਂ ਦੀ ਸ਼ਹਿ ਨਾਲ, ਸਟੇਟ ਦੀਆਂ ਗਤੀਵਿਧੀਆਂ ਹੀ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀਆਂ ਹਨ, ਜੇ ਸਟੇਟ ਨਾ ਹੋਵੇ ਤਾਂ ਭ੍ਰਿਸ਼ਟਾਚਾਰ ਵੀ ਨਹੀਂ ਰਹਿਣਾ। ਇਹ ਤਾਂ ਸ਼ੇਖਚਿਲੀਆਂ ਵਾਲੀ ਸਲਾਹ ਹੈ, ਜੋ ਅਮਲਯੋਗ ਨਹੀਂ।

**ਹੱਲ:** ਵਿਕਸਿਤ ਮੁਲਕਾਂ ਨੇ ਇਸ ਦਾ ਸੁਖਾਲਾ ਹੱਲ ਲੱਭ ਲਿਆ ਹੈ, ਆਪੋ ਆਪਣੇ ਮੁਲਕਾਂ 'ਚ Rule of lAf ਨੂੰ ਲਾਗੂ ਕਰਦਿਆਂ, ਹੇਠਲੇ ਪੱਧਰ ਦੀ ਰਿਸ਼ਵਤ ਕਾਬੂ ਕਰ ਕੇ, ਵੱਡੀ ਰਿਸ਼ਵਤ ਦਾ ਨਾਂ ਬਦਲ ਲਿਆ ਹੈ। ਅੰਦਰੂਨੀ ਜਾਂ ਬੈਰੂਨੀ ਸੌਦੇ ਕਰਦਿਆਂ ਦਿੱਤੀ ਰਿਸ਼ਵਤ ਨੂੰ ਕਮਿਸ਼ਨ ਕਹਿਣਾ ਸ਼ੁਰੂ ਕਰ ਦਿੱਤੈ, ਜੋ ਜੁਰਮ ਨਹੀਂ। ਅਮਰੀਕਾ ਦੇ ਕਿਸੇ ਦਫਤਰ 'ਚ ਕੰਮ ਲਈ ਜਾਣ ਲਗਿਆਂ ਜੇ ਤੁਸੀਂ ਕਾਫੀ ਦਾ ਕੱਪ, ਖਾਣੇ ਦਾ ਪੈਕਟ ਜਾਂ 15-20 ਡਾਲਰ ਦਾ ਕੂਪਨ ਲੈ ਜਾਓ ਤਾਂ ਮੁਲਾਜ਼ਮ ਹੱਸ ਕੇ ਸਵੀਕਾਰ ਕਰ ਲਵੇਗਾ। ਨਾ ਦੇਣ ਵਾਲੇ ਨੂੰ, ਨਾ ਲੈਣ ਵਾਲੇ ਨੂੰ ਇਹ ਰਿਸ਼ਵਤ ਲਗਦੀ ਹੈ। ਜਦੋਂ ਕਿ ਤੱਤ ਰਿਸ਼ਵਤ ਵਾਲਾ ਹੀ ਹੈ। ਭਾਰਤ ਨਾਲ ਤੋਪਾਂ, ਜਹਾਜ਼ਾਂ ਦੇ ਸੌਦਿਆਂ ਵਿਚ ਮਿਲਿਆ ਕਮਿਸ਼ਨ, ਦੇਣ ਵਾਲੇ ਮੁਲਕਾਂ ਵਿਚ ਰਿਸ਼ਵਤ ਨਹੀਂ ਗਿਣਿਆ ਜਾਂਦਾ। ਸਗੋਂ ਇਸ ਦੀ ਆਮਦਨ ਕਰ ਵਿਚ ਛੋਟ ਵੀ ਮਿਲਦੀ ਹੈ। ਜਿਨ੍ਹਾਂ ਮੁਲਕਾਂ 'ਚ ਇਉਂ ਨਹੀਂ ਹੋਇਆ, ਉਥੇ ਸਮਾਜਸੇਵੀ ਜਥੇਬੰਦੀਆਂ ਅਤੇ ਰਿਸ਼ਵਤ ਵਿਰੋਧੀ ਕਾਰਕੁਨਾਂ ਨੂੰ ਚਾਹੀਦਾ ਹੈ ਕਿ ਉਹ ਫਾਇਰ ਬ੍ਰਿਗੇਡ ਵਾਂਗ ਅੱਗ ਲੱਗਣ ਤੋਂ ਬਾਅਦ ਹੀ ਹਰਕਤ 'ਚ ਹੀ ਨਾ ਆਉਣ, ਸਗੋਂ ਉਨ੍ਹਾਂ ਕਾਰਨਾਂ ਨੂੰ ਵੀ ਦੂਰ ਕਰਨ ਲਈ ਖੋਜਲਣ, ਜਿਨ੍ਹਾਂ ਨਾਲ ਅੱਗ ਲੱਗਣ ਦੀ ਸੰਭਾਵਨਾ ਬਣਦੀ ਹੈ। ਇਹ ਸੰਭਾਵਨਾ, ਲੈਣ-ਦੇਣ ਲਈ ਸਹਾਈ ਬਣ ਰਹੀਆਂ 'ਇਖਤਿਆਰੀ ਸ਼ਕਤੀਆਂ' ਪੱਖਪਾਤ ਨੂੰ ਰੈਲਾ ਕਰਨ ਵਾਲੇ 'ਨਿਯਮ' ਅਤੇ ਸਰਕਾਰੀ ਕੰਮਾਂ ਵਿਚਲੀ 'ਪਾਰਦਰਸ਼ਤਾ ਦੀ ਘਾਟ' ਵਿਚ ਪਈ ਹੈ।

**ਕਾਰਜ:** ਉਕਤ ਕਾਰਜਾਂ ਨੂੰ ਕਰਨ ਲਈ ਵਿਅਕਤੀ, ਲੋਕ ਅਤੇ ਸਰਕਾਰੀ ਤੰਤਰ ਦੇ ਅੰਤਰ-ਸੰਬੰਧਾਂ ਨੂੰ ਸਮਝਣ ਦੀ ਲੋੜ ਹੈ। ਕੁਝ ਸਜੱਗ ਵਿਅਕਤੀ ਰਿਸ਼ਵਤਖੋਰੀ ਖ਼ਿਲਾਫ ਬੋਲਦੇ ਰਹਿੰਦੇ ਹਨ, ਪਰ ਲੋਕਾਂ ਦੇ ਵੱਡੇ ਹਿੱਸੇ ਦਾ ਰੋਲ ਦਰਸ਼ਕ ਵਾਲਾ ਹੈ। ਪੰਜੀਂ ਸਾਲੀਂ ਵੋਟ ਪਾ ਕੇ, ਫਿਰ ਚਾਰ ਸਾਲ ਅਤੇ 364 ਦਿਨ ਸਿਵਾਏ ਕੋਸਣ ਦੇ ਕੁਝ ਨਹੀਂ ਹੁੰਦਾ। ਚੇਤੰਨ ਵਿਅਕਤੀਆਂ/ਜਥੇਬੰਦੀਆਂ ਦਾ ਕਾਰਜ ਬਣਦਾ ਹੈ ਕਿ 'ਇਖਤਿਆਰੀ ਸ਼ਕਤੀਆਂ' ਦੇ ਖਾਤਮੇ, 'ਨਿਯਮਾਂ' ਵਿਚ ਲੋੜੀਂਦੀਆਂ ਤਬਦੀਲੀਆਂ, ਪ੍ਰਸ਼ਾਸਕੀ ਕੰਮਾਂ ਵਿਚ 'ਪਾਰਦਰਸ਼ਤਾ' ਦੀ ਅਹਿਮੀਅਤ ਬਾਰੇ ਆਮ ਲੋਕਾਂ ਨੂੰ ਨਾਲ ਲੈਣ ਲਈ ਨਿਰੰਤਰ ਜਥੇਬੰਦਕ ਕੋਸ਼ਿਸ਼ਾਂ ਕਰਨ। ਇਹ ਤਿੰਨ ਗੱਲਾਂ ਰਿਸ਼ਵਤਖੋਰੀ ਲਈ ਜਰਖੇਜ਼ ਭੋਇੰ ਤਿਆਰ ਕਰਦੀਆਂ ਹਨ, ਜਿਸ 'ਚੋਂ ਅਵੈਧ-ਧਨ ਪੈਦਾ ਹੁੰਦਾ ਹੈ। ਉਪਰੋਂ ਹੇਠਾਂ ਵੱਲ ਰਿਸ਼ਵਤਖੋਰੀ ਨੂੰ ਖਤਮ ਕਰਨ ਦੀ ਝਾਕ ਰੱਖਣ ਦੇ ਨਾਲ ਨਾਲ, ਹੇਠੋਂ ਉਤਾਂਹ ਵੱਲ ਉਗਾਸੇ ਦੀ ਲੋੜ ਹੈ। ਡਾਇਡੈਕਟਿਸ ਇਹੀ ਮੰਗ ਕਰਦੀ ਹੈ। ਇਹ ਦਾ ਅਭਿਆਸ ਪਿੰਡ ਵਿਚ ਪੰਚਾਇਤੀ ਫੰਡਾਂ ਵਿਚ ਕੀਤੀਆਂ ਜਾਂਦੀਆਂ ਹੇਰਾਫੇਰੀਆਂ, ਛੱਪੜਾਂ ਅਤੇ ਪਹੀਆਂ 'ਤੇ ਨਾਜਾਇਜ਼ ਕੀਤੇ ਕਬਜ਼ਿਆਂ ਨੂੰ ਹਟਾਉਣ ਤੋਂ ਸ਼ੁਰੂ ਕਰ ਕੇ, ਜ਼ਿਲ੍ਹਾ ਅਤੇ ਰਾਜ ਪੱਧਰੀ ਭ੍ਰਿਸ਼ਟਾਚਾਰ ਦੇ ਖਾਤਮੇ ਵੱਲ ਵਧਿਆ ਜਾ ਸਕਦਾ ਹੈ। ਜੇ ਹੇਠਲੇ ਪੱਧਰ 'ਤੇ ਹੋ ਰਹੀ ਹੇਰਾਫੇਰੀ 'ਚ ਅਸੀਂ ਦਖਲ ਨਹੀਂ ਦੇ ਸਕਦੇ ਤਾਂ ਤੋਪਾਂ ਵਰਗੇ ਘੋਟਾਲਿਆਂ ਵਿਚ ਸੰਨ੍ਹ ਲਾਉਣ ਦੀ ਆਸ ਨਹੀਂ ਕਰਨੀ ਚਾਹੀਦੀ।

ਰਿਸ਼ਵਤ-ਵਿਰੋਧੀ ਰਾਹੇ ਪੈਣ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸੁਆਲ ਕਰਨਾ ਚਾਹੀਦੈ। ਕੀ ਸਾਨੂੰ ਆਪਣੇ ਗਲੀ, ਮੁਹੱਲੇ, ਪਿੰਡ ਜਾਂ ਸ਼ਹਿਰ ਵਿਚ ਹੁੰਦੀਆਂ ਬੇਨਿਯਮੀਆਂ ਦਾ ਪਤੈ? ਕੀ ਕਦੇ ਉਨ੍ਹਾਂ ਵਿਚ ਬਣਦਾ ਦਖਲ ਦੇਣ ਦੀ ਕੋਸ਼ਿਸ਼ ਕੀਤੀ ਹੈ? ਕੀ ਉਨ੍ਹਾਂ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਨੂੰ ਲਾਮਬੰਦ ਕਰਨ ਦਾ ਬੰਨ ਸੁਭ ਕੀਤਾ ਹੈ? ਜੇ ਜੁਆਬ ਨਹੀਂ ਵਿਚ ਹੈ ਤਾਂ ਸਮਝ ਲਓ ਕਿ ਅਸੀਂ ਭ੍ਰਸ਼ਟ ਵਿਅਕਤੀਆਂ ਦੇ ਕਬੀਲੇ ਨਾਲ ਸੰਬੰਧ ਰੱਖਦੇ ਹਾਂ, ਰਿਸ਼ਵਤ ਭਾਵੇਂ ਨਾ ਵੀ ਲਈਏ। ਸਰਕਾਰਾਂ, ਸਿਆਸਦਾਨਾਂ ਅਤੇ ਅਧਿਕਾਰੀਆਂ ਤੋਂ ਇਮਾਨਦਾਰੀ ਦੀ ਆਸ ਰੱਖਣੀ, ਮਾੜੀ ਨਹੀਂ, ਪਰ ਇਸ ਨੂੰ ਉਦੋਂ ਬੂਰ ਪੈਂਦਾ ਹੈ ਜੇ ਜਾਗਰੂਕ ਲੋਕਾਂ ਦਾ ਬਰਾਬਰ ਦਬਾਅ ਬਣਿਆ ਰਹੇ।

ਜਿਨ੍ਹਾਂ ਮੁਲਕਾਂ ਨੇ ਵੀ ਰਿਸ਼ਵਤ ਉੱਤੇ ਕਾਬੂ ਪਾਇਐ, ਉਨ੍ਹਾਂ ਨੇ ਲੰਮੀਆਂ ਘਾਲਣਾਵਾਂ ਘਾਲੀਆਂ ਹਨ। ਇਹ ਕੰਮ, ਕਿਸੇ ਛੁੱਟੀ ਵਾਲੇ ਦਿਨ 'ਕੁਰੱਪਸ਼ਨ ਵਿਰੋਧੀ' ਮੀਟਿੰਗ ਕਰਨ ਜਾਂ ਰਿਸ਼ਵਤਖੋਰ ਦੀ ਖਬਰ ਲੁਆਉਣ ਨਾਲ ਸਿਰੇ ਲੱਗਣ ਵਾਲਾ ਨਹੀਂ। ਜੋ ਵੀ ਇਸ ਵਬਾ ਖ਼ਿਲਾਫ, ਦਿਲੋਂ ਲੜਨਾ ਚਾਹੁੰਦੈ, ਉਸ ਨੂੰ ਸਮਝਣਾ ਪੈਣੈਂ ਕਿ ਇਹ ਚਾਰ ਸੌ ਮੀਟਰ ਦੀ ਦੌੜ ਨਹੀਂ - ਮੈਰਾਥਨ ਹੈ, ਲਮਕਵੀਂ ਹੈ। ਇਸ ਲੜਾਈ ਨੂੰ ਸਿਰੇ ਲਾਉਣ ਲਈ ਲਈ ਰਿਸ਼ਵਤ ਤੋਂ ਪੀੜਤ ਲੋਕਾਂ ਨੂੰ ਨਾਲ ਲੈਣਾ ਪੈਣਾ ਹੈ। ਸਿਆਸੀ ਮਾਹਿਰਾਂ ਲਈ ਵੀ ਸੁਆਲ ਹੈ ਕਿ ਉਨ੍ਹਾਂ ਨੇ ਰਿਸ਼ਵਤ ਖ਼ਿਲਾਫ ਲੜਾਈ ਨੂੰ, ਲੁੱਟ ਖ਼ਿਲਾਫ ਲੜਾਈ ਨਾਲ ਕਿਵੇਂ ਸੰਜੋਣਾ ਹੈ।


Sources:

- Journal of Humanities And Social Sciences, vol [ 18 Issue 5
- Corruption around the World [ IMZ Working Paper FP /98/63


**ਵੱਡੇ ਘੁਟਾਲੇ:**

- ਕੋਲਾ ਅਲਾਟਮੈਂਟ -1,86000 ਕਰੋੜ
- ਜੀ ਸਪੈਕਟਰਮ - 1,76000 ਕਰੋੜ
- ਕਾਮਨਵੈਲਥ ਖੇਡਾਂ -70.000 ਕਰੋੜ
- ਆਦਰਸ਼ ਹਾਊਸਿੰਗ -18978 ਕਰੋੜ
- ਸਟੈਂਪ ਪੇਪਰ -20,000 ਕਰੋੜ
- ਬੋਫਰ ਤੋਪਾਂ -400 ਕਰੋੜ
- ਚਾਰਾ ਘੁਟਲਾ-950 ਕਰੋੜ
- ਸਤਯਮ - 14,000 ਕਰੋੜ
- **ਮਧੂ ਕੋਡਾ - 4,000 ਕਰੋੜ**

# ਮੁਸਲਮਾਨਾਂ ਪ੍ਰਤੀ ਗਲਤ ਧਾਰਨਾਵਾਂ ਦਾ ਕੱਚ-ਸੱਚ

ਪਿਛਲੇ ਦਿਨਾਂ 'ਚ ਦੋ ਅਹਿਮ ਘਟਨਾਵਾਂ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਪਹਿਲੀ ਮੁਸਲਿਮ ਭਾਈਚਾਰੇ ਦੇ ਪੰਜ ਬੁੱਧੀਜੀਵੀਆਂ ਦੇ ਇਕ ਗਰੁੱਪ ਨੇ ਦਿੱਲੀ ਵਿਖੇ ਆਰ.ਐਸ.ਐਸ. ਦੇ ਪ੍ਰਮੁੱਖ ਆਗੂ ਮੋਹਨ ਭਾਗਵਤ ਨਾਲ ਹਿੰਦੂ-ਮੁਸਲਿਮ ਸੰਬੰਧਾਂ 'ਤੇ ਲੰਬੀ ਗੱਲਬਾਤ ਕੀਤੀ ਸੀ। ਦੂਜੀ ਇਸੇ ਅਰਸੇ ਦੌਰਾਨ ਕੌਮੀ ਜਾਂਚ ਏਜੰਸੀ ਅਤੇ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਏਜੰਸੀਆਂ ਨੇ ਪਾਪੂਲਰ ਫਰੰਟ ਆਫ ਇੰਡੀਆ ਦੇ ਦਫਤਰਾਂ 'ਤੇ ਛਾਪੇਮਾਰੀ ਕਰ ਕੇ ਇਸਲਾਮਿਕ ਸੰਗਠਨ ਦੀ ਲੀਡਰਸ਼ਿਪ ਨੂੰ ਗ੍ਰਿਫਤਾਰ ਕੀਤਾ ਸੀ। ਇਹ ਦੋਵੇਂ ਘਟਨਾਵਾਂ ਅੱਜ ਦੇਸ਼ ਦੇ ਸਭ ਤੋਂ ਵੱਡੇ ਘੱਟ-ਗਿਣਤੀ ਭਾਈਚਾਰੇ ਨੂੰ ਦਰਪੇਸ਼ ਸਿਆਸੀ ਸੰਕਟ ਵੱਲ ਇਸ਼ਾਰਾ ਕਰਦੀਆਂ ਹਨ।

**ਕਰਮ ਬਰਸਟ**

ਦੂਜੇ ਪਾਸੇ ਮੋਹਨ ਭਾਗਵਤ ਨੇ ਖ਼ੁਦ ਮਸਜਿਦ ਵਿਚ ਜਾ ਕੇ ਸਰਬ ਭਾਰਤੀ ਇਮਾਮ ਜਥੇਬੰਦੀ ਦੇ ਮੁਖੀ ਉਮਰ ਅਹਿਮਦ ਇਲੀਆਸੀ ਨਾਲ ਮੁਲਾਕਾਤ ਕੀਤੀ ਅਤੇ ਦਿੱਲੀ ਅੰਦਰ ਚਲਾਏ ਜਾ ਰਹੇ ਇਕ ਮਦਰੱਸੇ ਦੇ ਤਾਲਿਬਾਂ ਦਾ ਹਾਲ ਚਾਲ ਜਾਣਿਆ। ਇਹ ਪਹਿਲੀ ਵਾਰ ਨਹੀਂ ਸੀ ਜਦੋਂ ਆਰ.ਐਸ.ਐਸ. ਮੁਖੀ ਇਮਾਮ ਨੂੰ ਮਿਲੇ, ਪਰ ਇਹ ਕਿਸੇ ਮਦਰੱਸੇ ਦੀ ਉਨ੍ਹਾਂ ਦੀ ਪਹਿਲੀ ਫੇਰੀ ਸੀ, ਜਦੋਂ ਕਿ ਯੂ.ਪੀ. ਦੀ ਭਾਜਪਾ ਸਰਕਾਰ ਸਮੇਤ ਹਿੰਦੂ ਬੁਨਿਆਦਪ੍ਰਸਤਾਂ ਨੇ ਮਦਰੱਸਿਆਂ ਦੇ ਵਿਰੋਧ ਵਿਚ ਤਿੱਖੀ ਮੁਹਿੰਮ ਚਲਾ ਰੱਖੀ ਹੈ।

ਆਰ.ਐਸ.ਐਸ. ਨੇ ਸਫਾਈ ਦਿੰਦਿਆਂ ਕਿਹਾ ਕਿ ਇਹ ਮੀਟਿੰਗ ਤਾਂ ਬਸ ਮੁਸਲਿਮ ਭਾਈਚਾਰੇ ਤੱਕ ਰਸਾਈ ਕਰਨ ਦਾ ਇਕ ਜ਼ਰੀਆ ਸੀ। ਦੂਜੇ ਪਾਸੇ ਇਮਾਮ ਨੇ ਤਾਂ ਮੁਕੰਮਲ ਆਤਮ ਸਮਰਪਣ ਕਰਦਿਆਂ ਮੋਹਨ ਭਾਗਵਤ ਨੂੰ "ਰਾਸ਼ਟਰ ਪਿਤਾ" ਅਤੇ "ਰਾਸ਼ਟਰ ਰਿਸ਼ੀ" ਦਾ ਖ਼ਿਤਾਬ ਦੇ ਕੇ ਨਿਵਾਜ਼ ਦਿੱਤਾ ਹੈ। ਇਸਦੇ ਬਾਵਜੂਦ ਵੀ ਮੋਹਨ ਭਾਗਵਤ ਦੀ ਮੁਸਲਿਮ ਇਮਾਮ ਨਾਲ ਮਿਲਣੀ ਨੂੰ ਹਿੰਦੂਤਵ ਦੇ ਕੱਟੜ ਪੈਰੋਕਾਰਾਂ ਨੇ ਬੁਰਾ ਮਨਾਇਆ ਹੈ। ਉਹ ਇਸ ਨੂੰ ਮੁਸਲਮਾਨਾਂ ਪ੍ਰਤੀ ਨਰਮਗੋਸ਼ਾ ਰੱਖਣ ਜਾਂ ਉਨ੍ਹਾਂ ਨੂੰ ਪਤਿਆਉਣ ਵਜੋਂ ਦੇਖਦੇ ਹਨ। ਦੂਜੇ ਪਾਸੇ ਕਈ ਇਸਲਾਮਕ ਚਿੰਤਕਾਂ ਅਤੇ ਮੁਸਲਿਮ ਕੱਟੜਪੰਥੀ ਤਬਕੇ ਨੇ ਇਸ ਘਟਨਾ ਨੂੰ ਵੱਖ-ਵੱਖ ਕਾਰਨਾਂ ਕਰਕੇ ਨਿੰਦਿਆ ਹੈ। ਇਸ ਮੁਲਾਕਾਤ ਨੂੰ ਕੋਈ ਪਸੰਦ ਕਰੇ ਜਾਂ ਨਾ ਪਰ ਇਸ ਦਾ ਸਮਾਜਿਕ-ਧਾਰਮਿਕ ਹਾਲਤਾਂ ਉਪਰ ਹਾਂ-ਪੱਖੀ ਪ੍ਰਭਾਵ ਪਵੇਗਾ। ਦੋਵੇਂ ਫ਼ਿਰਕਿਆਂ ਦੇ ਕੱਟੜਪੰਥੀਆਂ ਵਿਚਕਾਰ ਜਿਹੋ ਜਿਹੇ ਵੀ ਵਿਰੋਧ ਹੋਣ ਪਰ ਅਜਿਹੇ ਸੰਵਾਦ ਚੱਲਦੇ ਰਹਿਣੇ ਬਹੁਤ ਜ਼ਰੂਰੀ ਹਨ।

ਨਰੇਂਦਰ ਮੋਦੀ ਦੀ ਅਗਵਾਈ ਹੇਠਾਂ ਭਾਜਪਾ ਵੱਲੋਂ ਕੇਂਦਰੀ ਸੱਤਾ ਵਿਚ ਆਉਣ ਮਗਰੋਂ ਨਾ ਸਿਰਫ ਮੰਦਰਾਂ ਬਨਾਮ ਮਸਜਿਦਾਂ ਦੇ ਝਗੜੇ ਵਧੇ ਹਨ ਸਗੋਂ ਜ਼ਮੀਨੀ ਪੱਧਰ 'ਤੇ ਅਖੌਤੀ ਗਊ ਰੱਖਿਅਕਾਂ ਵਲੋਂ ਮੁਸਲਮਾਨਾਂ ਵਿਰੁੱਧ ਤੁੱਛ ਇਲਜ਼ਾਮ ਲਗਾ ਕੇ ਹਜੂਮੀ ਹਿੰਸਾ ਤੇ ਕਤਲਾਂ ਦਾ ਸਿਲਸਿਲਾ ਵੀ ਵਧਿਆ ਹੈ। 'ਇਸਲਾਮਫੋਬੀਆ' ਅਰਥਾਤ ਮੁਸਲਮਾਨਾਂ ਪ੍ਰਤੀ ਹਿੰਸਾ, ਘਿਰਣਾ, ਭੈਅ ਅਤੇ ਭੇਦ-ਭਾਵ ਵਰਗੇ ਵਧ ਰਹੇ ਰੁਝਾਨ ਨੂੰ ਰੋਕਣ ਦੀ ਲੋੜ ਹੈ। ਪਿਛਲੇ ਇਕ ਦਹਾਕੇ ਦੌਰਾਨ, ਮੁਸਲਮਾਨਾਂ ਵਿਰੁੱਧ ਗਊ ਤਸਕਰ, ਗਊ ਮੀਟ ਵੇਚਣ, ਕਿਸੇ ਹਿੰਦੂ ਕੁੜੀ ਨੂੰ ਫੁਸਲਾਉਣ, ਪ੍ਰੇਮ ਜਿਹਾਦ ਛੇੜਣ ਵਰਗੇ ਇਲਜ਼ਾਮ ਲਗਾ ਕੇ ਹਜੂਮੀ ਹਿੰਸਕ ਘਟਨਾਵਾਂ ਵਿਚ ਕਾਫ਼ੀ ਵਾਧਾ ਹੋਇਆ ਹੈ।

ਭਾਗਵਤ ਨਾਲ ਮੀਟਿੰਗ ਮਗਰੋਂ ਸਾਬਕਾ ਮੁੱਖ ਚੋਣ ਕਮਿਸ਼ਨਰ ਐਸ.ਵਾਈ. ਕੁਰੈਸ਼ੀ ਦਾ ਕਹਿਣਾ ਸੀ ਕਿ "ਹਿੰਦੂਤਵੀ ਕੱਟੜਪੰਥੀਆਂ ਵਲੋਂ ਮੁਸਲਿਮ ਭਾਈਚਾਰੇ ਵਿਰੁੱਧ ਕੀਤੀ ਜਾ ਰਹੀ ਹਜੂਮੀ ਹਿੰਸਾ ਦੇ ਸਿੱਟੇ ਵਜੋਂ ਪੈਦਾ ਹੋਏ ਭੈਅ ਨੂੰ ਦੂਰ ਕਰਨ ਲਈ ਮੋਹਨ ਭਾਗਵਤ ਨਾਲ ਮੁਲਾਕਾਤ ਕਰਨੀ ਜ਼ਰੂਰੀ ਹੋ ਗਈ ਸੀ। ਮੁਸਲਮਾਨ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਰੋਜ਼ਾਨਾ ਹੀ ਹਿੰਦੂ ਜਨੂੰਨੀਆਂ ਵਲੋਂ ਨਸਲਕੁਸ਼ੀ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਭਾਗਵਤ ਨੇ ਸਾਡੀ ਗੱਲ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀ ਸੰਸਥਾ ਵਲੋਂ ਸੰਵਿਧਾਨ ਨਾਲ ਛੇੜਛਾੜ ਕਰਨ ਜਾਂ ਮੁਸਲਮਾਨਾਂ ਨੂੰ ਭਾਰਤੀ ਨਾਗਰਿਕਾਂ ਵਜੋਂ ਹਾਸਲ ਅਧਿਕਾਰਾਂ ਨੂੰ ਸੀਮਤ ਕਰਨ ਦਾ ਕੋਈ ਇਰਾਦਾ ਨਹੀਂ ਹੈ। ਮੋਹਨ ਭਾਗਵਤ ਦਾ ਇਸ ਤੋਂ ਪਹਿਲਾਂ ਦਾ ਬਿਆਨ ਕਿ "ਸਾਨੂੰ ਹਰੇਕ ਮਸਜਿਦ ਵਿਚ ਸ਼ਿਵਲਿੰਗ ਲੱਭਣ ਦੀ ਲੋੜ ਨਹੀਂ ਹੈ" ਦੋਹਾਂ ਫ਼ਿਰਕਿਆਂ ਦੀ ਸਾਂਝ ਵਧਾਉਣ ਵੱਲ ਇਸ਼ਾਰਾ ਕਰਦਾ ਹੈ।

ਮੁਸਲਮਾਨਾਂ ਨੂੰ ਕਲਾਵੇ 'ਚ ਲੈਣ ਦੀ ਇਸ ਰਣਨੀਤੀ ਦਾ ਦੂਜਾ ਪੱਖ ਵੀ ਧਿਆਨ ਮੰਗਦਾ ਹੈ। ਆਰਐਸਐਸ ਦੀਆਂ ਨਜ਼ਰਾਂ ਵਿਚ ਇਸ ਸਮੱਸਿਆ ਦੀ ਅਸਲ ਜੜ੍ਹ ਮੁਸਲਿਮ ਭਾਈਚਾਰੇ ਵਿਚ ਸੈਕੂਲਰ, ਜਮਹੂਰੀ ਅਤੇ ਸੁਧਾਰਵਾਦੀ ਲੀਡਰਸ਼ਿਪ ਦੀ ਘਾਟ ਦਾ ਹੋਣਾ ਹੈ। ਉਹ ਇਸਲਾਮ ਦਾ ਭਾਰਤੀਕਰਨ ਕਰਨ ਦੀ ਬਜਾਏ ਇਸ ਦੇ "ਅਰਬੀਕਰਨ' ਵੱਲ ਵਧੇਰੇ ਰੁਚਿਤ ਹਨ, ਜਿਸ ਕਰਕੇ ਆਪਸੀ ਸਹਿ-ਹੋਂਦ ਨੂੰ ਗੰਭੀਰ ਖਤਰਾ ਖੜ੍ਹਾ ਹੋਇਆ ਹੈ। ਇਸ ਲਈ ਉਨ੍ਹਾਂ ਵਿਚਲੇ ਨਰਮਪੰਥੀ ਲੋਕਾਂ ਵਲੋਂ ਭਾਰਤੀ ਇਸਲਾਮ ਦੇ "ਗੈਰ-ਅਰਬੀਕਰਨ" ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਸੰਘ ਪਰਿਵਾਰ ਆਪਣੀ ਹਿੰਦੂਤਵ ਦੀ ਵਿਚਾਰਧਾਰਾ ਅਨੁਸਾਰ ਭਾਰਤ ਵਿਚਲੇ ਮੁਸਲਮਾਨਾਂ ਦਾ "ਸਭਿਆਚਾਰਕ ਹਿੰਦੂਕਰਨ' ਕਰਨ ਲਈ ਬਜ਼ਿਦ ਹੈ।

ਭਾਰਤੀ ਮੁਸਲਮਾਨਾਂ ਦੇ ਖ਼ਿਲਾਫ਼ ਅਨੇਕਾਂ ਮਿੱਥਾਂ ਸਿਰਜੀਆਂ ਗਈਆਂ ਹਨ ਜੋ ਸਧਾਰਨ ਹਿੰਦੂ ਜਨਤਾ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ। ਹਾਲਾਂਕਿ ਮੁਸਲਿਮ ਵਿਰੋਧੀ ਬਿਰਤਾਂਤ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ ਪਰ ਇਸ ਤਰ੍ਹਾਂ ਦੇ ਪ੍ਰਚਾਰ ਦੀ ਜਨਤਕ ਕਾਟ ਬਹੁਤ ਭਿਆਨਕ ਹੈ। ਉਨ੍ਹਾਂ ਉਤੇ ਸਭ ਤੋਂ ਵੱਡਾ ਦੋਸ਼ ਇਹ ਲੱਗਦਾ ਹੈ ਕਿ ਉਹ ਬੱਚੇ ਬਹੁਤ ਜ਼ਿਆਦਾ ਪੈਦਾ ਕਰਦੇ ਹਨ ਜੋ ਭਾਰਤ ਦੀ ਆਬਾਦੀ ਵਿਚ ਵਿਸਫੋਟਕ ਯੋਗਦਾਨ ਪਾ ਰਹੇ ਅਤੇ ਜਨਸੰਖਿਆ ਦਾ ਸੰਤੁਲਨ ਵਿਗਾੜ ਰਹੇ ਹਨ। ਹਿੰਦੂਤਵੀ ਕੱਟੜਪੰਥੀਆਂ ਦਾ ਮੰਨਣਾ ਹੈ ਕਿ ਜੇ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਚਾਰ ਦਹਾਕਿਆਂ ਅੰਦਰ ਹਿੰਦੂ ਘੱਟ-ਗਿਣਤੀ ਬਣ ਕੇ ਰਹਿ ਜਾਣਗੇ। ਸੰਸਦ ਮੈਂਬਰ ਸਾਕਸ਼ੀ ਮਹਾਰਾਜ ਅਤੇ ਸਾਧਵੀ ਪਰੱਗਿਆ ਠਾਕੁਰ ਅਕਸਰ ਹੀ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਮੁਸਲਮਾਨਾਂ ਨੂੰ ਕਾਬੂ ਰੱਖਣ ਲਈ ਹਰ ਹਿੰਦੂ ਮਰਦ ਨੂੰ ਘੱਟੋ-ਘੱਟ ਚਾਰ ਮੁੰਡੇ ਪੈਦਾ ਕਰਨੇ ਚਾਹੀਦੇ ਹਨ।

ਇਸ ਧਾਰਨਾ ਪਿੱਛੇ ਦਲੀਲ ਹੈ ਕਿ ਮੁਸਲਿਮ ਬਹੁ-ਵਿਆਹ ਅਰਥਾਤ ਚਾਰ-ਚਾਰ ਪਤਨੀਆਂ ਰੱਖ ਕੇ ਅਬਾਦੀ ਵਿਚ ਬੇਸ਼ੁਮਾਰ ਵਾਧਾ ਕਰ ਰਹੇ ਹਨ। ਦੂਜੇ ਪਾਸੇ ਕੇਂਦਰ ਸਰਕਾਰੀ ਦੇ ਕੌਮੀ ਪਰਿਵਾਰਕ ਸਿਹਤ ਸਰਵੇਖਣ ਅਨੁਸਾਰ ਬਹੁ-ਵਿਆਹ ਦੀ ਰੀਤ ਇਕੱਲੇ ਮੁਸਲਮਾਨਾਂ ਵਿਚ ਨਹੀਂ ਹੈ। ਮੁਸਲਮਾਨਾਂ ਵਿਚ ਇਹ ਦਰ 2.5% ਅਤੇ ਹਿੰਦੂਆਂ ਵਿਚ 1.7% ਪਾਈ ਗਈ ਹੈ। ਇਸ ਦੇ ਉਲਟ ਤੱਥ ਇਹ ਹੈ ਕਿ ਭਾਰਤ ਵਿਚ ਪਰਿਵਾਰਕ ਪੈਟਰਨ ਮੁਤਾਬਕ ਇਕ ਵਿਅਕਤੀ ਚਾਰ ਪਤਨੀਆਂ ਰਾਹੀਂ ਅੱਠ ਬੱਚੇ ਪੈਦਾ ਕਰੇਗਾ, ਜਦਕਿ ਇਹੀ ਚਾਰ ਔਰਤਾਂ ਦੂਸਰੇ ਚਾਰ ਮਰਦਾਂ ਰਾਹੀਂ ਬਾਰਾਂ ਬੱਚੇ ਪੈਦਾ ਕਰਨਗੀਆਂ। ਭਾਰਤ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਬਹੁ-ਵਿਆਹ ਦੀਆਂ ਘਟਨਾਵਾਂ ਵਿਚ ਕਾਫ਼ੀ ਸਮਾਨਤਾ ਹੈ। ਭਾਰਤ ਵਿਚ ਔਰਤਾਂ ਦੀ ਸਥਿਤੀ ਬਾਰੇ ਕਮੇਟੀ ਨੇ 1974 ਵਿਚ ਇਹ ਤੱਥ ਪਾਇਆ ਸੀ ਕਿ "ਬਹੁ-ਵਿਆਹ ਕੇਵਲ ਮੁਸਲਮਾਨਾਂ ਲਈ ਹੀ ਨਹੀਂ ਸੀ, ਸਗੋਂ ਭਾਰਤ ਦੇ ਸਾਰੇ ਭਾਈਚਾਰਿਆਂ ਵਿਚ ਪ੍ਰਚੱਲਿਤ ਸੀ"। ਇਸ ਨੇ ਦਿਖਾਇਆ ਕਿ ਬੋਧੀਆਂ ਵਿਚ 9.7%, ਜੈਨ 6.7% ਅਤੇ ਆਮ ਹਿੰਦੂਆਂ ਵਿੱਚ 5.8% ਅਤੇ ਆਦਿਵਾਸੀਆਂ ਵਿਚ ਬਹੁ-ਵਿਆਹ ਦਾ ਪ੍ਰਚਲਨ ਸਭ ਤੋਂ ਵੱਧ 15.2%, ਦਰਜ ਕੀਤਾ ਗਿਆ ਸੀ। 5.7 ਪ੍ਰਤੀਸ਼ਤ ਨਾਲ ਮੁਸਲਮਾਨ ਸਭ ਤੋਂ ਘੱਟ ਬਹੁ-ਵਿਆਹ ਵਾਲੇ ਸਨ।

ਅਸਲ ਵਿਚ ਕਿਸੇ ਵੀ ਸਮਾਜ ਵਿਚ ਅਬਾਦੀ ਦਾ ਮਸਲਾ ਵਿਦਿਆ ਦੇ ਪਸਾਰ, ਆਰਥਿਕ ਖ਼ੁਸ਼ਹਾਲੀ ਅਤੇ ਔਰਤਾਂ ਦਾ ਆਪਣੇ ਸਰੀਰ ਤੇ ਸਿਹਤ ਪ੍ਰਤੀ ਜਾਗਰੂਕ ਹੋਣ ਨਾਲ ਜੁੜਿਆ ਹੋਇਆ ਹੈ। ਇਸਾਈ ਤੇ ਇਸਲਾਮ ਦੋਵੇਂ ਹੀ ਸਿਧਾਂਤਕ ਪੱਧਰ 'ਤੇ ਗਰਭ ਨਿਰੋਧਕ ਤਰੀਕਿਆਂ ਦਾ ਵਿਰੋਧ ਕਰਦੇ ਹਨ ਪਰ ਯੂਰਪੀ ਦੇਸ਼ਾਂ ਅੰਦਰ ਪ੍ਰਜਣਨ ਦੀ ਦਰ ਲਗਾਤਾਰ ਘਟ ਰਹੀ ਹੈ।

ਅਬਾਦੀ ਵਧਣ ਜਾਂ ਘਟਣ ਲਈ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਅਮਲ ਬਹੁਤ ਮਾਇਨੇ ਰੱਖਦੇ ਹਨ। ਇਸ ਵੇਲੇ ਕੋਈ ਵੀ ਮੁਸਲਿਮ ਦੇਸ਼ ਇਸ ਵੱਡੇ ਰੁਝਾਨ ਤੋਂ ਅਛੂਤਾ ਨਹੀਂ ਹੈ। ਹਰ ਵੱਡੇ ਮੁਸਲਿਮ ਦੇਸ਼ ਵਿਚ ਕੁੱਲ ਪ੍ਰਜਣਨ ਦਰ ਘੱਟ ਰਹੀ ਹੈ ਅਤੇ ਈਰਾਨ 1.7% ਨਾਲ ਇਸਦੀ ਉਤਮ ਮਿਸਾਲ ਹੈ। ਇੰਡੋਨੇਸ਼ੀਆ ਅਤੇ ਬੰਗਲਾਦੇਸ਼ ਤੇਜ਼ੀ ਨਾਲ ਇਸ ਪੱਧਰ 'ਤੇ ਪਹੁੰਚ ਰਹੇ ਹਨ। ਬੰਗਲਾਦੇਸ਼ ਦੀ 2011 ਵਿਚਲੀ ਪ੍ਰਜਣਨ ਦਰ 2.2 ਹੈ ਜੋ ਭਾਰਤ ਦੀ 2.7 ਦਰ ਨਾਲੋਂ ਕਾਫੀ ਘੱਟ ਹੈ।

ਕੇਂਦਰੀ ਸਿਹਤ ਮੰਤਰਾਲੇ ਦੁਆਰਾ ਕਰਵਾਏ ਗਏ ਸਰਵੇਖਣ ਵਿਚ ਦਿਖਾਇਆ ਗਿਆ ਹੈ ਕਿ ਮੁਸਲਮਾਨਾਂ ਵਿਚ ਜਣਨ ਦਰ 2019 ਤੋਂ 2021 ਦੀ ਮਿਆਦ ਦੇ ਦੌਰਾਨ 2.3 ਤੱਕ ਘਟ ਗਈ ਹੈ, ਜੋ ਕਿ 2015-16 ਵਿਚ 2.6 ਦਰਜ ਕੀਤੀ ਗਈ ਸੀ। ਸੰਨ 1992-93 ਵਿਚ, ਮੁਸਲਮਾਨਾਂ ਦੀ ਜਣਨ ਦਰ 4.4 ਸੀ। ਅੰਕੜੇ ਦੱਸਦੇ ਹਨ ਕਿ 1992-93 ਤੋਂ ਮੁਸਲਮਾਨਾਂ ਵਿਚ ਜਣਨ ਦਰ 46.5% ਅਤੇ ਹਿੰਦੂਆਂ ਵਿਚ 41.2% ਘਟੀ ਹੈ। 2011 ਵਿਚ ਮੁਸਲਿਮ ਆਬਾਦੀ ਦੀ ਦਹਾਕੇ ਦੀ ਵਾਧਾ ਦਰ 20 ਸਾਲਾਂ ਦੀ ਦਰ ਨਾਲੋਂ ਸਭ ਤੋਂ ਘੱਟ ਸੀ।

2001 ਵਿਚ ਮੁਸਲਮਾਨਾਂ ਵਿਚ ਸਾਖਰਤਾ ਦਰ 59.1% ਸੀ, ਜੋ ਕਿ ਰਾਸ਼ਟਰੀ ਔਸਤ (64.8%) ਤੋਂ ਘੱਟ ਸੀ ਅਤੇ ਸ਼ਹਿਰੀ ਖੇਤਰਾਂ ਵਿਚ ਸਭ ਤੋਂ ਵੱਧ ਅੰਤਰ ਸੀ। ਬਹੁਤ ਸਾਰੇ ਰਾਜਾਂ ਵਿਚ, ਮੁਸਲਿਮ ਸਾਖਰਤਾ ਦਾ ਪੱਧਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲੋਂ ਵੀ ਘੱਟ ਹੈ। ਹਾਲਾਂਕਿ, ਪਿਛਲੇ ਪੰਜ ਸਾਲਾਂ ਵਿਚ ਸਕੂਲ ਦਾਖਲਾ ਦਰਾਂ ਵਿਚ ਸਭ ਤੋਂ ਵੱਧ (95% ਨਾਲ) ਵਾਧਾ ਅਨੁਸੂਚਿਤ ਜਾਤਾਂ/ ਕਬੀਲਿਆਂ ਵਿਚ ਹੋਇਆ ਹੈ ਪਰ ਮੁਸਲਮਾਨਾਂ ਵਿਚ ਵੀ ਇਹ ਵਾਧਾ 65% ਦੀ ਦਰ ਨਾਲ ਹੋਇਆ ਹੈ। ਰਿਪੋਰਟ ਵਿਚ ਇਹ ਵੀ ਨੋਟ ਕੀਤਾ ਗਿਆ ਹੈ ਕਿ ਇਕ ਆਮ ਧਾਰਨਾ ਦੇ ਬਾਵਜੂਦ ਕਿ ਵੱਡੀ ਗਿਣਤੀ ਵਿਚ ਮੁਸਲਿਮ ਬੱਚੇ ਪ੍ਰਾਇਮਰੀ ਸਿੱਖਿਆ ਲਈ ਮਦਰੱਸਿਆਂ ਵਿਚ ਜਾਂਦੇ ਹਨ, ਜਦੋਂਕਿ ਸਕੂਲ ਜਾਣ ਦੀ ਉਮਰ ਵਾਲੇ ਬੱਚਿਆਂ ਵਿਚੋਂ ਸਿਰਫ 3% ਮੁਸਲਿਮ ਬੱਚੇ ਹੀ ਮਦਰੱਸਿਆਂ ਵਿਚ ਜਾਂਦੇ ਹਨ। ਇਹ ਦਰ ਹਿੰਦੂ ਗੁਰੂਕੁਲਾਂ ਵਿਚ ਪੜ੍ਹਦੇ ਬੱਚਿਆਂ ਨਾਲੋਂ ਘੱਟ ਹੈ।

2001 ਦੀ ਮਰਦਮਸ਼ੁਮਾਰੀ ਦੇ ਅਨੁਸਾਰ, 20 ਸਾਲ ਜਾਂ ਇਸ ਤੋਂ ਵੱਧ ਉਮਰ ਦੀ ਆਮ ਆਬਾਦੀ ਵਿਚੋਂ 7% ਗ੍ਰੈਜੂਏਟ ਜਾਂ ਡਿਪਲੋਮਾ ਧਾਰਕ ਹਨ, ਜਦੋਂ ਕਿ ਮੁਸਲਿਮ ਆਬਾਦੀ ਵਿਚੋਂ ਸਿਰਫ 4% ਵਿਦਿਆਰਥੀ ਹੀ ਇਸ ਪੜਾਅ ਤੱਕ ਪਹੁੰਚਦੇ ਹਨ। ਕਮੇਟੀ ਦੀ ਰਿਪੋਰਟ ਨੋਟ ਕਰਦੀ ਹੈ ਕਿ ਮੁਸਲਿਮ ਗ੍ਰੈਜੂਏਟਾਂ ਵਿਚ ਬੇਰੁਜ਼ਗਾਰੀ ਦੀ ਦਰ ਹੋਰ ਸਮਾਜਿਕ-ਧਾਰਮਿਕ ਫ਼ਿਰਕਿਆਂ ਦੇ ਮੁਕਾਬਲੇ ਸਭ ਤੋਂ ਵੱਧ ਹੈ।

ਕਮੇਟੀ ਦੀ ਰਿਪੋਰਟ ਦੇ ਅਨੁਸਾਰ, 'ਜਨਤਕ ਅਤੇ ਨਿੱਜੀ ਦੋਵਾਂ ਖੇਤਰਾਂ ਵਿਚ ਮੁਸਲਿਮ ਤਨਖਾਹਦਾਰ ਕਾਮਿਆਂ ਦੀ ਭਾਗੀਦਾਰੀ ਕਾਫ਼ੀ ਘੱਟ ਹੈ ਅਤੇ ਨੀਵੇਂ ਦਰਜੇ ਦੀਆਂ ਸੇਵਾਵਾਂ ਵਿਚ ਹੋਣ ਕਰਕੇ ਮੁਸਲਿਮ ਕਾਮਿਆਂ ਦੀ ਔਸਤ ਤਨਖਾਹ ਦੂਜਿਆਂ ਨਾਲੋਂ ਘੱਟ ਹੈ। ਗੈਰ ਜਥੇਬੰਦ ਖੇਤਰ ਵਿਚ ਮੁਸਲਿਮ ਕਾਮਿਆਂ ਦੀ ਭਾਗੀਦਾਰੀ ਔਸਤ ਆਬਾਦੀ ਨਾਲੋਂ ਬਹੁਤ ਜ਼ਿਆਦਾ ਹੈ, ਅਤੇ ਆਪਣੇ ਘਰਾਂ ਵਿਚ ਕੰਮ ਕਰਨ ਵਾਲੀਆਂ ਮੁਸਲਿਮ ਔਰਤਾਂ ਦੀ ਪ੍ਰਤੀਸ਼ਤਤਾ 70 ਜੋ ਬਾਕੀ ਵਰਗਾਂ ਦੀਆਂ ਕਾਮਾ ਔਰਤਾਂ (51%) ਨਾਲੋਂ ਬਹੁਤ ਵੱਧ ਹੈ। ਪਰੰਪਰਾਗਤ ਨਿਰਮਾਣ ਅਤੇ ਵਪਾਰ ਵਿਚ ਮੁਸਲਮਾਨਾਂ ਦੀ ਭਾਗੀਦਾਰੀ ਦਰ (ਖਾਸ ਤੌਰ 'ਤੇ ਕੱਪੜੇ, ਆਟੋ-ਰਿਪੇਅਰ ਅਤੇ ਬਿਜਲੀ ਮਸ਼ੀਨਰੀ) ਹੋਰ ਸਮੂਹਾਂ ਨਾਲੋਂ ਬਹੁਤ ਜ਼ਿਆਦਾ ਹੈ, ਜਦੋਂਕਿ ਉਨ੍ਹਾਂ ਕੋਲ ਜ਼ਮੀਨ ਨਾ ਹੋਣ ਕਰਕੇ ਖੇਤੀਬਾੜੀ ਵਿਚਲੀ ਹਿੱਸੇਦਾਰੀ ਬਹੁਤ ਘੱਟ ਹੈ।

ਇਕ ਹੋਰ ਅਹਿਮ ਤੱਥ ਇਹ ਹੈ ਕਿ ਫ਼ੌਜੀ ਤੇ ਨੀਮ ਫ਼ੌਜੀ ਬਲਾਂ ਵਿਚ ਮੁਸਲਿਮ ਭਾਗੀਦਾਰੀ ਦਰ 4% ਸੀ, ਜਦੋਂ ਕਿ ਅਨੁਸੂਚਿਤ ਜਾਤੀਆਂ/ ਜਨਜਾਤੀਆਂ ਅਤੇ ਦੂਜੀਆਂ ਪਛੜੀਆਂ ਜਾਤਾਂ ਵਿਚ ਇਹ ਦਰ ਕ੍ਰਮਵਾਰ 12% ਅਤੇ 23% ਸੀ।

ਆਈ.ਏ.ਐਸ./ ਆਈ.ਪੀ.ਐਸ. ਵਰਗੀਆਂ ਸਿਵਲ ਸੇਵਾਵਾਂ ਵਿਚ ਮੁਸਲਮਾਨਾਂ ਦੀ ਗਿਣਤੀ ਕੇਵਲ ਚਾਰ ਫੀਸਦੀ ਹੈ। ਕੇਂਦਰ ਅਤੇ ਸੂਬਾਈ ਸਰਕਾਰਾਂ ਦੇ ਕਿਸੇ ਵੀ ਵਿਭਾਗ ਅਤੇ ਏਜੰਸੀਆਂ ਵਿਚ ਮੁਸਲਮਾਨਾਂ ਦੀ ਸਮੁੱਚੀ ਭਾਗੀਦਾਰੀ ਉਨ੍ਹਾਂ ਦੀ ਕੁੱਲ ਅਬਾਦੀ ਦੇ ਮੁਕਾਬਲੇ ਹਰ ਪੱਧਰ 'ਤੇ ਹੀ ਬਹੁਤ ਘੱਟ ਹੈ।

ਇਸ ਲਈ ਮੁਸਲਮਾਨਾਂ ਦੇ ਖ਼ਿਲਾਫ਼ ਬਣਾਈਆਂ ਜਾ ਰਹੀਆਂ ਅਜਿਹੀਆਂ ਗਲਤ ਧਾਰਨਾਵਾਂ ਦਾ ਕੋਈ ਅਧਾਰ ਨਹੀਂ ਹੈ। ਆਮ ਵਿਅਕਤੀਆਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਸਰਕਾਰੀ ਅੰਕੜਿਆਂ ਦਾ ਅਧਿਐਨ ਕਰ ਕੇ ਇਨ੍ਹਾਂ ਮਿੱਥਾਂ ਤੇ ਗਲਤ ਧਾਰਨਾਵਾਂ 'ਤੇ ਸਵਾਲ ਉਠਾਏਗਾ। ਸਿਰਫ ਧਰਮ ਨਿਰਪੱਖ/ਜਮਹੂਰੀ ਰਾਜਨੀਤਿਕ ਵਰਗ, ਖਾਸ ਤੌਰ 'ਤੇ ਭਾਰਤੀ ਸਮਾਜ ਦੇ ਸਰਬ ਸਾਂਝੇ ਚਰਿੱਤਰ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਹੀ ਸਮਾਜ ਨੂੰ ਚੇਤੰਨ ਕਰ ਸਕਦੇ ਹਨ।

---

# ਦਲੀਪ ਟਿਰਕੀ ਹਾਕੀ ਇੰਡੀਆ ਦੇ ਪ੍ਰਧਾਨ ਬਣੇ

ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਅਤੇ ਸੁਪਰ ਸਟਾਰ ਖਿਡਾਰੀ ਦਲੀਪ ਟਿਰਕੀ ਨੂੰ 'ਹਾਕੀ ਇੰਡੀਆ' ਦਾ ਪ੍ਰਧਾਨ ਚੁਣ ਲਿਆ ਗਿਆ। ਦਿੱਲੀ ਵਿਚ ਹੋਈਆਂ ਇਕਪਾਸੜ ਚੋਣਾਂ ਵਿਚ ਉਹ ਵਿਰੋਧੀ ਧਿਰ ਦੇ ਬਿਨਾ ਕਿਸੇ ਮੁਕਾਬਲੇ ਪ੍ਰਧਾਨ ਬਣ ਗਏ। ਉਹ ਪਹਿਲੇ ਖਿਡਾਰੀ ਹੋਣਗੇ ਜਿਨ੍ਹਾਂ ਨੂੰ ਇਹ ਅਹੁਦਾ ਮਿਲਿਆ ਹੈ। ਪਹਿਲਾਂ ਪੁਲਿਸ ਮਹਿਕਮੇ ਦੇ ਤਿੰਨ ਵੱਡੇ ਅਫ਼ਸਰ ਇਸ ਅਹੁਦੇ 'ਤੇ ਬਿਰਾਜਮਾਨ ਰਹੇ। ਇਨ੍ਹਾਂ ਵਿਚੋਂ ਅਸ਼ਵਨੀ ਕੁਮਾਰ ਲੰਮਾ ਸਮਾਂ ਪ੍ਰਧਾਨ ਬਣੇ ਰਹੇ, ਦਿੱਲੀ ਤੋਂ ਇੰਦਰਮੋਹਨ ਮਹਾਜਨ ਅਤੇ ਫਿਰ ਕੇ.ਪੀ.ਐਸ. ਗਿੱਲ ਇਸ ਅਹੁਦੇ 'ਤੇ ਰਹੇ।

**ਡੀ.ਐਸ. ਮਾਂਗਟ**
**ਫੋਨ: 269-267-9621**

ਜਦੋਂ ਅਸੀਂ ਖੇਡ ਸੰਸਾਰ ਉਪਰ ਝਾਤੀ ਮਾਰਦੇ ਹਾਂ ਤਾਂ ਇਹ ਅਕਸਰ ਦੇਖਣ ਵਿਚ ਆਉਂਦਾ ਹੈ ਕਿ ਖੇਡ ਤੋਂ ਸੰਨਿਆਸ ਲੈਣ ਵਾਲੇ ਖਿਡਾਰੀ ਹੀ ਖੇਡ ਸੰਸਥਾਵਾਂ ਦੀਆਂ ਸੇਵਾਵਾਂ ਨਿਭਾਉਂਦੇ ਹਨ ਭਾਵੇਂ ਉਹ ਗਰੈਂਡ ਸਲੈਮ ਟੈਨਿਸ ਹੋਵੇ ਜਾਂ ਫਿਰ ਐਨ.ਬੀ.ਏ. ਬਾਸਕਟਬਾਲ। ਇਸ ਤੋਂ ਇਲਾਵਾ ਯੂਰਪੀ ਫੁਟਬਾਲ ਵਿਚ ਵੀ ਸਾਬਕਾ ਖਿਡਾਰੀ ਹੀ ਮੈਚਾਂ ਦੀ ਕੁਮੈਂਟਰੀ ਕਰਦੇ ਦੇਖੇ ਹਨ।

ਪਾਠਕਾਂ ਨੂੰ ਇਹ ਜਾਣਕਾਰੀ ਦੇਣਾ ਜ਼ਰੂਰੀ ਹੈ ਕਿ 'ਹਾਕੀ ਇੰਡੀਆ' ਦੇ ਸਾਬਕਾ ਪ੍ਰਧਾਨ ਡਾਕਟਰ ਨਰਿੰਦਰ ਬੱਤਰਾ ਦੇ ਅਸਤੀਫ਼ੇ ਮਗਰੋਂ ਕੋਰਟ ਦੇ ਆਦੇਸ਼ਾਂ ਤਹਿਤ ਤਿੰਨ ਮੈਂਬਰੀ ਐਡਹਾਕ ਕਮੇਟੀ ਬਣਾਈ ਗਈ ਅਤੇ ਤਿੰਨ ਮਹੀਨੇ ਅੰਦਰ ਨਵੀਂ ਚੋਣ ਕਰਵਾਉਣ ਦੇ ਹੁਕਮ ਵੀ ਜਾਰੀ ਕੀਤੇ ਗਏ ਸਨ। ਨਵੇਂ ਚੁਣੇ ਗਏ ਅਹੁਦੇਦਾਰ ਇਸ ਪ੍ਰਕਾਰ ਹੈ:

ਪ੍ਰਧਾਨ: ਦਲੀਪ ਟਿਰਕੀ (ਉੜੀਸਾ), ਮੀਤ ਪ੍ਰਧਾਨ: ਸੁਬਰਾਮਾਨੀਆ ਗੁਪਤਾ (ਕਰਨਾਟਕ), ਸਕੱਤਰ: ਭੋਲਾ ਨਾਥ (ਝਾਰਖੰਡ), ਜੁਆਇੰਟ ਸਕੱਤਰ: ਆਸਿਮਾ (ਜੰਮੂ ਕਸ਼ਮੀਰ), ਆਰਤੀ ਸਿੰਘ (ਹਰਿਆਣਾ), ਸੁਨੀਲ ਮਲਿਕ (ਰਾਜਸਥਾਨ), ਖਜ਼ਾਨਚੀ: ਸੇਕਰ ਮਨਮੋਹਨ (ਤਾਮਲਨਾਡੂ)। ਐਗਜੈਕਟਿਵ ਮੈਂਬਰ: ਅਰੁਨ ਕੁਮਾਰ ਸਰਾਸਵਤ (ਰਾਜਸਥਾਨ), ਅਸਰੀਤਾ ਲਕਰਾ (ਝਾਰਖੰਡ), ਗੁਰਪ੍ਰੀਤ ਕੌਰ (ਦਿੱਲੀ), ਸੁਨੀਲ ਕੁਮਾਰ (ਕੇਰਲ) ਅਤੇ ਤਪਨ ਕੇ. ਦਾਸ (ਆਸਾਮ)।

ਐਡਹਾਕ ਕਮੇਟੀ ਦੇ ਨੁਮਾਇੰਦੇ ਅਜੱਏ ਨਾਇਕ ਵਲੋਂ ਰਿਟਰਨਿੰਗ ਅਫਸਰ ਦੀ ਭੂਮਿਕਾ ਨਿਭਾਈ ਗਈ। 'ਹਾਕੀ ਇੰਡੀਆ' ਦੀ ਨਵੀਂ ਚੁਣੀ ਗਈ ਕਮੇਟੀ ਨੂੰ ਅੰਤਰਰਾਸ਼ਟਰੀ ਹਾਕੀ ਫੈਡਰੇਸ਼ਨ (ਐਫ.ਆਈ.ਐਚ) ਵਲੋਂ ਮਾਨਤਾ ਦੇ ਦਿੱਤੀ ਗਈ ਹੈ ਅਤੇ ਖ਼ੁਸ਼ੀ ਜਤਾਈ ਹੈ ਕਿ ਟਿਰਕੀ ਦੀ ਪ੍ਰਧਾਨਗੀ ਹੇਠ ਜਨਵਰੀ ਵਿਚ ਹੋਣ ਵਾਲੇ ਵਿਸ਼ਵ ਕੱਪ ਜੋ ਉੜੀਸਾ ਦੇ ਭੁਵਨੇਸ਼ਵਰ ਸ਼ਹਿਰ ਅਤੇ ਰੁੜਕੇਲਾ ਵਿਖੇ ਹੋਵੇਗਾ, ਉਸ ਦੀ ਤਿਆਰੀ ਸਮੇਂ ਸਿਰ ਮੁਕੰਮਲ ਹੋ ਜਾਵੇਗੀ



ਕਿਉਂਕਿ ਐਫ਼.ਆਈ.ਐਚ. ਵਲੋਂ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਜੇ 'ਹਾਕੀ ਇੰਡੀਆ' ਵਿਸ਼ਵ ਕੱਪ ਲਈ ਖਰੀ ਨਹੀਂ ਉਤਰੇਗੀ ਤਾਂ ਟੂਰਨਾਮੈਂਟ ਦਾ ਸਥਾਨ ਬਦਲ ਦਿੱਤਾ ਜਾਵੇਗਾ।

ਦਲੀਪ ਟਿਰਕੀ ਭਾਰਤੀ ਹਾਕੀ ਲਈ ਲੰਮਾ ਸਮਾਂ ਖੇਡੇ ਜਿਵੇਂ ਵਿਸ਼ਵ ਕੱਪ ਅਤੇ 1996, 2000, 2004 ਦੀਆਂ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਤੋਂ ਇਲਾਵਾ 1998 ਦੀਆਂ ਏਸ਼ਿਆਈ ਖੇਡਾਂ ਵਿਚ ਗੋਲਡ ਮੈਡਲ ਜਿੱਤਣ ਵਾਲੀ ਟੀਮ ਦੇ ਮੈਂਬਰ ਵੀ ਸਨ। ਆਪਣੇ ਖੇਡ ਕਰੀਅਰ ਵਿਚ 412 ਗੋਲ ਦਾ ਰਿਕਾਰਡ ਕਾਇਮ ਕੀਤਾ। ਭਾਰਤ ਸਰਕਾਰ ਨੇ ਉਸ ਨੂੰ ਪਦਮਸ੍ਰੀ ਦੇ ਖਿਤਾਬ ਨਾਲ ਸਨਮਾਨਤ ਕੀਤਾ। ਟਿਰਕੀ ਉੜੀਸਾ ਦੀ ਰੂਲਿੰਗ ਪਾਰਟੀ ਬੀਜੂ ਜਨਤਾ ਦਲ ਵਲੋਂ ਰਾਜ ਸਭਾ ਦੇ ਮੈਂਬਰ ਵੀ ਰਹਿ ਚੁੱਕੇ ਹਨ। ਚੁਤਾਲੀ ਸਾਲਾ ਟਿਰਕੀ ਦਾ ਪ੍ਰਧਾਨ ਬਣਨ ਤੋਂ ਬਾਅਦ ਇਹ ਕਹਿਣਾ ਹੈ ਕਿ ਉਹ ਹਾਕੀ ਨੂੰ ਗਰਾਸਰੂਟ ਤੋਂ ਲੈ ਕੇ ਬੁਲੰਦੀਆਂ ਤੱਕ ਲਿਜਾਣ ਲਈ ਦਿਨ ਰਾਤ ਇਕ ਕਰ ਦੇਣਗੇ ਅਤੇ ਗੁਜਰਾਤ ਵਿਚ ਹੋ ਰਹੀਆਂ ਸਤੰਬਰ 27 ਤੋਂ 10 ਅਕਤੂਬਰ ਤੱਕ ਰਾਸ਼ਟਰੀ ਖੇਡਾਂ ਵਿਚ 'ਸਪੌਟ ਦਿ ਟੇਲੈਂਟ' ਵਲ ਖਾਸ ਧਿਆਨ ਦੇਣਗੇ।

ਇਥੇ ਇਹ ਹਵਾਲਾ ਦੇਣਾ ਜ਼ਰੂਰੀ ਹੈ ਕਿ 'ਹਾਕੀ ਇੰਡੀਆ' ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਮੁਹਾਲੀ ਦੇ ਮਜੈਸਟਿਕ ਹੋਟਲ ਵਿਚ 8 ਸਤੰਬਰ ਨੂੰ ਹੋਈ ਪੰਜਾਬ ਹਾਕੀ ਦੀ ਜਨਰਲ ਬਾਡੀ ਮੀਟਿੰਗ ਵਿਚ ਪੰਜਾਬ ਹਾਕੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਵੀ ਕਰ ਦਿੱਤੀ ਗਈ ਹੈ ਜਿਸ ਵਿਚ ਜਲੰਧਰ ਦੇ ਉਘੇ ਕਾਰੋਬਾਰੀ ਨਿਤਨ ਕੋਹਲੀ ਨੂੰ ਪ੍ਰਧਾਨ ਬਣਾਇਆ ਹੈ ਅਤੇ ਉਲੰਪੀਅਨ ਹਰਪ੍ਰੀਤ ਸਿੰਘ ਸਕੱਤਰ ਹੋਣਗੇ ਜੋ ਚਾਰ ਸਾਲ ਸੇਵਾ ਨਿਭਾਉਣਗੇ। ਇਸ ਤੋਂ ਇਲਾਵਾ ਉਲੰਪੀਅਨ ਬਲਵਿੰਦਰ ਸੱਮੀ ਅਤੇ ਡਾਕਟਰ ਨਵਜੋਤ ਕੌਰ ਮੀਤ ਪ੍ਰਧਾਨ, ਬਲਜੀਤ ਸਿੰਘ ਅਤੇ ਰੇਣੂ ਬਾਲਾ ਸੰਯੁਕਤ ਸਕੱਤਰ, ਸੰਜੀਵ ਕੁਮਾਰ ਖਜ਼ਾਨਚੀ ਅਤੇ ਐਗਜੈਕਟਿਵ ਮੈਂਬਰ ਰਾਜਵੰਤ ਸਿੰਘ, ਕੁਲਬੀਰ ਸਿੰਘ, ਗੁਰਮੀਤ ਸਿੰਘ, ਮੀਨਾਕਸ਼ੀ ਅਤੇ ਪਰਮਿੰਦਰ ਕੌਰ ਚੁਣੇ ਗਏ ਹਨ। ਮੀਟਿੰਗ ਦੀ ਵਾਗਡੋਰ ਉਲੰਪੀਅਨ ਅਤੇ ਐਮ.ਐਲ.ਏ. ਪ੍ਰਗਟ ਸਿੰਘ ਨੇ ਸੰਭਾਲੀ ਜਦਕਿ ਅਹੁਦੇਦਾਰਾਂ ਦੀ ਚੋਣ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਦੀ ਦੇਖ-ਰੇਖ ਹੇਠਾਂ ਕੀਤੀ ਗਈ। ਇਸ ਤੋਂ ਇਲਾਵਾ 'ਹਾਕੀ ਇੰਡੀਆ' ਵਲੋਂ ਸ਼ਿਵਲੋਚਨ ਦੀਪ ਸਿੰਘ ਅਬਜ਼ਰਵਰ ਦੇ ਤੌਰ 'ਤੇ ਅਤੇ ਪੰਜਾਬ ਉਲੰਪੀਅਨ ਐਸੋਸੀਏਸ਼ਨ ਵਲੋਂ ਪ੍ਰਬਜੀਤ ਸਿੰਘ ਵੀ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ 'ਹਾਕੀ ਇੰਡੀਆ' ਵਲੋਂ 24 ਜੂਨ 2022 ਨੂੰ ਪੰਜਾਬ ਹਾਕੀ ਸੰਸਥਾ ਨੂੰ ਚੋਣ ਨਿਯਮਾਂ ਦੀ ਉਲੰਘਣਾ ਤਹਿਤ ਸਸਪੈਂਡ ਕਰ ਦਿੱਤਾ ਗਿਆ ਸੀ ਜੋ ਹੁਣ ਬਹਾਲ ਕਰ ਦਿੱਤਾ ਗਿਆ ਹੈ। ਚੋਣਾਂ ਵਿਚ ਪੰਜਾਬ ਦੇ 23 ਜ਼ਿਲ੍ਹਿਆਂ ਵਿਚੋਂ 20 ਨੁਮਾਇੰਦੇ ਹਾਜ਼ਰ ਹੋਏ। ਇਸ ਮੌਕੇ ਪ੍ਰਗਟ ਸਿੰਘ ਨੇ ਨਵੀਂ ਬਣੀ 'ਹਾਕੀ ਪੰਜਾਬ' ਕਮੇਟੀ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਹ ਹਾਕੀ ਨੂੰ ਉਪਰ ਲਿਜਾਣ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ।

# ਸ਼ਬਦ ਅਤੇ ਸਾਹਿਤ ਦਾ ਤਪੀਆ ਸੀ ਦੇਵਿੰਦਰ ਸਤਿਆਰਥੀ

ਦੇਵਿੰਦਰ ਸਤਿਆਰਥੀ ਦਾ ਪਲੇਠਾ ਸ਼ਬਦ-ਚਿੱਤਰ ਮੈਂ ਅੱਧੀ ਸਦੀ ਪਹਿਲਾਂ ਲਿਖਿਆ ਸੀ। ਢੁੱਡੀਕੇ ਟ੍ਰੱਸਟ ਨੇ ਉਨ੍ਹਾਂ ਨੂੰ 'ਬਲਰਾਜ ਸਾਹਨੀ ਸਨਮਾਨ' ਦਿੱਤਾ ਸੀ ਅਤੇ ਜਸਵੰਤ ਸਿੰਘ ਕੰਵਲ ਦਾ ਕਹਿਣਾ ਸੀ ਕਿ ਮੈਂ ਉਨ੍ਹਾਂ ਬਾਰੇ ਲੇਖ ਲਿਖ ਕੇ 'ਆਰਸੀ' ਵਿਚ ਛਪਵਾ ਦੇਵਾਂ। 'ਬਹੁਰੰਗੇ ਫੁੱਲਾਂ ਨਾਲ ਲੱਦਿਆ ਗੁਲਮੋਹਰ' ਨਾਂ ਦਾ ਉਹ ਸਾਧਾਰਨ ਆਕਾਰ ਦਾ ਸ਼ਬਦ-ਚਿੱਤਰ ਸਤਿਆਰਥੀ ਜੀ ਨੂੰ ਏਨਾ ਚੰਗਾ ਲਗਿਆ ਕਿ ਉਨ੍ਹਾਂ ਨੇ ਖਿੱਚ-ਧੂਹ ਕੇ ਬਣਾਏ ਕਈ ਸਰੋਤਿਆਂ ਨੂੰ ਆਪਣੀ ਰਚਨਾ ਕੁਰਬਾਨ ਕਰ ਕੇ ਉਹ ਸੁਣਾਉਣਾ ਠੀਕ ਸਮਝਿਆ। ਕਈ ਸਾਲਾਂ ਮਗਰੋਂ ਸ਼ਬਦ-ਚਿੱਤਰਾਂ ਦੀ ਮੇਰੀ ਪਹਿਲੀ ਪੁਸਤਕ ਛਪੀ ਤਾਂ ਉਸ ਵਿਚ ਕਈ ਗੱਲਾਂ ਜੋੜਨੀਆਂ ਜ਼ਰੂਰੀ ਹੋ ਗਈਆਂ।



**ਗੁਰਬਚਨ ਸਿੰਘ ਭੁੱਲਰ**
**ਫੋਨ: 80763-63058**

ਫੇਰ ਜਦੋਂ ਵੀ ਕੋਈ ਸ਼ਬਦ-ਚਿੱਤਰਾਂ ਦੀ ਪੁਸਤਕ ਦਾ ਸੰਪਾਦਨ ਕਰਦਾ, ਆਮ ਕਰ ਕੇ ਮੇਰਾ ਇਹ ਸ਼ਬਦ-ਚਿੱਤਰ ਮੰਗ ਲੈਂਦਾ। ਮੈਂ ਉਸ ਸਮੇਂ ਤਕ ਉਨ੍ਹਾਂ ਨਾਲ ਵਾਪਰ ਚੁੱਕੀਆਂ ਜਾਂ ਉਨ੍ਹਾਂ ਸਦਕਾ ਵਾਪਰ ਚੁੱਕੀਆਂ ਸਾਹਿਤਕ ਘਟਨਾਵਾਂ ਹੋਰ ਜੋੜ ਦਿੰਦਾ। ਇਉਂ, ਸਤਿਆਰਥੀ ਜੀ ਦੇ ਆਖਣ ਅਨੁਸਾਰ ਉਨ੍ਹਾਂ ਦੀ ਕੱਛੇ ਮਾਰੀ ਫ਼ਾਈਲ ਵਾਂਗ, ਮੇਰੇ ਸ਼ਬਦ-ਚਿੱਤਰ ਦਾ ਕੱਦ-ਕਾਠ ਵੀ ਵਧਦਾ ਗਿਆ। ਜਦੋਂ ਸਤਿਆਰਥੀ ਜੀ ਚਲੇ ਗਏ, ਮੈਂ ਉਨ੍ਹਾਂ ਦਾ ਸ਼ਬਦ-ਚਿੱਤਰ ਪੂਰਾ ਕਰ ਕੇ ਉਸ ਦੇ ਅੰਤ ਵਿਚ ਪੱਕੀ ਡੰਡੀ ਲਾ ਦਿੱਤੀ।


ਇਕ ਦਿਨ ਅਚਾਨਕ 'ਬਿਸਕੁਟ ਵਾਂਗੂੰ ਭੁਰ-ਭੁਰ ਪੈਂਦੀ ਮੁਸਕਾਨ' ਵਾਲੀ ਉਨ੍ਹਾਂ ਦੀ ਬੇਟੀ ਪਾਰੁਲ ਦਾ ਫੋਨ ਆਇਆ। ਉਹ ਤੇ ਵੱਡੀ ਅਲਕਾ, ਦੋਵੇਂ ਆਪਣੇ ਪਰਿਵਾਰਾਂ ਸਮੇਤ ਭਦੌੜ ਦੇ ਲੋਕਾਂ ਦੇ ਬੁਲਾਇਆਂ ਪਹਿਲੀ ਵਾਰ ਉਥੇ ਜਾ ਕੇ ਆਈਆਂ ਸਨ। ਉਹ ਬਹੁਤ ਖ਼ੁਸ਼ ਵੀ ਸਨ ਤੇ ਹੈਰਾਨ ਵੀ ਕਿ ਲੋਕ 'ਪਿਤਾ ਜੀ ਨੂੰ ਏਨਾ ਪਿਆਰ ਕਰਦੇ ਹਨ!' ਮੈਂ ਕਿਹਾ, ''ਤੁਸੀਂ ਪੰਜਾਬ ਵਿਚ ਕਿਤੇ ਵੀ ਜਾ ਕੇ ਸਾਹਿਤ ਨਾਲ ਜੁੜੇ ਲੋਕਾਂ ਨੂੰ ਆਪਣਾ ਸਤਿਆਰਥੀ ਜੀ ਦੀਆਂ ਧੀਆਂ ਹੋਣਾ ਦੱਸ ਦਿਉ, ਤੁਹਾਨੂੰ ਹਰ ਥਾਂ ਏਨਾ ਹੀ ਮੋਹ-ਪਿਆਰ ਤੇ ਆਦਰ-ਸਤਿਕਾਰ ਮਿਲੇਗਾ!''

ਉਹ ਮੇਰੇ ਸ਼ਬਦ-ਚਿੱਤਰ ਦੀਆਂ ਕਈ ਗੱਲਾਂ ਚੇਤੇ ਕਰ ਕੇ ਹੱਸਦੀਆਂ। ਇਕ ਦਿਨ ਪਾਰੁਲ ਮੇਰੇ ਲਿਖੇ ਕ੍ਰਿਸ਼ਣਾ ਸੋਬਤੀ ਵਾਲੇ ਕਿੱਸੇ ਦੇ ਹਵਾਲੇ ਨਾਲ ਕਹਿੰਦੀ, ''ਇਕ ਦਿਨ ਮੈਂ ਘੰਟੀ ਸੁਣ ਕੇ ਗਈ ਤਾਂ ਡਾਕੀਆ ਬਰੰਗ ਚਿੱਠੀ ਲਿਆਇਆ ਸੀ। ਮੈਂ ਪੰਜਾਹ ਪੈਸੇ ਦੇ ਕੇ ਲੈ ਆਈ। ਲਫ਼ਾਫ਼ੇ ਤੋਂ ਨਾਂ ਪੜ੍ਹ ਕੇ ਮੈਂ ਕਿਹਾ, ਕ੍ਰਿਸ਼ਣਾ ਆਂਟੀ ਦੀ ਚਿੱਠੀ ਹੈ। ਪਿਤਾ ਜੀ ਨੇ ਚੁਫੇਰੇ ਦੇਖਿਆ ਤੇ ਕਾਹਲੀ ਨਾਲ ਹੱਥ ਵਧਾ ਕੇ ਬੋਲੇ, ਲਿਆ ਫੜਾ ਤੇ ਆਬਦੀ ਮਾਂ ਨੂੰ ਨਾ ਦੱਸੀਂ!'' ਉਹਨੇ ਹੱਸ ਕੇ ਮੈਨੂੰ ਕਿਹਾ, ''ਮੈਂ ਮਾਂ ਨੂੰ ਦੱਸਿਆ ਵੀ ਨਹੀਂ!''

ਅਲਕਾ ਜਾਂ ਪਾਰੁਲ ਨਾਲ ਫੋਨ 'ਤੇ ਗੱਲ ਹੁੰਦੀ ਤਾਂ ਸਤਿਆਰਥੀ ਜੀ ਦਾ, ਬੇਬੇ ਦਾ, ਉਨ੍ਹਾਂ ਦੇ ਬੁਢਾਪੇ ਦੇ ਦਿਨਾਂ ਦਾ, ਇਨ੍ਹਾਂ ਦੇ ਬੱਚਿਆਂ ਨਾਲ ਉਨ੍ਹਾਂ ਦਾ ਬੱਚੇ ਬਣਨ ਦਾ ਜ਼ਿਕਰ ਚਲਦਾ। ਇਕ ਦਿਨ ਅਲਕਾ ਕਹਿੰਦੀ, ''ਏਨੀ ਚਰਚਾ ਹੈ, ਮੈਂ ਗੀਤਾਂਜਲੀ ਸ੍ਰੀ ਦਾ ਬੁੱਕਰ ਇਨਾਮ ਵਾਲਾ ਨਾਵਲ 'ਰੇਤ ਸਮਾਧੀ' ਲੈ ਆਈ ਹਾਂ। ਪਤਾ ਹੈ ਕਿਸ ਨੂੰ ਸਮਰਪਿਤ ਹੈ?... ਕ੍ਰਿਸ਼ਣਾ ਆਂਟੀ ਨੂੰ!'' ਮੈਂ ਕਿਹਾ, ''ਜੇ ਅੱਜ ਸਤਿਆਰਥੀ ਜੀ ਹੁੰਦੇ, ਉਨ੍ਹਾਂ ਨੇ ਕਹਿਣਾ ਸੀ, ਅਲਕਾ, ਇਹ ਪੜ੍ਹ ਕੇ ਮੈਨੂੰ ਦੇ ਦੇਈਂ ਤੇ ਆਬਦੀ ਮਾਂ ਨੂੰ ਨਾ ਦੱਸੀਂ।'' ਤੇ ਅਸੀਂ ਕਿੰਨਾ ਹੀ ਚਿਰ ਉਨ੍ਹਾਂ ਦੀਆਂ ਗੱਲਾਂ ਕਰ ਕੇ ਹਸਦੇ ਰਹੇ। ਅਲਕਾ ਤੇ ਪਾਰੁਲ ਤੋਂ ਕਈ ਅਜਿਹੀਆਂ ਗੱਲਾਂ ਦਾ ਪਤਾ ਲਗਿਆ ਜੋ ਪਹਿਲਾਂ ਮੇਰੀ, ਤੇ ਸ਼ਾਇਦ ਹੋਰ ਕਿਸੇ ਦੀ ਵੀ, ਜਾਣਕਾਰੀ ਵਿਚ ਨਹੀਂ ਸਨ। ਇਉਂ ਸ਼ਬਦ-ਚਿੱਤਰ ਉੱਤੇ ਇਕ ਵਾਰ ਫੇਰ ਭਰਪੂਰ ਨਜ਼ਰ ਮਾਰਨੀ ਜ਼ਰੂਰੀ ਹੋ ਗਈ।

ਇਕੋ ਅੱਖਰ ਸ ਨਾਲ ਸ਼ੁਰੂ ਹੋਣ ਸਦਕਾ ਸਾਹਿਤ ਤੇ ਸਤਿਆਰਥੀ ਦੀ ਰਾਸ਼ੀ ਤਾਂ ਇਕੋ ਹੈ ਹੀ ਸੀ, ਸੰਸਾਰਕ ਜੀਵਨ ਵਿਚ ਵੀ ਤੇ ਸਾਹਿਤਕ ਜੀਵਨ ਵਿਚ ਵੀ ਉਨ੍ਹਾਂ ਦੀ ਅਭੇਦਤਾ, ਇਕਮਿਕਤਾ ਤੇ ਲੀਨਤਾ ਸੰਪੂਰਨ ਸੀ। ਲਗਭਗ ਸਭਨਾਂ ਲੇਖਕਾਂ ਦੇ ਉਲਟ ਉਨ੍ਹਾਂ ਨੇ ਇਕ ਮੋਢੇ ਉੱਤੇ ਕਬੀਲਦਾਰੀ ਅਤੇ ਦੂਜੇ ਮੋਢੇ ਉੱਤੇ ਰਚਨਾਕਾਰੀ ਨਹੀਂ ਸਨ ਚੁੱਕੀਆਂ ਹੋਈਆਂ। ਕਬੀਲਦਾਰੀ ਵਾਲਾ ਮੋਢਾ ਵੀ ਉਨ੍ਹਾਂ ਨੇ ਰਚਨਾਕਾਰੀ ਦੇ ਨਮਿੱਤ ਕੀਤਾ ਹੋਇਆ ਸੀ। ਸ਼ਬਦ ਤੇ ਸਾਹਿਤ ਤੋਂ ਬਿਨਾਂ ਕੋਈ ਜੀਵਨ ਉਨ੍ਹਾਂ ਦੀ ਕਲਪਨਾ ਦੇ ਕਲਾਵੇ ਵਿਚ ਨਹੀਂ ਸੀ ਆਉਂਦਾ। ਉਹ ਕਹਿੰਦੇ ਸਨ, ''ਮੈਂ ਆਪਣੇ ਘਰ ਵਿਚ 'ਅਨਪੇਇੰਗ ਗੈਸਟ' ਵਾਂਗ ਰਹਿੰਦਾ ਹਾਂ। ਨਾ ਰਾਸ਼ਨ ਲਿਆਉਣ ਦੀ ਚਿੰਤਾ, ਨਾ ਦੁੱਧ ਦੀ। ਮੈਂ ਨਵੇਂ ਬੂਟ ਆਪ ਕਦੀ ਨਹੀਂ ਖ਼ਰੀਦਦਾ। ਨਾ ਕੋਟ ਲਈ ਕੱਪੜਾ, ਨਾ ਵਾਲ਼ਾਂ ਲਈ ਤੇਲ, ਨਾ ਕੰਘੀ। ਲਿਖਣ ਲਈ ਕਾਗਜ਼ ਵੀ ਲੋਕਮਾਤਾ ਹੀ ਖ਼ਰੀਦ ਕੇ ਦੇਵੇ ਤੇ ਸਿਆਹੀ ਵੀ ਤੇ ਕਲਮ ਵੀ!'' ਇਹ ਗੱਲ ਅਸਲ ਵਿਚ ਅਧੂਰੀ ਸੀ। ਪੂਰਾ ਸੱਚ ਇਹ ਸੀ ਕਿ ਉਨ੍ਹਾਂ ਨੇ ਅਜਿਹੇ ਛੋਟੇ-ਮੋਟੇ ਕੰਮ ਹੀ ਨਹੀਂ, ਧੀਆਂ ਦੇ ਵਿਆਹ ਵਰਗੇ ਵੱਡੇ ਕਾਰਜ ਵੀ ਲੋਕਮਾਤਾ ਦੇ ਜ਼ਿੰਮੇ ਹੀ ਛੱਡ ਰੱਖੇ ਸਨ।

ਰਾਜਕੁਮਾਰ ਗੌਤਮ ਤਾਂ ਕਿੰਨੇ ਵਰ੍ਹੇ ਵਿਆਹੁਤਾ ਜੀਵਨ ਬਿਤਾ ਕੇ ਪਤਨੀ ਯਸ਼ੋਧਰਾ ਤੇ ਪੁੱਤਰ ਰਾਹੁਲ ਨੂੰ ਸੁੱਤੇ ਛੱਡ ਸੱਚ ਦੀ ਭਾਲ ਵਿਚ



ਨਿਕਲਿਆ ਸੀ, ਦੇਵਿੰਦਰ ਬੱਤਾ ਨਵੀਂ-ਨਵੇਲੀ ਲਾੜੀ ਨੂੰ ਹੀ ਸੁੱਤੀ ਛੱਡ ਲੋਕਗੀਤਾਂ ਦੀ ਭਾਲ ਵਿਚ ਨਿਕਲ ਤੁਰਿਆ ਸੀ ਅਤੇ ਡਲਹੌਜ਼ੀ, ਚੰਬਾ, ਕੁੱਲੂ ਤੇ ਸ਼ਿਮਲਾ ਗਾਹੁਣ ਮਗਰੋਂ ਸ਼ਾਂਤੀ-ਨਿਕੇਤਨ ਹੁੰਦਾ ਹੋਇਆ ਆਸਾਮ ਤੇ ਮਨੀਪੁਰ ਹੋ ਕੇ ਦੋ ਸਾਲ ਮਗਰੋਂ ਘਰ ਪਰਤਿਆ ਸੀ। ਆਸ ਦੇ ਉਲਟ ਅਚਾਨਕ ਸੁੰਨੀ ਹੋ ਗਈ ਆਪਣੀ ਦੁਨੀਆ ਦੇਖ ਕੇ ਉਦਾਸ ਤੇ ਰੋਣਹਾਕੀ ਹੋਈ ਭਵਿੱਖੀ ਲੋਕਮਾਤਾ ਨੂੰ ਇਕ ਜੇਠਾਣੀ ਨੇ ਅਕਲ ਦੀ ਗੰਢੀ ਦਿੱਤੀ, ''ਉਦਾਸ ਹੋਇਆਂ ਜਾਂ ਰੋਇਆਂ ਕੁਛ ਨਹੀਂ ਬਣਨਾ, ਦਿਉਰਾਣੀਏ! ਇਹ ਲੰਡਾ ਚਿੜਾ ਆਹਲਣੇ ਵਿਚ ਰਹਿਣ ਵਾਲਾ ਨਹੀਂ। ... ਅਗਲੀ ਵਾਰ ਤੂੰ ਹੀ ਗੰਢੜੀ ਬੰਨ੍ਹ ਕੇ ਨਾਲ ਤੁਰ ਜਾਈਂ।'' ਉਹ ਹੱਸ ਕੇ ਦਸਦੇ, ''ਲਓ ਜੀ, ਮੈਂ ਅਗਲੀ ਲੋਕਗੀਤ-ਯਾਤਰਾ ਵਾਸਤੇ ਤਿਆਰ ਹੋ ਕੇ ਕਮਰੇ ਵਿਚੋਂ ਨਿਕਲਿਆ ਤਾਂ ਇਹ ਤੁਰਨ ਲਈ ਗੰਢੜੀ ਚੁੱਕੀ ਵਿਹੜੇ ਵਿਚ ਮੈਥੋਂ ਪਹਿਲਾਂ ਤਿਆਰ ਖੜ੍ਹੀ ਤੇ ਬੋਲੀ, 'ਮੈਂ ਵੀ ਨਾਲ ਚੱਲਾਂਗੀ। ਤੁਸੀਂ ਰਾਜਾ ਤੇ ਮੈਂ ਰਾਣੀ, ਤੁਸੀਂ ਭਿਖਾਰੀ ਤੇ ਮੈਂ ਭਿਖਾਰਨ'। ਮੈਂ ਕਿਹਾ, ਪਹਿਲੀ ਗੱਲ ਛੱਡ, ਦੂਜੀ ਹੀ ਠੀਕ ਹੈ।'' ਬੇਬੇ ਹੌਕਾ ਲੈਂਦੀ, ''ਇਉਂ ਲੋਕਗੀਤਾਂ ਲਈ ਅਸੀਂ ਭਿਖਾਰੀ ਬਣੇ।''

ਉਹ ਦਿਨ ਸੋ ਉਹ ਦਿਨ, ਦੋ ਦੀ ਥਾਂ ਚਾਰ ਪੈਰ ਲੋਕਗੀਤ-ਯਾਤਰੀ ਹੋ ਗਏ। ਯਾਤਰੀ ਜੋੜੀ ਦੀ ਦ੍ਰਿੜ੍ਹਤਾ ਦਾ ਅੰਦਾਜ਼ਾ ਇੱਥੋਂ ਲਾਇਆ ਜਾ ਸਕਦਾ ਹੈ ਕਿ 'ਘਰ' ਨੇ ਪਲੇਠੀ ਧੀ ਕਵਿਤਾ ਦੇ ਜਨਮ ਨਾਲ 'ਘਰ-ਪਰਿਵਾਰ' ਦਾ ਰੂਪ ਵੀ ਉੜੀਸਾ ਦੇ ਇਕ ਅਨਜਾਣੇ ਪਿੰਡ ਵਿਚ ਧਾਰਿਆ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਪੰਜਾਬੀ ਵਿਚ ਤਾਂ ਸ਼ਬਦ ਤੇ ਸਾਹਿਤ ਵੱਲ, ਖ਼ਾਸ ਕਰ ਕੇ ਲੋਕਗੀਤਾਂ ਵੱਲ ਅਜਿਹੇ ਸਮਰਪਣ ਦੀ ਹੋਰ ਕੋਈ ਦੂਜੀ ਮਿਸਾਲ ਹੈ ਨਹੀਂ। ਸਮਰਪਣ ਦੀ ਸੰਪੂਰਨਤਾ ਦੇਖੋ, ਚਲਾਣੇ ਤੋਂ ਕੁਝ ਸਮਾਂ ਪਹਿਲਾਂ, ਜਦੋਂ ਉਨ੍ਹਾਂ ਦੀ ਸੁਰਤ ਕੁਝ ਵਧੇਰੇ ਹੀ ਧੁੰਦਲੀ ਹੋ ਚੁੱਕੀ ਸੀ, ਉਨ੍ਹਾਂ ਨੇ ਆਪਣੀ ਡਾਇਰੀ ਚੁੱਕੀ ਤੇ ਉਸ ਵਿਚ ਲਿਖ ਦਿੱਤਾ, ''ਮੇਰਾ ਨਾਂ ਲੋਕਗੀਤ''। ਡੀ.ਐਮ. ਕਾਲਜ ਮੋਗਾ ਵਿਚ ਮੇਰੇ ਅੰਗਰੇਜ਼ੀ ਦੇ ਪ੍ਰੋਫ਼ੈਸਰ ਅਤੇ ਉਰਦੂ ਦੇ ਮੰਨੇ-ਪ੍ਰਮੰਨੇ ਸੂਖਮ ਵਿਅੰਗਕਾਰ ਕਨ੍ਹਈਆ ਲਾਲ ਕਪੂਰ ਨੇ, ਜੋ ਸਤਿਆਰਥੀ ਜੀ ਦੇ ਗੂੜ੍ਹੇ ਮਿੱਤਰ ਸਨ, ਲੋਕਗੀਤਾਂ ਵੱਲ ਉਨ੍ਹਾਂ ਦੇ ਇਸੇ ਸਮਰਪਣ ਨੂੰ ਦੇਖ ਕੇ ਹੀ ਕਿਹਾ ਸੀ, ਇਹ ਕਿੰਨੀਆਂ ਵਿਧਾਵਾਂ ਵਿਚ ਲਿਖਦਾ ਰਹੇ, ਰੱਬ ਦੀ ਕਚਹਿਰੀ ਵਿਚ ਆਵਾਜ਼ ''ਲੋਕਗੀਤਾਂ ਵਾਲਾ ਦੇਵਿੰਦਰ ਸਤਿਆਰਥੀ ਹਾਜ਼ਰ ਹੋ'' ਆਖ ਕੇ ਹੀ ਪਵੇਗੀ।

ਜਦੋਂ ਮੈਂ ਉਨ੍ਹਾਂ ਦੀ ਸਮੁੱਚੀ ਪੰਜਾਬੀ ਰਚਨਾ ਨੂੰ 'ਸਤਿਆਰਥ' ਦਾ ਨਾਂ ਦੇ ਕੇ ਇਕੋ ਜਿਲਦ ਵਿਚ ਸੰਪਾਦਿਤ ਕਰ ਰਿਹਾ ਸੀ, ਮੈਨੂੰ ਤਿਲੋਤਮਾ ਨਾਂ ਦੀ ਅਪੱਸਰਾ ਮੁੜ-ਮੁੜ ਚੇਤੇ ਆਉਂਦੀ ਰਹੀ, ਪੁਰਾਣਾਂ ਅਨੁਸਾਰ ਬ੍ਰਹਮਾ ਨੇ ਥਾਂ-ਥਾਂ ਤੋਂ ਤਿਲ-ਤਿਲ ਸੁੰਦਰਤਾ ਜੋੜ ਕੇ ਜਿਸ ਨੂੰ ਸਿਰਜਿਆ ਸੀ। ਕੁਦਰਤੀ ਸੀ, ਏਨੀ ਕਲਮੀ ਘਾਲਨਾ ਨੂੰ ਵਿਦਵਾਨਾਂ ਤੇ ਕਦਰਦਾਨਾਂ, ਸਮਕਾਲੀ ਲੇਖਕਾਂ ਤੇ ਪਾਠਕਾਂ ਦੀ ਭਰਪੂਰ ਵਡਿਆਈ ਮਿਲੀ। ਪਰ ਉਨ੍ਹਾਂ ਨੇ ਇਸ ਵਡਿਆਈ ਨੂੰ ਸਹਿਜ ਨਾਲ ਲੈਂਦਿਆਂ ਨਿਮਰਤਾ ਦਾ ਪੱਲਾ ਨਹੀਂ ਸੀ ਛੱਡਿਆ। ਇਸ ਪੱਖੋਂ ਉਹ ਮਹਾਨ ਰੂਸੀ ਲੇਖਕ ਤੁਰਗਨੇਵ ਅਤੇ ਮਹਾਨ ਉਰਦੂ ਸ਼ਾਇਰ ਫ਼ਿਰਾਕ ਗੋਰਖਪੁਰੀ ਦੇ ਮੁਰੀਦ ਸਨ। ਤੁਰਗਨੇਵ ਨੇ ਆਪਣੇ ਸਮੇਤ ਸਭਨਾਂ ਲੇਖਕਾਂ ਨੂੰ ਗੋਗੋਲ ਦੇ ਓਵਰਕੋਟ ਦੀ ਜੇਬ ਵਿਚੋਂ ਨਿਕਲੇ ਹੋਏ ਆਖਿਆ ਸੀ ਅਤੇ ਆਪਣੇ ਫ਼ਿਰਾਕ ਗੋਰਖਪੁਰੀ ਨੇ ਉਰਦੂ ਵਿਚ ਹੁਣ ਤਕ ਦੇ ਸ਼ਾਇਰਾਂ ਦੀ ਕੁੱਲ ਗਿਣਤੀ ਢਾਈ ਦੱਸੀ ਸੀ, ਇਕ ਮੀਰ, ਦੂਜਾ ਗ਼ਾਲਿਬ ਤੇ ਅੱਧਾ ਸ਼ਾਇਰ ਆਪਣੇ ਸਮੇਤ ਬਾਕੀ ਸਾਰੇ! ਸਤਿਆਰਥੀ ਜੀ ਆਖਦੇ ਸਨ, ਇਹ ਹੈ ਜੀ ਖਰੇ ਰਚਨਾਕਾਰ ਵਾਲ਼ਾ ਵਿਹਾਰ!

ਸਤਿਆਰਥੀ ਜੀ ਨੇ ਸ਼ਬਦ ਤੇ ਸਾਹਿਤ ਨਾਲ ਪੱਕਾ ਨਾਤਾ ਗੰਢਣ ਵਾਸਤੇ ਬਿਖੜੇ ਤੇ ਅਨਗਾਹੇ ਰਾਹਾਂ ਦੀ ਯਾਤਰਾ 1927 ਵਿਚ ਲਾਹੌਰ ਕਾਲਜ ਦੀ ਪੜ੍ਹਾਈ ਵਿਚੇ ਛੱਡ ਅਮਰਨਾਥ ਦੇ ਯਾਤਰੀਆਂ ਦਾ ਸੰਗੀ ਬਣ ਕੇ ਸ਼ੁਰੂ ਕੀਤੀ ਸੀ। ਅਮਰਨਾਥ ਦੇ ਯਾਤਰੀ ਤਾਂ ਕੁਛ ਦਿਨਾਂ ਵਿਚ ਘਰਾਂ ਨੂੰ ਪਰਤ ਆਏ ਪਰ ਉਸ ਇਲਾਕੇ ਦੇ ਪਹਾੜੀ ਲੋਕਗੀਤ ਇਕੱਠੇ ਕਰਨ ਨਾਲ ਮੁੱਢ ਬੰਨ੍ਹਦਿਆਂ ਅੱਗੇ-ਅਗੇਰੇ ਵਧਦੀ ਗਈ ਇਹਨਾਂ ਦੀ ਇਹ ਪਲੇਠੀ ਯਾਤਰਾ ਦੋ ਸਾਲ ਲੰਮੀ ਹੋ ਗਈ। ਅਸਲ ਵਿਚ ਤਾਂ ਇਹ ਮੰਨਣਾ ਵਧੇਰੇ ਦਰੁਸਤ ਹੋਵੇਗਾ ਕਿ ਇਹ 1927 ਵਿਚ ਸ਼ੁਰੂ ਹੋ ਕੇ ਲਗਾਤਾਰ ਚਲਦੀ ਰਹੀ ਇਹੋ ਯਾਤਰਾ ਹੀ ਸੀ ਜੋ ਪੌਣੀ ਸਦੀ ਮਗਰੋਂ 2002 ਵਿਚ ਤਨ-ਮਨ ਦੇ ਇਨਕਾਰੀ ਹੋਣ ਨਾਲ ਸਮਾਪਤ ਹੋਈ। ਵਿਚ-ਵਿਚ ਕਦੀ-ਕਦੀ ਘਰ ਗੇੜਾ ਮਾਰਨ ਦਾ ਚੇਤਾ ਜ਼ਰੂਰ ਆਉਂਦਾ ਰਿਹਾ। ਬੇਬੇ ਸਤਿਆਰਥੀ ਜੀ ਦੇ ਸਾਹਿਤਕ ਜੀਵਨ ਨੂੰ ਤਪੱਸਿਆ ਆਖਦੀ। ਪਰ ਇਹ ਉਸ ਦੀ ਉਦਾਰਤਾ ਸੀ। ਮੈਂ ਸਮਝਦਾ ਹਾਂ, ਅਸਲ ਵਿਚ ਉਨ੍ਹਾਂ ਦੀ ਤਪੱਸਿਆ ਨਾਲੋਂ ਬੇਬੇ ਦੀ ਤਪੱਸਿਆ ਬਹੁਤ-ਬਹੁਤ ਵਡੇਰੀ ਤੇ ਔਖੀ ਸੀ!

ਉਹ ਅਜਿਹੇ ਲੇਖਕ ਸਨ ਜਿਨ੍ਹਾਂ ਕੋਲ ਬੈਠਿਆਂ ਮਹਿਸੂਸ ਹੁੰਦਾ ਸੀ ਕਿ ਮੈਂ ਸਾਹਿਤ ਦੀ ਛਾਂਵੇਂ ਸ਼ਬਦਾਂ ਦੀ ਸੰਗਤ ਵਿਚ ਬੈਠਾ ਹੋਇਆ ਹਾਂ। ਉਨ੍ਹਾਂ ਤੋਂ ਜੋ ਮੋਹ-ਪਿਆਰ ਮਿਲਿਆ, ਉਸ ਦੀ ਕੋਈ ਸੀਮਾ ਨਹੀਂ। ਉਨ੍ਹਾਂ ਤੋਂ ਜੋ ਸਾਹਿਤਕ ਪ੍ਰੇਰਨਾ ਮਿਲੀ, ਉਸ ਦੀ ਵੀ ਕੋਈ ਸੀਮਾ ਨਹੀਂ। ਇਹ ਪੁਸਤਕ 'ਸਾਹਿਤ ਦਾ ਤਪੀਆ ਦੇਵਿੰਦਰ ਸਤਿਆਰਥੀ' ਉਨ੍ਹਾਂ ਲਈ ਮੇਰੇ ਆਦਰ ਦੇ ਪ੍ਰਗਟਾਵੇ ਦਾ ਯਤਨ ਹੈ। ਉਨ੍ਹਾਂ ਦੇ ਨਵਿਆਏ ਸ਼ਬਦ-ਚਿੱਤਰ ਤੋਂ ਇਲਾਵਾ ਇਸ ਵਿਚ ਡੂੰਘੇ ਸਮਾਜਕ, ਸਭਿਆਚਾਰਕ, ਆਰਥਿਕ ਤੇ ਰਾਜਨੀਤਕ ਅਰਥਾਂ ਵਾਲੀ ਉਨ੍ਹਾਂ ਦੀ ਬੇਜੋੜ ਕਹਾਣੀ 'ਦੇਵਤਾ ਡਿੱਗ ਪਿਆ' ਤੇ ਇਸ ਕਹਾਣੀ ਦੀ ਮੇਰੀ ਪਾਠਕੀ ਪੜ੍ਹਤ ਸ਼ਾਮਲ ਹਨ। ਮੈਨੂੰ ਮਾਣ ਹੈ ਕਿ ਇਹ ਨਿਰਖ-ਪਰਖ ਪੜ੍ਹ ਕੇ ਗਦਗਦ ਹੋਏ ਸਤਿਆਰਥੀ ਜੀ ਬੋਲੇ ਸਨ, ''ਦੇਖੋ, ਭੁੱਲਰ ਜੀ, ਦੇਵਤਾ ਤਾਂ ਡਿੱਗ ਪਿਆ, ਪਰ ਮੇਰੀ ਕਹਾਣੀ ਤੇ ਤੁਹਾਡੀ ਪੜ੍ਹਤ ਹਮੇਸ਼ਾ ਵਾਸਤੇ ਖੜ੍ਹੀਆਂ ਰਹਿਣਗੀਆਂ।'' ਉਨ੍ਹਾਂ ਦੀ ਵੱਡੀ ਬੇਟੀ ਅਲਕਾ ਸਤਿਆਰਥੀ ਸੋਈਂ ਹਿੰਦੀ ਵਿਚ ਕਵਿਤਾ ਲਿਖਦੀ ਹੈ। ਮੈਨੂੰ ਖ਼ੁਸ਼ੀ ਹੈ ਕਿ ਉਸ ਨੇ ਇਸ ਪੁਸਤਕ ਲਈ ਉਚੇਚੀਆਂ ਤਿੰਨ ਕਵਿਤਾਵਾਂ, ਇਕ ਪਿਤਾ ਬਾਰੇ ਤੇ ਦੋ ਮਾਂ ਬਾਰੇ, ਲਿਖੀਆਂ। ਉਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦ ਕਰ ਕੇ ਮੈਂ ਅੰਤਿਕਾ ਵਜੋਂ ਸ਼ਾਮਲ ਕਰ ਲਿਆ ਹੈ।

***(ਪੁਸਤਕ ਪੀਪਲਜ਼ ਫ਼ੋਰਮ, ਬਰਗਾੜੀ ਨੇ ਛਾਪੀ ਹੈ।)***

# ਚੰਗੇ ਕਰਮ ਅਗਲਾ ਜਨਮ ਸੰਵਾਰਨ ਦਾ ਰਾਹ

ਇਹ ਇਕ ਸੱਚੀ ਘਟਨਾ ਹੈ। ਪਹਿਲਾਂ ਪਹਿਲ ਲੋਕ ਪਾਣੀ ਵਾਲੇ ਜਹਾਜ਼ ਰਾਹੀਂ ਦੂਸਰੇ ਮੁਲਕਾਂ ਨੂੰ ਜਾਂਦੇ ਸਨ। ਪਿੰਡ ਪਾਸਲੇ ਦਾ ਇਕ ਬੰਦਾ ਸੀ, ਜੋ ਆਪਣੇ ਪਿੰਡ ਰਾਹ ਦੇ ਕਿਸੇ ਮੋੜ 'ਤੇ ਖੜ੍ਹਾ ਸੀ। ਦੋ ਕਸਾਈ ਇਕੋ ਗਊ ਪਿੱਛੇ ਭੱਜ ਰਹੇ ਸਨ ਤੇ ਉਹ ਗਊ ਮੋੜ ਮੁੜ ਗਈ। ਉਨ੍ਹਾਂ ਨੂੰ ਪਤਾ ਨਾ ਲੱਗੇ ਗਊ ਕਿਧਰ ਗਈ ਹੈ। ਉਨ੍ਹਾਂ ਮੋੜ 'ਤੇ ਖੜ੍ਹੇ ਬੰਦੇ ਨੂੰ ਪੁੱਛਿਆ ਕਿ ਗਊ ਕਿਧਰ ਗਈ ਹੈ? ਉਸ ਵਿਅਕਤੀ ਨੇ



**ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

ਦੂਸਰੇ ਪਾਸੇ ਇਸ਼ਾਰਾ ਕਰ ਦਿੱਤਾ ਤੇ ਇੰਝ ਗਊ ਬਚ ਗਈ। ਗਊ ਨੂੰ ਬਚਾਉਣ ਵਾਲਾ ਇਹ ਵਿਅਕਤੀ ਕੁਝ ਸਾਲਾਂ ਬਾਅਦ ਪਾਣੀ ਵਾਲੇ ਜਹਾਜ਼ ਵਿਚ ਸਫ਼ਰ ਕਰ ਰਿਹਾ ਸੀ। ਜਹਾਜ਼ ਡੁੱਬ ਗਿਆ ਪਰ ਉਹ ਕਿਸੇ ਤਰ੍ਹਾਂ ਸਮੁੰਦਰ ਦੇ ਕੰਢੇ ਆ ਲੱਗਾ। ਉਹਨੇ ਦੱਸਿਆ ਕਿ ਉਹਨੂੰ ਨਹੀਂ ਪਤਾ ਜਦੋਂ ਜਹਾਜ਼ ਡੁੱਬਿਆ, ਉਸ ਨੂੰ ਕੁਝ ਯਾਦ ਨਹੀਂ ਪਰ ਇਕ ਗੱਲ ਯਾਦ ਹੈ ਕਿ ਉਹ ਇਕ ਗਊ ਦੀ ਪੂਛ ਫੜ ਕੇ ਤਰ ਰਿਹਾ ਸੀ ਤੇ ਉਹ ਗਊ ਉਸ ਨੂੰ ਕੰਢੇ 'ਤੇ ਬਚਾ ਕੇ ਲੈ ਆਈ ਤੇ ਉਹ ਬਚ ਗਿਆ।

ਇਸ ਗੱਲਬਾਤ ਤੋਂ ਭਾਵ ਹੈ ਕਿ ਮਨੁੱਖ ਦੇ ਚੰਗੇ ਕਰਮ ਰੱਬ ਦੇ ਰਜਿਸਟਰ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ। ਉਸ ਵਿਅਕਤੀ ਨੇ ਕਸਾਈਆਂ ਤੋਂ ਗਊ ਨੂੰ ਬਚਾਇਆ ਸੀ ਤੇ ਗਊ ਨੇ ਉਸ ਨੂੰ ਬਚਾਇਆ। ਇਸ ਲਈ ਚੰਗੇ ਕਰਮ ਕਮਾਉਂਦੇ ਰਹਿਣਾ ਚਾਹੀਦਾ ਹੈ।

ਮੈਂ ਇਕ ਸੰਤ ਮਹਾਂਪੁਰਸ਼ ਦੇ ਬਚਨ ਸੁਣ ਰਹੀ ਸੀ ਜੋ ਆਖ ਰਹੇ ਸਨ ਕਿ ਦੁਨਿਆਵੀ ਖੇਡਾਂ ਵਿਚ ਜੇ ਕਿਤੇ ਜਿੱਤ ਦਾ ਇਨਾਮ ਰੱਖਿਆ ਹੋਵੇ ਤਾਂ ਹਿੱਸਾ ਲੈਣ ਵਾਲੇ ਖਿਡਾਰੀ ਜਿੱਤ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹਨ ਪਰ ਇਨਸਾਨ ਨੇ ਜਿੱਥੇ ਪੱਕਾ ਜਾਣਾ ਹੈ ਉੱਥੇ ਲਈ ਕੋਈ ਤਿਆਰੀ ਨਹੀਂ। ਜਦੋਂ ਸਮਾਂ ਆ ਗਿਆ ਜਾਣ ਦਾ ਉਦੋਂ ਕਹਿ ਸਕੋਗੇ ਭਾਈ ਅਜੇ ਰੁਕ ਜਾ ਮੈਂ ਤਿਆਰ ਨਹੀਂ? ਉੱਥੇ ਤਾਂ ਜਾਣਾ ਵੀ ਇਕੱਲੇ ਹੀ ਹੈ। ਉੱਥੇ ਜਾਣ ਦੀ ਕੋਈ ਤਿਆਰੀ ਨਹੀਂ ਕਰਦਾ। ਉਨ੍ਹਾਂ ਦਾ ਭਾਵ ਅਗਲੇ ਜਨਮ ਦੇ ਸਫ਼ਰ ਲਈ ਤਿਆਰੀ ਸੀ। ਮੈਂ ਪੁੱਛਿਆ, 'ਬਾਬਾ ਜੀ ਧਰਮੀ ਬੰਦੇ ਦੀ ਕੀ ਨਿਸ਼ਾਨੀ ਹੈ?' ਉਹ ਕਹਿੰਦੇ, 'ਜਿਹੜਾ ਬੰਦਾ ਧਰਮੀ ਉਹ ਖ਼ੁਦ ਨਹੀਂ ਬੋਲਦਾ ਉਹਦੇ ਕੰਮ ਉਸਦੀ ਪਹਿਚਾਣ ਹੈ। ਧਰਮ ਕਮਾਉਣਾ ਔਖਾ ਕੰਮ ਹੈ। ਹਰ ਇਕ ਨੂੰ ਇਕੋ ਅੱਖ ਨਾਲ ਵੇਖਣਾ ਨਾਮੁਮਕਿਨ ਹੈ। ਹਰ ਇਕ ਨੂੰ ਇਕੋ ਅੱਖ ਨਾਲ ਵੇਖਦਿਆਂ ਅੱਖ ਟੀਰੀ ਤੇ ਭੈਂਗੀ ਹੋ ਜਾਂਦੀ ਹੈ। ਇਹ ਵਰਤਾਰਾ ਧਾਰਮਿਕ ਥਾਵਾਂ 'ਤੇ ਜ਼ਿਆਦਾ ਹੈ। ਭਗਤੀ ਕਰਨ ਲਈ ਜਿੰਨੀ ਸੰਗਤ ਵਧਾ ਸਕੋ ਵਧਾਉਣੀ ਚਾਹੀਦੀ ਹੈ ਤੋੜਨੀ ਨਹੀਂ ਚਾਹੀਦੀ।'

ਪੰਜਾਬ ਦੇ ਇਕ ਹਸਪਤਾਲ 'ਚ ਇਕ ਗੁਰਸਿੱਖ ਰੋਜ਼ ਆ ਕੇ ਡਾਕਟਰਾਂ ਤੋਂ ਪੁੱਛ ਲੈਂਦਾ ਹੈ ਮਰੀਜ਼ਾਂ ਨੂੰ ਕਿਹੜੀ ਦਵਾਈ ਚਾਹੀਦੀ ਹੈ। ਡਾਕਟਰ ਕਹਿੰਦੇ ਸਾਨੂੰ ਇਸ ਗੁਰਸਿੱਖ ਦੇ ਨਾਮ ਦਾ ਨਹੀਂ ਪਤਾ ਤੇ ਨਾ ਹੀ ਇਸ ਦਾ ਕੋਈ ਪਤਾ ਕਿਹੜੀ ਜਗ੍ਹਾ ਦਾ ਰਹਿਣ ਵਾਲਾ ਹੈ। ਉਹ ਚੁਪਚਾਪ ਸਾਈਕਲ 'ਤੇ ਆਉਂਦਾ ਹੈ ਤੇ ਸਾਡੇ ਕੋਲੋਂ ਦਵਾਈਆਂ ਦੀ ਪਰਚੀ ਲੈ ਜਾਂਦਾ ਹੈ ਤੇ ਝੋਲੇ ਵਿਚ ਖਰੀਦੀਆਂ ਦਵਾਈਆਂ ਪਾ ਕੇ ਫੜਾ ਜਾਂਦਾ ਹੈ। ਇਹ ਵੀ ਇਕ ਨਿਵੇਕਲੀ ਕਿਸਮ ਦੀ ਨਿਸ਼ਕਾਮ ਸੇਵਾ ਹੈ। ਇਹ ਵੀ ਇਕ ਧਰਮੀ ਬੰਦੇ ਦੀ ਨਿਸ਼ਾਨੀ ਹੈ।

ਗੁਰੂ ਅਰਜਨ ਦੇਵ ਜੀ ਖ਼ੁਦ ਦੂਰੋਂ ਆਈਆਂ ਸੰਗਤਾਂ ਲਈ ਲੰਗਰ ਪਰਸ਼ਾਦੇ ਦਾ ਪ੍ਰਬੰਧ ਕਰਦੇ ਸਨ ਤੇ ਆਪਣੇ ਹੱਥਾਂ ਨਾਲ ਲੰਗਰ ਵਰਤਾਉਣ ਦੀ ਸੇਵਾ ਕਰਦੇ ਸਨ। ਕ੍ਰਿਸ਼ਚੀਅਨ ਧਰਮ ਦੇ ਲੋਕ ਲੋਕਾਂ ਦੇ ਬੂਹੇ ਖੜਕਾ ਕੇ ਉਨ੍ਹਾਂ ਨੂੰ ਚਰਚ 'ਚ ਆਉਣ ਦਾ ਸੱਦਾ ਦਿੰਦੇ ਹਨ। ਜਿਸ ਦਾ ਭਾਵ ਹੈ ਕਿ ਹੈ ਕਿ ਉਹ ਜਿੰਨੇ ਵੱਧ ਲੋਕਾਂ ਨੂੰ ਧਰਮ ਨਾਲ ਜੋੜਨਗੇ ਉਨ੍ਹਾਂ ਨੂੰ ਉਸਦਾ ਫਲ ਮਿਲੇਗਾ। ਸਿੱਖ ਧਰਮ 'ਚ ਕੋਈ ਰੁੱਸੇ ਨੂੰ ਮਨਾਉਣਾ ਆਪਣਾ ਫਰਜ਼ ਜਾਂ ਧਰਮ ਨਹੀਂ ਸਮਝਦਾ, ਸਗੋਂ ਸੋਚਦੇ ਹਨ ਰਾਹ ਮੋਕਲਾ ਹੋ ਗਿਆ। ਰੁੱਸੇ ਹੋਏ ਗੁਰੂ ਘਰ ਆਉਣਾ ਛੱਡ ਦਿੰਦੇ ਹਨ ਤੇ ਹੋਰ ਗੁਰੂ ਘਰ ਬਣਾ ਲੈਂਦੇ ਹਨ।

1990 ਤੋਂ 2010 ਤਕ ਸੰਗਤ ਵਿਚ ਬਹੁਤ ਪਿਆਰ ਸੀ। ਹੁਣ ਛੋਟੇ-ਛੋਟੇ ਗਰੁੱਪ ਬਣ ਗਏ ਜਿਨ੍ਹਾਂ ਨਾਲ ਸੰਗਤ ਇਕੱਠੀ ਹੋਣ ਦੀ ਬਜਾਏ ਖਿੰਡਰ ਗਈ ਹੈ, ਟੁੱਟ ਗਈ ਹੈ। ਅੱਗੇ ਦੋ ਦੋ ਘੰਟੇ ਦਾ ਸਫਰ ਕਰ ਕੇ ਵੀ ਨਵੇਂ ਰਾਗੀ ਵਿਦਵਾਨਾਂ ਨੂੰ ਸੁਣਨ ਜਾਈਦਾ ਸੀ। ਦੂਰੋਂ-ਦੂਰੋਂ ਸੰਗਤਾਂ ਆ ਕੇ ਜੁੜਦੀਆਂ ਸਨ। ਬੜਾ ਉਤਸ਼ਾਹ ਹੁੰਦਾ ਸੀ। ਹੁਣ ਇਹ ਰੁਝਾਨ ਕਾਫ਼ੀ ਮੱਠਾ ਪੈ ਗਿਆ ਹੈ।

ਗੁਰਦੁਆਰਾ ਰਿਵਰਸਾਈਡ ਦਾ ਜ਼ਿਕਰ ਜ਼ਰੂਰੀ, ਹੈ ਪੁਰਾਣੇ ਮਿਸ਼ਨ 'ਤੇ ਹੈ ਤੇ ਉੱਥੇ ਬਹੁਤ ਤਰੱਕੀ ਹੋਈ ਹੈ। ਇਹ ਸਿਹਰਾ ਉੱਥੇ ਦੀ ਕਮੇਟੀ ਨੂੰ ਜਾਂਦਾ ਹੈ। ਜਦੋਂ ਮੈਂ ਪਿਛਲੀ ਵਾਰ ਜੁਲਾਈ ਵਿਚ ਉੱਥੇ ਗਈ ਤਾਂ ਦੇਖਿਆ ਕਿ ਗੁਰਦੁਆਰੇ ਦੇ ਨਾਲ ਵਾਲੀ ਸਾਰੀ ਜਗ੍ਹਾ ਖਰੀਦ ਲਈ ਗਈ ਹੈ ਤੇ ਪਾਰਕਿੰਗ ਫਿਰ ਵੀ ਛੋਟੀ ਪੈ ਰਹੀ ਹੈ। ਇਸ ਗੁਰਦੁਆਰੇ ਦੇ ਸਾਰੇ ਪ੍ਰਬੰਧਕ ਗੁਰਦੁਆਰੇ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾ ਰਹੇ ਹਨ ਤੇ ਗੁਰਦੁਆਰੇ ਨੂੰ ਲੋੜੀਂਦਾ ਸਮਾਂ ਦੇ ਰਹੇ ਹਨ। ਇਹ ਗੱਲ ਪੱਕੀ ਮੰਨੀ ਜਾਂਦੀ ਹੈ ਕਿ ਜਿਸ ਦਰਖ਼ਤ ਦੀ ਨਿਗਰਾਨੀ ਤੇ ਸੇਵਾ ਸੰਭਾਲ ਕੀਤੀ ਜਾਵੇ ਤਾਂ ਉਸ ਦਰਖ਼ਤ ਦੀਆ ਜੜ੍ਹਾਂ ਤਾਂ ਮਜ਼ਬੂਤ ਹੋਣਗੀਆਂ ਹੀ ਉਸ ਦੇ ਤਣੇ, ਪੱਤੇ, ਫੁੱਲ ਤੇ ਫਲ ਮਜ਼ਬੂਤ ਵੀ ਹੋਣਗੇ ਤੇ ਵਧਣਗੇ ਵੀ।

ਮੈਂ ਅਕਸਰ ਵੇਖਿਆ ਹੈ ਕਿ ਵਧੀਆ ਕਰਮ ਕਮਾਉਣ ਵਿਚ ਤਿੰਨ ਚੀਜ਼ਾਂ ਹਮੇਸ਼ਾ ਵਿਘਨ ਪਾਉਂਦੀਆਂ ਹਨ, ਜਿਨ੍ਹਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਹ ਤਿੰਨ ਚੀਜ਼ਾਂ ਹਨ:

ਦਿਲ ਵਿਚ ਜ਼ਿੱਦ
ਬਦਲੇ ਦੀ ਭਾਵਨਾ
ਦਿਮਾਗ ਵਿਚ ਮੁਕਾਬਲਾ।

ਚੰਗੇ ਕਰਮ ਕਰਨ ਵੇਲੇ ਇਨ੍ਹਾਂ ਤਿੰਨਾਂ ਤੋਂ ਬਚਣਾ ਚਾਹੀਦਾ ਹੈ। ਜ਼ਿਦ, ਬਦਲੇ ਤੇ ਮੁਕਾਬਲੇ ਦੀ ਭਾਵਨਾ ਨੂੰ ਤਿਆਗ ਕੇ ਹੀ ਜੀਵਨ ਸਫਲ ਬਣਾਇਆ ਜਾ ਸਕਦਾ ਹੈ।

# ਕੱਟੜਪੰਥੀ ਵਹਿਣ ਦੇ ਵਿਰੁੱਧ ਬੋਲਣ ਦਾ ਮਹੂਰਤ ਨਿਕਲੇਗਾ ਕਦੋਂ !

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਉੱਕੀ-ਪੁੱਕੀ ਹਰ ਤਰ੍ਹਾਂ ਦੀ ਸੰਪੂਰਨ ਆਜ਼ਾਦੀ ਦੀ ਗੱਲ ਕਰਨਾ ਸਮਝਦਾਰੀ ਨਹੀਂ ਕਿਹਾ ਜਾ ਸਕਦਾ, ਕੁਝ ਹੱਦਾਂ ਤਾਂ ਹਰ ਆਜ਼ਾਦੀ ਦੇ ਨਾਲ ਸਮਾਜ ਨੂੰ ਚੱਲਦਾ ਰੱਖਣ ਲਈ ਮੰਨਣੀਆਂ ਹੀ ਪੈਣਗੀਆਂ। ਮਿਸਾਲ ਵਜੋਂ ਇਹ ਨਹੀਂ ਕਿਹਾ ਜਾ ਸਕਦਾ ਕਿ ਸੜਕ ਉੱਤੇ ਖੱਬੇ ਪਾਸੇ ਚੱਲੋ ਜਾਂ ਸੱਜੇ ਪਾਸੇ, ਤੁਹਾਡੀ ਮਰਜ਼ੀ ਹੀ ਹੋਵੇਗੀ, ਕਿਉਂਕਿ ਹਰ ਕੋਈ ਇਸ ਤਰ੍ਹਾਂ ਮਰਜ਼ੀ ਨਾਲ ਖੱਬੇ ਜਾਂ ਸੱਜੇ ਗੱਡੀ ਚਲਾਉਣ ਲੱਗ ਪਿਆ ਤਾਂ ਹਾਦਸੇ ਹੁੰਦੇ ਰਹਿਣਗੇ, ਘਰ ਪਹੁੰਚਣ ਵਾਲੀ ਆਸ ਹੀ ਨਹੀਂ ਰਹਿ ਜਾਵੇਗੀ। ਕੋਈ ਕਹੇ ਕਿ ਪੁਲਿਸ ਕਿਸੇ ਨੂੰ ਨਹੀਂ ਰੋਕੇਗੀ, ਹਰ ਕਿਸੇ ਨੂੰ ਹਰ ਤਰ੍ਹਾਂ ਕਰਨ ਦੀ ਖੁੱਲ੍ਹ ਹੈ ਤਾਂ ਅੱਜ ਸ਼ਾਮ ਤੱਕ ਕਈ ਲੋਕਾਂ ਦੀਆਂ ਧੀਆਂ-ਭੈਣਾਂ ਆਪਣੇ ਘਰ ਨਹੀਂ ਮੁੜਨ ਦਿੱਤੀਆਂ ਜਾਣਗੀਆਂ ਤੇ ਗੁੰਡਿਆਂ ਦੇ ਗੈਂਗ ਰਾਹਾਂ ਵਿਚੋਂ ਚੁੱਕ ਕੇ ਲੈ ਜਾਣਗੇ।

ਵੱਡੇ-ਵਡੇਰਿਆਂ ਨੇ ਸਮਾਜ ਚੱਲਦਾ ਰੱਖਣ ਲਈ ਕੁਝ ਨਿਯਮ ਬਣਾਏ ਸਨ ਤਾਂ ਹਰ ਦੇਸ਼ ਅੱਜ ਤੱਕ ਉਨ੍ਹਾਂ ਨਿਯਮਾਂ ਕਾਰਨ ਚੱਲੀ ਜਾਂਦਾ ਹੈ, ਅਜੋਕੀਆਂ ਸਰਕਾਰਾਂ ਨਹੀਂ ਚਲਾ ਰਹੀਆਂ। ਨਿਯਮ ਉਨ੍ਹਾਂ ਵੱਡਿਆਂ ਨੂੰ ਕਿਸੇ ਗੈਬੀ ਤਾਕਤ ਨੇ ਅੱਧੀ ਰਾਤ ਸੁਫਨੇ ਵਿਚ ਆ ਕੇ ਨਹੀਂ ਸੀ ਸਮਝਾਏ, ਉਨ੍ਹਾਂ ਆਪਣੇ ਨਾਲ ਵਾਪਰੇ ਚੰਗੇ ਜਾਂ ਮਾੜੇ ਵਰਤਾਰਿਆਂ ਦੀ ਅਕਲ ਤੋਂ ਆਪਸੀ ਸਹਿਮਤੀ ਨਾਲ ਬਣਾਏ ਸਨ। ਇਨ੍ਹਾਂ ਨਿਯਮਾਂ ਦੇ ਬੰਧੇਜ ਇਕੱਲੇ ਇਨਸਾਨ ਉੱਤੇ ਹੀ ਲਾਗੂ ਨਹੀਂ, ਜਾਨਵਰ ਵੀ ਕੁਝ ਨਿਯਮਾਂ ਨਾਲ ਚੱਲਦੇ ਹਨ ਅਤੇ ਜਿਹੜਾ ਜਾਨਵਰ ਆਪਣੇ ਕੁਟੰਬ ਦੇ ਨਿਯਮਾਂ ਉੱਤੇ ਨਹੀਂ ਚੱਲਦਾ, ਉਸ ਨੂੰ ਬਾਕੀ ਜਾਨਵਰ ਸਜ਼ਾ ਦੇਂਦੇ ਵੇਖੇ ਜਾਂਦੇ ਹਨ। ਜੰਗਲੀ ਜਾਨਵਰਾਂ ਦਾ ਜੀਵਨ ਵਿਖਾਉਣ ਵਾਲੇ ਇੱਕ ਚੈਨਲ ਨੇ ਵਿਖਾਇਆ ਸੀ ਕਿ ਇੱਕ ਹਾਥੀ ਬਾਕੀਆਂ ਨੂੰ ਤੰਗ ਕਰਨੋਂ ਨਹੀਂ ਸੀ ਹਟਦਾ ਤਾਂ ਉਹ ਕੁਝ ਚਿਰ ਉਸ ਦੀ ਮਸਤੀ ਨੂੰ ਅੱਖੋਂ ਪਰੋਖਾ ਕਰਦੇ ਰਹੇ, ਫਿਰ ਸਾਰੇ ਜਣੇ ਉਸ ਨੂੰ ਘੇਰੇ ਵਿਚ ਲੈ ਕੇ ਖੜੋ ਗਏ ਅਤੇ ਇੱਕ ਸੀਨੀਅਰ ਹਾਥੀ ਉਸ ਨੂੰ ਟੱਕਰਾਂ ਮਾਰਨ ਲੱਗ ਪਿਆ ਤੇ ਉਹਦੇ ਮਰਨ ਤੱਕ ਮਾਰਦਾ ਰਿਹਾ ਸੀ। ਇਹ ਉਸ ਸਮਾਜ ਵਿਚ ਇਕ ਵਿਗੜੇ ਹੋਏ ਭਾਈਵਾਲ ਨੂੰ ਸਜ਼ਾ ਦੇਣ ਦਾ ਆਪਣਾ ਢੰਗ ਸੀ ਅਤੇ ਏਦਾਂ ਦਾ ਢੰਗ ਚਿੜੀਆਂ-ਕਾਵਾਂ ਵਿਚ ਵੀ ਮਿਲਦਾ ਕਿਹਾ ਜਾਂਦਾ ਹੈ, ਮਨੁੱਖੀ ਸਮਾਜ ਏਦਾਂ ਦੇ ਬੰਧੇਜ ਵਾਲੇ ਨਿਯਮਾਂ ਤੋਂ ਬਗੈਰ ਚੱਲ ਸਕੇਗਾ, ਇਹ ਸੋਚਣਾ ਵੀ ਬੇਵਕੂਫੀ ਹੈ।

ਮੁਸ਼ਕਲ ਓਦੋਂ ਹੁੰਦੀ ਹੈ, ਜਦੋਂ ਵਿਸ਼ੇਸ਼ ਨਿਯਮ ਬਣਾ ਕੇ ਉਨ੍ਹਾਂ ਵਿਚ ਕੁਝ ਖੁੱਲ੍ਹਾਂ ਸਮਾਜ ਨੇ ਖੁਦ ਦਿੱਤੀਆਂ ਹੋਣ ਤੇ ਕੋਈ ਉਨ੍ਹਾਂ ਮਿਲੀਆਂ ਹੋਈਆਂ ਖੁੱਲ੍ਹਾਂ ਮੁਤਾਬਕ ਆਜ਼ਾਦੀ ਨਾਲ ਕਦਮ ਪੁੱਟਣਾ ਚਾਹੇ ਤੇ ਸਮਾਜ ਪੁੱਟਣ ਨਹੀਂ ਦੇਂਦਾ, ਸਗੋਂ ਉਸ ਨੂੰ ਦੋਸ਼ੀ ਵਾਂਗ ਵੇਖਦਾ ਅਤੇ ਜ਼ਲੀਲ ਕਰਨ ਤੋਂ ਮਾਰ ਦੇਣ ਤੱਕ ਚਲਾ ਜਾਂਦਾ ਹੈ। ਅਸੀਂ ਉਨ੍ਹਾਂ ਦੇਸ਼ਾਂ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੇ, ਜਿਨ੍ਹਾਂ ਵਿਚ ਬਾਕਾਇਦਾ ਤੌਰ ਉੱਤੇ ਇੱਕ ਖਾਸ ਧਰਮ ਦਾ ਰਾਜ ਚੱਲਦਾ ਹੁੰਦਾ ਹੈ, ਓਥੇ ਧਰਮ ਦੀਆਂ ਸੰਵਿਧਾਨਕ ਹੱਦਾਂ ਵੀ ਕੋਈ ਨਹੀਂ ਹੁੰਦੀਆਂ ਅਤੇ ਉਸ ਧਰਮ ਦੇ ਅਨਪੜ੍ਹ ਜਾਂ ਅੱਧ-ਪੜ੍ਹ ਆਗੂ ਖੁਦ ਹੀ ਹੱਦਾਂ ਮਿੱਥ ਕੇ ਲਾਗੂ ਕਰਨ ਦਾ ਠੇਕਾ ਚੁੱਕ ਬਹਿੰਦੇ ਹਨ। ਗੱਲ ਭਾਰਤ ਵਰਗੇ ਉਨ੍ਹਾਂ ਦੇਸ਼ਾਂ ਦੀ ਹੈਰਾਨੀ ਵਾਲੀ ਹੈ, ਜਿੱਥੇ ਸੰਵਿਧਾਨ ਵਿਚ ਹੱਦਾਂ ਮਿਥੀਆਂ ਹਨ, ਪਰ ਉਨ੍ਹਾਂ ਹੱਦਾਂ ਉੱਤੇ ਚੱਲਣ ਦੀ ਖੁੱਲ੍ਹ ਦੇਣ ਦੀ ਥਾਂ ਸਮਾਜ ਦੇ ਅਨਪੜ੍ਹ ਜਾਂ ਕੁਝ ਅੱਧ-ਪੜ੍ਹ ਜਿਹੇ ਠੇਕੇਦਾਰ ਆਪਣੀ



ਮਰਜ਼ੀ ਨੂੰ ਸਮਾਜੀ ਨਿਯਮ ਦਾ ਦਰਜਾ ਦੇਣ ਲੱਗਦੇ ਹਨ। ਭਾਰਤੀ ਸੰਵਿਧਾਨ ਸਾਨੂੰ ਕਿਸੇ ਵੀ ਧਰਮ ਨੂੰ ਆਪਣੀ ਮਰਜ਼ੀ ਮੁਤਾਬਕ ਮੰਨਣ ਤੇ ਚੱਲਣ ਦਾ ਹੱਕ ਦੇਂਦਾ ਹੈ, ਪਰ ਸਮਾਜ ਵਿਚ ਏਦਾਂ ਕਰਨਾ ਵੀ ਔਖਾ ਹੋਇਆ ਪਿਆ ਹੈ। ਪਹਿਲੀ ਗੱਲ ਤਾਂ ਇਹੋ ਮੁਸ਼ਕਲ ਹੈ ਕਿ ਕੋਈ ਆਪਣੀ ਮਰਜ਼ੀ ਦਾ ਧਰਮ ਚੁਣ ਸਕੇ ਅਤੇ ਫਿਰ ਉਸ ਮੁਤਾਬਕ ਜੀਵਨ ਗੁਜ਼ਾਰ ਸਕੇ। ਏਥੇ ਮਨੁੱਖ ਵੱਲੋਂ ਮਰਜ਼ੀ ਦਾ ਧਰਮ ਚੁਣਨ ਨੂੰ ਧਰਮ-ਤਬਦੀਲੀ ਕਹਿ ਕੇ ਏਦਾਂ ਭੰਡਿਆ ਜਾਂਦਾ ਹੈ, ਜਿਵੇਂ ਉਸ ਵਿਅਕਤੀ ਨੇ ਕੋਈ ਜੱਗੋਂ ਤੇਰ੍ਹਵਾਂ ਗੈਰ-ਇਨਸਾਨੀ ਕੰਮ ਕਰ ਦਿੱਤਾ ਹੋਵੇ। ਪੁਰਾਤਨ ਸਮਿਆਂ ਵਿਚ ਜਦੋਂ ਅਤੇ ਜਿੱਥੇ ਵੀ ਕੋਈ ਨਵਾਂ ਧਰਮ ਸ਼ੁਰੂ ਹੋਇਆ, ਪਹਿਲਿਆਂ ਨੂੰ ਚੰਗਾ ਕਦੇ ਨਹੀਂ ਲੱਗਾ ਤੇ ਏਸੇ ਲਈ ਨਵੇਂ ਧਰਮਾਂ ਨਾਲ ਪੁਰਾਣਿਆਂ ਦੇ ਵਿਰੋਧ ਕਾਰਨ ਜੰਗਾਂ ਹੁੰਦੀਆਂ ਸਨ, ਪਰ ਉਹ ਮੱਧ ਯੁੱਗੀ ਗੱਲਾਂ ਅੱਜ ਉਨ੍ਹਾਂ ਦੇਸ਼ਾਂ ਵਿਚ ਨਹੀਂ ਹੋਣੀਆਂ ਚਾਹੀਦੀਆਂ, ਜਿੱਥੇ ਲੋਕਤੰਤਰੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਇਹ ਗੱਲਾਂ ਅੱਜ ਤੱਕ ਓਥੇ ਹੋਈ ਜਾਂਦੀਆਂ ਹਨ। ਹਰ ਧਰਮ ਵਿਚ ਕੁਝ ਚੰਗਿਆਈਆਂ ਹੋ ਸਕਦੀਆਂ ਹਨ ਅਤੇ ਹਰ ਇੱਕ ਧਰਮ ਵਿਚ ਸਮੇਂ ਨਾਲ ਕੁਝ ਵਿਗਾੜ ਆ ਸਕਦੇ ਹਨ, ਜਿਨ੍ਹਾਂ ਤੋਂ ਅੱਕ ਕੇ ਕੋਈ ਵਿਅਕਤੀ ਆਪਣੀ ਸੋਚ ਨੂੰ ਕਿਸੇ ਹੋਰ ਪਾਸੇ ਮੋੜ ਸਕਦਾ ਹੈ, ਪਰ ਸੰਵਿਧਾਨਕ ਖੁੱਲ੍ਹਾਂ ਦੇ ਬਾਵਜੂਦ ਇਹ ਗੱਲ ਪ੍ਰਵਾਨ ਨਹੀਂ ਕੀਤੀ ਜਾ ਰਹੀ, ਭਾਰਤ ਵਰਗੇ ਦੇਸ਼ ਵਿਚ ਵੀ ਇਸਦਾ ਮਾਰਨ ਤੱਕ ਵਿਰੋਧ ਕੀਤਾ ਜਾਂਦਾ ਹੈ।

ਕਹਿਣ ਨੂੰ ਅਸੀਂ ਆਧੁਨਿਕ ਯੁੱਗ ਵਿਚ ਹਾਂ, ਪਰ ਕਈ ਵਾਰੀ ਮਨ ਵਿਚ ਆਉਂਦਾ ਹੈ ਕਿ ਇਸ ਤੋਂ ਮੱਧ ਯੁੱਗ ਵੱਧ ਖੁੱਲ੍ਹਾਂ ਦੇਣ ਵਾਲਾ ਸੀ, ਪਿਛਲੀ ਸਦੀ ਤੱਕ ਵੀ ਠੀਕ ਸੀ, ਜਦੋਂ ਅਲਾਮਾ ਇਕਬਾਲ ਦੇ ਵਡੇਰਿਆਂ ਨੂੰ ਵੀ ਇਹ ਖੁੱਲ੍ਹ ਸੀ ਕਿ ਆਪਣਾ ਧਰਮ ਤਬਦੀਲ ਕਰ ਸਕਣ। ਅੱਜ ਹਾਲਾਤ ਇਹ ਹਨ ਕਿ ਹਰ ਵਿਅਕਤੀ ਇਹ ਕਹਿੰਦਾ ਜਾਪ ਰਿਹਾ ਹੈ ਕਿ ਮੇਰਾ ਧਰਮ ਸਾਰਿਆਂ ਤੋਂ ਵਧੀਆ ਹੈ, ਰੱਬ ਦਾ ਜਿਹੜਾ ਨਾਂਅ ਮੇਰੇ ਧਰਮ ਵਿਚ ਹੈ, ਉਹ ਨਾਂਅ ਅਸਲੀ ਹੈ ਤੇ ਬਾਕੀ ਸਾਰੇ ਲੋਕ ਮੇਰੇ ਵਾਲੇ ਧਰਮ ਵਿਚ ਆ ਕੇ ਰਲ ਜਾਣ ਤਾਂ ਠੀਕ ਹੈ, ਜਿਹੜਾ ਕੋਈ ਮੇਰੇ ਧਰਮ ਨੂੰ ਛੱਡੇ ਜਾਂ ਮੇਰੇ ਧਰਮ ਵਿਚ ਚੱਲਦੇ ਰੱਬ ਦੇ ਨਾਂਅ ਤੋਂ ਵੱਖਰਾ ਨਾਂਅ ਲਵੇਗਾ, ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਹਰ ਦੇਸ਼ ਦੀ ਬਹੁ-ਗਿਣਤੀ ਆਪਣੇ ਦੇਸ਼ ਦੀ ਸਰਕਾਰ ਨੂੰ ਵੋਟਾਂ ਦੇ ਟੋਕਰੇ ਵਿਖਾ ਕੇ ਬਲੈਕਮੇਲ ਕਰਨ ਦਾ ਯਤਨ ਕਰਦੀ ਹੈ ਤੇ ਭਾਰਤ ਵਰਗੇ ਦੇਸ਼ਾਂ ਵਿਚ ਤਾਂ ਉਹ ਲੋਕ ਆਪਣੀ ਮਰਜ਼ੀ ਦੀ ਪੈਰਵੀ ਕਰਨ ਵਾਲੀ ਸਰਕਾਰ ਬਣਾਉਣ ਵਿਚ ਸਫਲ ਹੋ ਸਕਦੇ ਹਨ। ਪਹਿਲਾਂ ਗੁਆਂਢ ਦੇ ਦੇਸ਼ਾਂ ਵਿਚ ਇਸ ਤਰ੍ਹਾਂ ਹੁੰਦਾ ਸੀ, ਅੱਜ ਭਾਰਤ ਵਿਚ ਵੀ ਬਹੁ-ਗਿਣਤੀ ਦਾ ਧਰਮ ਧੌਂਸ ਦੇ ਨਾਲ ਮਨਾਇਆ ਜਾਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸਰਕਾਰੀ ਮਸ਼ੀਨਰੀ ਬਹੁ-ਗਿਣਤੀ ਦੇ ਦਬਾਅ ਹੇਠ ਰਹਿੰਦੀ ਹੈ। ਇਸ ਦੀ ਥਾਂ ਇਹ ਕਹਿਣਾ ਵੱਧ ਠੀਕ ਲੱਗਦਾ ਹੈ ਕਿ ਸਰਕਾਰੀ ਮਸ਼ੀਨਰੀ ਵਿਚ ਵੀ ਬਹੁ-ਗਿਣਤੀ ਧਰਮ ਵਾਲੇ ਲੋਕ ਵੱਧ ਹੋਣ ਕਾਰਨ ਉਹ ਸੰਵਿਧਾਨਕ ਫਰਜ਼ ਦੀ ਪਾਲਣਾ ਕਰਨ ਦੀ ਥਾਂ ਆਪਣੀ ਵਰਦੀ ਵਾਲਾ 'ਆਪਣਾ ਧਰਮ' ਨਹੀਂ, ਮਾਪਿਆਂ ਤੋਂ ਮਿਲੇ ਹੋਏ ਧਰਮ ਨਿਭਾਉਣ ਨੂੰ ਪਹਿਲ ਦੇਂਦੇ ਹਨ। ਨਤੀਜੇ ਵਜੋਂ ਹਰ ਧਰਮ ਬਾਕੀ ਧਰਮਾਂ ਨਾਲੋਂ ਆਪਣੀ ਅਗੇਤ ਮੰਨਣ ਕਾਰਨ ਭਾਰਤ ਦੇ ਸਮਾਜ ਵਿਚ ਉਲਝਣਾਂ ਅਤੇ ਔਕੜਾਂ ਦਾ ਕਾਰਨ ਬਣਦੇ ਲੋਕਾਂ ਦੀ ਧਾੜ ਪੈਦਾ ਕਰਦਾ ਜਾਪਣ ਲੱਗਾ ਹੈ। 'ਸਰਬ ਧਰਮ ਸੰਭਾਵ' ਵਰਗੀ ਕਾਨੂੰਨੀ ਮਾਨਤਾ ਸਿਰਫ ਸ਼ਬਦਾਂ ਵਿਚ ਲਿਖੀ ਰਹਿ ਗਈ ਹੈ। ਸਮਾਜ ਨੂੰ ਆਪਣੇ ਢੰਗ ਨਾਲ ਚਲਾਉਣ ਦੀ ਇੱਛਾ ਕਿਸੇ ਵੀ ਧਿਰ ਜਾਂ ਧੜੇ ਦੀ ਹੋ ਸਕਦੀ ਹੈ, ਪਰ ਸਮਾਜ ਦੇ ਬਾਕੀ ਲੋਕਾਂ ਦੀ ਇੱਛਾ ਬਾਰੇ ਵੀ ਵੇਖਣਾ ਪਵੇਗਾ।

ਅਸੀਂ ਲੋਕਾਂ ਨੇ ਥੋੜ੍ਹੇ ਦਿਨ ਪਹਿਲਾਂ ਈਰਾਨ ਵਿਚ ਮਾਹਸਾ ਅਮੀਨੀ ਨਾਂਅ ਦੀ ਕੁੜੀ ਵਾਲਾ ਦੁਖਾਂਤ ਵਾਪਰਨ ਵਾਲੀ ਖਬਰ ਪੜ੍ਹੀ ਅਤੇ ਫਿਰ ਇਸ ਕਾਰਨ ਉਸ ਦੇਸ਼ ਦੇ ਅੰਦਰ ਹਾਲਾਤ ਵਿਗੜਦੇ ਵੇਖੇ ਹਨ। ਜਿਹੜੇ ਈਰਾਨ ਵਿਚ ਕਿਸੇ ਸਮੇਂ ਸਾਰੀ ਜਨਤਾ ਧਾਰਮਿਕ ਆਗੂ ਆਇਤੁਲਾ ਰੂਹੋ ਅੱਲ੍ਹਾ ਖੁਮੀਨੀ ਦੇ ਪਿੱਛੇ ਆਪਣੇ ਧਰਮ ਦੀ ਪਾਲਣਾ ਨੂੰ ਅਗੇਤ ਦੇਣ ਲਈ ਹਰ ਹੱਦ ਤੱਕ ਜਾਣ ਨੂੰ ਤਿਆਰ ਹੁੰਦੀ ਸੀ, ਅਜੋਕੇ ਪੜਾਅ ਉੱਤੇ ਜਦੋਂ ਧੱਕੇ ਨਾਲ ਕੱਟੜਪੰਥੀ ਨਿਯਮ ਪਾਲਣ ਲਈ ਕਿਹਾ ਜਾਣ ਲੱਗ ਪਿਆ ਤਾਂ ਓਸੇ ਦੇਸ਼ ਦੇ ਲੋਕ ਇਸ ਨੂੰ ਬਰਦਾਸ਼ਤ ਦੀ ਹੱਦ ਤੋਂ ਬਾਹਰਾ ਮੰਨਣ ਲੱਗੇ ਹਨ। ਜਿਹੜੇ ਭਾਰਤ ਦੇਸ਼ ਦੀ ਪ੍ਰੰਪਰਾ ਵੱਖੋ-ਵੱਖ ਧਾਰਮਿਕ ਵਿਸ਼ਵਾਸਾਂ ਦੇ ਹੁੰਦਿਆਂ ਮਿਲ ਕੇ ਰਹਿਣ ਦੀ ਰਹੀ ਹੈ, ਜੇ ਉਸ ਵਿਚ ਵੀ ਆਮ ਲੋਕਾਂ ਨੂੰ ਇੱਕ ਜਾਂ ਦੂਸਰੇ ਧਰਮ ਦੀ ਧੌਂਸ ਦਿੱਤੀ ਜਾਣ ਲੱਗ ਪਈ ਤਾਂ ਇੱਕ ਪੜਾਅ ਤੱਕ ਲੋਕ ਇਸ ਖੇਡ ਵਿਚ ਬੇਸ਼ੱਕ ਸ਼ਾਮਲ ਹੋ ਜਾਣ, ਬਹੁਤਾ ਚਿਰ ਇਸ ਵਹਿਣ ਵਿਚ ਵਗਦੇ ਨਹੀਂ ਰਹਿਣਗੇ।

ਔਕੜ ਇਹ ਹੈ ਕਿ ਜਦੋਂ ਆਮ ਲੋਕ ਇਸ ਵਹਿਣ ਵਿਚ ਵਗਣਾ ਗਲਤ ਸਮਝਣ ਲੱਗਦੇ ਹਨ, ਓਦੋਂ ਤੱਕ ਬੜੀ ਦੇਰ ਹੋ ਚੁੱਕੀ ਹੁੰਦੀ ਹੈ ਤੇ ਫਿਰ ਲਾਂਭੇ ਹੋਣ ਲਈ ਰਾਹ ਲੱਭ ਸਕਣਾ ਔਖਾ ਹੋ ਜਾਂਦਾ ਹੈ। ਸਾਡੇ ਗੁਆਂਢ ਪਾਕਿਸਤਾਨ ਵਰਗੇ ਦੇਸ਼ਾਂ ਵਿਚ ਆਮ ਲੋਕ ਏਸੇ ਔਕੜ ਵਿਚ ਫਸੇ ਹੋਏ ਹਨ, ਵਹਿਣ ਨਾਲ ਵਗਣਾ ਔਖਾ ਹੈ, ਪਰ ਵਹਿਣ ਦੇ ਖ਼ਿਲਾਫ ਸਿਰ ਚੁੱਕ ਕੇ ਵੇਖਣਾ ਗੁਸਤਾਖੀ ਮੰਨੀ ਜਾਣ ਦਾ ਡਰ ਹੁੰਦਾ ਹੈ ਤੇ ਧਰਮ ਦੇ ਖ਼ਿਲਾਫ ਗੁਸਤਾਖੀ ਦੀ ਇੱਕੋ ਇੱਕ ਸਿਖਰਲੀ ਸਜ਼ਾ ਮੌਤ ਰੱਖੀ ਜਾਂਦੀ ਹੈ।

ਈਰਾਨ ਦੀ ਕੁੜੀ ਮਾਹਸਾ ਅਮੀਨੀ ਨਾਲ ਵੀ ਇਹੋ ਹੋਇਆ, ਉਸ ਨਾਲ ਵਾਪਰੀ ਜ਼ਿਆਦਤੀ ਖ਼ਿਲਾਫ ਰੋਸ ਕਰਦਿਆਂ ਨਾਲ ਵੀ ਇਹੋ ਵਾਪਰ ਰਿਹਾ ਹੈ ਤੇ ਜਿਹੜੇ ਲੋਕ ਵਕਤ ਗੁਆਉਣ ਪਿੱਛੋਂ ਏਦਾਂ ਦੇ ਵਹਿਣ ਖ਼ਿਲਾਫ ਭਾਰਤ ਵਿਚ ਉਠੇ ਉਬਾਲਿਆਂ ਵਿਰੁੱਧ ਮੂੰਹ ਖੋਲ੍ਹਣਾ ਚਾਹੁਣਗੇ, ਉਨ੍ਹਾਂ ਨੂੰ ਵੀ ਸਮਾਂ ਓਦੋਂ ਕੋਈ ਰਾਹ ਨਹੀਂ ਦੇਣ ਲੱਗਾ।

ਬੜੇ ਲੋਕ ਕਹਿੰਦੇ ਹਨ ਕਿ ਉਨ੍ਹਾਂ ਕਦੀ ਝੂਠ ਨਹੀਂ ਬੋਲਿਆ, ਪਰ ਇਹ ਕੋਈ ਵੱਡੀ ਗੱਲ ਨਹੀਂ, ਦੱਸਣਾ ਹੈ ਤਾਂ ਇਹ ਦੱਸਣ ਕਿ ਜਦੋਂ ਬੋਲਣ ਦੀ ਲੋੜ ਸੀ, ਓਦੋਂ ਜ਼ਬਾਨ ਖੋਲ੍ਹੀ ਸੀ ਕਿ ਨਹੀਂ? ਜੇ ਓਦੋਂ ਜ਼ਬਾਨ ਖੋਲ੍ਹੀ ਨਹੀਂ ਸੀ ਤਾਂ ਇਸ ਗੱਲ ਦਾ ਸਿਹਰਾ ਵੀ ਲੈਣਾ ਔਖਾ ਹੋਵੇਗਾ ਕਿ ਅਸੀਂ ਕਦੀ ਝੂਠ ਨਹੀਂ ਬੋਲਿਆ, ਤੇ ਇਹ ਸਵਾਲ ਉਨ੍ਹਾਂ ਸਾਰੇ ਲੋਕਾਂ ਸਾਹਮਣੇ ਹੈ, ਜਿਹੜੇ ਗੱਲਾਂ ਬਹੁਤ ਕਰਦੇ ਹਨ, ਦੂਜਿਆਂ ਨੂੰ ਕੁਝ ਕਰਨ ਨੂੰ ਕਹਿੰਦੇ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦੇ ਛੱਡਣਾ ਵੀਬ ਹੁਤ ਮੰਨਦੇ ਹਨ, ਪਰ ਖ਼ੁਦ ਉਹ ਕਦੇ ਕੁਝ ਬੋਲਦੇ ਹੀ ਨਹੀਂ।

---

# ਵਾਹ ! ਕਿੰਨੇ ਸਿਆਣੇ ਨੇ ਨਿਆਣੇ

ਜਗਮੀਤ ਸਿੰਘ ਪੰਧੇਰ
ਫੋਨ :+91 9878-33722

ਅਕਸਰ ਹੀ ਅਸੀਂ ਬੱਚਿਆਂ ਨੂੰ ਨਿਆਣੇ ਸਮਝ ਕੇ ਉਨ੍ਹਾਂ ਦੀਆਂ ਸਿਆਣੀਆਂ ਗੱਲਾਂ ਨੂੰ ਵੀ ਅਣਗੌਲਿਆਂ ਕਰ ਦਿੰਦੇ ਹ ਪਰ ਜੇਕਰ ਅਸੀਂ ਥੋੜ੍ਹਾ ਗੌਰ ਨਾਲ ਸੋਚੀਏ ਤਾਂ ਉਨ੍ਹਾਂ ਦੀਆਂ ਨਿਆਣੀਆਂ ਗੱਲਾਂ ਵਿਚ ਵੀ ਬਹੁਤ ਸਾਰੀ ਸਿਆਣਪ ਲੁਕੀ ਹੁੰਦੀ ਹੈ। ਮੇਰੀ ਪੋਤਰੀ 'ਗ਼ਜ਼ਲ' ਜਦੋਂ ਦੂਜੀ ਵਾਰ ਕੈਨੇਡਾ ਤੋਂ ਪਿੰਡ ਆਈ ਓਦੋਂ ਉਹ ਮਸਾਂ ਢਾਈ ਕੁ ਸਾਲ ਦੀ ਸੀ। ਦਿੱਲੀ ਏਅਰਪੋਰਟ 'ਤੇ ਬਾਹਰ ਆਉਣ ਸਾਰ ਦਾਦੀ ਦੀਆਂ ਲੱਤਾਂ ਨੂੰ ਆ ਚਿੰਬੜੀ। ਬੱਸ ਓਸ ਦਿਨ ਤੋਂ ਦਾਦੀ 'ਤੇ ਕਬਜ਼ਾ ਕਰ ਲਿਆ। ਸੌਣਾ-ਜਾਗਣਾ, ਖਾਣਾ-ਪੀਣਾ, ਨਹਾਉਣਾ-ਧੋਣਾ, ਨੱਚਣਾ-ਟੱਪਣਾ ਸਭ ਦਾਦੀ ਨਾਲ। ਬੱਸ, ਗੁਲਾਬ ਦੇ ਫੁੱਲਾਂ ਨਾਲ ਫੋਟੋ ਖਿਚਵਾਉਣ ਵੇਲੇ ਜਾਂ ਸਕੂਟਰ 'ਤੇ ਝੂਟਾ ਲੈਣ ਵੇਲੇ ਆੜੀ ਮੇਰੇ ਨਾਲ। "ਲਓ, ਮੇਰੀ ਫੋਟੋ ਖਿੱਚੋ" ਆਖ, ਝੱਟ ਗੁਲਾਬ ਦੇ ਬੂਟੇ ਕੋਲ ਜਾ ਖੜ੍ਹਦੀ। ਸਕੂਟਰ 'ਤੇ ਕੱਪੜਾ ਮਾਰਦੇ ਨੂੰ ਦੇਖ ਮੈਨੂੰ ਕਹਿੰਦੀ, "ਦਾਦਾ ਜੀ ਤਲੋ ਆਪਾਂ ਮੋਤਰ (ਮੋਟਰ) 'ਤੇ ਚੱਲੀਏ"।

ਇੱਕ ਦਿਨ ਉਸ ਨੇ ਸਾਡੇ ਘਰ ਦੇ ਪਿੱਛੇ ਸੂਈ ਹੋਈ ਕੁੱਤੀ ਦੇਖ ਲਈ। ਬੱਸ ਓਸੇ ਦਿਨ ਤੋਂ ਉਸਨੂੰ ਰੋਟੀ ਪਾਉਣ ਦਾ ਸਿਲਸਿਲਾ ਨਿੱਤ ਨੇਮ ਬਣ ਗਿਆ। ਹਰ ਰੋਜ਼ ਸਵੇਰੇ ਦਾਦੀ ਦੀ ਉਂਗਲ ਫੜ ਕੇ ਪੌੜੀਆਂ ਵਿਚ ਜਾ ਬਹਿੰਦੀ ਤੇ ਸਿਰਫ ਓਸੇ ਕੁੱਤੀ ਨੂੰ ਰੋਟੀ ਦੀਆਂ ਬੁਰਕੀਆਂ ਕਰ ਕਰ ਪਾਈ ਜਾਂਦੀ। ਹਰ ਰੋਜ਼ ਸਵੇਰੇ-ਸ਼ਾਮ ਕੈਨੇਡਾ ਬੈਠੇ ਆਪਣੇ ਮੰਮੀ-ਡੈਡੀ ਨਾਲ ਵੀਡੀਓ ਕਾਲ 'ਤੇ ਗੱਲਾਂ ਕਰ ਕੇ ਖੁਸ਼ ਹੋ ਜਾਂਦੀ, ਪਰ ਅਸੀਂ ਨੋਟ ਕਰਦੇ ਕਿ ਉਸ ਤੋਂ ਪਿੱਛੋਂ ਉਹ ਥੋੜ੍ਹਾ ਓਦਰਦੀ ਵੀ ਸੀ। ਤਿੰਨ ਮਹੀਨੇ ਲੰਘਦਿਆਂ ਦਾ ਪਤਾ ਹੀ ਨਹੀਂ ਲੱਗਿਆ, ਉਹ ਵਾਪਸ ਆਪਣੇ ਦੇਸ਼ ਚਲੀ ਗਈ। ਹੁਣ ਸਾਡੀ ਵਾਰੀ ਸੀ ਓਸ ਕੋਲ ਜਾਣ ਦੀ। ਕੁੱਝ ਮਹੀਨਿਆਂ ਬਾਅਦ ਹੀ ਅਸੀਂ ਓਸ ਕੋਲ ਜਾ ਪਹੁੰਚੇ। ਏਅਰ ਪੋਰਟ ਤੋਂ ਬਾਹਰ ਨਿਕਲਦੇ ਦੇਖ, ਉਹ ਆਪਣੇ ਮੰਮੀ-ਡੈਡੀ ਤੇ ਚਾਚਾ-ਮਾਸੀ ਨੂੰ ਖੜ੍ਹੇ ਛੱਡ, ਭੱਜ ਕੇ ਸਾਡੀਆਂ ਲੱਤਾਂ ਨੂੰ ਚਿੰਬੜ ਗਈ ਤੇ ਜਦੋਂ ਗੱਡੀ ਵਿਚ ਬੈਠਣ ਲੱਗੇ ਤਾਂ ਆਪਣੀ ਸੀਟ ਸਾਡੇ ਵਿਚਾਲੇ ਲਵਾ ਲਈ। ਵੱਡੇ ਬੇਟੇ ਨੇ ਜਿਉਂ ਹੀ ਕਾਰ ਸਟਾਰਟ ਕੀਤੀ ਤਾਂ ਗ਼ਜ਼ਲ ਨੇ ਪੁੱਛਿਆ, "ਪਾਪਾ, ਸੀਟ ਬੈਲਟ ਲਾ ਲਈ?" "ਹਾਂ ਪੁੱਤ ਲਾ ਲਈ। ਹੋਰ ਦੱਸੋ ਕੁੱਝ?" ਬੇਟੇ ਨੇ ਜਵਾਬ ਨਾਲ ਸਵਾਲ ਕੀਤਾ। "ਬੱਸ ਗੱਡੀ ਫਾਸਟ ਨਾ ਚਲਾਇਓ," ਉਸਦਾ ਅਗਲਾ ਹੁਕਮ ਸੀ। ਅਸੀਂ ਹੈਰਾਨੀ ਨਾਲ ਉਸ ਵੱਲ ਵੇਖ ਕੇ ਮੁਸਕਰਾਏ। ਘਰ ਪਹੁੰਚੇ ਤਾਂ ਸਾਡੇ 'ਤੇ ਆਪਣੀ ਧੌਂਸ ਜਮਾਉਣੀ ਚਾਲੂ ਕਰ ਦਿੱਤੀ। ਮੇਰੀ ਉਂਗਲ ਫੜ ਕੇ ਲੈ ਤੁਰੀ, "ਦਾਦਾ ਜੀ ਆਹ ਤੁਹਾਡਾ ਤੇ ਦਾਦੀ ਦਾ ਰੂਮ ਐ। ਆਹ ਮੇਰਾ ਵਾਸ਼-ਰੂਮ ਐ, ਪਰ ਇਹ ਤੁਸੀਂ ਮੇਰੇ ਨਾਲ ਸ਼ੇਅਰ ਕਰ ਸਕਦੇ ਹੋ।" "ਓ.ਕੇ, ਥੈਂਕਿਊ ਪੁੱਤ" ਮੈਂ ਜਵਾਬ ਦਿੱਤਾ। ਬਾਕੀ ਪਰਿਵਾਰ ਦੇ ਮੈਂਬਰਾਂ ਨੇ ਬਥੇਰਾ ਕਿਹਾ ਕਿ ਇਨ੍ਹਾਂ ਨੂੰ ਸਾਹ ਤਾਂ ਲੈ ਲੈਣਦੇ। ਪਰ ਉਸਨੇ ਕਿਸੇ ਦੀ ਇੱਕ ਨਹੀਂ ਸੁਣੀ। "ਤੁਸੀਂ ਪੁੱਤ ਸਾਡੇ ਕੋਲ ਹੀ ਸੌਂ ਜਾਇਆ ਕਰਿਓ?" ਓਸ ਦੀ ਦਾਦੀ ਨੇ ਸਲਾਹ ਦਿੱਤੀ। "ਨੋ, ਮੇਰਾ ਆਪਣਾ ਰੂਮ ਹੈ। ਪਰ ਜੇ ਮੇਰਾ ਦਿਲ ਕਰੂ ਤਾਂ ਮੈਂ ਪੁੱਛ ਕੇ ਤੁਹਾਡੇ ਕੋਲ ਆ ਸਕਦੀ ਹਾਂ, ,.. ਓ.ਕੇ"? ਗਰਦਨ ਟੇਢੀ ਕਰਦੇ ਹੋਏ, ਉਂਗਲ ਖੜ੍ਹੀ ਕਰ ਕੇ ਉਸ ਨੇ ਜਵਾਬ ਦਿੱਤਾ। "ਓ.ਕੇ ਪੁੱਤ, ਓ.ਕੇ," ਇੱਕ ਦੂਜੇ ਵੱਲ ਚੋਰ ਅੱਖ ਨਾਲ ਵੇਖਦੇ ਹੋਏ ਅਸੀਂ ਝੱਟ ਹੁੰਗਾਰਾ ਭਰਿਆ। " ਓ.ਕੇ. ਤੁਸੀਂ ਰੈਸਟ ਕਰ ਲਉ" ਆਖਦੀ ਹੋਈ ਉਹ ਆਪਣੇ ਕਮਰੇ ਵਿਚ ਚਲੀ ਗਈ।

ਦੂਜੇ ਦਿਨ ਜਦੋਂ ਉਹ ਸੁੱਤੀ ਉੱਠੀ ਤਾਂ ਆਪਣੇ ਖਿਡਾਉਣਿਆਂ ਦਾ ਢੇਰ ਸਾਡੇ ਮੂਹਰੇ ਢੇਰੀ ਕਰ ਕੇ ਸਭਨਾਂ ਖਿਡਾਉਣਿਆਂ ਦੀ ਜਾਣ-ਪਹਿਚਾਣ ਕਰਵਾਈ। ਬੱਸ ਫੇਰ ਤਾਂ ਹਰ ਰੋਜ਼ ਸਾਨੂੰ ਸਮਝਾਉਣ ਤੇ ਹਦਾਇਤਾਂ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇੱਕ ਦਿਨ ਸਵੇਰੇ ਉੱਠ ਕੇ ਵਾਸ਼-ਰੂਮ ਹੋ ਕੇ ਜਦੋਂ ਉਹ ਸਾਡੇ ਕੋਲ ਆਈ ਤਾਂ ਗੁੱਸੇ ਵਿਚ ਸੀ ਅਤੇ ਉਸ ਨੇ ਆਪਣੇ ਦੋਵੇਂ ਹੱਥ ਪਿੱਛੇ ਕੀਤੇ ਹੋਏ ਸਨ। "ਦਾਦਾ ਜੀ, ਤੁਸੀਂ ਮੇਰੇ ਮਸਾਨ (ਸਮਾਨ) ਵਿਚ ਗੰਦ ਪਾਉਂਦੇ ਓ", ਮੇਰੇ ਵੱਲ ਵੇਖ ਕੇ ਗੁੱਸੇ ਵਿਚ ਬੋਲੀ। "ਨਾ ਪੁੱਤ ਮੈਂ ਤਾਂ ਕੁੱਝ ਨਹੀਂ ਕੀਤਾ," ਮੈਂ ਜਵਾਬ ਦਿੱਤਾ। "ਆਹ ਦੇਖੋ ਤੁਸੀਂ ਆਪਣਾ ਵਾਲ਼ ਮੇਰੇ ਮਸਾਨ ਵਿਚ ਸੁੱਟਿਐ"। ਹੱਥ ਵਿਚ ਫੜਿਆ ਚਿੱਟਾ ਵਾਲ਼ ਉਸਨੇ ਝੱਟ ਅੱਗੇ ਕਰ ਦਿੱਤਾ। ਗੱਲ ਉਸਦੀ ਠੀਕ ਸੀ ਕਿਉਂਕਿ ਸਾਰੇ ਪਰਿਵਾਰ ਵਿਚ ਚਿੱਟੇ ਵਾਲ਼ ਮੇਰੇ ਹੀ ਸਨ। ਮੈਂ ਸਬੂਤ ਸਮੇਤ ਫੜਿਆ ਗਿਆ ਸਾਂ। ਮੈਂ ਉਸਨੂੰ ਸੌਰੀ ਆਖ ਕੇ ਬੁੱਕਲ਼ ਵਿਚ ਲੈ ਲਿਆ। ਬੱਸ ਫੇਰ ਸਭ ਕੁੱਝ ਨਾਰਮਲ।

"ਦਾਦਾ ਜੀ ਆਪਾਂ ਗੁਦਵਾਰੇ (ਗੁਰਦੁਆਰੇ) ਚੱਲੀਏ"? ਸ਼ਾਮ ਵੇਲੇ ਅਕਸਰ ਹੀ ਮੇਰੇ ਕੋਲ਼ ਆ ਕੇ ਪੁੱਛਦੀ। "ਕੀ ਕਰਾਂਗੇ ਓਥੇ ਆਪਾਂ"? ਮੈਂ ਜਾਣ-ਬੁੱਝ ਕੇ ਸਵਾਲ ਕਰਦਾ। ਉਸਦਾ ਇੱਕੋ ਹੀ ਜਵਾਬ ਹੁੰਦਾ, "ਪ੍ਰਸਾਦ ਮਿਲੂਗਾ ਨਾਲੇ ਮੈਂ ਸਵਿੰਗ 'ਤੇ ਝੂਟੇ ਲਉਂਗੀ, ਤੁਸੀਂ ਨਿਊਜ਼ ਪੇਪਰ ਲੈ ਆਇਓ"। ਮੈਨੂੰ ਅਖ਼ਬਾਰ ਦਾ ਲਾਲਚ ਦੇ ਕੇ ਨਾਲ ਤੋਰ ਲੈਂਦੀ। ਮੈਂ ਉਸ ਨਾਲ ਪੈਦਲ ਹੀ ਤੁਰ ਪੈਂਦਾ ਅਤੇ ਰਸਤੇ ਵਿਚ ਉਸ ਦੀਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦਾ।

ਇੱਕ ਦਿਨ ਤਾਂ ਉਸ ਨੇ ਹੈਰਾਨ ਹੀ ਕਰ ਦਿੱਤਾ। ਮੈਂ ਅਤੇ ਬੇਟਾ ਟੀ.ਵੀ ਦੇਖ ਰਹੇ ਸੀ। ਉਸ ਦੀ ਦਾਦੀ ਅਤੇ ਮੰਮੀ ਰਸੋਈ ਵਿਚ ਕੰਮ ਕਰ ਰਹੀਆਂ ਸਨ। ਸਾਡੇ ਕੋਲ਼ ਆ, ਉਂਗਲੀ ਖੜ੍ਹੀ ਕਰ ਕੇ ਬੋਲੀ, "ਪਾਪਾ, ਮੁੰਡੇ ਤਾਂ ਬੱਸ ਇਹ ਕਹਿੰਦੇ ਨੇ ਕਿ ਕੁੜੀਆਂ ਕੰਮ ਕਰਨ ਤੇ ਅਸੀਂ ਸੋਫੇ 'ਤੇ ਬੈਠ ਕੇ ਟੀ.ਵੀ ਦੇਖੀਏ, ਹੈਂ ਨਾ?" ਉਸ ਦੀ ਬੋਲੀ 'ਵੱਡੀ ਗੱਲ' ਦਾ ਸਾਨੂੰ ਕੋਈ ਜਵਾਬ ਨਾ ਔੜਿਆ ਪਰ ਅੰਦਰੋਂ ਅਵਾਜ਼ ਆਈ, "ਵਾਹ"!

# ਕੁੱਕੀ ਗਿੱਲ ਵਲੋਂ ਸਿੱਖ ਨੌਜਵਾਨਾਂ ਨੂੰ ਬੀਤੇ ਤੋਂ ਸਬਕ ਸਿੱਖਣ ਲਈ ਗੁਹਾਰ

## ਪੰਜਾਬ ਲਈ ਨਰੋਇਆ ਸਿਆਸੀ ਬਿਰਤਾਂਤ ਸਿਰਜਣ ਦੀ ਕਾਮਨਾ

ਰਣਜੀਤ ਸਿੰਘ ਕੁੱਕੀ ਗਿੱਲ ਨੇ ਆਪਣੇ ਜ਼ਿੰਦਗੀ ਭਰ ਦੇ ਕੜਵੇ ਤਜਰਬੇ ਦੇ ਆਧਾਰ 'ਤੇ ਬਣੀ ਸਮਝ ਨਾਲ ਪੰਜਾਬ ਵਿਚਲੇ ਹਾਲਾਤਾਂ ਬਾਰੇ ਜਿਸ ਬੇਬਾਕੀ ਨਾਲ ਬੋਲਿਆ ਹੈ, ਇਹ ਉਸਦੀ ਇਸ ਖਿੱਤੇ ਦੇ ਲੋਕਾਂ ਵਾਸਤੇ ਪਰਉਪਕਾਰ ਵਰਗੀ ਸੇਵਾ ਹੈ। ਵਗ ਰਹੇ ਜਜ਼ਬਾਤੀ ਵਹਿਣ ਦੇ ਰੋੜ੍ਹ ਨੂੰ ਠਰੰਮੇ ਦੀ ਅਹਿਮੀਅਤ ਯਾਦ ਕਰਾਉਣ ਵਾਲੇ ਕੁੱਕੀ ਕੋਲ ਐਸਾ ਕਰਨ ਦੀ ਜੁਅੱਰਤ ਦੇ ਨਾਲ ਨਾਲ ਇਖਲਾਕੀ ਆਧਾਰ ਵੀ ਹੈ। ਕੁੱਕੀ ਤੋਂ ਬਿਨਾ ਇਹ ਦੋਵੇਂ ਸ਼ਰਤਾਂ ਪੂਰੀਆਂ ਕਰਨ ਵਾਲੇ ਬੰਦੇ ਵੀ ਵਿਰਲੇ-ਟਾਂਵੇਂ ਹੀ ਰਹਿ ਗਏ ਹਨ। ਕੁੱਕੀ ਨੇ ਪੰਜਾਬ ਦੇ ਦਰਦ ਦੀਆਂ ਜੜ੍ਹਾਂ ਫਰੋਲਣ ਦੀ ਵੰਗਾਰ ਪਾ ਕੇ ਨੌਜੁਆਨੀ ਨੂੰ ਭਾਵੁਕ ਵਹਿਣ ਤੋਂ ਬਚ ਕੇ ਕੁੱਝ ਠੋਸ ਸਿਰਜਣ ਦੀਆਂ ਤਰਬਾਂ ਛੇੜੀਆਂ ਹਨ।

**ਹਜ਼ਾਰਾ ਸਿੰਘ**
**ਮਿਸੀਸਾਗਾ, ਕੈਨੇਡਾ**
**647-685-5997**

ਉਹ ਅਜੋਕੇ ਅਤਿ ਗੰਭੀਰ ਸੰਕਟ ਦੇ ਅਸਲ ਡੂੰਘੇ ਸਮਾਜਕ-ਰਾਜਨੈਤਿਕ ਕਾਰਨਾਂ ਬਾਰੇ ਅਜੇ ਵੀ ਕਿਤੇ-ਕਿਤੇ ਅਸਪਸ਼ਟਤਾ ਦੇ ਬਾਵਜੂਦ ਇੱਕੋ ਵੇਲੇ ਮਸਲੇ ਦੀਆਂ ਕਈ ਪਰਤਾਂ ਨਾਲ ਬੌਧਿਕ ਭੇੜ ਛੇੜ ਕੇ ਪੰਥਕ ਰਾਜਨੀਤੀ ਦੇ ਪੈਂਤੜਿਆਂ 'ਤੇ ਐਸੇ ਸਵਾਲ ਚੁੱਕਦਾ ਹੈ, ਜੋ ਪਿਛਲੇ ਸੌ ਸਾਲ ਦੀ ਸਿੱਖ ਰਾਜਨੀਤੀ ਨੂੰ ਸਿਰ-ਪਰਨੇ ਖੜ੍ਹਾ ਕਰ ਦਿੰਦੇ ਹਨ।

ਲੋਕਾਂ ਨੂੰ ਭਾਵੁਕ ਕਰਨ ਲਈ ਸਿੱਖ ਆਗੂਆਂ ਵੱਲੋਂ ਘੜੇ ਗਏ ਖੋਖਲੇ ਪ੍ਰਵਚਨਾਂ ਕਾਰਨ ਵੀ ਪੰਜਾਬ ਦਾ ਕੋਈ ਸਪੱਸ਼ਟ ਸਿਆਸੀ ਬਿਰਤਾਂਤ ਸਿਰਜਿਆ ਨਹੀ ਜਾ ਸਕਿਆ। ਕੁੱਕੀ ਨੇ 'ਕੌਮ ਗੁਲਾਮ ਹੈ' ਵਾਲਾ ਪ੍ਰਵਚਨ ਉਸਾਰਨ ਵਾਲਿਆਂ ਨੂੰ ਗੁਲਾਮੀ ਅਤੇ ਗੁਲਾਮਾਂ ਦੇ ਅਰਥ ਸਮਝਣ ਲਈ ਸਵਾਲ ਕੀਤਾ ਹੈ ਕਿ ਉਹ ਗੁਲਾਮੀ ਵਾਲਾ ਗਲਤ ਪ੍ਰਵਚਨ ਕਿਉਂ ਉਸਾਰ ਰਹੇ ਹਨ। ਜੇਕਰ ਸਿੱਖਾਂ ਨੂੰ ਉਨ੍ਹਾਂ ਦੀ ਪਸੰਦ ਦਾ ਰਾਜ ਨਹੀਂ ਮਿਲਿਆ ਤਾਂ ਕੀ ਸਿੱਖ ਗੁਲਾਮ ਹੋ ਗਏ? ਗੁਲਾਮੀ ਵਾਲਾ ਪ੍ਰਵਚਨ ਸਿੱਖਾਂ ਦੇ ਜਜ਼ਬਾਤਾਂ ਨੂੰ ਵਕਤੀ ਤੌਰ 'ਤੇ ਤਾਅ ਦੇਣ ਲਈ ਵਰਤਿਆ ਗਿਆ ਹੈ ਅਤੇ ਵਰਤਿਆ ਜਾ ਰਿਹਾ ਹੈ। ਇਹ ਆਪਣੇ ਲੋਕਾਂ ਨਾਲ ਧੋਖਾ ਹੈ ਅਤੇ ਸਿਆਸੀ ਸੂਝ ਬੂਝ ਦੀ ਘਾਟ ਦਾ ਸਬੂਤ ਹੈ। 'ਸਿੱਖ ਕੌਮ ਇਕ ਗੁਲਾਮੀ ਤੋਂ ਦੂਸਰੀ ਗੁਲਾਮੀ ਤਕ' ਬਿਰਤਾਂਤ ਸਿਰਜਣ ਵਾਲੇ ਕਥਿਤ ਚਿੰਤਨੀ ਬਰਿਗੇਡ ਨੂੰ ਪੁਰਾਣੇ ਰੋਮਨ ਗੁਲਾਮਾਂ ਜਾਂ ਅਮਰੀਕਾ ਦੇ ਕਾਲੇ ਗੁਲਾਮਾਂ ਦੀ ਭਿਆਨਕ ਕਥਾ ਦਾ ਕੀ ਪਤਾ ਨਹੀਂ ਹੈ ਕਿ ਅਸਲ ਗੁਲਾਮੀ ਕੀ ਹੁੰਦੀ ਹੈ? ਸਿੱਖਾਂ ਦੀ ਗੁਲਾਮੀ ਦਾ ਬਿਰਤਾਂਤ ਸਿਰਜਣ ਵਾਲੇ ਚਿੰਤਕ/ਇਤਿਹਾਸਕਾਰ ਨੇ ਸਾਰਾ ਜੋਰ ਲਗਾ ਕੇ ਕੁੱਕੀ ਦੀ ਜਿਵੇਂ ਬੇਸਿਰ ਤੇ ਬੇਅਸੂਲੀ ਆਲੋਚਨਾ ਕੀਤੀ ਹੈ ਉਹ ਗੈਰਜਿੰਮੇਵਾਰੀ ਦੀ ਹੱਦ ਹੈ, ਪਰੰਤੂ ਤਸੱਲੀ ਦੀ ਗੱਲ ਹੈ ਕਿ ਇਸ ਮੌਕੇ ਅਜਮੇਰ ਸਿੰਘ ਦੇ ਪੁਰਾਣੇ ਸਾਥੀ ਅਤੇ ਭੇਤੀ ਮਾਲਵਿੰਦਰ ਸਿੰਘ ਮਾਲੀ ਨੇ ਉਸ ਦੀ ਇਸ ਸ਼ਰਾਰਤ ਦਾ ਇਕ ਵਾਰ ਮੁੜ ਸਮੇਂ ਸਿਰ ਸਖਤ ਨੋਟਿਸ ਲੈਂਦਿਆਂ ਨੌਜਵਾਨੀ ਨੂੰ ਆਤਮਘਾਤੀ ਰਾਹ ਪੈਣ ਤੋਂ ਬਚਾਉਣ ਲਈ ਉਸੇ ਤਰ੍ਹਾਂ ਦਾ ਪਰਉਪਕਾਰ ਕੀਤਾ ਹੈ, ਜਿਸ ਤਰ੍ਹਾਂ ਦਾ ਪਰਉਪਕਾਰ ਉਸਨੇ ਇਤਿਹਾਸਕ ਕਿਰਸਾਨੀ ਅੰਦੋਲਨ ਦੇ ਪ੍ਰਵਚਨੀ ਬਿਰਤਾਂਤਕ 'ਬਾਗ' ਦੀ ਮਾਲੀ ਵਾਂਗ ਲਗਾਤਾਰ ਪਹਿਰੇਦਾਰੀ ਕਰਕੇ ਕੀਤਾ ਸੀ। ਕੁੱਕੀ ਅਤੇ ਮਾਲੀ ਦੋਹਾਂ ਦਾ ਨੌਜੁਆਨਾਂ ਨੂੰ ਸੁਝਾਅ ਹੈ ਕਿ ਉਹ ਨਾਹਰੇ-ਨੁਮਾ ਨਿਰਆਧਾਰ ਪ੍ਰਵਚਨਾਂ ਨੂੰ ਅੱਖਾਂ ਮੀਟ ਕੇ ਅੰਤਿਮ ਸੱਚ ਮੰਨਣ ਦੀ ਥਾਂ ਇਨ੍ਹਾਂ ਬਾਰੇ ਡੂੰਘਾ ਅਧਿਐਨ ਕਰਨ, ਸੰਵਾਦ ਰਚਾਉਣ ਅਤੇ ਕੋਈ ਠੋਸ ਸਿਆਸੀ ਬਿਰਤਾਂਤ ਘੜਨ।

ਵਰਣਨਯੋਗ ਹੈ ਕਿ ਕੁਝ ਹੀ ਦਿਨ ਪਹਿਲਾਂ ਡੀ ਐਸ ਪੀ ਬਲਵਿੰਦਰ ਸਿੰਘ ਸੇਖੋਂ ਅਤੇ ਮਾਨਵ ਅਧਿਕਾਰਾਂ ਦੀ ਰਾਖੀ ਲਈ ਲੜਦੇ ਆ ਰਹੇ ਸਿਰਕੱਢ ਸੀਨੀਅਰ ਐਡਵੋਕੇਟ ਰਾਜਿੰਦਰ ਸਿੰਘ ਬੈਂਸ ਨੇ ਚੰਡੀਗੜ੍ਹ ਵਿਚ ਇਕ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਪੰਜਾਬ ਅੰਦਰ ਫੈਲੇ ਪ੍ਰਸ਼ਾਸਨਿਕ ਅਤੇ ਨਿਆਇਕ ਭ੍ਰਿਸ਼ਟਾਚਾਰ ਦੇ ਮੁੱਦੇ ਬੜੀ ਤਿੱਖੀ ਸੁਰ ਵਿਚ ਉਭਾਰੇ ਹਨ। ਇਨ੍ਹਾਂ ਤੋਂ ਬਿਨਾ ਡਾ. ਧਰਮਵੀਰ ਗਾਂਧੀ ਅਤੇ ਪ੍ਰੋ. ਮਨਜੀਤ ਸਿੰਘ ਵਰਗੇ ਸੱਜਣ ਵੀ ਖੁਰੋਪਾਉ-ਤੰਗਨਜ਼ਰ ਸਿਆਸਤ ਤੋਂ ਉਪਰ ਉਠ ਕੇ ਲੋਕਾਂ ਦੇ ਅਸਲ ਮੁੱਦੇ ਉਭਾਰ ਰਹੇ ਹਨ।

ਓਸਲ ਵਿਚ ਪਿਛਲੇ ਲੰਮੇ ਸਮੇ ਤੋਂ, 'ਨਿੱਤ ਤਰਥੱਲ ਰਹੇ ਜਿੰਦਾਬਾਦ ਗਾਜਕੇ' ਦੇ ਵਰਤਾਰੇ ਅਨੁਸਾਰ ਚੱਲ ਰਹੀ ਸਿੱਖ ਰਾਜਨੀਤੀ ਵਿੱਚ ਟਕਰਾ ਦੀ ਭਾਵਨਾ ਭਾਰੂ ਰਹੀ ਹੈ। ਕੁੱਕੀ ਅਨੁਸਾਰ ਰਾਜਨੀਤੀ ਵਿੱਚ ਕਦੇ-ਕਦਾਈਂ ਕੋਈ ਮੌਕਾ ਟਕਰਾ ਵਾਲਾ ਆ ਵੀ ਸਕਦਾ ਪਰ ਹਮੇਸ਼ਾਂ ਟਕਰਾ ਦੀ ਰਾਜਨੀਤੀ ਠੀਕ ਨਹੀ। ਕੁੱਕੀ ਜ਼ੋਰ ਦੇ ਕੇ ਕਹਿ ਰਿਹਾ ਹੈ, ਹੁਣ ਟਕਰਾ ਦੀ ਥਾਂ ਵਿਚਾਰ ਦੀ ਰਾਜਨੀਤੀ ਉਭਾਰਨ ਦੀ ਜ਼ਰੂਰਤ ਹੈ, ਹੁਣ ਟਕਰਾ ਦਾ ਸਮਾਂ ਨਹੀ ਹੈ। ਜੋ ਲੋਕ ਹੁਣ ਵੀ ਨੌਜੁਆਨਾਂ ਨੂੰ ਟਕਰਾ ਦੇ ਰਾਹ ਤੋਰਨ ਦੀ ਗੱਲ ਕਰ ਰਹੇ ਹਨ, ਉਹ ਅਨਾੜੀ ਹਨ। ਟਕਰਾ ਦੇ ਰਸਤੇ 'ਤੇ ਕੌਮ ਨੂੰ ਝੋਕਣਾ ਸਿਆਣੇ ਲੀਡਰ ਦਾ ਕੰਮ ਨਹੀਂ ਹੈ। ਗਲਤ ਬੁਣੇ ਸਿਆਸੀ ਬਿਰਤਾਂਤ ਕੌਮਾਂ ਦੀ ਖੁਆਰੀ ਦਾ ਕਾਰਨ ਬਣਦੇ ਹਨ। ਸਿੱਖ ਰਾਜ ਪ੍ਰਾਪਤ ਕਰਨ ਦੀ ਲੋਚਾ ਰੱਖਣ ਵਾਲਿਆਂ ਅੱਗੇ ਗੰਭੀਰ ਪ੍ਰਸ਼ਨ ਰੱਖਦਾ ਹੋਇਆ ਕੁੱਕੀ ਪੁੱਛਦਾ ਹੈ ਕਿ ਕੀ ਕਾਰਨ ਹੈ ਕਿ ਨਾਗਾਲੈਂਡ ਦੇ ਲੋਕਾਂ ਨੂੰ ਤਾਂ 1832 ਵਿੱਚ ਖੁੱਸਿਆ ਰਾਜ ਹਾਸਿਲ ਕਰਨ ਲਈ ਆਪਣਾ ਰਾਜਸੀ ਬਿਰਤਾਂਤ ਯਾਦ ਹੈ ਪਰ ਕੌਮ ਕੁਟਵਾਉਣ ਵਾਲੇ ਸਿੱਖ ਆਗੂਆਂ ਨੇ 1849 ਭੁਲਾ ਦਿੱਤਾ? ਹੁਣ ਰਾਜ ਦੀ ਗੱਲ ਕਰਨ ਵਾਲਿਆਂ ਨੂੰ ਪੰਜਾਬ ਸਿਰਜਣ ਵਾਸਤੇ ਸਿਧਾਂਤਕ ਬਿਰਤਾਂਤ ਬੁਣਨ ਦੀ ਲੋੜ ਹੈ, ਉਹ ਪੰਜਾਬ ਜਿਸ ਵਿੱਚ ਸਿੱਖਾਂ ਤੋਂ ਬਿਨਾਂ ਹੋਰ ਭਾਈਚਾਰਿਆਂ ਦੇ ਲੋਕ ਵੀ ਰਹਿੰਦੇ ਹਨ।

ਕੁੱਕੀ ਅਕਾਲੀ ਦਲ ਵੱਲੋਂ ਸਿੱਖ ਪੰਥ ਦੇ ਨਾਂ ਤੇ ਕੀਤੀ ਟਕਰਾ ਵਾਲੀ ਸਵਾਰਥੀ ਰਾਜਨੀਤੀ ਦੀ ਸਿਧਾਂਤਕ ਕਾਣ ਤੇ ਡੂੰਘਾ ਸਵਾਲ ਕਰਦਾ ਹੋਇਆ ਪੁੱਛਦਾ ਹੈ ਕਿ ਐਮਰਜੈਂਸੀ ਖਿਲਾਫ ਮੋਰਚਾ ਲਾ ਕੇ ਵੈਰ ਸਹੇੜਨ ਦੀ ਕੀ ਲੋੜ ਸੀ? ਐਮਰਜੈਂਸੀ ਤੋਂ ਬਾਅਦ ਬਣੀ ਸਰਕਾਰ ਤੋਂ ਪੰਜਾਬ ਲਈ ਕੀ ਹਾਸਿਲ ਕੀਤਾ? ਜੇ ਗੱਲ ਸਿਧਾਂਤ ਦੀ ਸੀ ਤਾਂ ਹੁਣ ਅਣਐਲਾਨੀ ਐਮਰਜੈਂਸੀ ਬਾਰੇ ਅਕਾਲੀ ਦਲ ਚੁੱਪ ਕਿਉਂ ਹੈ?

ਅਕਾਲੀ ਦਲ ਵੱਲੋਂ 1849 ਭੁਲਾ ਕੇ ਗੁਰਦੁਆਰੇ ਆਜ਼ਾਦ ਕਰਾਉਣ ਦੀ ਲੀਹ ਨੂੰ ਕੁੱਕੀ ਅਨਾੜੀ ਰਾਜਨੀਤੀ ਸਮਝਦਾ ਹੈ। ਅਕਾਲੀ ਦਲ ਨੇ ਸਪੱਸ਼ਟ ਰਾਜਨੀਤਕ ਬਿਰਤਾਂਤ ਸਿਰਜਣ ਦੀ ਬਜਾਇ ਜਿਸ ਸਵਾਰਥੀ ਤੇ ਗੈਰ ਸਿਧਾਂਤਕ ਰਾਜਨੀਤੀ ਦਾ ਖੇਲ੍ਹ ਖੇਲ੍ਹਿਆ ਹੈ, ਕੁੱਕੀ ਉਸਨੂੰ ਪੰਥ ਅਤੇ ਪੰਜਾਬ ਨਾਲ ਗਦਾਰੀ ਗਰਦਾਨਦਾ ਹੈ। ਉਹ ਲੋਕਾਂ ਨੂੰ 1984 ਦੀ ਪੀੜ ਵਿੱਚ ਧੱਕ ਕੇ ਲੌਂਗੋਵਾਲ ਵੱਲੋਂ ਕੀਤੇ ਸਮਝੌਤੇ ਨੂੰ ਪੰਜਾਬ ਵੇਚਣ ਤੁੱਲ ਸਮਝਦਾ ਹੈ ਅਤੇ ਲੌਂਗੋਵਾਲ ਦੀ ਫੋਟੋ ਸਿੱਖ ਅਜਾਇਬ ਘਰ ਵਿੱਚ ਲਗਵਾਉਣ ਵਾਲੇ ਸਿੱਖ ਪੰਥ ਦੇ ਚੌਧਰੀਆਂ ਦੀ ਅਸਪਸ਼ਟ ਸਮਝ 'ਤੇ ਪ੍ਰਸ਼ਨਚਿੰਨ੍ਹ ਲਗਾਉਂਦਾ ਹੈ। ਸ. ਬਾਦਲ ਤੇ ਜਥੇਦਾਰ ਟੌਹੜਾ ਸਿੱਖ ਕੌਮ ਦੇ ਕਿਸ ਕਿਸਮ ਦੇ ਰਹਿਨੁਮਾ ਸਨ, ਜੋ ਇਕ ਪਾਸੇ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਪੰਜਾਬ ਦੇ ਹਿੱਤਾਂ ਨਾਲ ਗੱਦਾਰੀ ਆਖੀ ਗਏ ਅਤੇ ਨਾਲ ਹੀ ਸਮਝੌਤੇ 'ਤੇ ਸਹੀ ਪਾ ਕੇ ਸੁਰਜੀਤ ਸਿੰਘ ਬਰਨਾਲਾ ਵਰਗੇ ਪਹਾੜਾ ਸਿੰਘ ਨਾਲੋਂ ਵੀ ਵਡੇ ਗੱਦਾਰ ਦੀ ਅਗਵਾਈ ਹੇਠ ਚੋਣ ਮੈਦਾਨ ਅੰਦਰ ਵੀ ਕੁਦ ਪਏ।

ਪੰਥ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੇ ਅਕਾਲੀ ਚੌਧਰੀਆਂ ਦੀ ਸਿਧਾਂਤਕ ਕੰਗਾਲੀ 'ਤੇ ਸਵਾਲ ਉਠਾਉਂਦਾ ਕੁੱਕੀ ਪੁਛਦਾ ਹੈ ਕਿ ਅਨੰਦਪੁਰ ਦੇ ਮਤੇ ਅਨੁਸਾਰ ਰਾਜਾਂ ਲਈ ਵੱਧ ਅਧਿਕਾਰਾਂ ਦਾ ਮੋਰਚਾ ਲਾਉਣ ਵਾਲੇ ਜੰਮੂ ਕਸ਼ਮੀਰ ਦਾ ਸੂਬਾ ਤੋੜੇ ਜਾਣ 'ਤੇ ਵਧਾਈਆਂ ਕਿਸ ਮੂੰਹ ਨਾਲ ਦੇ ਰਹੇ ਸਨ? ਇੱਥੇ ਇਹ ਜ਼ਿਕਰ ਕਰਨਾ ਯੋਗ ਹੋਵੇਗਾ ਕਿ ਅਕਾਲੀ ਦਲ ਵੱਲੋਂ ਲਗਾਏ ਧਰਮ ਯੁੱਧ ਮੋਰਚੇ ਵਿੱਚ ਜੰਮੂ ਕਸ਼ਮੀਰ ਤੋਂ ਡਾ: ਫਾਰੂਖ ਅਬਦੁੱਲਾ ਮੋਰਚੇ ਦੀ ਹਮਾਇਤ ਕਰਨ ਅੰਮ੍ਰਿਤਸਰ ਵੀ ਆਇਆ ਸੀ, ਪਰ ਸੁਖਬੀਰ ਬਾਦਲ ਨੇ ਧਾਰਾ 370 ਤੋੜੇ ਜਾਣ ਦੀ ਹਮਾਇਤ ਕੀਤੀ ਸੀ।

ਆਮ ਆਦਮੀ ਪਾਰਟੀ ਦੀ ਸਰਕਾਰ ਜਿਵੇਂ ਦਿੱਲੀ ਹਾਈ ਕਮਾਨ ਵੱਲੋਂ ਚਲਾਈ ਜਾ ਰਹੀ ਹੈ, ਕੁੱਕੀ ਇਸਨੂੰ ਪੰਜਾਬ ਦੀ ਹੇਠੀ ਸਮਝਦਾ ਹੋਇਆ ਇਸਨੂੰ ਦਿੱਲੀ ਦਰਬਾਰੀਆਂ ਦੀ ਸਰਕਾਰ ਆਖਦਾ ਹੈ। ਪੰਜਾਬ ਦੇ ਸਵੈਮਾਣ 'ਤੇ ਮਾਰੀ ਜਾ ਰਹੀ ਇਸ ਸੱਟ ਕਾਰਨ ਉਹ ਪੰਜਾਬੀਆਂ ਨੂੰ ਸਵਾਲ ਕਰਦਾ ਹੈ ਕਿ ਕੀ ਅਸੀਂ ਦਿੱਲੀ ਦਰਬਾਰੀਆਂ ਦੀ ਸਰਕਾਰ ਚੁਣੀ ਸੀ ਜਾਂ ਪੰਜਾਬੀਆਂ ਦੀ। ਕੁੱਕੀ ਆਸਵੰਦ ਹੈ ਕਿ ਪੰਜਾਬ ਸਿਰਜਣ ਵਾਲੇ ਜਜ਼ਬੇ ਦਾ ਸਮੁੰਦਰ ਫਿਰ ਭਰੇਗਾ ਅਤੇ ਸਾਡੇ ਕਿਨਾਰਿਆਂ 'ਤੇ ਘਰ ਬਣਾਉਣ ਦੀ ਲੋਚਾ ਰੱਖਣ ਵਾਲੇ ਦਿੱਲੀ ਦਰਬਾਰੀਆਂ ਨੂੰ ਭਾਜੜਾਂ ਪੈਣਗੀਆਂ। ਪੰਜਾਬ ਉਸਾਰਨ ਲਈ ਉਹ ਨੌਜੁਆਨਾਂ ਨੂੰ ਗੰਭੀਰ ਸੰਵਾਦ ਰਚਾਉਣ ਦੀ ਪ੍ਰੇਰਣਾ ਕਰਦਾ ਹੋਇਆ ਹਥਿਆਰਾਂ ਦੀ ਜੰਗ ਦੀ ਥਾਂ ਵਿਚਾਰਾਂ ਦੀ ਜੰਗ ਛੇੜਨ ਦਾ ਸੁਝਾ ਦਿੰਦਾ ਹੈ।

ਕੁੱਕੀ ਨੌਜੁਆਨਾਂ ਨੂੰ ਸੁਚੇਤ ਕਰਦਾ ਹੋਇਆ ਆਖਦੈ ਕਿ 1984 ਵਿੱਚ ਹਥਿਆਰ ਚੁੱਕਣ ਦੀ ਜੋ ਅਣਸਰਦੀ ਲੋੜ ਸੀ ਉਹ ਹੁਣ ਨਹੀਂ ਹੈ। ਕੁੱਕੀ ਨਹੀਂ ਚਾਹੁੰਦਾ, ਕੋਈ ਆਪਣੇ ਰਾਜਸੀ ਮਨੋਰਥ ਲਈ ਨੌਜੁਆਨਾਂ ਨੂੰ ਬਲੀ ਦੇ ਬੱਕਰਿਆਂ ਵਾਂਗ ਵਰਤ ਜਾਏ। ਕਈ ਜੋਸ਼ੀਲੇ ਨੌਜੁਆਨ ਕੁੱਕੀ ਦੀ ਇਸ ਗੱਲੋਂ ਆਲੋਚਨਾ ਵੀ ਕਰਦੇ ਹਨ। ਐਸੇ ਨੌਜੁਆਨਾਂ ਨੂੰ ਸਮਝਾਉਣ ਲਈ ਕੁੱਕੀ ਇਸ ਬਿਖੜੇ ਪੈਂਡੇ ਦੀਆਂ ਦੁਸ਼ਵਾਰੀਆਂ ਬਾਰੇ ਦੱਸਦਾ ਹੈ ਅਤੇ ਸਮੇ ਦੀ ਲੋੜ ਅਨੁਸਾਰ ਚਿੰਤਨ-ਮੰਥਨ ਕਰਕੇ ਕੋਈ ਪਾਏਦਾਰ ਪੰਜਾਬ ਪੱਖੀ ਧਿਰ ਖੜ੍ਹੀ ਕਰਨ ਵੱਲ ਤੁਰਨ ਦਾ ਬਦਲ ਸੁਝਾਉਂਦਾ ਹੈ। ਭਾਈ ਕੁੱਕੀ ਵਾਂਗ ਕਿਸੇ ਸਮੇ ਸਿਰਦਾਰ ਕਪੂਰ ਸਿੰਘ ਨੇ ਵੀ ਸਰਦਾਰ ਗਜਿੰਦਰ ਸਿੰਘ ਹੁਰਾਂ ਨੂੰ ਜਹਾਜ਼ ਅਗਵਾ ਕਰਨ ਵਰਗੀ ਮਾਅਰਕੇਬਾਜ਼ੀ ਤੋਂ ਵਰਜਿਆ ਸੀ। ਪਰ, "ਸ਼ਾਹ ਮੁਹੰਮਦਾ ਵਰਜ ਨਾਂ ਜਾਂਦਿਆਂ ਨੂੰ, ਫੌਜਾਂ ਹੋਇ ਮੁਹਾਣੀਆਂ ਕਦ ਮੁੜੀਆਂ", ਸਰਦਾਰ ਗਜਿੰਦਰ ਸਿੰਘ ਹੁਰੀਂ ਜਹਾਜ਼ ਅਗਵਾ ਕਰਨੋ ਨਾਂ ਟਲੇ। ਸਿਰਦਾਰ ਕਪੂਰ ਸਿੰਘ ਜਿਨ੍ਹਾਂ ਨੂੰ ਕੌਮ ਵਾਸਤੇ ਕੁੱਝ ਕਰਨ ਲਈ ਤਿਆਰ ਕਰਨ ਵਾਸਤੇ ਰਾਜਸੀ ਫਲਸਫੇ ਦੇ ਡੂੰਘੇ ਭੇਦ ਸਮਝਾ ਰਿਹਾ ਸੀ, ਉਹ ਜਹਾਜ਼ ਅਗਵਾ ਕਰਕੇ ਜਲਾਵਤਨੀ ਦੀ ਖੁਆਰੀ ਸਹੇੜ ਕੇ ਬੈਠ ਗਏ। ਸਿਰਦਾਰ ਨੇ ਇਸਨੂੰ ਬਚਕਾਨਾ ਕੰਮ ਆਖਿਆ ਸੀ। ਹੁਣ 41 ਸਾਲਾਂ ਬਾਅਦ ਪਾਕਿਸਤਾਨ ਨੂੰ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ ਕਿ ਉਹ ਗਜਿੰਦਰ ਸਿੰਘ ਨੂੰ ਰਾਜਸੀ ਸ਼ਰਨ ਦੇ ਦੇਵੇ।

ਟਕਰਾ ਦੀ ਰਾਜਨੀਤੀ ਦੀ ਥਾਂ ਕੋਈ ਸਿਧਾਂਤਕ ਬਿਰਤਾਂਤ ਵਾਲੀ ਰਾਜਨੀਤੀ ਉਸਾਰਨ ਲਈ ਕੁੱਕੀ ਵਾਂਗ ਸਿਰਦਾਰ ਕਪੂਰ ਸਿੰਘ ਵੀ ਅਕਾਲੀਆਂ ਉੱਪਰ ਜ਼ੋਰ ਪਾਉਂਦਾ ਰਿਹਾ। ਉਸਦਾ ਵੀ ਇਹੋ ਕਹਿਣਾ ਸੀ ਕਿ ਜੇਕਰ ਸਿੱਖ ਸੋਚਦੇ ਹੋਣ ਕਿ ਉਹ ਡਰਾ-ਧਮਕਾ ਕੇ ਜਾਂ ਚਾਲਾਕੀ ਨਾਲ ਕੁੱਝ ਪ੍ਰਾਪਤ ਕਰ ਲੈਣਗੇ ਤਾਂ, 'ਉਹ ਦਿਨ ਡੁਬਾ ਜਦ ਘੋੜੀ ਚੜ੍ਹਿਆ ਕੁੱਬਾ'। ਸਿਰਦਾਰ ਕਪੂਰ ਸਿੰਘ ਦਾ ਇਹੋ ਮੱਤ ਸੀ ਕਿ ਕੁਰਬਾਨੀਆਂ ਨਾਲ ਰਾਜ ਲੈਣ ਦੀ ਗੱਲ ਕਰਨ ਦੀ ਥਾਂ ਰਾਜਨੀਤੀ ਵਿੱਚ ਉਹ ਲੋਕ ਲੈ ਕੇ ਆਓ ਜੋ ਇਸ ਖੇਲ੍ਹ ਨੂੰ ਸਮਝਦੇ ਹੋਣ। ਸਮਝ ਵਿਹੂਣੇ ਤੱਤੇ ਅਨਸਰਾਂ ਨੂੰ ਉਨ੍ਹਾਂ ਇਹ ਗੱਲ ਯਾਦ ਰਖਣ ਲਈ ਕਿਹਾ ਸੀ ਕਿ ਜੇ ਸਿਰ ਦਿੱਤਿਆਂ ਹੀ 'ਕੌਮੀ ਘਰ' ਬਣਨੇ ਹੁੰਦੇ ਤਾਂ ਹੁਣ ਤਕ ਇਕ ਨਹੀਂ ਅਣਗਿਣਤ 'ਬਕਰਸਿਤਾਨ' ਬਣ ਗਏ ਹੁੰਦੇ।



ਕੁਕੀ ਗਿੱਲ



ਅਜਮੇਰ ਸਿੰਘ



ਮਾਲਵਿੰਦਰ ਮਾਲੀ



ਸਾਬਕਾ ਡੀ ਐਸ ਪੀ ਪੀ ਬਲਵਿੰਦਰ ਸਿੰਘ ਸੇਖੋਂ

ਪੰਜਾਬ ਅਤੇ ਪੰਜਾਬੀਆਂ ਦੀ ਮੌਜੂਦਾ ਮਾੜੀ ਹਾਲਤ ਦਾ ਕਾਰਨ ਕਹਿਣੀ ਅਤੇ ਕਰਨੀ ਵਿਚਲਾ ਫਰਕ ਹੈ। ਗੁਮਰਾਹਕੁਨ ਨਾਹਰੇ ਲਾ ਕੇ ਲੁੱਟ ਮਚਾਉਣ ਵਾਲੇ ਜਾਈ ਜਾ ਰਹੇ ਹਨ ਅਤੇ ਨਵੇਂ ਆ ਰਹੇ ਹਨ। ਰਵਾਇਤੀ ਧਿਰਾਂ ਦੀ ਥਾਂ ਖਾਲਿਸਤਾਨ ਦੇ ਨਾਹਰੇ ਤੇ ਰਾਜਨੀਤੀ ਕਰਨ ਵਾਲੇ ਵੀ ਨਾਹਰਿਆਂ ਤੋਂ ਅੱਗੇ ਨਹੀ ਗਏ। ਹਰ ਮਸਲੇ ਵਿੱਚ ਯੂ ਐਨ ਓ ਦਾ ਦਖਲ ਮੰਗਣ ਵਾਲਾ ਸਿਮਰਨਜੀਤ ਮਾਨ ਐਮ ਪੀ ਦੀ ਚੋਣ ਵੇਲੇ ਦੀਪ ਸਿੱਧੂ ਅਤੇ ਮੂਸੇਵਾਲੇ ਦੇ ਕਤਲ ਦੀ ਜਾਂਚ ਵੀ ਯੂ ਐਨ ਓ ਤੋਂ ਕਰਾਉਣ ਦੀ ਵੱਡੀ ਗੱਲ ਕਰਦਾ ਸੀ। ਕੁੱਕੀ ਪੁੱਛਦਾ ਹੈ ਕਿ ਹੁਣ ਐਮ ਪੀ ਬਣ ਕੇ ਲੋਕ ਸਭਾ ਵਿੱਚ ਜਾਂਚ ਦੇ ਮੁੱਦਿਆਂ ਬਾਰੇ ਮਾਨ ਕਿਉਂ ਨਹੀ ਬੋਲਿਆ? ਗੱਲ ਸਾਫ ਹੈ ਯੂ ਐਨ ਓ ਵਰਗੀਆਂ ਵੱਡੀਆਂ ਗੱਲਾਂ ਵੀ ਲੋਕਾਂ ਨੂੰ ਭਰਮਾਉਣ ਲਈ ਕੀਤੀਆਂ ਜਾਂਦੀਆਂ ਹਨ। ਭਲਾ ਕਿਸੇ ਐਕਸੀਡੈਂਟ ਦੀ ਯੂ ਐਨ ਓ ਕੀ ਜਾਂਚ ਕਰੂ? ਕੁੱਕੀ ਨੌਜੁਆਨਾਂ ਨੂੰ ਐਸੀ ਭਰਮਾਊ ਸਿਆਸਤ ਤੋਂ ਸਾਵਧਾਨ ਰਹਿਣ ਲਈ ਆਖਦਾ ਹੈ।

ਰੈਫਰੈਂਡਮ ਵਾਲਿਆਂ ਦੀ ਜਥੇਬੰਦੀ ਤੇ ਭਾਰਤ ਵਿੱਚ ਗੈਰਕਨੂੰਨੀ ਹੈ। ਪਰ ਉਹ ਚੋਰੀ-ਛੁਪੇ ਕਿਸੇ ਨਾਂ ਕਿਸੇ ਕੰਧ 'ਤੇ ਨਾਹਰੇ ਲਿਖ ਕੇ ਖਾਲਿਸਤਾਨ ਲੈਣ ਦਾ ਭਰਮ ਸਿਰਜ ਰਹੇ ਹਨ। ਕੁੱਕੀ ਸਵਾਲ ਕਰਦਾ ਹੈ ਕਿ ਕੀ ਇਸ ਤਰਾਂ ਕੰਧਾਂ ਕਾਲੀਆਂ ਕਰਨ ਨਾਲ ਖਾਲਿਸਤਾਨ ਬਣ ਜਾਊ? ਇਸ ਵਾਸਤੇ ਕਿਸੇ ਪਾਏਦਾਰ ਜਥੇਬੰਦੀ ਦੀ ਲੋੜ ਹੈ ਜਿਸਦਾ ਕੋਈ ਠੋਸ ਰਾਜਨੀਤਕ ਨਜ਼ਰੀਆ ਅਤੇ ਆਧਾਰ ਹੋਵੇ।

ਕੁੱਕੀ ਕਿਸੇ ਜਥੇਬੰਦੀ ਵੱਲੋਂ ਔਰਤਾਂ-ਮਰਦਾਂ ਦੀ ਨਿੱਜੀ ਆਜ਼ਾਦੀ ਵਿਚ ਕਿਸੇ ਦਖਲਅੰਦਾਜ਼ੀ ਦਾ ਹਾਮੀ ਨਹੀਂ ਹੈ। ਮੁੜ ਸਿਰਜਿਆ ਜਾਣ ਵਾਲਾ ਪੰਜਾਬ ਸਾਰੇ ਪੰਜਾਬੀਆਂ ਦਾ ਹੈ, ਨਾ ਕੇਵਲ ਸਿੱਖਾਂ ਦਾ। ਕੁੱਕੀ ਦੇ ਨਜ਼ਰੀਏ ਤੋਂ ਬਾਬੇ ਨਾਨਕ ਦੇ ਸਰਬ ਸਾਂਝੀਵਾਲਤਾ ਵਾਲੇ ਸਮਾਜ, ਗੁਰਾਂ ਦੇ ਨਾਂ 'ਤੇ ਵਸਦੇ ਪੂਰਨ ਸਿੰਘ ਦੇ ਪੰਜਾਬ, 'ਜਿੱਥੇ ਨਾ ਵੈਰ ਕੋਈ, ਜਿੱਥੇ ਨਾ ਗੈਰ ਕੋਈ', ਦੀ ਝਲਕ ਪੈਂਦੀ ਹੈ।

ਕੁੱਲ ਮਿਲਾ ਕੇ ਕੁੱਕੀ ਗਿੱਲ, ਮਾਲੀ ਅਤੇ ਡੀ ਐਸ ਪੀ ਸੇਖੋਂ ਇੱਕੋ ਵੇਲੇ ਪੰਜਾਬ ਵਿਚਲੀਆਂ ਕਈ ਬੇਤੁਕੀਆਂ ਧਾਰਾਵਾਂ, ਬੇਸਿਰ ਪੈਰ ਧਾਰਨਾਵਾਂ, ਭਾਵੁਕ ਵਹਿਣ ਦਾ ਲਾਹਾ ਲੈਣ ਵਾਲੀਆਂ ਧਿਰਾਂ ਨੂੰ ਆਪਣੇ ਇਖਲਾਕੀ ਧਰਾਤਲ ਤੋਂ ਸਵਾਲਾਂ ਜ਼ਰੀਏ ਵੰਗਾਰ ਰਹੇ ਹਨ ਅਤੇ ਭਾਵੁਕ ਹੋ ਕੇ ਵਰਤੇ ਜਾਣ ਵਾਲੇ ਨੌਜੁਆਨਾਂ ਨੂੰ ਵਿਚਾਰਾਂ ਦੀ ਦੁਨੀਆਂ ਵਿੱਚ ਠਿੱਲ ਕੇ ਨਰੋਆ ਪੰਜਾਬ ਸਿਰਜਣ ਵਾਸਤੇ ਸੰਵਾਦ ਜ਼ਰੀਏ ਕੋਈ ਜਥੇਬੰਦਕ ਬਾਨਣੂੰ ਬੰਨ੍ਹਣ ਦੀ ਸੇਧ ਵੱਲ ਇਸ਼ਾਰਾ ਕਰ ਰਹੇ ਹਨ।

**ਅੰਤਿਕਾ:** ਅੰਮ੍ਰਿਤਪਾਲ ਸਿੰਘ ਦੇ ਵਰਤਾਰੇ ਪਿਛੇ ਕੇਂਦਰੀ ਹਕੂਮਤ ਦੀ ਕਿਸੇ ਸਾਜਿਸ਼ ਦਾ ਖੁਫੀਆ ਏਜੰਸੀਆ ਦਾ ਹੱਥ ਹੋਣ ਬਾਰੇ ਕਿਆਸਆਰਾਈਆਂ ਲਾਉਣ ਦੀ ਕੋਈ ਤੁਕ ਨਹੀਂ ਹੈ, ਉਸ ਪਿਛੇ ਜਿਹੜੀਆਂ ਧਿਰਾਂ ਹੋ ਸਕਦੀਆਂ ਹਨ, ਉਨ੍ਹਾਂ ਦੀ ਚੀਰ-ਫਾੜ੍ਹ ਪੰਜਾਬੀ ਬਾਗ ਦੇ ਮਾਲੀ ਨੇ ਕਿਸੇ ਤਜਰਬੇਕਾਰ ਸੱਜਣ ਵਾਗੂੰ ਬਾਖੂਬੀ ਕਰ ਦਿਤੀ ਹੈ।

ਬਾਦਲ /ਕੈਪਟਨ ਤੇ ਹੁਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਦਾ ਨੰਗ ਵੀ ਇਨ੍ਹਾਂ ਸੱਜਣਾਂ ਨੇ ਬੜੀ ਬੇਬਾਕੀ ਨਾਲ ਨੰਗਾ ਕੀਤਾ ਹੈ। ਵੇਖਣਾ ਇਹ ਹੈ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਨੌਜਵਾਨ ਇਨ੍ਹਾਂ ਸੱਜਣਾਂ ਦੀਆਂ ਨਸੀਹਤਾਂ ਵਲ ਕੋਈ ਧਿਆਨ ਦਿੰਦੇ ਹਨ ਕਿ ਨਹੀਂ।

## ਗ਼ਜ਼ਲ

ਸ਼ਹਿਰ ਦਾ ਮੰਜ਼ਰ ਦਿਲਾਂ ਵਿਚ ਖ਼ੌਫ਼ ਐਨਾ ਭਰ ਗਿਆ।
ਦੂਰ ਬੈਠਾ ਆਲ੍ਹਣੇ ਵਿਚ ਹਰ ਪਰਿੰਦਾ ਡਰ ਗਿਆ।

ਮਾਣ ਕੇ ਛਾਂ ਉਸ ਨੇ ਦਿੱਤਾ ਰੁੱਖ ਨੂੰ ਸਨਮਾਨ ਇਹ,
ਜਾਣ ਲੱਗਾ ਓਸ ਦੀ ਹਰ ਸ਼ਾਖ਼ ਨੰਗੀ ਕਰ ਗਿਆ।

ਦਿਲ 'ਚ ਹੁੰਦੀ ਜੇ ਮੁਹੱਬਤ ਫੇਰ ਨਾ ਤੂੰ ਪੁੱਛਦਾ,
ਬਾਂਸ ਐਨੀ ਪੀੜ ਕਿੱਦਾਂ ਬੰਸਰੀ ਲਈ ਜਰ ਗਿਆ।

ਰਾਖ ਹੋਏ ਖੇਤ ਸੋਨੇ ਵਾਂਗ ਸੀ ਜੋ ਲਿਸ਼ਕਦੇ,
ਫਸਲ 'ਤੇ ਇਸ ਵਾਰ ਬੱਦਲ਼ ਕਿਸ ਤਰਾਂ ਦਾ ਵਰ੍ਹ ਗਿਆ।

ਝੱਖੜਾਂ ਨੂੰ ਜੋ ਰਿਹਾ ਵੰਗਾਰਦਾ ਹਰ ਵਕਤ ਹੀ,
ਸ਼ਖ਼ਸ ਉਹ ਅੱਜ ਵਾ-ਵਰੋਲ਼ਾ ਵੇਖ ਕੇ ਹੀ ਡਰ ਗਿਆ।

ਦਿਲ 'ਚ ਜੋ ਸੀ ਖੌਲਦਾ ਨਾ ਦਿਸ ਰਿਹਾ ਸ਼ਿਅਰਾਂ 'ਚ ਹੁਣ,
ਕੁਝ ਪਤਾ ਲਗਦਾ ਨਹੀਂ ਉਹ ਫ਼ਲਸਫ਼ਾ ਕਿੱਧਰ ਗਿਆ।

ਹੁਕਮਰਾਨੋ ਉਹ ਪਰਿੰਦਾ ਫੜ ਨਹੀਂ ਹੋਣਾ ਕਦੇ,
ਫ਼ਤਵਿਆਂ ਦੇ ਦੌਰ ਵਿਚ ਵੀ ਜੋ ਉਡਾਰੀ ਭਰ ਗਿਆ।

**-ਅਜੈ ਤਨਵੀਰ**

*ਇਹ ਰਚਨਾ ਪੱਤਰਕਾਰ ਐਸ.ਪੀ. ਸਿੰਘ ਦੀ ਲਿਖੀ ਹੋਈ ਹੈ ਜੋ ਮੂਲ ਰੂਪ ਵਿਚ ਵ੍ਹੱਟਸਐਪ 'ਤੇ ਅੰਗਰੇਜ਼ੀ ਵਿਚ ਪੜ੍ਹਨ ਨੂੰ ਮਿਲੀ। ਇਹ ਬਿਰਤਾਂਤ ਇੰਨੇ ਸੁਹਜ ਤੇ ਸੰਵੇਦਨਾ ਵਾਲਾ ਹੈ ਕਿ ਇਹਨੂੰ ਪੜ੍ਹਦਿਆਂ 1960 ਦੇ ਕਿਸੇ ਉਸ ਦਿਨ ਵਿਚ ਗਵਾਚ ਗਿਆ ਜਦੋਂ ਸਾਡੇ ਗਿਆਨੀ ਨਿਰੰਜਨ ਸਿੰਘ ਜੀ ਸਾਨੂੰ 'ਬਾਗੀ ਦੀ ਧੀ' ਪੜ੍ਹਾ ਰਹੇ ਸਨ ਅਤੇ ਪਿਆਰਾ ਬਿੱਲਾ ਕਹਾਣੀ ਦਾ ਪੈਰਾ-ਦਰ-ਪੈਰਾ ਬੜੇ ਠਹਿਰਾਉ ਨਾਲ ਪੜ੍ਹ ਰਿਹਾ ਸੀ। ਉਹਦੀ ਆਵਾਜ਼ ਦਰਦ ਵਿਚ ਭਿੱਜੀ ਸੀ ਤੇ ਮੇਰੀਆਂ ਅੱਖਾਂ ਅੱਥਰੂਆਂ ਨਾਲ। ਕਹਾਣੀ ਤਾਂ ਮੈਂ ਪਹਿਲਾਂ ਹੀ ਪੜ੍ਹ ਲਈ ਸੀ, ਸਿਲੇਬਸ ਵਿਚ ਲੱਗਾ ਕਹਾਣੀ ਸੰਗ੍ਰਹਿ ਖ਼ਰੀਦਣ ਸਮੇਂ ਹੀ। ਅੱਜ ਤਾਂ ਕਲਾਸ ਵਿਚ ਬੈਠਾ ਪਹਿਲੇ ਦਿਨ ਕਹਾਣੀ ਪੜ੍ਹਨ 'ਤੇ ਹੋਇਆ ਦਰਦ ਛਿੱਲ ਰਿਹਾ ਸਾਂ। ਐਸ.ਪੀ. ਸਿੰਘ ਨੇ ਇਹ ਵਾਰਤਕ ਟੋਟਾ ਲਿਖ ਕੇ ਮੇਰੇ ਪਿਆਰੇ ਲੇਖਕ ਗੁਰਮੁਖ ਸਿੰਘ ਮੁਸਾਫ਼ਿਰ ਅਤੇ 'ਬਾਗੀ ਦੀ ਧੀ' ਦੀ ਪਾਤਰ ਲਾਜ ਵਾਸਤੇ ਮੇਰੇ ਅੰਦਰ ਮੋਹ, ਸੰਵੇਦਨਾ ਤੇ ਦਰਦ ਦਾ ਉਛਾਲਾ ਮਾਰ ਕੇ ਮੈਨੂੰ ਮੁੜ ਭਿਉਂ ਦਿੱਤਾ। ਲੇਖਕ ਨੇ ਬੰਦੇ ਦੇ ਜਜ਼ਬਿਆਂ ਅਤੇ ਭਾਵਨਾਵਾਂ ਨੂੰ ਛਿੱਲਣ, ਤਰਾਸ਼ਣ ਤੇ ਤਰਤੀਬ ਦੇਣ ਵਿਚ ਅਧਿਆਪਕ ਅਤੇ ਸਾਹਿਤ ਦੇ ਯੋਗਦਾਨ ਦੀ ਅਜਿਹੀ ਬਾਤ ਪਾਈ ਹੈ ਕਿ ਉਹਦੇ ਹੱਥ ਚੁੰਮਣ ਨੂੰ ਜੀਅ ਕਰਦਾ ਹੈ। ਮੈਂ ਇਹ ਹਸਰਤ ਪਰਗਟ ਕੀਤੀ ਕਿ ਕਾਸ਼! ਇਹ ਵਾਰਤਕ ਟੋਟਾ ਪੰਜਾਬੀ ਵਿਚ ਵੀ ਹੁੰਦਾ ਜਿਸ ਨੂੰ ਪੜ੍ਹ ਕੇ ਨਵੀਂ ਪੀੜ੍ਹੀ 'ਪੁਰਾਣੇ' ਸਾਹਿਤ ਦੀ ਅਜ਼ਮਤ ਤੋਂ ਜਾਣੂ ਹੋ ਸਕਦੀ ਅਤੇ ਬਹੁਮੁਖੀ ਪ੍ਰਤਿਭਾ ਵਾਲੇ ਲੇਖਕ, ਰਾਜਨੀਤੀਵਾਨ ਤੇ ਸ਼ਾਨਦਾਰ ਮਨੁੱਖ ਗੁਰਮੁਖ ਸਿੰਘ ਮੁਸਾਫ਼ਿਰ ਜੀ ਦੇ ਹਵਾਲੇ ਨਾਲ ਸੁਨਹਿਰੇ ਦੌਰ ਤੋਂ ਹੀ ਵਾਕਫ਼ ਹੋ ਸਕਦੀ ਜਦੋਂ ਲੇਖਕਾਂ ਤੇ ਲੀਡਰਾਂ ਵਿਚ 'ਕਣ' ਹੁੰਦਾ ਸੀ। ਅੱਜਕੱਲ੍ਹ ਕਿੱਥੇ ਹਨ ਉਹੋ ਜਿਹੇ ਲੇਖਕ, ਰਾਜਨੀਤੀਵਾਨ ਤੇ ਮਹਾਨ ਮਨੁੱਖ! ਇਹ ਲਿਖਤ ਗੁਰਮੁਖ ਸਿੰਘ ਮੁਸਾਫ਼ਿਰ ਜੀ ਦੀ ਕਹਾਣੀ 'ਬਾਗੀ ਦੀ ਧੀ' 'ਤੇ ਬਣੀ ਫਿਲਮ ਦੇ ਹਵਾਲੇ ਨਾਲ ਲਿਖੀ ਗਈ ਹੈ। ਇਸ ਲਿਖਤ ਰਾਹੀਂ ਯਾਦਾਂ ਦੇ ਵਹਿਣ ਨਾਲ ਵਹਾਅ ਕੇ ਲੈ ਜਾਣ ਵਾਲੇ ਲੇਖਕ ਨੇ ਪਿਛਲੇ ਪੰਜਾਹ-ਸੱਠ ਸਾਲ ਦੇ ਇਤਿਹਾਸ ਦੀਆਂ ਵੀ ਅਨੇਕ ਤਹਿਆਂ ਫਰੋਲ ਮਾਰੀਆਂ ਅਤੇ ਹੋਰ ਲੇਖਕਾਂ ਤੇ ਲਿਖਤਾਂ ਦੀ ਮਹਾਨਤਾ ਨਾਲ ਵੀ ਸਾਂਝ ਪਵਾਈ ਹੈ। ਮੇਰੀ ਬੇਨਤੀ ਪ੍ਰਵਾਨ ਕਰਦਿਆਂ ਐਸ.ਪੀ. ਸਿੰਘ ਨੇ ਇਹ ਬਿਰਤਾਂਤ ਮੁੜ ਪੰਜਾਬੀ ਵਿਚ ਲਿਖ ਕੇ ਮੇਰੇ/ਸਾਡੇ ਸਿਰ ਅਹਿਸਾਨ ਕੀਤਾ ਹੈ। 1952-53 ਦੀ ਗੱਲ ਹੋਵੇਗੀ, ਸਾਡੇ ਘਰ ਵਿਚ ਭਾਂਡਿਆਂ ਵਾਲੇ ਵਾਧੇ 'ਤੇ ਗੁਰਮੁਖ ਸਿੰਘ ਮੁਸਾਫ਼ਿਰ ਦੀ 'ਗੁਟਾਰ' ਅਤੇ ਨਾਨਕ ਸਿੰਘ ਦਾ 'ਚਿੱਟਾ ਲਹੂ' ਪਿਆ ਹੁੰਦਾ ਸੀ। ਮੇਰੇ ਪਿਉ ਨੇ ਰਾਤ ਨੂੰ ਲਾਲਟੈਨ ਦੇ ਚਾਨਣ ਵਿਚ ਇਹ ਕਿਤਾਬਾਂ ਦੂਜੇ ਮੰਜੇ 'ਤੇ ਲੇਟੀ ਮੇਰੀ ਮਾਂ ਨੂੰ ਪੜ੍ਹ ਕੇ ਸੁਣਾਈਆਂ ਸਨ। ਮੈਂ ਤਾਂ ਉਹਦੇ ਨਾਲ ਪਿਆ ਮੁਫ਼ਤ ਵਿਚ ਸਭ ਕੁਝ ਸੁਣੀ ਜਾਂਦਾ ਸਾਂ। ਜਦੋਂ ਅਜੇ ਮੈਂ ਕਿਤਾਬ ਪੜ੍ਹਨ ਦੀ ਉਮਰ ਵਿਚ ਵੀ ਨਹੀਂ ਸਾਂ, ਮੁਸਾਫ਼ਿਰ ਅਤੇ ਨਾਨਕ ਸਿੰਘ ਦੀਆਂ ਲਿਖਤਾਂ ਦਾ ਆਸ਼ਕ ਹੋ ਗਿਆ ਸਾਂ। ਐਸ.ਪੀ. ਸਿੰਘ ਜੀ ਨੇ ਮੁਸਾਫ਼ਿਰ ਨਾਲ ਮੇਰੇ ਇਸ਼ਕ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। -ਵਰਿਆਮ ਸਿੰਘ ਸੰਧੂ*

# 'ਬਾਗੀ ਦੀ ਧੀ' ਦੇ ਹਵਾਲੇ ਨਾਲ ਭੁੱਲੀਆਂ ਵਿਸਰੀਆਂ ਯਾਦਾਂ

ਹੁਣ ਵਿਰਲਾ ਟਾਵਾਂ ਹੀ ਕੋਈ ਸਿਆਸਤਦਾਨ ਕਿਸੇ ਕਿਤਾਬ ਨਾਲ ਬਗਲਗੀਰ ਦਿਸਦਾ ਹੈ।

ਮੁੱਦਤਾਂ ਹੋ ਜਾਂਦੀਆਂ ਹਨ ਕਿਸੇ ਨੇਤਾ ਨੂੰ ਕਿਸੇ ਕਿਤਾਬਾਂ ਦੀ ਦੁਕਾਨ 'ਤੇ ਵੇਖਿਆਂ। ਵਿਧਾਨ ਸਭਾ ਦੀ ਲਾਇਬ੍ਰੇਰੀ 'ਚੋਂ ਅੰਦਰ ਬਾਹਰ ਨਿਕਲਦਿਆਂ ਵੀ ਪੱਤਰਕਾਰਾਂ ਦਾ ਇਹਨਾਂ ਭੱਦਰਪੁਰਸ਼ਾਂ ਨਾਲ ਹੁਣ ਟਾਕਰਾ ਨਹੀਂ ਹੁੰਦਾ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਹੁਣ ਤਾਂ ਦੋਹਾਂ ਧਿਰਾਂ ਨੇ ਹੀ ਮਰੇ ਦਰੱਖਤਾਂ ਉੱਤੇ ਡੁੱਲ੍ਹੀ ਸਿਆਹੀ ਵਾਲੀਆਂ ਵਸਤਾਂ ਨਾਲ ਤਰਕ-ਏ-ਤੱਲੋਕਾਤ ਕਰ ਲਿਆ ਹੈ ਪਰ ਇੱਕੋ ਸਮੇਂ ਭੂੰਡਾਂ ਦੀਆਂ ਦੋ ਖੱਖਰਾਂ ਉੱਤੇ ਵੱਟੇ ਮਾਰਨ ਦਾ ਮੇਰਾ ਕੋਈ ਇਰਾਦਾ ਨਹੀਂ।

ਇਸ ਸੂਰਤ ਵਿਚ ਇਹ ਉਮੀਦ ਕਰਨੀ ਤਾਂ ਮੂਲੋਂ ਅਹਿਮਕਾਨਾ ਹੋਵੇਗੀ ਕਿ ਰੇਤੇ, ਸ਼ਰਾਬ, ਟਰਾਂਸਪੋਰਟ, ਸਿੱਖਿਆ ਜਾਂ ਰੀਅਲ ਐਸਟੇਟ ਵਿਚੋਂ ਪੀੜ੍ਹੀਆਂ ਜੋਗੀ ਕਮਾਈ



**ਐਸ.ਪੀ. ਸਿੰਘ**
ਫੋਨ: +91-98158-08787

ਕਰਨ ਵਾਲੇ ਹੋਣਹਾਰ ਹੁਣ ਕਹਾਣੀਆਂ, ਕਵਿਤਾਵਾਂ, ਨਾਵਲ ਵੀ ਲਿਖਣ। ਫਿਰ ਕੋਈ ਐਸੀ ਕਥਾ ਛੇੜਨਾ ਜਿਸ ਵਿਚ ਕਿਸੇ ਤਖ਼ਤ ਸਾਹਿਬ ਦੇ ਜਥੇਦਾਰ ਦਾ ਜ਼ਿਕਰ ਹੋਵੇ ਜਿਹੜਾ ਰੋਮਾਂਟਿਕ ਕਹਾਣੀਆਂ ਲਿਖਦਾ ਹੋਵੇ, ਕਿਸੇ ਨੂੰ ਜ਼ਿਕਰ-ਏ-ਕੁਫ਼ਰ ਜਾਪ ਸਕਦਾ ਹੈ। ਜੇ ਕਿਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਲਾਉਣ ਵਾਲੇ ਲੋਕਾਂ ਬਾਰੇ ਕੋਈ ਅਲੌਕਿਕ ਕਹਾਣੀ ਲਿਖੇ ਤਾਂ ਵਰਤਾਰਾ ਅਸੰਗਤ ਸਮਝਿਆ ਜਾਵੇਗਾ। ਕੋਈ ਨੇਤਾ ਸਾਹਿਤ ਅਕਾਦਮੀ ਇਨਾਮ ਦੀ ਦੌੜ ਵਿਚ ਹੋਵੇ, ਇਹ ਤਾਂ ਕਿਸੇ ਫਰਾਡ ਵਰਗੀ ਗੱਲ ਹੈ (ਉਂਝ ਜੇ ਹੁਣ ਕਿਤੇ ਕੋਈ ਨੇਤਾ ਜੀ ਕੋਈ ਮਹਾਨ ਸਾਹਿਤਕ ਇਨਾਮ ਜਿੱਤ ਵੀ ਜਾਣ ਤਾਂ ਬਹੁਤਾ ਹੈਰਾਨ ਨਾ ਹੋਣਾ, ਪੈਸੇ ਅਤੇ ਹਕੂਮਤੀ ਮਹਿਫ਼ਲਾਂ ਵਿਚ ਰਸੂਖ ਨੂੰ ਤਰਸਦੀਆਂ ਬਹੁਤ ਸਾਰੀਆਂ ਸਾਹਿਤਕ ਸਭਾ ਸੁਸਾਇਟੀਆਂ ਇਹ ਇੰਤਜ਼ਾਮ ਕਰਨ ਨੂੰ ਪੱਬਾਂ ਭਾਰ ਹੋ ਸਕਦੀਆਂ ਹਨ)।

ਖ਼ੈਰ, ਇਹ ਸਭ ਤਾਂ ਤੁਸੀਂ ਜਾਣਦੇ ਹੀ ਹੋ। ਅੱਜ ਤਾਂ ਮੈਂ 12 ਸਾਲ ਦੀ ਉਸ ਅੱਲ੍ਹੜ ਕੁੜੀ ਬਾਰੇ ਗੱਲ ਕਰਨੀ ਹੈ ਕਿਉਂ ਜੋ ਜ਼ਿਕਰ ਹੋਇਆ ਹੈ ਕਿ ਉਸ ਨਾਲ ਫਿਰ ਮੁਲਾਕਾਤ ਹੋਵੇਗੀ।

ਇਸ ਕਥਾ-ਏ-ਅਤੀਤ ਦੇ ਕੁਝ ਹਿੱਸੇ ਲਗਭਗ ਅਵਿਸ਼ਵਾਸਯੋਗ ਜਾਪਦੇ ਹਨ। ਇਹ ਕਥਾ ਇੱਕ ਕਹਾਣੀ ਬਾਰੇ ਹੈ, ਤੇ ਉਸ ਕਹਾਣੀ ਦੇ ਲੇਖਕ ਬਾਰੇ ਹੈ। ਕਈ ਦਹਾਕਿਆਂ ਤੋਂ ਇਹ ਲੇਖਕ, ਉਹਦੀ ਇਹ ਕਹਾਣੀ ਅਤੇ 12 ਸਾਲਾਂ ਦੀ ਉਹ ਕੁੜੀ ਮੇਰੇ ਮਨ ਮਸਤਿਕ ਵਿਚ ਕਿਸੇ ਅਟੁੱਟ ਰੂਪ ਵਿਚ ਜੁੜੇ ਹੋਏ ਹਨ। ਜਦੋਂ ਮੈਂ ਪਹਿਲੀ ਵਾਰ ਉਸ ਦੇ ਮਾਤਾ-ਪਿਤਾ, ਕਿਸ਼ਨ ਸਿੰਘ ਅਤੇ ਸ਼ਰਨ ਕੌਰ ਨੂੰ ਮਿਲਿਆ ਤਾਂ ਮੈਨੂੰ ਅਕਾਲ ਤਖ਼ਤ ਦੇ ਜਥੇਦਾਰ ਜਾਂ ਪੰਜਾਬ ਦੇ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਸਬੰਧ ਬਾਰੇ ਕੋਈ ਜਾਣਕਾਰੀ ਨਹੀਂ ਸੀ। ਮੈਂ ਤਾਂ ਸਿਰਫ਼ ਉਨ੍ਹਾਂ ਦੀ ਧੀ ਨੂੰ ਜਾਣਦਾ ਸੀ- ਲਾਜ ਨੂੰ 12 ਸਾਲਾਂ ਦੀ ਲਾਜ ਨੂੰ।

ਮੈਂ ਆਪ ਹਾਲੇ ਸਿਰਫ਼ 14 ਸਾਲ ਦਾ ਸੀ।

ਸ਼ਹਿਰ ਲੁਧਿਆਣੇ ਦੇ ਬਾਹਰਲੇ ਕੰਢੇ, ਫੈਲਦੇ ਹੋਏ ਮੁਹੱਜ਼ਬ ਮਾਡਲ ਟਾਊਨ ਦੀ ਤਰਜ਼ ਉੱਤੇ ਬਣ ਰਹੇ ਉਹਦੇ ਤੋਂ ਫਾਡੀ ਮਾਡਲ ਹਾਊਸ ਇਲਾਕੇ ਦੇ ਪਾਰਲੇ ਕਿਨਾਰੇ ਤਾਂ ਪੱਕੀ ਸੜਕ ਹੀ ਹਾਲੇ ਨਵੀਂ-ਨਵੀਂ ਆਈ ਸੀ। ਉੱਥੋਂ ਰੋਜ਼ ਲੱਗਭਗ ਪੰਜ ਕਿਲੋਮੀਟਰ ਦਾ ਪੈਂਡਾ ਗਾਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚਲੇ ਸਰਕਾਰੀ ਸਕੂਲ ਵਿਚ ਜਾਣਾ ਪ੍ਰਾਪਤੀ ਵਰਗਾ ਭਾਸਦਾ ਸੀ। ਕਾਰ ਕਿਸੇ ਵਿਰਲੇ ਟਾਵੇਂ ਕੋਲ ਸੀ, ਸਕੂਟਰ ਕਿਸਮਤ ਵਾਲੇ ਕੋਲ, ਤੇ ਹਮਾਤੜ ਹਾਲੇ ਸਾਈਕਲ ਦੀ ਵਾਰ-ਵਾਰ ਉਤਰਦੀ ਚੇਨ ਚੜ੍ਹਾਉਣ ਦਾ ਮਾਹਿਰ ਬਣਨਾ ਲੋਚ ਰਿਹਾ ਸੀ। ਕਿਉਂ ਜੋ ਹਾਲੇ ਮਾਡਲ ਟਾਊਨ ਐਕਸਟੈਂਸ਼ਨ ਦਾ ਜਨਮ ਨਹੀਂ ਸੀ ਹੋਇਆ, ਕੋਠੀਆਂ ਨੇ ਹਾਲੇ ਖੇਤ ਨਹੀਂ ਸੀ ਖਾਧੇ, ਇਸ ਲਈ ਟੋਭੇ ਟਿੱਬੇ ਵੀ ਦਿੱਸਦੇ ਸਨ ਅਤੇ ਘਰਦਿਆਂ ਤੋਂ ਚੋਰੀ-ਚੋਰੀ ਸਿੱਧਵਾਂ ਵਾਲੀ ਨਹਿਰ ਵਿਚ ਤਾਰੀਆਂ ਲਾਉਣ ਜਾਂਦੇ ਅਸੀਂ ਪਰਲੀ ਨੁੱਕਰ ਤੋਂ ਉੱਠਦਾ ਧੂੰਆਂ ਦੇਖ ਸਮਝ ਜਾਂਦੇ ਕਿ ਸ਼ਮਸ਼ਾਨ ਘਾਟ ਵਿਚ ਅੱਜ ਸਿਖਰ ਦੁਪਹਿਰੇ ਫਿਰ ਕੋਈ ਮਹਿਮਾਨ ਸੜਨ ਆਇਆ ਹੈ। 1980ਵਿਆਂ ਦੇ ਸ਼ੁਰੂ ਦੇ ਸਾਲਾਂ ਵਿਚ ਸਾਡਾ ਹਕੀਕੀ, ਸੋਸ਼ਲ ਅਤੇ ਸਾਈਬਰ ਸਪੇਸ ਕੁੱਲ ਇੰਨਾ ਹੀ ਸੀ।

ਸੀਮਤ ਸਾਧਨਾਂ ਵਾਲੇ ਪਰਿਵਾਰਾਂ 'ਚੋਂ ਆਏ ਕਿਸੇ 14 ਸਾਲਾਂ ਦੇ ਬਾਲ ਕੋਲ ਇਸ ਤੋਂ ਬਿਨਾਂ ਸਿਰਫ਼ ਸਕੂਲ ਸੀ। ਸ਼ੈਤਾਨ ਹੀ ਆਕਾ ਹੋਵੇਗਾ ਉਸ ਅਕਲ-ਏ-ਕੁੱਲ ਵਿਦਵਾਨ ਦਾ ਜਿਸ ਨੇ ਫੈਸਲਾ ਕੀਤਾ ਹੋਵੇਗਾ ਕਿ ਨੌਵੀਂ ਜਮਾਤ ਦੇ ਵਿਦਿਆਰਥੀ ਬਲਵੰਤ ਗਾਰਗੀ ਦੀ 'ਕੁਆਰੀ ਟੀਸੀ' ਅਤੇ ਰਬਿੰਦਰ ਨਾਥ ਟੈਗੋਰ ਦੀ 'ਘਰ ਵਾਪਸੀ' (ਦਿ ਹੋਮਕਮਿੰਗ) ਦੀਆਂ ਰਮਜ਼ਾਂ ਸਮਝ ਜਾਣਗੇ। ਅਧਿਆਪਕ ਨੇ ਜ਼ਰੂਰ ਕੋਸ਼ਿਸ਼ ਕੀਤੀ ਹੋਵੇਗੀ ਪਰ ਮੈਨੂੰ ਇਹ ਚਿੰਤਾ ਰਹਿੰਦੀ ਸੀ ਕਿ ਚੰਦੀ ਕਿਉਂ ਉਸ ਕਾਮਰੇਡ ਮੁੰਡੇ ਨਾਲ ਚਲੀ ਗਈ, ਬਰਫ਼ ਦਾ ਦੇਵਤਾ ਭਾਵੇਂ ਅੰਧਵਿਸ਼ਵਾਸ ਹੋਸੀ ਪਰ ਮੌਸਮ ਤਾਂ ਕਾਫੀ ਖ਼ਰਾਬ ਸੀ। ਆਪ ਮੈਂ ਹਮੇਸ਼ਾ ਟੈਗੋਰ ਦੀ 'ਘਰ ਵਾਪਸੀ' ਵਾਲੀ ਕਹਾਣੀ ਦੇ ਫਟਿਕ ਵਰਗਾ ਮਹਿਸੂਸ ਕਰਦਾ ਸੀ। 1980ਵਿਆਂ ਦੇ ਸ਼ੁਰੂ ਵਿਚ 14 ਦਾ ਹੋਣਾ ਜ਼ੁਲਮ ਸੀ।

ਤੇ ਫਿਰ ਮੈਂ 12 ਸਾਲ ਦੀ ਲਾਜ ਨੂੰ ਮਿਲਿਆ।

ਪਰ ਪਹਿਲੋਂ ਪਲ ਭਰ ਲਈ ਸਿਆਸਤਦਾਨਾਂ ਦੀ ਗੱਲ ਕਰ ਲਈਏ? ਖ਼ਾਸ ਤੌਰ ਉੱਤੇ ਉਸ ਸਿਆਸਤਦਾਨ ਦੀ ਜਿਸ ਨੇ ਲਾਜ ਦੇ ਮਾਤਾ-ਪਿਤਾ ਕਿਸ਼ਨ ਸਿੰਘ ਅਤੇ ਸ਼ਰਨ ਕੌਰ ਵਰਗੀ ਜੋੜੀ ਚਿਤਵੀ? ਹੁਣ ਤਾਂ ਐਸਾ ਸਿਆਸਤਦਾਨ ਕੋਈ ਯੂਟੋਪੀਅਨ ਖਿਆਲ ਹੀ ਲੱਗੇਗਾ। ਸਕੂਲ ਵਿਚ ਅਧਿਆਪਕ ਲੱਗਿਆ, ਤਰੱਕੀ ਕਰਨ ਹਿੱਤ 'ਗਿਆਨੀ' ਕਰ ਲਈ, ਫਿਰ ਸ਼੍ਰੋਮਣੀ ਕਮੇਟੀ ਦਾ ਸਕੱਤਰ ਬਣ ਗਿਆ, ਤੇ ਕੁਝ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਵੀ ਰਿਹਾ। ਵਕਤ ਤੁਰਿਆ, ਨਾਲ-ਨਾਲ ਇਹ ਅਧਿਆਪਕ ਮੁਸਾਫ਼ਿਰ ਤੁਰਿਆ। ਫਿਰ ਇੱਕ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਣ ਗਏ। ਕਈ ਵਾਰ ਐੱਮ.ਪੀ. ਬਣ ਲੋਕ ਸਭਾ ਵਿਚ ਵੀ ਗਏ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦੇ ਪ੍ਰਧਾਨ ਬਣੇ, ਵਿਧਾਇਕ ਚੁਣੇ ਗਏ, ਫਿਰ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਹ ਮੇਰੇ ਇੱਕ ਹੋਰ ਪਸੰਦੀਦਾ ਸਿਆਸਤਦਾਨ ਸਤਪਾਲ ਡਾਂਗ ਤੋਂ ਹਾਰੇ ਤਾਂ ਸੰਸਦ ਮੈਂਬਰ ਬਣ ਕੇ ਰਾਜ ਸਭਾ ਪਹੁੰਚੇ। ਕਲਮ ਤੁਰਦੀ ਰਹੀ। ਕਵਿਤਾਵਾਂ, ਛੋਟੀਆਂ ਕਹਾਣੀਆਂ, ਜੀਵਨੀਆਂ, ਗਾਂਧੀ ਅਤੇ ਨਹਿਰੂ ਨਾਲ ਉਹਨਾਂ ਦੀਆਂ ਨਿੱਜੀ ਯਾਦਾਂ 'ਵੇਖਿਆ ਸੁਣਿਆ ਗਾਂਧੀ' ਅਤੇ 'ਵੇਖਿਆ ਸੁਣਿਆ ਨਹਿਰੂ' ਬਹੁਤ ਸਾਰਾ ਖਜ਼ਾਨਾ ਸਾਨੂੰ ਦਿੱਤਾ। ਸਾਹਿਤ ਅਕਾਦਮੀ ਇਨਾਮ ਵੀ ਜਿੱਤਿਆ।

ਅੱਜ ਪੰਜਾਬ ਦੇ ਕਾਂਗਰਸੀ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਵੀ ਵੇਖ ਰਹੇ ਹਨ, ਪੰਜਾਬ ਵਿਚ ਪੁਰਾਣੇ ਕਾਂਗਰਸੀ ਪ੍ਰਧਾਨ ਨੂੰ ਭਗਵਿਆਂ ਹੁੰਦਿਆਂ ਤੱਕ ਰਹੇ ਹਨ, ਇੱਕ ਸਾਬਕਾ ਮੁੱਖ ਮੰਤਰੀ ਨੂੰ ਭਾਰਤ ਮਾਤਾ ਉੱਤੇ ਏਕਾਧਿਕਾਰ ਦਾ ਦਾਅਵਾ ਕਰਨ ਵਾਲੀ ਪਾਰਟੀ ਵਿਚ ਸ਼ਾਮਲ ਹੁੰਦਿਆਂ ਵੀ ਵੇਖ ਰਹੇ ਹਨ। ਦੇਸ਼ ਦਾ ਇਤਿਹਾਸ ਬਣਾਉਣ ਵਾਲੀ ਇਹ ਜਮਾਤ ਇਤਿਹਾਸ ਤੋਂ ਇੰਨਾ ਟੁੱਟ ਚੁੱਕੀ ਹੈ ਕਿ ਇਹਦੇ ਪਿਆਦੇ ਨਹੀਂ ਜਾਣਦੇ ਕਿ ਕਦੀ ਅਕਾਲ ਤਖ਼ਤ ਦਾ ਸਾਬਕਾ ਜਥੇਦਾਰ ਵੀ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਿਆ ਸੀ ਅਤੇ ਫਿਰ ਮੁੱਖ ਮੰਤਰੀ ਵੀ। ਕਿਤਾਬਾਂ ਨਾਲ ਬਗਲਗੀਰ ਕਿਤੇ ਕੋਈ ਨੇਤਾ ਦਿੱਸਦਾ ਹੁੰਦਾ ਤਾਂ ਪਤਾ ਲੱਗਦਾ!

ਪਰ 14 ਸਾਲਾਂ ਦੀ ਉਮਰੇ ਮੈਂ ਇਹ ਸਭ ਨਹੀਂ ਸੀ ਜਾਣਦਾ। ਮੈਂ ਤਾਂ ਸਿਰਫ਼ ਲਾਜ ਨੂੰ ਜਾਣਦਾ ਸੀ। ਉਹ 12 ਸਾਲ ਦੀ ਸੀ ਜਾਂ ਲਗਭਗ ਏਡੀ ਕੁ; ਤੇ ਉਹਦੇ ਮਾਂ-ਬਾਪ ਕੋਲ ਤਿਰੰਗਾ ਸੀ। ਸਿਰੇ ਦੇ ਬਗ਼ਾਵਤੀ। ਜੇਲ੍ਹ ਤਾਂ ਪਹੁੰਚਣਾ ਹੀ ਸੀ। ਜੇਲ੍ਹ ਪਹੁੰਚ ਝੰਡੇ ਨੂੰ ਲੈ ਕੇ ਪੰਗਾ ਪੈ ਚੁੱਕਾ ਸੀ। ਕਿਸ਼ਨ ਸਿੰਘ ਦੀ ਵੱਖਰੀ ਹੀ ਮੁਸ਼ਕਿਲ ਸੀ- "ਰਾਤ ਥਾਣੇ ਵਿਚ ਗੁਜ਼ਰ ਹੋਵੇਗੀ ਕਿ ਜੇਲ੍ਹ ਵਿਚ ਬਸਰ ਹੋਵੇਗੀ? ਕਿਹੜਾ ਮੁਕਾਮ ਬਿਹਤਰ ਹੈ?" ਸਾਡੇ ਅਧਿਆਪਕ ਨੇ ਸਾਨੂੰ ਸਵਾਲ ਪੁੱਛਿਆ ਸੀ। ਸਾਡੇ ਕੋਲ ਅਜਿਹੀ ਕੋਈ ਪੁਖ਼ਤਾ ਜਾਣਕਾਰੀ ਨਹੀਂ ਸੀ ਜਿਸ ਦੇ ਆਧਾਰ ਉੱਤੇ ਅਸੀਂ ਕੋਈ ਤਸੱਲੀਬਖ਼ਸ਼ ਜਵਾਬ ਦਿੰਦੇ।

ਹੁਣ ਪਿੱਛੇ ਵੇਖ ਪਤਾ ਲੱਗਦਾ ਹੈ ਕਿ 1980ਵਿਆਂ ਦੀ ਸ਼ੁਰੂਆਤ ਕਿੰਨੀ ਸਿਆਸੀ ਉਥਲ ਪੁਥਲ ਦੀ ਹਾਮਿਲ ਸੀ ਪਰ ਅਸੀਂ ਉਸ ਅੱਲ੍ਹੜ ਉਮਰੇ ਸ਼ਾਇਦ ਓਡੇ ਸਿਆਣੇ ਨਹੀਂ ਸਾਂ। ਇੰਟਰਨੈਟ, ਸੋਸ਼ਲ ਮੀਡੀਆ, ਟੈਲੀਫੋਨ ਛੱਡੋ, ਸਾਨੂੰ ਤਾਂ ਮਸੀਂ-ਮਸੀਂ ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਤੱਕ ਸੂਈ ਘੁਮਾਉਣੀ ਆਈ ਸੀ। ਮੈਂ ਅਤੇ ਮੇਰੇ ਬਹੁਤ ਸਾਰੇ ਦੋਸਤ ਐਸੇ ਪਰਿਵਾਰਾਂ 'ਚੋਂ ਆਏ ਸਾਂ ਜਿਨ੍ਹਾਂ ਘਰੀਂ ਨਾ ਟੀ.ਵੀ. ਸੀ, ਨਾ ਫੋਨ। ਜ਼ਿਆਦਾਤਰ ਕੋਲ ਦੋ ਪਹੀਆਂ ਵਾਲਾ ਕੁਝ ਨਹੀਂ ਸੀ। ਸਾਡੇ ਬਹੁਤੇ ਅਧਿਆਪਕ ਸਕੂਲੇ ਵੀ ਪੈਡਲ ਮਾਰਦੇ ਆਉਂਦੇ। ਅਖ਼ਬਾਰ ਸਾਰੇ ਘਰਾਂ ਵਿਚ ਨਹੀਂ ਸੀ ਆਉਂਦਾ। ਸਾਰੇ ਹਫ਼ਤੇ ਦਾ ਮਹਿਵਰ ਸ਼ੁੱਕਰਵਾਰ ਦੀ ਸ਼ਾਮ ਹੁੰਦੀ ਜਦੋਂ ਨੇਮ ਨਾਲ ਗੁਆਂਢੀ ਦੇ ਘਰ ਉਹਨਾਂ ਦੇ ਬਲੈਕ ਐਂਡ ਵ੍ਹਾਈਟ ਟੈਕਸਲਾ ਟੈਲੀਵਿਜ਼ਨ 'ਤੇ ਹਫ਼ਤਾਵਾਰੀ ਫਿਲਮ ਦੇਖਣ ਲਈ ਜਾਂਦੇ ਸੀ। ਅਫਵਾਹਾਂ ਜ਼ਰੂਰ ਸੁਣਦੇ ਸੀ ਉਹਨੀਂ ਦਿਨੀਂ ਕਿ ਛੇਤੀ ਹੀ ਟੀ.ਵੀ. ਰੰਗੀਨ ਹੋ ਰਿਹਾ ਹੈ ਪਰ ਸੁਣੀਆਂ-ਸੁਣਾਈਆਂ ਉੱਤੇ ਕੌਣ ਵਿਸ਼ਵਾਸ ਕਰਦਾ ਸੀ? ਨਾਲੇ ਸਾਡੀ ਨੌਵੀਂ ਦੀ ਪੰਜਾਬੀ ਵਾਰਤਕ ਵਾਲੀ ਕਿਤਾਬ ਵਿਚ 'ਪੇਮੀ ਦੇ ਨਿਆਣੇ' ਵੀ ਸੀ।

ਪੁਲਿਸ ਜਾਂ ਥਾਣਿਆਂ ਦਾ ਜ਼ਿਕਰ ਸਾਡੇ ਆਸ-ਪਾਸ ਹੋਣਾ ਸ਼ੁਰੂ ਹੋ ਚੁੱਕਾ ਸੀ। ਨਿਰੰਕਾਰੀ ਸੰਪਰਦਾ ਦਾ ਮੁਖੀ ਮਾਰਿਆ ਗਿਆ ਸੀ, ਇੱਕ ਅਖ਼ਬਾਰ ਦਾ ਮਾਲਕ ਵੀ ਮਾਰਿਆ ਜਾ ਚੁੱਕਾ ਸੀ ਅਤੇ ਹਵਾ ਵਿਚ ਮੋਟਰਸਾਈਕਲਾਂ ਉੱਤੇ ਤਿੰਨ-ਤਿੰਨ ਸਵਾਰ ਹੋ ਕੇ ਬਾਗ਼ੀ ਹੋ ਜਾਣ ਅਤੇ ਕੌਮ ਲਈ ਕੁਝ ਇਨਕਲਾਬੀ ਕਰ ਦੇਣ ਦੀ ਚਰਚਾ ਸੀ। ਸਾਡੀ 14 ਸਾਲਾਂ ਵਾਲਿਆਂ ਦੀ ਢਾਣੀ ਵਿਚ ਹਾਲੇ ਰਾਜਨੀਤੀ ਜਾਂ ਥਾਣਿਆਂ ਬਾਰੇ ਬਹੁਤੀ ਚਰਚਾ ਨਹੀਂ ਸੀ ਹੁੰਦੀ। ਦਰਅਸਲ ਰਾਜਨੀਤੀ ਜਾਂ ਥਾਣਿਆਂ ਬਾਰੇ ਸਾਡੀ ਜਾਣਕਾਰੀ ਬੜੀ ਸੀਮਤ ਸੀ। ਜਦੋਂ ਸ਼ਾਸਨ ਤੁਹਾਨੂੰ ਬਾਗ਼ੀ ਤਸੱਵੁਰ ਕਰਦਾ ਹੈ ਤਾਂ ਪੁਲਿਸ ਕੀ ਕਰਦੀ ਹੈ, ਥਾਣੇ ਵਿਚ ਕੀ ਹੁੰਦਾ ਹੈ, ਜਾਂ ਥਾਣੇ ਬਨਾਮ ਜੇਲ੍ਹ ਵਿਚ ਬਿਤਾਈ ਕੋਈ ਰਾਤ ਵਿਚਲਾ ਕਿਹੜਾ ਵੱਡਾ ਜਾਂ ਸੂਖਮ ਅੰਤਰ ਹੁੰਦਾ ਹੈ, ਸਾਨੂੰ ਇਹ ਸਭ ਆਮ ਗਿਆਨ ਪਹਿਲੀ ਵਾਰ ਮਿਲ ਰਿਹਾ ਸੀ। ਇਹ ਕਹਾਣੀ ਸੀ ਪਰ ਅੱਲ੍ਹਾ ਅਤੇ ਮਿਉਂਸਿਪੈਲਿਟੀ ਦੀਆਂ ਬਖ਼ਸ਼ੀਆਂ ਨਿਆਮਤਾਂ ਨਾਲ ਵਰੋਸਾਏ ਮਾਡਲ ਟਾਊਨ ਦੇ ਹਮਾਤੜ ਭੂਆ ਦੇ ਮੁੰਡੇ ਲੱਗਦੇ ਮਾਡਲ ਹਾਊਸ ਦੀ ਅਸਲੋਂ ਪਾਰਲੀ ਨੁੱਕਰੋਂ ਪੈਡਲ ਮਾਰ ਮਾਰ ਸਕੂਲ ਪਹੁੰਚੇ ਉਸ 14 ਸਾਲ ਦੇ ਮੁੰਡੇ ਲਈ ਇਹ ਮਹਿਜ਼ ਕਹਾਣੀ ਨਹੀਂ ਸੀ।


ਇਹ ਲਾਜ ਦੀ ਜ਼ਿੰਦਗੀ ਸੀ। 12 ਸਾਲਾਂ ਦੀ ਕੁੜੀ ਦੀ ਬਾਤ ਸੀ। ਇਹ 'ਗਾਤਰੇ ਵਾਲੀ ਕ੍ਰਿਪਾਨ' ਪਾਈ ਉਸ ਔਰਤ ਦੀ ਕਹਾਣੀ ਸੀ ਜਿਸ ਦੇ ਹੱਥ 'ਕੌਮੀ ਝੰਡਾ' ਵੀ ਸੀ। ਇਹ 'ਭਾਰਤ ਮਾਤਾ ਦੀ ਜੈ' ਦਾ ਮਾਮਲਾ ਵੀ ਸੀ।

ਇਹ ਸਮਾਂ ਸੀ 1980ਵਿਆਂ ਦੀ ਸ਼ੁਰੂਆਤ ਦਾ ਜਦੋਂ ਪੰਜਾਬ 'ਕੌਮਪ੍ਰਸਤ' ਬਨਾਮ 'ਦੇਸ਼ਭਗਤ' ਵਾਲੀ ਬਹਿਸ ਦਾ ਗਵਾਹ ਬਣ ਰਿਹਾ ਸੀ। ਮੈਂ ਅਕਸਰ ਅਕਾਲੀ ਪੱਤ੍ਰਿਕਾ ਜਾਂ ਅਜੀਤ ਵਿਚ ਪੰਥਪ੍ਰਸਤ ਹੋਣ ਬਾਰੇ ਪੜ੍ਹਦਾ ਸਾਂ। ਲਾਜ ਚਾਹੁੰਦੀ ਸੀ ਕਿ ਉਸ ਦੇ ਪਿਤਾ ਉਸ ਨੂੰ ਲੈ ਕੇ ਪਰੇਸ਼ਾਨ ਨਾ ਹੋਣ, ਤੇ ਉਹਨੂੰ ਇਹ ਚੰਗਾ ਨਹੀਂ ਸੀ ਲੱਗਦਾ ਕਿ ਜਿਹੜੀ ਉਮਰੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ ਸੀ, ਉਸ ਉਮਰੇ ਉਹਨੂੰ ਭਾਰਤ ਮਾਤਾ ਲਈ ਜੇਲ੍ਹ ਜਾਣ ਦੀ ਵੀ ਇਜਾਜ਼ਤ ਨਹੀਂ ਸੀ।

ਮੋਟਰਸਾਈਕਲ ਉੱਤੇ ਤੀਹਰੀ ਸਵਾਰੀ ਵਾਲੇ ਅਤੇ ਤਿਰੰਗੇ ਦੇ ਇਕਲੌਤੇ ਜਾਮਨ ਹੋਣ ਦਾ ਦਾਅਵਾ ਕਰਦੇ ਅੱਜ ਐਸੀ ਕਹਾਣੀ ਪੜ੍ਹ ਭੰਬਲਭੂਸੇ ਵਿਚ ਪੈ ਜਾਣਗੇ। ਸੂਹੇ ਫਰੇਰੇ ਵਾਲਿਆਂ ਤਾਂ ਹੁਣ ਇਨਕਲਾਬ ਤੋਂ ਸੰਨਿਆਸ ਹੀ ਲੈ ਲਿਆ ਹੈ, ਇਸ ਲਈ ਉਹਨਾਂ ਦੀ ਤਾਂ ਕੋਈ ਉਲਝਣ ਹੀ ਨਹੀਂ ਪਰ ਉਸ ਦਿਨ ਲਾਜ ਦੀ ਕਥਾ ਨੇ ਧੁਰ ਅੰਦਰ ਤੱਕ ਵਲੂੰਧਰ ਛੱਡਿਆ ਸੀ। ਸ਼ਾਇਦ ਇਸ ਲਈ ਕਿ ਉਹਨੂੰ 102 ਡਿਗਰੀ ਬੁਖ਼ਾਰ ਸੀ, ਜਾਂ ਸ਼ਾਇਦ ਇਸ ਲਈ ਕਿਉਂਕਿ ਉਹ ਉਹੀ ਗੱਲ ਕਰਦੀ ਸੀ ਜਿਹੜੀ ਲੱਗਦਾ ਸੀ, ਸਾਨੂੰ ਕਹਿਣੀ ਚਾਹੀਦੀ ਸੀ ਪਰ ਮੈਂ ਇੱਕ ਗੱਲ ਬਾਰੇ ਬੜਾ ਸਪੱਸ਼ਟ ਸਾਂ: ਉਹਨੂੰ ਇਸ ਤਰ੍ਹਾਂ ਨਹੀਂ ਸੀ ਚਲੇ ਜਾਣਾ ਚਾਹੀਦਾ! ਮੈਂ ਹਮੇਸ਼ਾ ਉਹਦੀ ਭੂਆ ਜੀ ਵੀਰਾਂਵਾਲੀ ਨੂੰ ਮਿਲਣਾ ਚਾਹੁੰਦਾ ਸੀ, ਇਹ ਪੁੱਛਣ ਲਈ ਕਿ "ਕਿਉਂ?" ਮੈਨੂੰ ਵੀਰਾਂਵਾਲੀ ਤੋਂ ਨਫ਼ਰਤ ਜਿਹੀ ਹੋ ਗਈ ਸੀ। ਮੇਰੇ ਅਧਿਆਪਕ ਸਾਹਿਬਾਨ ਚਾਹੁੰਦੇ ਸਨ ਕਿ ਮੈਂ ਉਸ ਦਾ ਦਰਦ ਵੀ ਤਾਂ ਮਹਿਸੂਸ ਕਰਾਂ, ਉਸ ਨਾਲ ਵੀ ਹਮਦਰਦੀ ਕਰਾਂ। ਇਹ ਮਾਮਲਾ ਬੜੀ ਉਲਝਣ ਵਾਲਾ ਸੀ। 12 ਸਾਲ ਦੀ ਲਾਜ ਮਰ ਗਈ ਸੀ।

ਉਸ ਸਰਕਾਰੀ ਸੀਨੀਅਰ ਮਾਡਲ ਸਕੂਲ, ਪੀ.ਏ.ਯੂ. ਲੁਧਿਆਣਾ ਵਿਖੇ, ਸਾਡੇ ਪੰਜਾਬੀ ਦੇ ਅਧਿਆਪਕ ਪੁਰਸ਼ੋਤਮ ਲਾਲ ਨਿਰਮਲ ਸਰ, ਸਾਨੂੰ ਕਹਾਣੀ ਇੰਨੀ ਸ਼ਿੱਦਤ ਅਤੇ ਭਾਵਨਾ ਨਾਲ ਸੁਣਾਉਂਦੇ ਕਿ ਅਸੀਂ ਮਸਤ ਹੋ ਕੇ ਸੁਣਦੇ। ਜਦੋਂ

**(ਬਾਕੀ ਅਗਲੇ ਸਫੇ 'ਤੇ)**



*ਕਹਾਣੀ 'ਬਾਗ਼ੀ ਦੀ ਧੀ' ਦਾ ਕਰਤਾ ਗੁਰਮੁਖ ਸਿੰਘ ਮੁਸਾਫ਼ਿਰ।*

ਲਾਜ ਇਕੱਲੀ ਰਹਿ ਗਈ, ਕਿਸੇ ਉਹਦੀ ਸਾਰ ਨਾ ਲਈ ਅਤੇ ਆਖਰੀ ਵਾਕ ਨਾਲ ਮਰ ਗਈ ਤਾਂ ਮੈਂ ਭਰੀ ਜਮਾਤ ਵਿਚ ਉੱਚੀ-ਉੱਚੀ ਰੋ ਪਿਆ ਸਾਂ।

ਇਹ ਉਹ ਵਾਹਦ ਵਾਕਿਆ ਹੈ ਜਦੋਂ ਸਾਰਿਆਂ ਸਾਹਵੇਂ ਰੋਣ ਦੇ ਬਾਵਜੂਦ ਮੈਨੂੰ ਸ਼ਰਮ ਨਹੀਂ ਸੀ ਆਈ। ਮੈਂ ਕਿਹੜਾ ਇਕੱਲਾ ਸਾਂ ਰੋਣ ਵਾਲਾ? ਕੋਈ ਦਰਜਨ ਤੋਂ ਵੱਧ ਬੱਚੇ, ਮੁੰਡੇ ਕੁੜੀਆਂ ਉਸ ਦੁਪਹਿਰ ਨੂੰ ਅਚਾਨਕ ਟੁੱਟ ਗਏ ਸਨ, ਫੁੱਟ ਪਏ ਸਨ। ਬਾਕੀ ਵੀ ਹੱਕੇ-ਬੱਕੇ ਰਹਿ ਗਏ ਸਨ। ਬੱਚਿਆਂ ਦੇ ਪ੍ਰਤੀਕਰਮ ਤੋਂ ਤਾਂ ਨਿਰਮਲ ਸਰ ਆਪ ਵੀ ਹਿੱਲ ਗਏ ਸਨ: "ਓਏ ਕੀ ਹੋ ਗਿਆ ਤੁਹਾਨੂੰ? ਇਹ ਤਾਂ ਸਿਲੇਬਸ ਵਿਚ ਵੀ ਨਹੀਂ।"

ਗੁਰਮੁਖ ਸਿੰਘ ਮੁਸਾਫ਼ਿਰ ਦੀ ਲਿਖੀ 'ਬਾਗ਼ੀ ਦੀ ਧੀ' ਸਾਡੇ ਸਿਲੇਬਸ ਦਾ ਹਿੱਸਾ ਨਹੀਂ ਸੀ। ਨਿਰਮਲ ਸਰ ਅਕਸਰ ਸਾਨੂੰ ਕੁਝ ਉਹਨਾਂ ਕਹਾਣੀਆਂ ਅਤੇ ਕਵਿਤਾਵਾਂ ਬਾਰੇ ਦੱਸਦੇ ਸਨ ਜੋ ਸਾਡੇ ਸਿਲੇਬਸ ਵਿਚ ਸ਼ਾਮਲ ਨਹੀਂ ਸਨ ਪਰ ਜਿਹੜੀਆਂ ਉਹਨਾਂ ਨੂੰ ਪਸੰਦ ਸਨ ਅਤੇ ਜਿਨ੍ਹਾਂ ਬਾਰੇ ਉਹ ਸਮਝਦੇ ਸਨ ਕਿ ਵਿਦਿਆਰਥੀਆਂ ਨੂੰ ਇਹਨਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਉਹਨਾਂ ਨੇ ਸਾਨੂੰ 'ਤੂਤਾਂ ਵਾਲਾ ਖੂਹ' ਪੜ੍ਹਾਇਆ ਪਰ ਨਾਲ ਹੀ ਸਾਨੂੰ ਗਰਮੀਆਂ ਦੀਆਂ ਛੁੱਟੀਆਂ ਦੇ ਕੰਮ ਵਜੋਂ ਨਾਨਕ ਸਿੰਘ ਦਾ 'ਚਿੱਟਾ ਲਹੂ' ਪੜ੍ਹਨ ਦੀ ਵੀ ਤਾਕੀਦ ਕਰ ਦਿੱਤੀ। ਜਦੋਂ ਮੈਂ ਪੁੱਛਿਆ ਕਿ ਅਸੀਂ 'ਚਿੱਟਾ ਲਹੂ' ਕਿਉਂ ਪੜ੍ਹੀਏ, ਸਾਡੇ ਸਿਲੇਬਸ ਵਿਚ ਨਹੀਂ, ਤਾਂ ਉਹਨਾਂ ਆਖਿਆ ਕਿ ਉਹਨਾਂ ਇਹ ਨਾਵਲ ਮੇਰੀ ਉਮਰ ਦੇ ਬੜੇ ਵਿਦਿਆਰਥੀਆਂ ਨੂੰ ਕਈ ਸਾਲਾਂ ਤੱਕ ਪੜ੍ਹਾਇਆ ਸੀ। ਸਾਡੀ ਵਾਰੀ 'ਚਿੱਟਾ ਲਹੂ' ਹਟਾ ਕੇ ਸੋਹਣ ਸਿੰਘ ਸੀਤਲ ਦਾ 'ਤੂਤਾਂ ਵਾਲਾ ਖੂਹ' ਲੱਗ ਗਿਆ ਸੀ। "ਇੱਕ ਗੱਲ ਪੱਕੀ ਹੈ ਕਿ ਤੁਸੀਂ ਵੱਡੇ ਹੋ ਕੇ ਐਸੇ ਬਹੁਤ ਲੋਕਾਂ ਨੂੰ ਮਿਲੋਗੇ ਜਿਨ੍ਹਾਂ ਨੇ 'ਚਿੱਟਾ ਲਹੂ' ਪੜ੍ਹਿਆ ਹੋਵੇਗਾ। ਤੁਹਾਨੂੰ ਉਹਨਾਂ ਨਾਲ ਗੱਲ ਕਰਨਾ ਸੌਖਾ ਲੱਗੇਗਾ। ਦੋ ਲੋਕ ਜਿਨ੍ਹਾਂ ਨੇ ਇੱਕੋ ਜਿਹੀਆਂ ਕਹਾਣੀਆਂ ਪੜ੍ਹੀਆਂ ਹੋਣ, ਵਧੀਆ ਗੱਲਾਂ ਕਰਦੇ ਹਨ। ਉਹਨਾਂ ਕੋਲ ਗੱਲ ਕਰਨ ਲਈ ਬਹੁਤ ਕੁਝ ਹੁੰਦਾ ਹੈ।"

ਮੈਨੂੰ ਨਹੀਂ ਪਤਾ ਕਿ ਪੁਰਸ਼ੋਤਮ ਲਾਲ ਨਿਰਮਲ ਸਰ ਅੱਜਕੱਲ੍ਹ ਕਿੱਥੇ ਹਨ। ਮੈਂ ਉਮੀਦ ਕਰਦਾ ਹਾਂ ਕਿ ਉਹ ਚੰਗੀ ਸਿਹਤ ਦੇ ਮਾਲਿਕ ਹਨ ਅਤੇ ਉਨ੍ਹਾਂ ਦੀ ਲੰਮੀ ਉਮਰ ਲਈ ਪ੍ਰਾਰਥਨਾ ਕਰਦਾ ਹਾਂ (ਹੁਣ ਤਾਂ ਬਿਨਾਂ ਸਿਲੇਬਸ ਪੜ੍ਹਾਉਣ ਵਾਲੇ ਨੂੰ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ)।

ਵਰ੍ਹਿਆਂ ਬਾਅਦ ਜਦੋਂ ਮੈਂ ਚਾਰਲਸ ਡਿਕਨਜ਼ ਦੀ 'ਓਲਡ ਕਿਓਰੌਸਿਟੀ ਸ਼ੌਪ' ਪੜ੍ਹੀ ਤਾਂ ਉਦੋਂ ਵੀ ਮੈਂ ਛੋਟੀ ਨੈੱਲ ਦੀ ਮੌਤ ਲਈ ਤਿਆਰ ਨਹੀਂ ਸਾਂ।

ਯੂਨੀਵਰਸਿਟੀ ਦੀ ਪੰਜ-ਮੰਜ਼ਲੀ ਐਮ.ਐਸ. ਰੰਧਾਵਾ ਲਾਇਬਰੇਰੀ ਦੀ ਤੀਜੀ ਮੰਜ਼ਿਲ ਉੱਤੇ ਉਸ ਛੋਟੀ ਨੈੱਲ ਦੀ ਮੌਤ ਵਾਲਾ ਦ੍ਰਿਸ਼ ਪਹਿਲੀ ਵਾਰੀ ਅਛੋਪਲਿਆਂ ਹੀ ਆਣ ਟੱਕਰਿਆ ਸੀ। ਉਸ ਦਿਨ ਬਹੁਤੀ ਗਹਿਮਾ-ਗਹਿਮੀ ਨਹੀਂ ਸੀ। ਲਾਇਬਰੇਰੀ ਦਾ ਸ਼ਾਂਤ ਚੁੱਪ ਮਾਹੌਲ, ਵਿਰਲੀ ਜਿਹੀ ਕੋਈ ਉੱਚੀ ਅੱਡੀ ਵਾਲੀ ਦੀ ਕਦਮ-ਛਾਪ ਦੀ ਟੱਕ-ਟੱਕ ਦੀ ਆਵਾਜ਼, ਬੇਹੱਦ ਪੁਰਾਣੀਆਂ ਕਿਤਾਬਾਂ ਦੀ ਉਹ ਬੜੀ ਸਪੈਸ਼ਲ ਜਿਹੀ ਮਧੁਰ ਸੁਗੰਧ 'ਓਲਡ ਕਿਓਰੌਸਿਟੀ ਸ਼ੌਪ' ਦੇ ਇਸ ਬਹੁਤ ਪੁਰਾਣੇ ਐਡੀਸ਼ਨ ਦੇ ਨਾਜ਼ੁਕ ਜਿਹੇ ਭੁਰਦੇ ਜਾਂਦੇ ਪੰਨੇ ਕਿਸੇ ਵੀ ਚੀਜ਼ ਨੇ ਮੈਨੂੰ ਦੀ ਅਜਿਹੀ ਮੌਤ ਲਈ ਤਿਆਰ ਨਹੀਂ ਸੀ ਕੀਤਾ। ਇਹ ਕਿੰਨੀ ਹਿਲਾ ਦੇਣ ਵਾਲੀ, ਕਿੰਨੀ ਪਵਿੱਤਰ ਜਿਹੀ ਮੌਤ ਸੀ!

"She was dead. No sleep so beautiful and calm, so free from trace of pain, so fair to look upon. She seemed a creature fresh from the hand of God, and waiting for the breath of life; not one who had lived and suffered death."

ਇਸ ਵਾਰ ਮੈਂ ਬੁਰੀ ਤਰ੍ਹਾਂ ਰੋਇਆ ਨਹੀਂ ਸੀ। ਮੈਂ ਹੁਣ ਕਿਹੜਾ ਕੋਈ 14 ਸਾਲਾਂ ਦਾ ਸਾਂ? ਮੇਰੀਆਂ ਗੱਲ੍ਹਾਂ 'ਤੇ ਕੁਝ ਹੰਝੂ ਜ਼ਰੂਰ ਵਹਿ ਤੁਰੇ ਸਨ ਪਰ ਤੁਹਾਨੂੰ ਸੱਚ ਦੱਸਾਂ, ਮੈਂ ਥੋੜ੍ਹਾ ਜਿਹਾ ਗੁੱਸੇ ਵੀ ਸਾਂ। ਥੋੜ੍ਹਾ ਕਿਉਂ, ਮੈਂ ਤਾਂ ਡਿਕਨਜ਼ ਨਾਲ ਡਾਢਾ ਨਾਰਾਜ਼ ਸਾਂ। ਨੈੱਲ ਨੂੰ ਮਾਰਨਾ ਜ਼ਰੂਰੀ ਸੀ? ਮੇਰੇ ਲਈ ਤਾਂ ਇਹ ਇੱਕ ਵਾਰ ਫਿਰ ਲਾਜ ਹੀ ਸੀ। ਮੈਂ ਇਨ੍ਹਾਂ ਦੋਹਾਂ ਕੁੜੀਆਂ ਬਾਰੇ ਬਹੁਤ ਸੋਚਿਆ। ਨੈੱਲ ਲਾਜ ਤੋਂ ਦੋ ਕੁ ਸਾਲ ਵੱਡੀ ਸੀ। ਉਹ ਉਦੋਂ ਤੋਂ ਮੇਰੇ ਦਿਮਾਗ ਵਿਚ ਵਸੀਆਂ ਹੋਈਆਂ ਹਨ।

***

ਮੇਰੇ ਅਜ਼ੀਜ਼ ਦੋਸਤ ਅਤੇ ਇਸ ਸ਼ਹਿਰ ਵਿਚ ਮਿਲੇ ਖ਼ੂਬਸੂਰਤ ਸੀਰਤ ਵਾਲੇ ਇਨਸਾਨ ਫਿਲਮ ਡਾਇਰੈਕਟਰ ਮੁਕੇਸ਼ ਗੌਤਮ ਨੇ ਹੁਣ ਲਾਜ ਬਾਰੇ ਫਿਲਮ ਬਣਾਈ ਹੈ। ਉਹਨਾਂ ਲਾਜ ਦਾ ਨਾਮ ਸ਼ਾਇਦ ਕੁਝ ਹੋਰ ਰੱਖਿਆ ਹੋਵੇ ਪਰ ਕਹਿੰਦੇ ਉਹਨੂੰ ਉਹੀ ਨੇ ਜੋ ਗੁਰਮੁਖ ਸਿੰਘ ਮੁਸਾਫ਼ਿਰ ਕਿਹਾ ਸੀ: 'ਬਾਗ਼ੀ ਦੀ ਧੀ'। ਕੀ ਗੌਤਮ ਨੇ ਉਹਦੀ ਕਹਾਣੀ ਇੰਨ-ਬਿੰਨ ਬਿਆਨ ਕੀਤੀ ਹੈ? ਕੀ ਉਹਨਾਂ ਨੇ ਕਹਾਣੀ ਦੀਆਂ ਸਤਰਾਂ ਨੂੰ ਚੁੱਕਿਆ ਅਤੇ ਕੋਈ ਨਵਾਂ ਪੈਟਰਨ ਬੁਣਿਆ ਹੈ? ਕੀ ਫਿਲਮ ਆਜ਼ਾਦੀ ਦੀ ਤਵਾਰੀਖ਼ 'ਚੋਂ ਉਪਜੀ ਕਹਾਣੀ ਨੂੰ ਸਾਡੇ ਅੱਜ ਦੇ ਨਿਜ਼ਾਮ-ਓ-ਸਮਾਜ ਸਾਹਵੇਂ ਲਿਆ ਧਰਦੀ ਹੈ? ਕੀ ਉਦੋਂ ਦੇ ਅਤੇ ਹੁਣ ਦੇ ਸਿਯਾਕ-ਓ-ਸਬਾਕ਼ ਵਿਚਲੀਆਂ ਤੰਦਾਂ ਦੀ ਬਾਤ ਪਾਉਂਦੀ ਹੈ?

ਮੇਰੇ ਕੋਲ ਇੰਨੇ ਸਾਰੇ ਸਵਾਲ ਹਨ ਕਿ ਮੁਕੇਸ਼ ਗੌਤਮ ਦੀ ਖੁਸ਼ਕਿਸਮਤੀ ਹੈ, ਮੇਰੀ ਉਹਨਾਂ ਨਾਲ ਮੁਲਾਕਾਤ ਨਹੀਂ ਹੋਈ; ਨਹੀਂ ਤਾਂ ਸਵਾਲ ਸੁਣਦੇ-ਸੁਣਦੇ ਦੁਖੀ ਹੋ ਜਾਂਦੇ। ਛਿੱਥੇ ਪੈਣਾ ਉਹਨਾਂ ਨੂੰ ਆਉਂਦਾ ਨਹੀਂ। ਬੜੇ ਸੰਵੇਦਨਸ਼ੀਲ ਵਿਅਕਤੀ ਹਨ। ਕੁਝ ਦਿਨ ਪਹਿਲਾਂ ਉਹਨਾਂ ਦੇ ਦਫ਼ਤਰ ਵਾਲੇ ਕਮਰੇ ਅੰਦਰ ਝਾਤ ਮਾਰੀ। ਮਨ ਸੀ ਕਿ 'ਬਾਗ਼ੀ ਦੀ ਧੀ' ਬਾਰੇ ਉਹਨਾਂ ਨਾਲ ਆਪਣੇ ਅਨੁਭਵ ਬਾਰੇ ਗੱਲ ਕੀਤੀ ਜਾਵੇ ਪਰ ਇਹ ਵੀ ਅਹਿਸਾਸ ਸੀ ਕਿ ਗੱਲਾਂ ਕੁਝ ਐਸੀਆਂ ਯਾਦਾਂ ਦਾ ਹੜ੍ਹ ਵੀ ਲਿਆ ਸਕਦੀਆਂ ਹਨ ਕਿ ਮੈਂ ਫਿੱਸ ਪਵਾਂ। ਦਰਵਾਜ਼ੇ 'ਤੇ ਦਸਤਕ ਦੇਣ ਤੋਂ ਪਹਿਲਾਂ ਇੱਕ ਪਲ ਲਈ ਝਿਜਕਿਆ, ਤੇ ਹਾਲੇ ਦਿਲ ਨੂੰ ਤਕੜਾ ਹੀ ਕਰ ਰਿਹਾ ਸਾਂ ਕਿ ਅੰਦਰ ਝਾਕ ਕੇ ਦੇਖਿਆ, ਉਹ ਖੇਤੀਬਾੜੀ ਨੀਤੀ ਮਾਹਿਰ ਦਵਿੰਦਰ ਸ਼ਰਮਾ ਨਾਲ ਕੋਈ ਡੂੰਘੀ ਵਿਚਾਰ ਚਰਚਾ ਕਰ ਰਹੇ ਸਨ। ਮੈਂ ਆਪਣੇ ਮਨ ਨੂੰ ਕਿਹਾ, "ਅੱਜ ਰਹਿਣ ਦਿੰਦੇ ਹਾਂ", ਤੇ ਬਿਨਾਂ ਦਸਤਕ ਦਿੱਤਿਆਂ ਮੁੜ ਆਇਆ।






ਫਿਲਮ 'ਬਾਗ਼ੀ ਦੀ ਧੀ' ਦਾ ਨਿਰਦੇਸ਼ਕ ਮੁਕੇਸ਼ ਗੌਤਮ ਅਤੇ ਫਿਲਮ ਦਾ ਪੋਸਟਰ।

ਮੈਂ ਜਾਣਦਾ ਹਾਂ ਕਿ ਇਹ ਕਮਜ਼ੋਰ ਦਿਲ ਵਿਅਕਤੀ ਵਾਲੀ ਪਹੁੰਚ ਸੀ ਪਰ ਕਿਸੇ ਲਾਜ, ਕਿਸੇ ਨੈੱਲ ਨੂੰ ਗੁਆਉਣ ਦੀ ਹਿੰਮਤ ਕਿੱਥੋਂ ਲਿਆਵੇ ਕੋਈ ਸਾਦਾ ਲੋਹ ਇਨਸਾਨ? ਜਾਂ ਇਸ ਬਾਰੇ ਗੱਲ ਕਰਨ ਲਈ ਕਿ ਕਿਸੇ ਐਸੀ ਕੁੜੀ ਨੂੰ ਗੁਆਉਣ ਦਾ ਕੀ ਮਤਲਬ ਸੀ? ਮੇਰੇ ਵਜੂਦ ਦਾ ਕੁਝ ਹਿੱਸਾ ਹਮੇਸ਼ਾ ਟੈਗੋਰ ਦੀ 'ਦਿ ਹੋਮਕਮਿੰਗ' ਵਾਲਾ ਫਟਿਕ ਹੀ ਰਿਹਾ ਹੈ। ਤੁਹਾਡੇ ਅੰਦਰ ਕਿਤੇ ਨਾ ਕਿਤੇ ਕਿਸੇ ਧੁਰ ਅੰਦਰੂਨ ਵਿਚ ਹਮੇਸ਼ਾ ਉਹ 14 ਸਾਲ ਵਾਲਾ ਵਿਅਕਤੀ ਹੁੰਦਾ ਹੈ। ਲਾਜ, ਨੈੱਲ, ਫਟਿਕ-ਨਾਮੁਰਾਦ ਬੁਖ਼ਾਰ ਕਦੇ ਜਾਂਦਾ ਹੀ ਨਹੀਂ।

ਕੁਝ ਦਿਨਾਂ ਬਾਅਦ ਦਵਿੰਦਰ ਸ਼ਰਮਾ ਨਾਲ ਗੱਲ ਹੋਈ। "ਤੁਸੀਂ ਉਸ ਦਿਨ ਮੁਕੇਸ਼ ਗੌਤਮ ਜੀ ਨਾਲ ਬੈਠੇ ਸੀ।"

"ਤੇ ਤੁਸੀਂ ਅੰਦਰ ਕਿਉਂ ਨਾ ਆਏ? ਉਹ ਆਪਣੀ ਫਿਲਮ 'ਬਾਗ਼ੀ ਦੀ ਧੀ' ਦੇ ਪੋਸਟਰ ਬਾਰੇ ਗੱਲ ਕਰ ਰਹੇ ਸਨ।"

... ਮੇਰਾ ਰੋਣ ਨਿਕਲ ਜਾਣਾ ਸੀ ਫੋਨ ਉੱਤੇ।

ਹੁਣ ਮੈਂ ਮੁਕੇਸ਼ ਗੌਤਮ ਦੀ ਫਿਲਮ ਦਾ ਇੰਤਜ਼ਾਰ ਕਰ ਰਿਹਾ ਹਾਂ। ਹੁਣ ਸੋਚਣਾ ਵੀ ਨਹੀਂ ਉਦਾਸੀ ਦਾ ਇਲਾਜ ਕਰਨ ਬਾਰੇ। ਰੋਣ ਦੀ ਮਰਜ਼ੀ ਹੈ ਅੱਜ ਬੇਈਮਾਨ ਦੀ। ਭਾਵੇਂ 50 ਟੱਪ ਚੁੱਕਾ ਹਾਂ, 14 ਸਾਲਾਂ ਵਾਲੇ ਨੂੰ ਬਹੁਤ ਪਿੱਛੇ ਛੱਡ ਆਇਆ ਹਾਂ, ਸ਼ਮਸ਼ਾਨ ਘਾਟ ਦੁਆਲੇ ਹੁਣ ਕੋਠੀਆਂ ਹੀ ਕੋਠੀਆਂ ਹਨ, ਸੜਨ ਆਏ ਮੁਰਦਿਆਂ ਦਾ ਵੀ ਸਾਹ ਘੁੱਟਦਾ ਹੈ, ਮਾਡਲ ਟਾਊਨ ਅਤੇ ਮਾਡਲ ਹਾਊਸ ਵਰਗੇ ਅਮੀਰਾ ਸਿਰਨਾਵਿਆਂ ਦੀਆਂ ਤਰੱਕੀਯਾਫ਼ਤਾ ਭੈਣਾਂ ਅਰਬਨ ਅਸਟੇਟਾਂ ਅਤੇ ਮਾਡਲ ਟਾਊਨ ਐਕਸਟੈਂਸ਼ਨਾਂ ਵੀ ਤਰੱਕੀਆਂ ਪਈਆਂ ਕਰਦੀਆਂ ਹਨ ਪਰ ਰੋਣ ਉੱਤੇ ਹਾਲੇ ਕਿਹੜਾ ਹਕੂਮਤੀ ਰੋਕ ਲੱਗੀ ਹੈ? ਨਾਲੇ ਹਨੇਰੇ ਸਿਨੇਮੇ ਵਿਚ ਕਿਸ ਦੇਖਣਾ ਹੈ?

***

1840ਵਿਆਂ ਦੀ ਸ਼ੁਰੂਆਤ ਸੀ। ਨਿਊਯਾਰਕ ਦੇ ਡੌਕਸ ਉੱਤੇ 'ਓਲਡ ਕਿਓਰੌਸਿਟੀ ਸ਼ੌਪ' ਦੀ ਆਖਰੀ ਕਿਸ਼ਤ ਦੀ ਉਡੀਕ ਕਰਦੇ ਹਜ਼ਾਰਾਂ ਅਮਰੀਕੀ ਪਾਠਕ ਚੀਕ-ਚੀਕ ਕੇ ਪੁੱਛ ਰਹੇ ਸਨ ਕਿ ਨੈੱਲ ਠੀਕ ਤਾਂ ਹੈ ਨਾ? ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਛੋਟੀ ਨੈੱਲ ਦੀ ਮੌਤ ਹੋ ਗਈ ਹੈ ਤਾਂ ਹਜ਼ਾਰਾਂ ਦਿਲ ਟੁੱਟਿਆਂ ਬਾਰੇ ਬਹੁਤ ਹਵਾਲੇ ਮਿਲਦੇ ਹਨ। ਨਾਰਵੇ ਦੀ ਇੱਕ ਲੇਖਕ ਨੇ ਤਾਂ ਕਿਤਾਬ ਪੜ੍ਹਨ ਤੋਂ ਬਾਅਦ ਉਹਨੂੰ ਜ਼ੇਰੇ-ਜ਼ਮੀਨ ਦਫ਼ਨ ਕਰ ਦਿੱਤਾ। ਉਹਦਾ ਕਹਿਣਾ ਸੀ ਕਿ ਨੈੱਲ ਦੇ ਦਰਦ ਨੂੰ ਕੋਈ ਨਹੀਂ ਸਮਝ ਸਕਦਾ ਅਤੇ ਕਿਸੇ ਨੂੰ ਅਧਿਕਾਰ ਨਹੀਂ ਇਸ ਨੂੰ ਪੜ੍ਹਨ ਦਾ। ਜਦੋਂ 'ਹੈਰੀ ਪੌਟਰ' ਵਾਲਾ ਕਿਤਾਬ ਖਰੀਦਣ ਲਈ ਧੱਕੇ ਮਾਰਦੀਆਂ ਭੀੜਾਂ ਦਾ ਵਰਤਾਰਾ ਮੰਜ਼ਰ-ਏ-ਆਮ ਸੀ ਤਾਂ ਬਹੁਤ ਸਾਰੇ ਆਲੋਚਕਾਂ ਨੇ ਜ਼ਿਕਰ ਕੀਤਾ ਸੀ ਕਿ ਪਿਛਲੀ ਵਾਰ ਸਾਹਿਤ ਦੀ ਦੁਨੀਆ ਨੇ ਅਜਿਹਾ ਕ੍ਰਿਸ਼ਮਾ ਉਦੋਂ ਦੇਖਿਆ ਸੀ ਜਦੋਂ 'ਓਲਡ ਕਿਓਰੌਸਿਟੀ ਸ਼ੌਪ' ਲਈ ਹਜੂਮ ਉਮੜੇ ਸਨ।

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਬਾਰੇ ਹੋਰ ਗੱਲ ਕਰਨ ਦਾ ਮਨ ਹੈ। ਮੌਕਾ ਬਣਿਆ ਹੈ ਤਾਂ ਕਰ ਲਈ ਜਾਵੇ? ਹੁਣ ਕਦੋਂ ਕਿਸੇ ਅਕਾਲ ਤਖ਼ਤ ਦੇ ਜਥੇਦਾਰ ਨੇ ਮੁੱਖ ਮੰਤਰੀ ਬਣਨਾ ਹੈ? ਮੁਸਾਫ਼ਿਰ ਰਾਵਲਪਿੰਡੀ ਦੇ ਕੈਂਪਬੈਲਪੁਰ ਜ਼ਿਲ੍ਹੇ ਦੇ ਪਿੰਡ ਅੜ੍ਹਵਾਲ ਜਾਂ ਅੱਡਵਾਲ ਤੋਂ ਸਨ। ਅੱਜਕੱਲ੍ਹ ਗੂਗਲ ਮੈਪ ਉੱਤੇ ਅਡਿਆਲਾ ਰੋਡ ਦੇ ਨਾਲ ਦਿਸ ਜਾਵੇਗਾ। ਇੱਥੇ ਹੀ ਉਹ ਅਡਿਆਲਾ ਜੇਲ੍ਹ ਹੈ ਜਿੱਥੇ ਨਵਾਜ਼ ਸ਼ਰੀਫ਼ ਅਤੇ ਉਹਨਾਂ ਦੀ ਧੀ ਨੇ ਭ੍ਰਿਸ਼ਟਾਚਾਰ ਕੇਸ ਵਿਚ ਮੁਲੱਵਸ ਪਾਏ ਜਾਣ ਬਾਅਦ ਕਿਆਮ ਕੀਤਾ ਸੀ। ਮੁਸਾਫ਼ਿਰ ਦਾ ਪਿੰਡ ਵੈਸੇ ਵਰਿੰਦਰ ਲਾਲ ਚੋਪੜਾ ਵਰਗੇ ਵਿਗਿਆਨੀ ਕਾਰਨ ਵੀ ਪ੍ਰਸਿੱਧ ਹੈ। ਕਿਸਾਨ ਮੋਰਚੇ ਵਾਲਿਆਂ ਭਾਵੇਂ ਬਹੁਤਾ ਨਹੀਂ ਗੌਲਿਆ ਪਰ ਵਰਿੰਦਰ ਲਾਲ ਚੋਪੜਾ ਦਾ ਕਣਕ ਦੀ ਪੈਦਾਵਾਰ ਵਧਾਉਣ ਵਿਚ ਬੜਾ ਯੋਗਦਾਨ ਹੈ ਅਤੇ ਉਹ ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ.ਸੀ.ਏ.ਆਰ.) ਦੇ ਚੇਅਰਮੈਨ ਵੀ ਰਹੇ। ਇੱਕ ਪਦਮ ਭੂਸ਼ਣ ਵੀ ਉਹਨਾਂ ਦੀ ਝੋਲੀ ਪਿਆ। ਇਤਫਾਕਨ, ਇਹ ਵੀ ਦੱਸ ਦਿਆਂ ਕਿ ਮੁਸਾਫ਼ਿਰ ਨੂੰ ਵੀ ਪਦਮ ਵਿਭੂਸ਼ਨ ਨਾਲ ਨਿਵਾਜਿਆ ਗਿਆ ਸੀ। ਉਂਝ, ਇਸੇ ਪਿੰਡ ਤੋਂ ਬਾਬਾ ਬੂਟਾ ਸਿੰਘ ਜੀ ਨਿਰੰਕਾਰੀ ਵਰਗੇ ਅਧਿਆਤਮਿਕ ਵਿਅਕਤੀ ਵੀ ਆਏ ਜਿਨ੍ਹਾਂ ਨੇ 'ਸੰਤ ਨਿਰੰਕਾਰੀ ਮਿਸ਼ਨ' ਦੀ ਸਥਾਪਨਾ ਕੀਤੀ। ਅੱਜ ਇਸ ਸੰਪਰਦਾ ਦਾ ਨਾਮ ਸੁਣ ਪੰਥਕ ਹਲਕੇ ਵੱਖਰੀ ਸੁਰ ਵਿਚ ਵਿਚਾਰ ਪ੍ਰਗਟ ਕਰਦੇ ਹਨ ਪਰ ਸਪੱਸ਼ਟ ਹੈ ਕਿ ਬਾਗ਼ੀ ਦੀ ਧੀ ਦੇ ਸਮਿਆਂ ਵਿਚ ਪੰਥਪ੍ਰਸਤੀ ਅਤੇ ਕੌਮੀ ਝੰਡੇ ਦੀ ਪ੍ਰਸਤੀ ਵਿਚਕਾਰ ਕੋਈ ਲਾਲ ਸੂਹੀ ਲਕੀਰ ਨਹੀਂ ਸੀ। ਬਸ ਭਾਵਨਾਵਾਂ, ਕੁਰਬਾਨੀ ਦੇ ਜਜ਼ਬੇ, ਪੰਥ ਪਿਆਰ ਦਾ ਗ਼ਦਰ ਮੱਚਿਆ ਪਿਆ ਸੀ। ਐਸੇ ਹੀ ਸਮਿਆਂ ਵਿਚ ਕਿਸ਼ਨ ਸਿੰਘ ਅਤੇ ਸ਼ਰਨ ਕੌਰ ਵਰਗੀਆਂ ਜੋੜੀਆਂ ਹੋਣੀਆਂ ਸਨ।

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਜੀ ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਅਤੇ ਪ੍ਰੋ: ਮੋਹਨ ਸਿੰਘ ਨਾਲ ਉਸ ਪੀੜ੍ਹੀ ਦੇ ਵੱਡੇ ਪੋਠੋਹਾਰੀਆਂ ਦੀ ਲੜੀ ਦਾ ਹਿੱਸਾ ਸਨ। ਪੋਠੋਹਾਰ ਦੇ ਕਲਰ ਕਹਾਰ ਕਸਬੇ ਵਿਚ ਅਧਿਆਪਕ ਦੀ ਨੌਕਰੀ ਮਿਲੀ। ਨਾਲ ਲੱਗੇ ਸਾਥੀ ਅਧਿਆਪਕ ਦਾ ਨਾਮ ਸੀ ਗਿਆਨੀ ਹੀਰਾ ਸਿੰਘ ਦਰਦ। ਅਤੇ ਦੋਹਾਂ ਦਾ ਪ੍ਰਿੰਸੀਪਲ ਰੂਹ-ਸ਼ਨਾਸ ਆਦਮੀ ਸੀ ਜਿਸ ਦਾ ਨਾਮ ਸੀ ਮਾਸਟਰ ਤਾਰਾ ਸਿੰਘ! ਕੀ ਨਹੀਂ ਕੁਰਬਾਨ ਕਰ ਦਿਆਂਗਾ ਮੈਂ ਅੱਜ ਉਸ ਸਕੂਲ ਦਾ ਵਿਦਿਆਰਥੀ ਹੋਣ ਲਈ?

ਮੈਨੂੰ ਹਾਲੇ ਵੀ ਠੀਕ ਠੀਕ ਨਹੀਂ ਪਤਾ ਕਿ ਮੁਸਾਫ਼ਿਰ ਨੇ 'ਬਾਗ਼ੀ ਦੀ ਧੀ' ਕਦੋਂ ਲਿਖੀ ਸੀ। ਮੈਂ ਮੁਕੇਸ਼ ਗੌਤਮ ਨੂੰ ਫ਼ੋਨ ਕਰਕੇ ਪੁੱਛਣਾ ਚਾਹੁੰਦਾ ਸੀ ਪਰ ਜੇ ਉਹਨਾਂ ਪੁੱਛ ਲਿਆ ਕਿਉਂ ਜਾਣਨਾ ਚਾਹੁੰਦਾ ਹਾਂ ਮੈਂ ਤਾਂ ਸ਼ਾਇਦ ਕੁਝ ਲਿਖਣ ਤੋਂ ਹੀ ਨਾ ਮਨ੍ਹਾ ਕਰ ਦੇਣ। ਡਰਦੇ ਨੇ ਪੁੱਛਿਆ ਨਹੀਂ। ਪੰਜਾਬ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਮੇਰੇ ਮਿੱਤਰ ਬਲਵਿੰਦਰ ਨੇ ਮੈਨੂੰ 1954 ਦੀ ਸਿੱਖ ਪਬਲਿਸ਼ਿੰਗ ਹਾਊਸ ਅੰਮ੍ਰਿਤਸਰ ਦੀ ਛਾਪੀ 'ਸਭ ਹੱਛਾ' ਸਿਰਲੇਖ ਵਾਲੀ ਕਿਤਾਬ ਲੱਭ ਦਿੱਤੀ ਹੈ। ਸਾਫ਼ ਹੈ ਕਿ ਕਹਾਣੀ ਸੰਤਾਲੀ ਤੋਂ ਪਹਿਲਾਂ ਦੀ ਹੈ।

ਮਰਹੂਮ ਕਰਤਾਰ ਸਿੰਘ ਕਾਲੜਾ ਨਾਲ ਆਖ਼ਿਰੀ ਦਹਾਕੇ ਮੇਰੀ ਬੜੀ ਚੰਗੀ ਸ਼ਨਾਸਾਈ ਰਹੀ। ਉਹ ਪੰਜਾਬੀ ਆਲੋਚਨਾ ਦੀ ਦੁਨੀਆ ਦੇ ਵੱਡੇ ਸ਼ਖ਼ਸ ਸਨ, ਗ਼ਜ਼ਲਗੋਈ ਅਤੇ ਅਰੂਜ਼ ਪਿੰਗਲ ਦੇ ਐਸੇ ਉਸਤਾਦ ਸਨ ਜਿਨ੍ਹਾਂ ਨੂੰ ਆਪਣੇ ਹੱਕ ਤੋਂ ਬਹੁਤ ਘੱਟ ਪਜ਼ੀਰਾਈ ਹਾਸਿਲ ਹੋਈ। ਉਹਨਾਂ ਆਪਣੀ ਵਫ਼ਾਤ ਤੋਂ ਕੋਈ ਦੋ ਕੁ ਵਰ੍ਹੇ ਪਹਿਲੋਂ ਹੀ ਮੈਨੂੰ ਦੱਸਿਆ ਸੀ ਕਿ ਗੁਰਮੁਖ ਸਿੰਘ ਦੇ ਕਹਾਣੀ ਦਾ ਸਫ਼ਰ ਸ਼ੁਰੂ ਕਰਨ ਤੋਂ ਪਹਿਲਾਂ ਹੀ ਨਾਨਕ ਸਿੰਘ 'ਤਾਸ਼ ਦੇ ਪੱਤੇ' ਲਿਖ ਚੁੱਕਾ ਸੀ, ਗੁਰਬਖਸ਼ ਸਿੰਘ ਨੇ 'ਅਣਵਿਆਹੀ ਮਾਂ' ਨਾਲ ਆਪਣੀ ਪਛਾਣ ਬਣਾ ਲਈ ਸੀ ਅਤੇ ਸੰਤ ਸਿੰਘ ਸੇਖੋਂ ਦੀ 'ਪੇਮੀ ਦੇ ਨਿਆਣੇ' ਧੁੰਮਾ ਪਾ ਚੁੱਕੀ ਸੀ। ਸੋ, ਮੈਦਾਨ ਵਿਚ ਜਗ੍ਹਾ ਕਿੱਥੇ ਸੀ? ਕ੍ਰਿਸ਼ਨ ਚੰਦਰ, ਰਜਿੰਦਰ ਸਿੰਘ ਬੇਦੀ, ਉਪੇਂਦਰ ਨਾਥ ਅਸ਼ਕ ਅਤੇ ਸਆਦਤ ਹਸਨ ਮੰਟੋ ਪਹਿਲਾਂ ਹੀ ਲਘੂ ਗਲਪ ਦੇ ਖੇਤਰ ਵਿਚ ਰਾਜ ਕਰ ਰਹੇ ਸਨ। ਇਹ ਉਹ ਦੌਰ ਸੀ ਜਦੋਂ ਮੁਸਾਫ਼ਿਰ ਨੇ 'ਬਾਗ਼ੀ ਦੀ ਧੀ' ਲਿਖੀ ਸੀ।

"ਸੋਚ ਕੇ ਦੇਖ, ਕਿਆ ਸਮਾਂ ਹੋਵੇਗਾ!" ਕਾਲੜਾ ਸਾਹਿਬ ਕਹਿੰਦੇ। ਉਹਨਾਂ ਦੇ ਚਲਾਣੇ ਤੋਂ ਬਾਅਦ ਮੈਂ ਇੱਕ ਦਿਨ ਸਾਹਿਤ ਜਗਤ ਵਿਚ ਖ਼ੂਬਸੂਰਤ ਬਾਤ ਪਾਉਣ ਦੀ ਕਲਾ ਰੱਖਦੇ ਗੁਰਭਜਨ ਗਿੱਲ ਨੂੰ ਪੁੱਛਿਆ ਕਿ ਕਰਤਾਰ ਸਿੰਘ ਕਾਲੜਾ ਦੇ ਬਹੁਤੇ ਸੋਹਲੇ ਕਿਉਂ ਨਹੀਂ ਸੁਣਨ ਨੂੰ ਮਿਲੇ? ਉਹ ਕਹਿਣ ਲੱਗੇ ਪਈ ਆਦਮੀ ਤਾਂ ਉਹ ਬਹੁਤ ਵੱਡਾ ਸੀ ਪਰ ਕਿਸੇ ਧੜੇ ਨਾਲ ਨਹੀਂ ਸੀ, ਇਸ ਲਈ ਮਰਨ ਦੀ ਖ਼ਬਰ ਆਈ ਤਾਂ ਆਪਣੇ ਆਪ ਨੂੰ ਕੇਂਦਰੀ ਦੱਸਦੀ ਸਾਹਿਤ ਸਭਾ ਨੇ ਪ੍ਰੈਸ ਰਿਲੀਜ਼ ਨਾਲ ਹੀ 'ਇੰਨਾ ਲਿਲਾਹੀ ਵਾ ਇੰਨਾਂ ਇਲਾਹੀ ਰਾਜਿਉਣ' ਵਾਲੀ ਰਸਮ ਨਿਭਾ ਦਿੱਤੀ। ਮੈਂ ਅੱਗਿਓਂ ਚੁੱਪ ਹੀ ਹੋ ਗਿਆ। ਕਾਵਾਂ ਦੀ ਚਲਦੀ ਹੈ, ਢੱਗੇ ਹੁਣ ਆਪਣੀ ਮੌਤ ਕਿੱਥੇ ਮਰਦੇ ਹਨ।

ਮੇਰਾ ਸਾਹਿਤ ਨਾਲ ਬਹੁਤ ਵਾਹ ਵਾਸਤਾ ਕਦੀ ਰਿਹਾ ਨਹੀਂ। ਦਸਵੀਂ ਜਮਾਤ ਤੋਂ ਬਾਅਦ ਕਦੀ ਕਵਿਤਾ ਕਹਾਣੀ ਨਾਲ ਮਿਲਣੀ ਨਹੀਂ ਹੋਈ। ਵਿਗਿਆਨ ਦੀਆਂ ਕਿਤਾਬਾਂ ਨਾਲ ਸ਼ੈਲਫਾਂ ਭਰ ਗਈਆਂ। ਜੀਵ ਵਿਗਿਆਨ ਵਿਚ ਦਿਲਾਂ ਰੂਹਾਂ ਦੀ ਕੋਈ ਗੱਲ ਨਹੀਂ ਹੁੰਦੀ। ਸੋ, ਇਹ ਕਦੀ ਨਾ ਪੜ੍ਹਨ ਸੁਣਨ ਨੂੰ ਮਿਲਿਆ ਕਿ ਕਿਸ ਧੁਰ ਅੰਦਰਲੇ ਦਰਦ ਵਿਚੋਂ ਲਾਜ ਜਨਮੀ ਹੋਵੇਗੀ? ਕਿਉਂ ਕੋਈ ਹਸਾਸ ਵਿਅਕਤੀ ਲਾਜ ਨੂੰ ਮਰਨ ਦੇਵੇਗਾ? (ਡਿਕਨਜ਼, ਇਹ ਸਵਾਲ ਤੈਨੂੰ ਵੀ ਹੈ!) ਕਈ ਸਾਲ ਪਹਿਲਾਂ ਮੈਂ ਕਿਤੇ ਪੜ੍ਹਿਆ ਸੀ ਕਿ ਮੁਸਾਫ਼ਿਰ ਨੇ ਆਪਣੀ ਹਕੀਕੀ ਜ਼ਿੰਦਗੀ ਵਿਚ ਜਵਾਨ ਕਿਸ਼ੋਰ ਉਮਰ ਧੀ ਗਵਾਈ ਸੀ ਅਤੇ ਉਸ ਗਮ ਵਿਚੋਂ ਕਹਾਣੀ ਦਾ ਜਨਮ ਹੋਇਆ ਸੀ ਪਰ ਹੁਣ ਮੈਨੂੰ ਉਹ ਹਵਾਲਾ ਯਾਦ ਨਹੀਂ। ਹਾਂ, ਇੰਨਾ ਜ਼ਰੂਰ ਜਾਣਦਾ ਹਾਂ ਕਿ ਉਹ ਆਪਣੇ ਪਿਤਾ ਨੂੰ ਆਖ਼ਿਰੀ ਵਾਰ ਦੇਖਣਾ ਚਾਹੁੰਦੇ ਸਨ ਪਰ ਜੇਲ੍ਹ ਵਿਚ ਹੀ ਸਨ ਜਦੋਂ ਪਿਤਾ ਰੁਖ਼ਸਤਗੀ ਪਾ ਗਏ। ਕੀ ਕਹਾਣੀ ਨਿੱਜੀ ਦੁੱਖ ਦੇ ਅਜਿਹੇ ਤੀਬਰ ਤੱਤਾਂ 'ਚੋਂ ਉਪਜੀ ਹੋਵੇਗੀ?

1997 ਵਿਚ ਜਦੋਂ ਕਰਤਾਰ ਸਿੰਘ ਦੁੱਗਲ ਨੂੰ ਤਾਜ਼ਾ-ਤਾਜ਼ਾ ਰਾਜ ਸਭਾ ਐੱਮ.ਪੀ. ਦੇ ਤੌਰ 'ਤੇ ਨਾਮਜ਼ਦ ਕੀਤਾ ਗਿਆ ਸੀ ਤਾਂ ਉਹ ਅਕਸਰ ਹੀ ਸੰਸਦ ਦੀ ਪਹਿਲੀ ਮੰਜ਼ਿਲ 'ਤੇ ਸਾਡੇ ਕਮਰੇ ਪੀ.ਟੀ.ਆਈ. ਦੇ ਕੈਂਪ ਆਫਿਸ ਵਿਚੋਂ ਲੰਘ ਕੇ ਸਦਨ ਵਿਚ ਜਾਂਦੇ। ਇਹ ਰਸਤਾ ਸ਼ਾਰਟ ਕੱਟ ਜੋ ਸੀ। ਕਈ ਵਾਰ ਉਹ ਕਮਰੇ ਵਿਚ ਪੰਜਾਬੀ ਬੋਲਣ ਵਾਲੇ ਇਕਲੌਤੇ ਪੱਗ ਵਾਲੇ ਮੁੰਡੇ ਕੋਲ ਰੁਕ ਜਾਂਦੇ, ਥੋੜ੍ਹੀ ਜਿਹੀ ਗੱਲਬਾਤ ਕਰਦੇ। ਅਜਿਹੀ ਹੀ ਇਕ ਮਿਲਣੀ ਵੇਲੇ ਉਹਨਾਂ ਮੈਨੂੰ ਮੁਸਾਫ਼ਿਰ ਬਾਰੇ ਨੈਸ਼ਨਲ ਬੁੱਕ ਟਰੱਸਟ ਦੀ ਛਾਪੀ ਛੋਟੀ ਜਿਹੀ ਜੀਵਨੀ ਦਿੱਤੀ। ਮੁਸਾਫ਼ਿਰ ਬਾਰੇ ਲੇਖ ਵੀ ਉਹਨਾਂ ਦਾ ਆਪਣਾ ਲਿਖਿਆ ਸੀ ਅਤੇ ਚੰਦ ਕੁ ਕਹਾਣੀਆਂ ਦਾ ਇੰਤਖ਼ਾਬ ਵੀ ਉਹਨਾਂ ਆਪ ਹੀ ਕੀਤਾ ਸੀ। 'ਬਾਗ਼ੀ ਦੀ ਧੀ' ਦਾ ਅੰਗਰੇਜ਼ੀ ਅਨੁਵਾਦ ਵੀ ਇਸੇ ਵਿਚ ਸ਼ਾਮਲ ਸੀ। ਮੈਂ ਕਹਾਣੀ ਦੀ ਫੋਟੋ ਕਾਪੀ ਕਰਵਾ ਕੇ ਪੀ.ਟੀ.ਆਈ. ਵਿਚ ਆਪਣੇ ਸਾਥੀਆਂ ਵਿਚ ਵੰਡੀ ਪਰ ਮੈਨੂੰ ਕਦੀ ਵੀ 'ਖਾਲਸਾ ਇਜ਼ ਰੈਡੀ (The Khalsa is ready) ਵਾਲਾ ਤਰਜਮਾ ਚੰਗਾ ਨਹੀਂ ਲੱਗਿਆ। ਜਿਹੜੀ ਗੱਲ "ਲੌ, ਖਾਲਸਾ ਤਿਆਰ-ਬਰ-ਤਿਆਰ ਹੈ" ਵਿਚ ਸੀ, ਉਹ ਸੁਰ ਨਹੀਂ ਛੋਂਹਦਾ ਇਹ ਜੁਮਲਾ। ਨਾਲੇ ਕਿੱਥੇ 'ਬਾਗ਼ੀ ਦੀ ਧੀ' ਤੇ ਕਿੱਥੇ 'ਦਿ ਰੈਬਲਜ਼ ਡੌਟਰ' (The Rebel's Daughter)?

1982 ਤੋਂ ਬਾਅਦ ਇੱਕ ਯੁੱਗ ਗੁਜ਼ਰਿਆ ਹੈ। ਹੁਣ ਅਕਾਲ ਤਖ਼ਤ ਦੇ ਜਥੇਦਾਰ ਵੀ ਨਿਵੇਕਲੇ ਤਰੀਕੇ ਲੱਗਦੇ ਹਨ, ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਅਤੇ ਮੇਰੇ ਸੂਬੇ ਦੇ ਮੁੱਖ ਮੰਤਰੀ ਵੀ। ਹੁਣ ਤਾਂ ਮੈਂ ਵੀ ਕਿੰਨਾ ਬਦਲ ਗਿਆ ਹਾਂ। ਆਪਣੇ ਆਪ ਹੰਝੂ ਨਹੀਂ ਕਿਰਦੇ ਹੁਣ। ਮੁਕੇਸ਼ ਗੌਤਮ ਦੀ ਫਿਲਮ 11 ਨਵੰਬਰ ਨੂੰ ਸਿਨੇਮਾ ਘਰਾਂ ਵਿਚ ਲੱਗ ਰਹੀ ਹੈ। ਲਾਜ ਨਾਲ ਮੁਲਾਕਾਤ ਨੂੰ ਲੈ ਕੇ ਦਿਲ ਵਿਚ ਬਹੁਤ ਕੁਝ ਚੱਲ ਰਿਹਾ ਹੈ, ਦਿਲ ਉੱਤੇ ਵੀ ਬਹੁਤ ਕੁਝ ਬਰਪਾ ਹੈ। ਆਪਣੀ ਉਮਰ ਹੁਣ ਕਿਸ਼ਨ ਸਿੰਘ ਤੋਂ ਵਡੇਰੀ ਲੱਗਦੀ ਹੈ। ਹੁਣ ਤਕ ਤਾਂ ਆਪਣੇ ਕੁਝ ਹਮਉਮਰ ਦੋਸਤਾਂ ਦੇ ਸਸਕਾਰ ਵਿਚ ਵੀ ਸ਼ਰੀਕ ਹੋ ਚੁੱਕਾ ਹਾਂ, ਆਪਣੇ ਬਜ਼ੁਰਗ ਰਿਸ਼ਤੇਦਾਰਾਂ ਨੂੰ ਵੀ ਆਖ਼ਿਰੀ ਪਗਡੰਡੀ ਜਾਂਦਿਆਂ ਦੇਖ ਚੁੱਕਾ ਹਾਂ। 14 ਸਾਲ ਦੇ ਉਸ ਲੜਕੇ ਨਾਲੋਂ ਜ਼ਿਆਦਾ ਮੌਤਾਂ ਅਤੇ ਤਬਾਹੀ ਬਾਰੇ ਪੜ੍ਹਿਆ ਹੈ ਜੋ 1982 ਵਿਚ ਉਸ ਸਰਕਾਰੀ ਸਕੂਲ ਦੇ ਕਮਰੇ ਵਿਚ ਪਹਿਲੀ ਵਾਰ ਲਾਜ ਲਈ ਰੋਇਆ ਸੀ।

ਪੁਰਸ਼ੋਤਮ ਲਾਲ ਨਿਰਮਲ ਸਰ, ਮੈਂ ਹੁਣ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਵੀਰਾਂਵਾਲੀ ਦਾ ਵਾਹ ਕਿਉਂ ਨਹੀਂ ਚੱਲਿਆ। ਉਦੋਂ ਮੈਂ ਐਵੇਂ ਉਸ ਨਾਲ ਗੁੱਸੇ ਵਿਚ ਸੀ। ਹੁਣ ਮਿਲੇ ਤਾਂ ਮੁਆਫ਼ੀ ਮੰਗ ਲਵਾਂਗਾ। ਸਾਨੂੰ ਬਿਹਤਰ ਮਨੁੱਖ ਬਣਾਉਣ ਲਈ ਤੁਹਾਡਾ ਬਹੁਤ ਸਾਰਾ ਧੰਨਵਾਦ। ਸਰਕਾਰੀ ਸਕੂਲਾਂ ਦੇ ਮਾਸਟਰ ਹਾਲੇ ਵੀ ਇਹ ਕੰਮ ਕਰ ਰਹੇ ਹੋਣਗੇ, ਐਸੀ ਆਸ ਹੈ।

ਮੈਂ ਇਨ੍ਹੀਂ ਦਿਨੀਂ 'ਓਲਡ ਕਿਓਰੌਸਿਟੀ ਸ਼ੌਪ' ਦੁਬਾਰਾ ਪੜ੍ਹ ਰਿਹਾ ਹਾਂ, ਤੇ ਉਸ ਪੰਨੇ 'ਤੇ ਪਹੁੰਚਣ ਵਿਚ ਹੁਣ ਕੁਝ ਹੀ ਦਿਨ ਬਾਕੀ ਹਨ ਜਿਸ ਨੂੰ ਮੈਂ ਕਈ ਸਾਲ ਪਹਿਲਾਂ ਮੋੜ ਕੇ ਰੱਖ ਦਿੱਤਾ ਸੀ ਕਿਉਂਜੋ ਉਹਨੂੰ ਪੜ੍ਹਨ ਤੋਂ ਡਰ ਲੱਗਦਾ ਸੀ। ਇਸ ਵਾਰ ਕੋਸ਼ਿਸ਼ ਰਹੇਗੀ ਕਿ ਬਿਨਾ ਰੋਇਆਂ ਪੜ੍ਹਿਆ ਜਾਵੇ। ਮੇਰੇ ਸ਼ਾਂਤ ਚਿੱਤ ਵਿਚ ਵੀ ਤਾਂ ਕਦੀ ਲਾਜ ਉਸ ਛੋਟੀ ਨੈੱਲ ਨੂੰ ਮਿਲੇ, ਟੈਗੋਰ ਦਾ ਫਟਿਕ ਵੀ ਉਥੇ ਆਵੇ। ਹੁਣ ਤਾਂ ਕਿੰਨਾ ਹੀ ਸਮਾਂ ਹੋ ਗਿਆ ਏ ਸਾਨੂੰ ਸਾਰਿਆਂ ਨੂੰ ਬਿਨਾ ਰੋਏ ਇਕੱਠੇ ਬੈਠਿਆਂ। ਮੇਰਾ ਝੂਠਾ ਸੱਚਾ ਜਿਹਾ ਵਾਅਦਾ ਹੈ ਕਿ ਮੈਂ ਨਹੀਂ ਰੋਵਾਂਗਾ।

ਤੁਸੀਂ ਵੀ ਨਾ ਰੋਣਾ ਪਰ ਲਾਜ ਨੂੰ ਮਿਲਣਾ। 'ਬਾਗ਼ੀ ਦੀ ਧੀ' ਨੂੰ। ਤੁਹਾਨੂੰ ਤਾਂ ਪਹਿਲਾਂ ਹੀ ਦੱਸ ਦਿੱਤਾ ਹੈ ਮੈਂ ਕਿ ਉਸ ਨਾਲ ਕੀ ਹੋਵੇਗਾ। 1982 ਵਿਚ ਮੈਂ ਕਲਾਸ ਦੇ ਹੁਸ਼ਿਆਰ-ਤਰੀਨ ਬੱਚਿਆਂ ਵਿਚ ਗਿਣਿਆ ਜਾਂਦਾ ਸਾਂ ਪਰ ਉਸ ਦਿਨ ਖ਼ਤਾ ਖਾ ਗਿਆ ਸਾਂ। ਮੁਸਾਫ਼ਿਰ ਜੀ ਦੀਆਂ ਆਖ਼ਿਰੀ ਸਤਰਾਂ ਸਨ: "ਲਾਜ ਦੇ ਕਮਰੇ ਵਿਚ ਪੁੱਜਣ ਤੱਕ ਉਸ ਦੇ ਸਾਰੇ ਅੱਥਰੂ ਵਗ ਚੁੱਕੇ ਸਨ। ਆਪਣੀ ਮਾਤਾ ਨੂੰ ਦੇਖ ਕੇ ਲਾਜ ਦੀਆਂ ਅੱਖਾਂ ਅੱਡੀਆਂ ਗਈਆਂ। ਸਵੇਰ ਦੇ ਦੀਵੇ ਦੀ ਇਹ ਆਖ਼ਿਰੀ ਝਲਕ ਸੀ।" ਸ਼ਾਇਦ ਮਨ ਇੰਨਾ ਉਦਾਸ ਸੀ ਕਿ ਲਾਜ ਨਾਲ ਕੀ ਹੋਇਆ, ਇਹ ਸਮਝਣ ਵਿਚ ਮੈਨੂੰ ਕੁਝ ਪਲ ਲੱਗ ਗਏ ਸਨ। ਜਦੋਂ ਸਮਝ ਆਈ ਤਾਂ ਫੁੱਟ ਪਿਆ ਸਾਂ। ਟੁੱਟ ਗਿਆ ਸਾਂ। ਕੁੱਲ 14 ਦਾ ਤਾਂ ਸਾਂ।

ਮੈਨੂੰ ਪਤਾ ਹੈ ਕਿ ਇਹ ਸਿਰਫ਼ ਕਹਾਣੀ ਹੈ। 'ਓਲਡ ਕਿਓਰੌਸਿਟੀ ਸ਼ੌਪ' ਵੀ ਤਾਂ ਸਿਰਫ ਇੱਕ ਕਹਾਣੀ ਹੀ ਸੀ। 'ਘਰ ਵਾਪਸੀ' ਵੀ ਸਿਰਫ ਕਹਾਣੀ ਹੀ ਸੀ। ਲਾਜ ਨੂੰ, ਛੋਟੀ ਨੈੱਲ ਨੂੰ, ਫਟਿਕ ਨੂੰ ਬਸ ਸਿਰਫ ਬੁਖ਼ਾਰ ਸੀ ਜੋ ਕਦੀ ਉਤਰਿਆ ਹੀ ਨਹੀਂ। ਮੈਨੂੰ ਹਾਲੇ ਵੀ ਫਟਿਕ ਦਿਸਦਾ ਰਹਿੰਦਾ ਹੈ, ਉਹ ਆਪਣਾ ਸਿਰ ਬਹੁਤ ਹੌਲੀ-ਹੌਲੀ ਮੋੜ ਰਿਹਾ ਹੈ, ਅਤੇ ਬਿਨਾ ਕਿਸੇ ਨੂੰ ਦੇਖੇ ਬੋਲ ਰਿਹਾ ਹੈ: "ਮਾਂ, ਛੁੱਟੀਆਂ ਆ ਗਈਆਂ ਹਨ।"

ਸਾਰੀਆਂ ਕਹਾਣੀਆਂ ਸਾਡੇ ਜੀਵਨ ਦੇ ਸਿਲੇਬਸ ਦਾ ਹਿੱਸਾ ਨਹੀਂ ਹੁੰਦੀਆਂ। ਕੁਝ ਆਪਣੇ ਆਪ ਵਿਚ ਜੀਵਨ ਹਨ। ਜੀਵਨ ਦੀ ਕਿਤਾਬ ਦੇ ਧਿਆਨ ਨਾਲ ਮੋੜ ਕੇ ਰੱਖੇ ਔਰਾਕ਼ ਹਨ। ਸਾਡੀ ਸਫਹਾ-ਏ-ਹਸਤੀ ਦਾ ਕੁੱਲ ਹਾਸਿਲ ਹਨ।

ਜੇ ਤੁਸੀਂ 'ਬਾਗ਼ੀ ਦੀ ਧੀ' ਦੇਖ ਲਵੋਗੇ ਤਾਂ ਫਿਰ ਸਾਡੇ ਕੋਲ ਗੱਲ ਕਰਨ ਲਈ ਹੋਰ ਬਹੁਤ ਕੁਝ ਹੋਵੇਗਾ। ਤੁਸੀਂ ਭੁੱਲ ਗਏ ਮੇਰੇ ਨਿਰਮਲ ਸਰ ਦੇ ਸ਼ਬਦ? ਧਿਆਨ ਨਾਲ ਸੁਣੋ, ਉਹ ਤੁਹਾਡੇ ਕੰਨ ਵਿਚ ਕਹਿ ਰਹੇ ਹਨ: 'ਕੋਈ ਦੋ ਵਿਅਕਤੀ ਜਿਹੜੇ ਇੱਕੋ ਕੁੜੀ ਲਈ ਕਦੀ ਰੋਏ, ਜਿਨ੍ਹਾਂ ਕਦੀ ਇੱਕੋ ਲੜਕੇ ਦਾ ਦੁੱਖ ਜਾਣਿਆ, ਜਿਨ੍ਹਾਂ ਕਦੀ ਕਿਸੇ ਇੱਕ ਕਿਸ਼ਨ-ਸ਼ਰਨ ਵਰਗੇ ਮਾਂ-ਬਾਪ ਨੂੰ ਜਾਣਿਆ, ਜਿਨ੍ਹਾਂ ਕਿਸੇ ਸਾਂਝੀ ਜ਼ਿੰਦਗੀ ਨਾਲ ਸ਼ਨਾਸੀ ਕੀਤੀ, ਜਿਨ੍ਹਾਂ ਉਹੀ ਕਿਤਾਬਾਂ ਪੜ੍ਹੀਆਂ, ਉਹੀ ਫਿਲਮਾਂ ਦੇਖੀਆਂ, ਉਸੇ ਦੁਨੀਆ ਨੂੰ ਜਾਣਿਆ, ਉਹਨਾਂ ਕੋਲ ਗੱਲ ਕਰਨ ਲਈ ਹਜ਼ਾਰਾਂ ਸਾਂਝੀਆਂ ਕਹਾਣੀਆਂ ਹੋਣਗੀਆਂ।'

ਗੁਰਮੁਖ ਸਿੰਘ ਮੁਸਾਫ਼ਿਰ ਦੀ ਕਹਾਣੀ ਵਿਚ ਲਾਜ ਦੀ ਮਾਂ ਨੂੰ ਦੇਖ-ਭਾਲ ਕਰਨ ਵਾਲੇ ਨੇ ਆਖ਼ਿਰੀ ਸ਼ਬਦ ਕਹੇ ਸਨ: "ਹੁਣ ਤੇ ਜੀ ਉਹ ਤੁਹਾਨੂੰ ਹੀ ਉਡੀਕਦੀ ਹੈ।"

ਮੈਂ ਉੱਥੇ ਹੋਵਾਂਗਾ ਲਾਜ। 11 ਨਵੰਬਰ ਨੂੰ ਆਪਾਂ ਮਿਲਾਂਗੇ। ਮੁਕੇਸ਼ ਗੌਤਮ ਕੋਈ ਵੀ ਨਾਓਂ ਰੱਖਿਆ ਹੋਵੇ ਤੇਰਾ, ਜ਼ਮਾਨਾ ਤੈਨੂੰ ਮੁਸਾਫ਼ਿਰ ਦੀ 'ਬਾਗ਼ੀ ਦੀ ਧੀ' ਨੂੰ ਕਦੀ ਨਹੀਂ ਭੁੱਲੇਗਾ। ਉਦੋਂ ਤੂੰ ਮੈਥੋਂ ਜੂਨੀਅਰ ਜਮਾਤਣ ਲੱਗਦੀ ਸੀ, ਹੁਣ ਧੀ ਵਰਗੀ। ਚਾਲੀ ਸਾਲਾਂ ਬਾਅਦ ਵੀ ਮੈਂ ਤੈਨੂੰ ਪਛਾਣ ਲਵਾਂਗਾ।

# ਸ੍ਰੀ ਗੁਰੂ ਰਾਮਦਾਸ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਗੁਰਮਤਿ ਸੰਗੀਤ ਪੱਧਤੀ ਵਿਚ ਆਪਣਾ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਹੋਏ ਹਨ। ਆਪ ਜੀ ਦਾ ਜਨਮ 1534 ਈ. ਨੂੰ ਪਿਤਾ ਹਰਿਦਾਸ ਜੀ ਦੇ ਘਰ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਜੇਠਾ ਸੀ। ਜੇਠਾ ਜੀ ਧਾਰਮਿਕ ਵਿਚਾਰਾਂ ਵਾਲੇ, ਸੇਵਾ ਅਤੇ ਸ਼ਰਧਾਮਈ ਭਾਵਾਂ ਦੇ ਨਾਲ ਭਰਪੂਰ ਸਨ। ਆਪ ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਿਆ ਕਰਦੇ ਸਨ ਜਿਸ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਆਪ ਜੀ ਨਾਲ ਕੀਤਾ। ਉਪਰੰਤ ਉਨ੍ਹਾਂ ਦੀ ਸੇਵਾ ਭਗਤੀ ਨੂੰ ਵੇਖਦੇ ਹੋਏ ਸੰਨ 1574 ਈ. ਵਿਚ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਨੂੰ ਗੁਰਿਆਈ ਦੇ ਕੇ ਗੁਰੂ ਰਾਮਦਾਸ ਦਾ ਨਾਮ ਦਿੱਤਾ।



ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਕਾਇਮ ਹੀ ਨਹੀਂ ਰੱਖਿਆ ਸਗੋਂ ਕਈ ਨਵੀਨ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਗੁਰੂ ਰਾਮਦਾਸ ਜੀ ਤੱਕ ਸਿੱਖ ਸ਼ਰਧਾਲੂਆਂ ਦੀ ਗਿਣਤੀ ਕਾਫੀ ਹੋ ਚੁੱਕੀ ਸੀ। ਸਵੇਰੇ ਸ਼ਾਮ ਦੀਵਾਨ ਲਗਾਏ ਜਾਂਦੇ ਅਤੇ ਕੀਰਤਨ ਹੁੰਦਾ ਸੀ। ਇਨ੍ਹਾਂ ਦੀਵਾਨਾਂ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੀ ਬਾਣੀ ਦਾ ਗਾਇਨ ਕੀਤਾ ਜਾਂਦਾ ਸੀ।

**ਪ੍ਰੋ. ਅਜੈਪਾਲ ਸਿੰਘ ਚਵਿੰਡਾ**
**ਫੋਨ: 94642-65464**

ਰਾਗ ਅਧੀਨ ਬਾਣੀ ਦੀ ਰਚਨਾ- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਆਪਣੀ ਬਾਣੀ ਨੂੰ ਵੱਖ-ਵੱਖ ਰਾਗਾਂ ਅਧੀਨ ਰਚਿਆ। ਜਿਸ ਤੋਂ ਸਹਿਜੇ ਹੀ ਅਨੁਮਾਨ ਲੱਗ ਜਾਂਦਾ ਹੈ ਕਿ ਇਸ ਸ਼ਬਦ ਨੂੰ ਕਿਸ ਰਾਗ ਵਿਚ ਗਾਇਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੇ ਵੱਖ-ਵੱਖ ਰਾਗਾਂ ਵਿਚ 679 ਸ਼ਬਦ ਅਤੇ ਸਲੋਕ ਦਰਜ ਹਨ। ਆਪ ਜੀ ਦੀ ਬਾਣੀ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਬੈਰਾਗਣ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਸੂਹੀ, ਬਿਲਾਵਲ ਆਦਿ ਰਾਗਾਂ ਵਿਚ ਉਪਲੱਬਧ ਹੈ। ਆਪ ਜੀ ਦੀ ਬਾਣੀ ਦਾ ਵਿਭਿੰਨ ਰਾਗਾਂ ਅਤੇ ਰਾਗ ਪ੍ਰਕਾਰਾਂ ਵਿਚ ਹੋਣਾ ਜਿੱਥੇ ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗ ਦੇ ਮਹੱਤਵ ਨੂੰ ਸਪੱਸ਼ਟ ਕਰਦਾ ਹੈ, ਉਥੇ ਇਸ ਦੇ ਪਾਸਾਰ ਦੀਆਂ ਨਵੀਨ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਆਪ ਜੀ ਨੇ ਕੁਝ ਰਾਗਾਂ ਦਾ ਪ੍ਰਯੋਗ ਪਹਿਲੀ ਵਾਰੀ ਗੁਰਬਾਣੀ ਵਿਚ ਕੀਤਾ ਗਿਆ ਜਿਵੇਂ ਦੇਵਗੰਧਾਰੀ, ਨਟ ਨਾਰਾਇਣ, ਮਾਲੀ ਗਉੜਾ, ਟੋਡੀ, ਕੇਦਾਰਾ, ਕਾਨੜਾ ਆਦਿ।

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਹਿੱਤ ਆਪਣੀ ਬਾਣੀ ਵਿਚ ਬਹੁਤ ਸਾਰੀਆਂ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਅੰਤਰਗਤ ਵਿਭਿੰਨ ਸ਼ਾਸਤਰੀ ਅਤੇ ਲੋਕਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ। ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਿਚ ਪਦੇ, ਅਸ਼ਟਪਦੀਆਂ ਅਤੇ ਲੋਕ ਗਾਇਨ ਸ਼ੈਲੀਆਂ ਘੋੜੀਆਂ, ਛੰਤ, ਵਾਰ ਲੋਕ ਕਾਵਿ ਰੂਪਾਂ ਨੂੰ ਵੇਖਿਆ ਜਾ ਸਕਦਾ ਹੈ।

ਪੜਤਾਲ ਗਾਇਕੀ ਦਾ ਵਿਸਥਾਰ- ਗੁਰੂ ਜੀ ਨੇ ਪੜਤਾਲ ਨਾਮਕ ਸ਼ੈਲੀ ਦਾ ਆਵਿਸ਼ਕਾਰ ਕੀਤਾ। ਭਾਰਤੀ ਸੰਗੀਤ ਵਿਚ ਪੜਤਾਲ ਗਾਇਕੀ ਦਾ ਪ੍ਰਚਾਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਪ੍ਰੰਤੂ ਗੁਰੂ ਜੀ ਨੇ ਵੱਖ-ਵੱਖ ਰਾਗਾਂ ਵਿਚ 19 ਪੜਤਾਲਾਂ ਦੀ ਰਚਨਾ ਕੀਤੀ। ਆਪ ਜੀ ਦੀਆਂ ਨਟ ਨਾਰਾਇਣ, ਨਟ, ਸਾਰੰਗ, ਮਲਾਰ, ਕਾਨੜਾ ਆਦਿ ਰਾਗਾਂ ਵਿਚ ਪੜਤਾਲਾਂ ਦਾ ਕਾਵਿ ਸਰੂਪ ਵਿਲੱਖਣਤਾ ਦਾ ਧਾਰਨੀ ਹੈ।

ਕੀਰਤਨ ਕੇਂਦਰ ਦੀ ਸਥਾਪਨਾ- ਗੁਰੂ ਨਾਨਕ ਦੇਵ ਜੀ ਤੋਂ ਚੱਲੀ ਆ ਰਹੀ ਕੀਰਤਨ ਦੀ ਰੀਤ ਨੂੰ ਗੁਰੂ ਰਾਮਦਾਸ ਜੀ ਨੇ ਵੀ ਜਾਰੀ ਰੱਖਿਆ ਜਿਸ ਸਦਕਾ ਆਪ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਰਾਮਦਾਸਪੁਰਾ ਜਾਂ ਚੱਕ ਗੁਰੂ ਦੀ ਕੀਰਤਨ ਕੇਂਦਰ ਵਜੋਂ ਨੀਂਹ ਰੱਖੀ ਜੋ ਕਿ ਵਰਤਮਾਨ ਸਮੇਂ ਵਿਚ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੈ। ਆਪ ਜੀ ਦੇ ਸਮੇਂ ਭਾਈ ਸੱਤਾ ਤੇ ਬਲਵੰਡ ਨਾਮਕ ਪ੍ਰਸਿੱਧ ਰਬਾਬੀ ਕੀਰਤਨੀਏ ਆਪ ਦੇ ਦਰਬਾਰ ਵਿਚ ਕੀਰਤਨ ਕਰਿਆ ਕਰਦੇ ਸਨ। ਆਪ ਕੇਵਲ ਕੀਰਤਨ ਸੁਣਦੇ ਹੀ ਨਹੀਂ ਸਗੋਂ ਕੀਰਤਨ ਕਰਦੇ ਵੀ ਸਨ। ਇਸ ਦਾ ਹਵਾਲਾ ਇਸ ਤਰ੍ਹਾਂ ਮਿਲਦਾ ਹੈ-

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ॥
ਆਦਿ ਗ੍ਰੰਥ, ਮਹਲਾ 4, ਪੰਨਾ 369

ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ॥
ਆਦਿ ਗ੍ਰੰਥ, ਮਹਲਾ 4, ਪੰਨਾ 369



ਗੁਰੂ ਜੀ ਨੇ ਧਰਮ ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਦਾ ਮੁੱਖ ਕੇਂਦਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਬਣਾਇਆ ਅਤੇ ਕੀਰਤਨ ਦਾ ਪ੍ਰਵਾਹ ਕਾਇਮ ਰੱਖਿਆ। ਅੰਮ੍ਰਿਤਸਰ ਦਾ ਕੀਰਤਨ ਸਥਾਨ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਨਾਮ ਨਾਲ ਵੀ ਪ੍ਰਸਿੱਧ ਹੈ। ਇੱਥੇ ਗੁਰਮਤਿ ਸੰਗੀਤ ਦੀ ਪਰੰਪਰਾ ਅਨੁਸਾਰ ਕੀਰਤਨ ਚੌਕੀ ਦੀ ਪਰੰਪਰਾ ਪ੍ਰਚੱਲਿਤ ਹੈ। ਇਨ੍ਹਾਂ ਵਿਚੋਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰ ਦੀ ਚੌਕੀ, ਆਰਤੀ ਦੀ ਚੌਕੀ ਆਦਿ ਚਾਰ ਚੌਕੀਆਂ ਮੁੱਖ ਹਨ। ਇਨ੍ਹਾਂ ਚੌਕੀਆਂ ਦੇ ਅੰਤਰਗਤ ਵੱਖ-ਵੱਖ ਸਮੇਂ ਉੱਤੇ ਸੰਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ। ਚੌਕੀ ਕੀਰਤਨ ਦੀ ਪਰੰਪਰਾ ਵਰਤਮਾਨ ਸਮੇਂ ਵਿਚ ਵੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਿਰੰਤਰ ਜਾਰੀ ਹੈ।

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ- ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਗੁਰੂ ਜੀ ਨੇ ਕਾਇਮ ਰੱਖਿਆ। ਗੁਰੂ ਜੀ ਦੀ ਬਾਣੀ ਵਿਚ ਰਹਾਉ, ਅੰਕ, ਘਰ, ਰਾਗ ਆਦਿ ਵਰਗੇ ਸੰਗੀਤਕ ਸੰਕੇਤਾਂ ਦਾ ਪ੍ਰਯੋਗ ਕਰਨਾ ਇਕ ਚੰਗੀ ਸੰਗੀਤਕ ਸੂਝ-ਬੂਝ ਦਾ ਨਮੂਨਾ ਹਨ। ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਦੀ ਬਾਣੀ ਜਿੱਥੇ ਕਾਵਿਕ ਤੌਰ 'ਤੇ ਮੌਲਿਕਤਾ ਅਤੇ ਵਿਲੱਖਣਤਾ ਦੀ ਧਾਰਨੀ ਹੈ ਉਥੇ ਉਨ੍ਹਾਂ ਦੇ ਸੰਗੀਤ ਵਿਧਾਨ, ਸੰਗੀਤ ਪ੍ਰਤੀ ਯੋਗਦਾਨ ਅਤੇ ਸੰਗੀਤਕ ਪ੍ਰਤਿਭਾ ਉੱਤੇ ਵੀ ਇਹ ਗੁਣ ਢੁਕਦੇ ਹਨ।

ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਉਣਾ- ਗੁਰੂ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਲਈ ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਇਆ। ਆਪ ਜੀ ਨੇ ਸੂਹੀ ਰਾਗ ਵਿਚ ਲਾਵਾਂ ਬਾਣੀ ਦੀ ਰਚਨਾ ਕੀਤੀ ਜੋ ਕਿ ਆਨੰਦ ਕਾਰਜ ਦੇ ਮੌਕੇ ਗਾਇਨ ਕੀਤੀ ਜਾਂਦੀ ਹੈ। ਉਂਝ ਤਾਂ ਸੂਹੀ ਰਾਗ ਵਿਚ ਇਸ ਬਾਣੀ ਦਾ ਲਾਵਾਂ ਸਿਰਲੇਖ ਨਹੀਂ ਹੈ। ਬਿਨਾਂ ਸ਼ੱਕ ਇਨ੍ਹਾਂ ਤੁਕਾਂ ਵਿਚ ਆਤਮਿਕ ਵਿਕਾਸ ਦੇ ਚਾਰ ਪੜਾਅ ਦੱਸੇ ਗਏ ਹਨ।

ਵਿਆਹ ਸਮੇਂ ਗਾਈਆਂ ਜਾਣ ਵਾਲੀਆਂ ਘੋੜੀਆਂ ਦੀ ਵੀ ਆਪ ਜੀ ਨੇ ਵਡਹੰਸ ਰਾਗ ਵਿਚ ਰਚਨਾ ਕੀਤੀ। ਆਪ ਜੀ ਨੇ ਛੰਦਾਂ ਦੀ ਰਚਨਾ ਵੀ ਕੀਤੀ ਜੋ ਅਜਿਹੇ ਮੌਕਿਆਂ 'ਤੇ ਗਾਏ ਜਾਂਦੇ ਹਨ। ਸੋ ਗੁਰੂ ਜੀ ਨੇ ਆਨੰਦ ਕਾਰਜ ਦੀ ਪਰੰਪਰਾ ਨੂੰ ਚਲਾਇਆ ਜੋ ਕਿ ਅੱਜ ਤੱਕ ਵੀ ਕਾਇਮ ਹੈ।

ਉਪਰੋਕਤ ਵਰਣਨ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ ਅਤੇ ਕੀਰਤਨ ਕੇਂਦਰਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਿਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ।

---

## ਕਹਾਣੀ

# ਹੰਝੂ

**ਕਰਮ ਸਿੰਘ ਮਾਨ**

ਦਿਨ ਦੇ ਬਾਰ੍ਹਾਂ ਵੱਜੇ ਸਨ। ਤਿੱਖੜ ਦੁਪਹਿਰ। ਰਿੰਗ ਰੋਡ ਤੋਂ ਵੀਹ ਕੁ ਕਰਮ ਦੀ ਵਿੱਥ 'ਤੇ ਗਲੀ 'ਚ ਬੱਸ ਸਟੈਂਡ 'ਤੇ ਖੜ੍ਹਾ ਮੈਂ ਲੋਕਲ ਬੱਸ ਦੀ ਉਡੀਕ ਕਰ ਰਿਹਾ ਸੀ। ਬੱਸ ਸਟੈਂਡ ਕੀ? ਨਾ ਬੈਠਣ ਲਈ ਕੋਈ ਥਾਂ, ਨਾ ਧੁੱਪ ਤੇ ਮੀਂਹ ਤੋਂ ਬਚਾਅ ਲਈ ਛੱਤ, ਬੱਸ ਇੱਕ ਖੰਭੇ ਉੱਤੇ ਚਾਰ ਕਿੱਲ ਲਾ ਕੇ ਬੱਸ ਸਟੈਂਡ ਦਾ ਸਾਈਨ ਲੱਗਿਆ ਸੀ। ਮੈਂ ਧੁੱਪ ਨਾਲ ਅਕਲਕਾਣ ਹੋਇਆ ਖੜ੍ਹਾ ਸੀ। ਮੈਂ ਅਖ਼ਬਾਰ ਨਾਲ ਝੱਲ ਮਾਰ ਕੇ ਥੋੜ੍ਹੀ ਜਿਹੀ ਰਾਹਤ ਮਹਿਸੂਸ ਕਰ ਰਿਹਾ ਸੀ। ਕਿਤੇ ਰੁਕ ਰੁਕ ਕੇ ਹਵਾ ਦਾ ਅੱਧ ਮਰਿਆ ਜਿਹਾ ਬੁੱਲ੍ਹਾ ਰੁਮਕਣ ਨਾਲ ਪਲ ਭਰ ਲਈ ਰਾਹਤ ਮਿਲਦੀ।

ਅਚਾਨਕ ਇਕ ਸੱਤ-ਅੱਠ ਸਾਲ ਦਾ ਗੋਭਲਾ ਜਿਹਾ ਬੱਚਾ, ਫੁੱਲੀਆਂ ਗੱਲਾਂ, ਗੋਲ ਮੂੰਹ, ਮੋਟੀਆਂ ਲਿਸ਼ਕਦੀਆਂ ਪਿਆਰੀਆਂ ਅੱਖਾਂ-ਬੱਸ ਸਟੈਂਡ ਵਾਲੇ ਖੰਭੇ ਨਾਲ ਝੂਟਣ ਲੱਗ ਪਿਆ। ਉਹ ਬੇਪਰਵਾਹ ਬਿਨਾਂ ਕਿਸੇ ਫਿਕਰ ਦੇ ਖੰਭੇ ਨਾਲ ਝੂਟ ਰਿਹਾ ਸੀ। ਉਹ ਕਿਤੇ ਕਿਤੇ ਸੜਕ ਤੋਂ ਰੋੜੀਆਂ ਚੁੱਕ ਕੇ ਦੂਸਰੀ ਰੋੜੀ ਵਿਚ ਟਿਕਾ ਕੇ ਨਿਸ਼ਾਨਾ ਲਾਉਂਦਾ। ਉਹ ਆਪਣੀ ਖੇਡ 'ਚ ਇੰਨਾ ਰੁੱਝਿਆ ਸੀ ਕਿ ਮੈਨੂੰ ਇੰਜ ਲੱਗਿਆ ਜਿਵੇਂ ਉਸਨੂੰ ਮੇਰੇ ਉੱਥੇ ਹੋਣ ਦਾ ਅਹਿਸਾਸ ਨਹੀਂ ਸੀ।

"ਕੀ ਗੱਲ ਪੁੱਤਰ ਜੀ। ਅੱਜ ਤਾਂ ਮੌਜਾਂ ਲੱਗੀਆਂ। ਸਕੂਲ ਨੀਂ ਗਿਆ ਲੱਗਦਾ। ਅਵਾਰਾਗਰਦੀ?"

ਉਸਨੇ ਮੈਨੂੰ ਵੇਖ ਕੇ ਸਤਿ ਸ੍ਰੀ ਅਕਾਲ ਕਹੀ, ਜਿਸ ਦਾ ਜਵਾਬ ਮੈਂ ਮੁਸਕਰਾ ਕੇ ਦਿੱਤਾ।

"ਕੀ ਗੱਲ ਪੁੱਤਰਾ? ਅੱਜ ਸਕੂਲ ਜਾਣ ਦਾ ਇਰਾਦਾ ਨੀ?" ਮੈਂ ਪਹਿਲਾ ਸਵਾਲ ਮੁੜ ਦੁਹਰਾਅ ਦਿੱਤਾ। ਉਹ ਕੁਝ ਨਾ ਬੋਲਿਆ ਖੜ੍ਹਾ ਮੁਸਕਰਾਉਂਦਾ ਰਿਹਾ। ਉਹ ਖੰਭੇ 'ਤੇ ਰੋੜੇ ਮਾਰਦਾ ਰਿਹਾ। ਉਸ ਨੂੰ ਵੇਖ ਕੇ ਮੈਨੂੰ ਖਿਝ ਆਈ। "ਅਵਾਰਾਗਰਦੀ" ਮੈਂ ਆਪਣੇ ਮਨ 'ਚ ਕਿਹਾ।

"ਇਨੀ ਧੁੱਪ ਤੇ ਅਵਾਰਾਗਰਦੀ? ਮਾਂ-ਪਿਉ ਤਾਂ ਸੋਚਦੇ ਹੋਣੇ ਆ, ਬਈ ਪੁੱਤ ਸਕੂਲ ਪੜ੍ਹਨ ਗਿਆ।"

"ਪੜ੍ਹਨਾ-ਲਿਖਣਾ ਸੁਆਹ ਆਉਣਾ ਜਦ ਸਕੂਲ 'ਚ ਜਾਣਾ ਨਹੀਂ? ਮੈਂ ਹੱਸਦੇ ਹੋਏ ਨੇ ਪੁੱਛਿਆ।

"ਵਾਹ ਅੰਕਲ ਜੀ? ਇਹ ਪਿੰਡ ਦਾ ਸਕੂਲ ਨੀ? ਸਾਡੇ ਸਕੂਲ 'ਚ ਤਾਂ ਦੋ ਸ਼ਿਫਟਾਂ ਲੱਗਦੀਆਂ ਨੇ। ਪਹਿਲੀ ਸ਼ਿਫਟ ਦਿਨ ਦੇ ਸੱਤ ਵਜੇ ਲੱਗਦੀ ਆ। ਦੂਸਰੀ ਸ਼ਾਮ ਦੋ ਤਿੰਨ ਵਜੇ। ਇੱਥੇ ਬੱਸ ਪੂਰੇ ਇੱਕ ਘੰਟਾ ਤੀਹ ਮਿੰਟ 'ਤੇ ਆਉਣੀ ਆਂ। ਤੁਸੀਂ ਅੰਕਲ ਜੀ ਇੱਥੇ ਡੇਢ ਘੰਟਾ ਪਹਿਲਾਂ ਹੀ ਖੜ੍ਹੇ ਹੋ? ਅੰਕਲ ਜੀ ਜਿਹੜਾ ਸਵਾਲ ਮਰਜ਼ੀ ਪੁੱਛ ਲਓ?" ਪਤਾ ਨਹੀਂ ਉਸਨੇ ਮੇਰੇ 'ਅਵਾਰਾਗਰਦੀ' ਸ਼ਬਦ ਵਰਤਣ ਉੱਤੇ ਜਾਂ ਆਪਣੀ ਪ੍ਰਤਿਭਾ ਵਿਖਾਉਣ ਵਾਸਤੇ ਇਹ ਕਿਹਾ।

"ਭਾਰਤ ਦੇ ਗੁਆਂਢੀ ਦੇਸ਼ ਕਿਹੜੇ ਹਨ?" ਮੈਂ ਉਸਨੂੰ ਸਵਾਲ ਕਰ ਦਿੱਤਾ ਉਸ ਨੇ ਸਾਰੇ ਗੁਆਂਢੀ ਦੇਸ਼ਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੈਂ ਉਸ ਤੋਂ ਵਿਗਿਆਨ, ਇਤਿਹਾਸ, ਅੰਕੜਾ ਵਿਗਿਆਨ ਤੇ ਹੋਰ ਜਾਣਕਾਰੀ ਪੁੱਛੀ। ਜਿਨ੍ਹਾਂ ਦੇ ਠੀਕ ਉੱਤਰ ਸੁਣ ਕੇ ਮੈਂ ਅਚੰਭਤ ਹੋ ਗਿਆ। ਦੋ ਮਿੰਟ ਪਹਿਲਾਂ ਜਿਸ ਨੂੰ ਮੈਂ ਅਵਾਰਾਗਰਦ ਬੱਚਾ ਸਮਝਦਾ ਸੀ, ਉਹ ਇੰਨਾ ਹੁਸ਼ਿਆਰ ਸੀ ਕਿ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਇਸ ਤੋਂ ਪਿੱਛੋਂ ਉਸਨੇ ਉਲਟਾ ਮੇਰੇ 'ਤੇ ਸਵਾਲ ਕਰ ਦਿੱਤਾ।

"ਤਿੰਨ ਵੱਛੀਆਂ, ਦੋ ਕੱਟੀਆਂ, ਦੋ ਮੱਝਾਂ, ਤਿੰਨ ਭੇਡਾਂ ਅਤੇ ਪੰਜ ਬੱਤਖਾਂ ਦਾ ਜੋੜ ਕਿੰਨਾ ਹੋਇਆ?" ਮੈਂ ਪੁੱਛਿਆ।

ਉਸ ਨੇ ਕੋਈ ਉੱਤਰ ਨਾ ਦਿੱਤਾ। ਪਹਿਲਾਂ ਵਾਂਗ ਹੀ ਮੁਸਕਰਾਉਂਦਾ ਰਿਹਾ।

'ਹੋਏ ਨਾ ਪੰਦਰਾਂ।" ਮੈਂ ਹੱਸਦੇ ਹੋਏ ਨੇ ਹੁੱਬ ਕੇ ਉੱਤਰ ਦਿੱਤਾ।

ਇਹ ਸੁਣ ਕੇ ਉਹ ਬਹੁਤ ਹੀ ਹੱਸਿਆ। ਉਸ ਨੇ ਆਖਿਆ ਇਸ ਵਿਚ ਦੋ ਬੱਚੇ ਅਤੇ ਤਿੰਨ ਆਦਮੀ ਤੇ ਇੱਕ ਖੋਤਾ ਹੋਰ ਜੋੜ ਦਿਓ।

"ਵੀਹ" ਮੈਂ ਫੁੱਲ ਕੇ ਆਖਿਆ। ਆਪਣੇ ਆਪ ਵਿਚ ਉਸਦੇ ਵਾਹੀਯਾਤ ਸਵਾਲਾਂ 'ਤੇ ਮੈਂ ਅੰਦਰੋ-ਅੰਦਰ ਹੱਸਿਆ।

"ਵਾਹ ਅੰਕਲ ਜੀ ਵਾਹ। ਆਦਮੀ ਵੀ। ਖੋਤਾ?" ਉਹ ਹੱਸ ਹੱਸ ਕੇ ਲੋਟ ਪੋਟ ਹੋ ਰਿਹਾ ਸੀ। ਹਾਸੇ ਨਾਲ ਉਸ ਦੇ ਵੱਖੀ ਪੀੜਾਂ ਪੈ ਰਹੀਆਂ ਸਨ।

ਠੀਕ ਸੀ ਉਸ ਦੀ ਗੱਲ 'ਆਦਮੀ ਪਸ਼ੂ' ਕਿਵੇਂ ਜੁੜ ਸਕਦੇ ਹਨ?

"ਆਦਮੀ ਖੋਤਾ ਤੇ ਖੋਤਾ ਆਦਮੀ। ਹੋਇਆ ਨਾ ਇੱਕ?"

ਉਹ ਉਲਟਾ ਮੇਰੇ 'ਤੇ ਸਵਾਲ ਕਰ ਕੇ ਵਿਅੰਗ ਕੱਸ ਗਿਆ ਸੀ। ਦਸ- ਪੰਦਰਾਂ ਮਿੰਟ 'ਚ ਉਹ ਮੈਨੂੰ ਬਹੁਤ ਮੋਹ ਗਿਆ ਸੀ।

ਧੁੱਪ ਬਹੁਤ ਤੇਜ਼ ਸੀ। ਉਸਦਾ ਘਰ ਸੜਕ ਦੇ ਦੂਜੇ ਪਾਸੇ, ਬੱਸ ਸਟੈਂਡ ਨੂੰ ਸਾਹਮਣਾ ਸੀ। ਉਹ ਸੜਕ ਪਾਰ ਕਰ ਕੇ ਇੱਕ ਛੋਟੇ ਜਿਹੇ ਬੂਟੇ ਦੀ ਛਾਂ ਵਿਚ ਖੜ੍ਹ ਗਿਆ ਸੀ। ਉਸ ਦਾ ਭਖਦਾ ਲਾਲ ਚਿਹਰਾ ਧੁੱਪ ਨਾਲ ਹੋਰ ਵੀ ਭਖ ਗਿਆ ਸੀ। "ਅੰਕਲ ਜੀ, ਮੇਰੇ ਕੋਲ ਇਸ ਬੂਟੇ ਦੀ ਛਾਂ ਥੱਲੇ ਆ ਜਾਓ।" ਇੱਕ ਤਾਂ ਬੂਟਾ ਬਹੁਤ ਛੋਟਾ ਸੀ, ਦੂਜੇ ਦੁਪਹਿਰ ਹੋਣ ਕਰਕੇ ਛਾਂ ਬੂਟੇ ਦੇ ਪੈਰਾਂ 'ਚ ਸੀ। ਮੈਂ ਜਾਣ ਦੀ ਝਿਜਕ ਦਿਖਾਈ।

"ਆ ਜਾਉ ਨਾ, ਪਲੀਜ਼।" ਉਸਦੇ ਵਾਰ ਵਾਰ ਕਹਿਣ 'ਤੇ ਮੈਂ ਸੜਕ ਟੱਪ ਕੇ ਉਸ ਪਾਸੇ ਵੱਲ ਆ ਗਿਆ।

"ਤ੍ਰੇਹ ਲੱਗੀ ਆ ਅੰਕਲ ਜੀ?" ਉਸਨੇ ਮੈਨੂੰ ਆਪਣੇ ਸੁੱਕੇ ਬੁਲ੍ਹਾਂ 'ਤੇ ਜੀਭ ਫੇਰਦੇ ਵੇਖ ਕੇ ਕਿਹਾ। ਉਸ ਨੇ "ਅੰਕਲ ਜੀ, ਔਹ ਸਾਹਮਣਾ ਮੇਰਾ ਹੀ ਘਰ ਹੈ। ਆਓ ਨਾ ਪਲੀਜ਼।" ਨਾਂਹ-ਨੁੱਕਰ ਕਰਦੇ ਨੂੰ ਉਹ ਮੈਨੂੰ ਖਿੱਚ ਕੇ ਲੈ ਗਿਆ।

ਮੁੰਡੇ ਨੇ ਬਾਰ ਖੋਲ੍ਹ ਕੇ ਅੰਦਰ ਆਉਣ ਲਈ ਕਿਹਾ। "ਮੰਮੀ ਅੰਕਲ ਜੀ ਮੇਰੇ ਦੋਸਤ?" ਉਸਨੇ ਬੜੀ ਤੇਜ਼ੀ ਨਾਲ ਅੱਧ-ਟੁੱਟੇ ਸਾਹ ਨਾਲ ਕਿਹਾ। ਬੋਲਦੇ ਦੀਆਂ ਉਸ ਦੀਆਂ ਫੁੱਲੀਆਂ ਗੱਲਾਂ ਹੋਰ ਵੀ ਫੁੱਲ ਗਈਆਂ ਸਨ।

ਉਸਦੀ ਗੱਲ ਸੁਣ ਕੇ ਇਕ ਅਧਖੜ ਉਮਰ ਦੀ ਔਰਤ ਉੱਠੀ। ਮੁੰਡੇ ਦਾ ਚਿਹਰਾ-ਮੁਹਰਾ ਵੀ ਉਸ ਨਾਲ ਮਿਲਦਾ ਵੇਖ ਕੇ ਕਿਸੇ ਭੁਲੇਖੇ ਦੀ ਕੋਈ ਵੀ ਗੁੰਜਾਇਸ਼ ਨਾ ਰਹੀ ਕਿ ਉਹ ਉਸ ਦੀ ਮਾਂ ਸੀ।

ਉਸ ਨੇ ਆਪਣੇ ਗਲ ਵਿਚ ਪਈ ਕਰੀਮ ਰੰਗੀ ਚੁੰਨੀ ਨਾਲ ਸਿਰ ਢੱਕ ਲਿਆ। "ਮੰਮੀ ਮੇਰੇ ਦੋਸਤ ਮੇਰੇ ਅੰਕਲ?" ਮੁੰਡੇ ਨੇ ਹਫਦੇ ਜਿਹੇ ਮੇਰੇ ਵੱਲ ਇਸ਼ਾਰਾ ਕਰਦੇ ਕਿਹਾ। ਉਸ ਔਰਤ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਮੇਰੇ ਲਈ ਘਰ ਅੰਦਰ ਆਉਣ ਲਈ ਇਸ਼ਾਰਾ ਕੀਤਾ। ਦਰਵਾਜ਼ੇ 'ਤੇ ਖੜ੍ਹੇ ਨੇ ਹੀ ਮੈਂ ਉਸਦੀ ਫਤਹਿ ਦਾ ਉੱਤਰ ਦਿੱਤਾ ਤੇ ਕਿਹਾ,"ਭੈਣ ਜੀ, ਕਿੰਨਾ ਮੋਹ-ਖੋਰਾ ਹੈ ਤੁਹਾਡਾ ਬੱਚਾ। ਹੁਸ਼ਿਆਰ ਤੇ ਤੁਰੇ ਜਾਂਦੇ ਰਾਹੀਆਂ ਨੂੰ ਵੀ ਆਪਣਾ ਮਿੱਤਰ ਬਣਾ ਲੈਂਦਾ ਹੈ। ਬੜਾ ਹੀ ਹੋਣਹਾਰ ਹੈ ਬੱਚਾ।" ਆਪਣੇ ਬੱਚੇ ਦੀ ਸਿਫਤ ਸੁਣ ਕੇ ਉਸ ਦੇ ਚਿਹਰੇ 'ਤੇ ਸਵੈਮਾਨ ਦੀ ਝਲਕ ਪਈ ਤੇ ਫਿਰ ਨਿਰਾਸ਼ਾ ਦੀ ਇਕ ਲਹਿਰ ਉਸਦੇ ਚਿਹਰੇ 'ਤੇ ਪਸਰ ਗਈ। ਉਸਨੇ ਮੋੜਵਾਂ ਸਵਾਲ ਕੀਤਾ "ਵੀਰ ਜੀ, ਤੁਹਾਡੇ ਬੱਚੇ ਵੀ ਤਾਂ?"

"ਜੀ ਉਹ ਤਾਂ ਪਹਿਲਾਂ ਹੀ ਤੁਰ" ਮੈਂ ਆਪਣਾ ਵਾਕ ਪੂਰਾ ਨਾ ਕਰ ਸਕਿਆ। ਉਹ ਇਕਦਮ ਦਰਵਾਜ਼ੇ 'ਤੇ ਹੀ ਇਕੱਠੀ ਹੋ ਕੇ ਬੈਠ ਗਈ। ਉਸ ਦੀਆਂ ਅੱਖਾਂ 'ਚ ਹੰਝੂ ਛਲਕ ਰਹੇ ਸਨ। ਹੰਝੂ ਬੱਚੇ ਦੀਆਂ ਗੱਲਾਂ ਤੋਂ ਦੀ ਘਰਾਲਾਂ ਬਣ ਕੇ ਵਗ ਰਹੇ ਸਨ। ਮੇਰੀਆਂ ਅੱਖਾਂ ਵੀ ਹੰਝੂਆਂ ਨਾਲ ਨਮ ਹੋ ਗਈਆਂ ਸਨ। "ਮੈਂ ਹੰਝੂ ਦੇ ਕੇ ਤੇ ਹੰਝੂ ਲੈ ਕੇ ਉਘੜ-ਦੁਘੜੀ ਸੜਕ 'ਤੇ ਤੁਰਦਾ ਬੱਸ ਸਟੈਂਡ ਲੰਘ ਗਿਆ।

# ਦਲਿਤ ਪਛੜੇ ਵਰਗਾਂ ਦੀ ਧਰਮ ਬਦਲੀ ਤੇ ਮਨੂਵਾਦ ਦੀ ਰਾਜਨੀਤੀ

**ਦਿੱਲੀ ਵਿਚ ਦਲਿਤਾਂ ਅਤੇ ਪਛੜੇ ਵਰਗ ਨਾਲ ਸਬੰਧਿਤ ਲੋਕਾਂ ਦੇ ਧਰਮ ਤਬਦੀਲੀ ਸਮਾਗਮ ਨੇ ਕੇਂਦਰੀ ਸੱਤਾਧਾਰੀਆਂ ਨੂੰ ਵਾਹਵਾ ਔਖਿਆਂ ਕੀਤਾ ਹੈ। ਇਹ ਅਸਲ ਵਿਚ ਮਨੂਵਾਦੀਆਂ ਦੀ ਸਿਆਸਤ ਨੂੰ ਸਿੱਧੀ-ਸਿੱਧੀ ਚੁਣੌਤੀ ਹੈ। ਸ. ਗਰਬਚਨ ਸਿੰਘ (ਜਲੰਧਰ) ਨੇ ਆਪਣੇ ਇਸ ਲੇਖ ਵਿਚ ਡਾ. ਭੀਮਰਾਓ ਅੰਬੇਡਕਰ ਵੱਲੋਂ ਬੁੱਧ ਧਰਮ ਅਪਣਾਉਣ ਮੌਕੇ ਕੀਤੇ ਪ੍ਰਣਾਂ ਦੇ ਹਵਾਲੇ ਨਾਲ ਗੁਰਬਾਣੀ-ਵਿਚਾਰ ਕੀਤੀ ਹੈ।**

'ਇੰਡੀਅਨ ਐਕਸਪ੍ਰੈੱਸ' ਦੀ ਇਕ ਖਬਰ ਅਨੁਸਾਰ 5 ਅਕਤੂਬਰ ਨੂੰ ਦਿੱਲੀ ਦੇ ਅੰਬੇਡਕਰ ਭਵਨ ਵਿਚ 10000 ਤੋਂ ਵਧੇਰੇ ਦਲਿਤ ਤੇ ਪਛੜੇ ਵਰਗਾਂ ਦੇ ਲੋਕਾਂ ਨੇ ਹਿੰਦੂ ਧਰਮ ਤਿਆਗਣ ਤੇ ਬੁੱਧ ਧਰਮ ਅਪਨਾਉਣ ਦਾ ਐਲਾਨ ਕਰ ਕੇ, ਮੋਹਨ ਭਾਗਵਤ ਸਮੇਤ ਮਨੂਵਾਦੀ ਹਿੰਦੂਆਂ ਦੇ ਮਨਾਂ ਵਿਚ ਬੌਖਲਾਹਟ ਪੈਦਾ ਕੀਤੀ ਹੈ। ਮੋਦੀ ਮੀਡੀਏ ਨੇ ਇਸ ਕਾਰਵਾਈ ਵਿਰੁੱਧ ਇਕ ਝਲਿਆਈ ਮੁਹਿੰਮ ਵਿੱਢ ਦਿੱਤੀ ਹੈ। ਉਨ੍ਹਾਂ ਦੇ ਮਨਾਂ ਵਿਚ ਡਰ ਪੈਦਾ ਹੋ ਗਿਆ ਹੈ ਕਿ ਜੇ ਧਰਮ ਬਦਲੀ ਦੀ ਇਹ ਮੁਹਿੰਮ ਜ਼ੋਰ ਫੜ ਗਈ ਤਾਂ ਮਨੂਵਾਦੀਆ ਦਾ ਹਿੰਦੂ ਬਹੁਗਿਣਤੀ ਦਾ ਫਰਾਡ ਹਮੇਸ਼ਾਂ ਲਈ ਨੰਗਾ ਹੋ ਜਾਏਗਾ। ਚੋਣਾਂ ਦੇ ਐਲਾਨ ਤੋਂ ਪਹਿਲਾਂ ਹੀ ਗੁਜਰਾਤ ਅੰਦਰ ਇਸ ਮੁਹਿੰਮ ਵਿਰੁੱਧ ਪੋਸਟਰਬਾਜ਼ੀ ਆਰੰਭ ਹੋ ਗਈ ਹੈ। ਧਰਮ ਬਦਲੀ ਕਰਨ ਵਾਲੇ ਲੋਕਾਂ ਵਿਰੁੱਧ ਨਫਰਤ ਦੀ ਲਹਿਰ ਚਲਾ ਦਿੱਤੀ ਗਈ ਹੈ।



**ਗੁਰਬਚਨ ਸਿੰਘ**
**ਫੋਨ: +91-98156-98451**

ਅੱਜ ਤੋਂ 66 ਸਾਲ ਪਹਿਲਾਂ 15 ਅਕਤੂਬਰ, 1956 ਨੂੰ ਨਾਗਪੁਰ ਦੇ ਦੀਕਸ਼ਾ ਭਵਨ ਵਿਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 3,65,000 ਦਲਿਤਾਂ ਨੂੰ ਨਾਲ ਲੈ ਕੇ ਬੁੱਧ ਧਰਮ ਅਪਨਾਉਣ ਦਾ ਐਲਾਨ ਕੀਤਾ ਸੀ। ਉਸ ਦਿਨ ਉਨ੍ਹਾਂ ਨੇ ਦੇਸ ਭਰ ਦੇ ਦਲਿਤ ਅਤੇ ਪਛੜੇ ਵਰਗਾਂ ਨੂੰ ਬੁੱਧ ਧਰਮ ਅਪਨਾਉਣ ਦੀ ਅਪੀਲ ਕੀਤੀ ਸੀ,

ਬੁੱਧ ਧਰਮ ਨੂੰ ਅਪਨਾਉਣ ਲਗਿਆਂ ਬਾਬਾ ਸਾਹਿਬ ਨੇ ਹੇਠ ਲਿਖੇ 22 ਪ੍ਰਣ ਕੀਤੇ ਸਨ:

1. ਮੈਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਕਦੇ ਵੀ ਈਸ਼ਵਰ ਨਹੀਂ ਮੰਨਾਂਗਾ ਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
2. ਮੈਂ ਈਸ਼ਵਰ ਦਾ ਅਵਤਾਰ ਮੰਨੇ ਜਾਂਦੇ ਰਾਮ ਅਤੇ ਸ਼ਨ ਵਿਚ ਕਦੇ ਯਕੀਨ ਨਹੀਂ ਕਰਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
3. ਮੈਂ ਗੌਰੀ ਗਣਪਤੀ ਆਦਿ ਹਿੰਦੂ ਧਰਮ ਦੇ ਕਿਸੇ ਵੀ ਦੇਵੀ-ਦੇਵਤੇ ਵਿਚ ਕਦੀ ਯਕੀਨ ਨਹੀਂ ਕਰਾਂਗਾ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਾਂਗਾ।
4. ਮੇਰਾ ਇਸ ਵਿਚ ਕੋਈ ਯਕੀਨ ਨਹੀਂ ਕਿ ਈਸ਼ਵਰ ਨੇ ਕਦੀ ਅਵਤਾਰ ਲਿਆ।
5. ਮੈਂ ਇਸ ਨੂੰ ਨਹੀਂ ਮੰਨਦਾ ਕਿ ਬੁੱਧ ਵਿਸ਼ਨੂੰ ਦਾ ਅਵਤਾਰ ਹਨ। ਇਹ ਝੂਠਾ ਤੇ ਕੂੜ ਪ੍ਰਚਾਰ ਹੈ।
6. ਮੈਂ ਕਦੀ ਵੀ ਸਰਾਧ ਨਹੀਂ ਕਰਵਾਵਾਂਗਾ ਅਤੇ ਨਾ ਹੀ ਕਦੇ ਪਿੰਡ ਦਾਨ ਕਰਾਂਗਾ।
7. ਮੈਂ ਕੋਈ ਵੀ ਕਿਰਿਆ ਕਰਮ ਬ੍ਰਾਹਮਣਾਂ ਦੇ ਹੱਥੋਂ ਨਹੀਂ ਕਰਵਾਵਾਂਗਾ।
8. ਮੈਂ ਬੁੱਧ ਧਰਮ ਦੀਆਂ ਸਿਖਿਆਵਾਂ ਅਤੇ ਸਿਧਾਂਤਾਂ ਵਿਰੁੱਧ ਕੋਈ ਕੰਮ ਨਹੀਂ ਕਰਾਂਗਾ।
9. ਮੈਂ ਇਸ ਸਿਧਾਂਤ ਨੂੰ ਮੰਨਦਾ ਹਾਂ ਕਿ ਸਾਰੇ ਮਨੁੱਖ ਇਕ ਬਰਾਬਰ ਹਨ।
10. ਮੈਂ ਸਮਾਜ ਵਿਚ ਬਰਾਬਰੀ ਲਿਆਉਣ ਦੇ ਯਤਨ ਕਰਾਂਗਾ।
11. ਮੈਂ ਤਥਾਗਤ ਬੁੱਧ ਦੇ ਦੱਸੇ ਨੇਕ ਅਸ਼ਟਾਂਗ ਮਾਰਗ ਨੂੰ ਅਪਨਾਵਾਂਗਾ।
12. ਮੈਂ ਤਥਾਗਤ ਬੁੱਧ ਦੀਆਂ 10 ਪਾਰਮਿਤਾਵਾਂ ਦਾ ਪਾਲਣ ਕਰਾਂਗਾ।
13. ਮੈਂ ਸਮੂਹ ਪ੍ਰਾਣੀ ਮਾਤਰ ਉਤੇ ਦਇਆ ਕਰਾਂਗਾ ਅਤੇ ਉਨ੍ਹਾਂ ਦੀ ਰੱਖਿਆ ਕਰਾਂਗਾ।
14. ਮੈਂ ਚੋਰੀ ਨਹੀਂ ਕਰਾਂਗਾ।
15. ਮੈਂ ਝੂਠ ਨਹੀਂ ਬੋਲਾਂਗਾ।
16. ਮੈਂ ਪਰ ਇਸਤਰੀ ਗਮਨ ਨਹੀਂ ਕਰਾਂਗਾ।
17. ਮੈਂ ਸ਼ਰਾਬ ਤੇ ਹੋਰਨਾਂ ਨਸ਼ਿਆਂ ਦੀ ਵਰਤੋਂ ਨਹੀਂ ਕਰਾਂਗਾ।
18. ਮੈਂ ਆਪਣਾ ਨਿੱਤ ਦਿਨ ਦਾ ਜੀਵਨ ਬੁੱਧ ਧਰਮ ਦੇ ਤਿੰਨ ਤੱਤਾਂ ਗਿਆਨ, ਸਦਾਚਾਰ ਤੇ ਕਰੁਣਾ ਦਾ ਸੁਮੇਲ ਕਰ ਕੇ ਜੀਆਂਗਾ।
19. ਮੈਂ ਮਨੁੱਖ ਮਾਤਰ ਦੀ ਉਨਤੀ ਲਈ ਹਾਨੀਕਾਰਕ ਅਤੇ ਮਨੁੱਖ ਮਾਤਰ ਦੀ ਨਾਬਰਾਬਰੀ ਨੂੰ ਆਪਣੀ ਨੀਂਹ ਮੰਨਣ ਵਾਲੇ ਹਿੰਦੂ ਧਰਮ ਦਾ ਤਿਆਗ ਕਰਦਾ ਹਾਂ ਅਤੇ ਬੁੱਧ ਧਰਮ ਨੂੰ ਸਵੀਕਾਰ ਕਰਦਾ ਹਾਂ।
20. ਮੇਰਾ ਪੂਰੀ ਦ੍ਰਿੜਤਾ ਨਾਲ ਯਕੀਨ ਹੈ ਕਿ ਇਹੀ ਸੱਚਾ ਧਰਮ ਹੈ।
21. ਮੇਰਾ ਯਕੀਨ ਹੈ ਕਿ ਮੇਰਾ ਨਵਾਂ ਜਨਮ ਹੋਇਆ ਹੈ।
22. ਮੈਂ ਪ੍ਰਣ ਕਰਦਾ ਹਾਂ ਕਿ ਹੁਣ ਤੋਂ ਮੈਂ ਬੁੱਧ ਧਰਮ ਦੀ ਸਿੱਖਿਆ ਅਨੁਸਾਰ ਵਿਹਾਰ ਕਰਾਂਗਾ।

ਗੁਰਮਤਿ ਨੇ ਬਾਬਾ ਸਾਹਿਬ ਦੇ ਇਨ੍ਹਾਂ 22 ਪ੍ਰਣਾਂ ਦੀ ਪਹਿਲਾਂ ਹੀ ਪੁਸ਼ਟੀ ਕੀਤੀ ਹੋਈ ਹੈ। ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਸਿਰਫ ਈਸ਼ਵਰ ਹੀ ਨਹੀਂ ਮੰਨਦੀ ਬਲਕਿ ਇਨ੍ਹਾਂ ਦੀ ਸਿਰਜਕ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ।

ਮਨੂਵਾਦ ਸਾਡੇ ਆਲੇ-ਦੁਆਲੇ ਪਸਰੇ ਏਕੋ 'ਬ੍ਰਹਮ' ਦੇ ਵਿਅਕਤੀ ਰੂਪ ਬ੍ਰਹਮਾ ਦੀ ਘਾੜਤ ਘੜ ਕੇ ਸਾਰੀ ਸ੍ਰਿਸ਼ਟੀ ਦੀ ਰਚਨਾ ਇਸ ਬ੍ਰਹਮਾ ਰਾਹੀਂ ਹੋਈ ਮੰਨਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਚਾਰ ਵਰਣਾਂ ਦੀ ਪੈਦਾਇਸ਼ ਕਰਵਾਉਂਦਾ ਹੈ। ਇਸੇ ਮਨ-ਕਲਪਿਤ ਬ੍ਰਹਮਾ ਦੀ ਹੋਂਦ ਰਾਹੀਂ ਉਹ ਆਪਣਾ ਸਾਰਾ ਕਰਮਕਾਂਡੀ ਭਰਮਜਾਲ ਫੈਲਾਉਂਦਾ ਹੈ।

ਗੁਰਮਤਿ ਬ੍ਰਹਮਾ ਦੀ ਇਸ ਧਾਰਨਾ ਨੂੰ ਮੂਲੋਂ ਹੀ ਨਕਾਰ ਦੇਂਦੀ ਹੈ:

ਬ੍ਰਮਾ ਬਿਸਨੁ ਮਹੇਸ ਨ ਕੋਈ। ਅਵਰ ਨ ਦੀਸੈ ਏਕੋ ਸੋਈ। (ਪੰਨਾ 1035)

ਯਥਾ ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ ਦੀ ਕੋਈ ਹੋਂਦ ਨਹੀਂ। ਸਭ ਥਾਂ ਇਸ ਏਕੋ ਬ੍ਰਹਮ ਦਾ ਹੀ ਪਸਾਰਾ ਹੈ।

ਗੁਰਮਤਿ ਨੇ ਬ੍ਰਹਮ ਅਤੇ ਮਨੂਵਾਦ ਵਲੋਂ ਵਰਤੇ ਜਾਂਦੇ ਅਖਰ ਬ੍ਰਹਮਾ ਵਿਚਕਾਰ ਸਪੱਸ਼ਟ ਨਿਖੇੜਾ ਕੀਤਾ ਹੈ :

ਬ੍ਰਹਮਾ ਬਡਾ ਕਿ ਜਾਸ ਉਪਾਇਆ। (ਪੰਨਾ 331)

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ। (ਪੰਨਾ 559)

ਬ੍ਰਹਮੈ ਵਡਾ ਕਹਾਇ ਅੰਤ ਨ ਪਾਇਆ। (ਪੰਨਾ 1279)

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਨੀ। (ਪੰਨਾ 1032)

ਯਥਾ ਬ੍ਰਹਮਾ ਵੱਡਾ ਹੈ ਜਾਂ ਜਿਸ ਬ੍ਰਹਮ ਤੋਂ ਸਾਰਿਆਂ ਦੀ ਉਤਪਤੀ ਹੋਈ ਹੈ, ਉਹ ਵੱਡਾ ਹੈ। ਫਿਰ ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਦੇ ਨਾਂ ਉਤੇ ਜਿਹੜਾ ਕਥਿਤ ਵੇਦਾਂ ਦਾ ਗਿਆਨ ਦਿੱਤਾ ਜਾਂਦਾ ਹੈ, ਉਹ ਸਾਰਾ ਮੋਹ ਮਾਇਆ ਦਾ ਪਸਾਰਾ ਭਾਵ ਮਨ-ਕਲਪਿਤ ਭਰਮਜਾਲ ਹੈ। ਗੁਰਮਤਿ ਇਹ ਵੀ ਦੱਸਦੀ ਹੈ ਕਿ ਬ੍ਰਹਮਾ ਆਪਣੇ-ਆਪ ਨੂੰ ਵੱਡਾ ਕਹਾਉਂਦਾ ਹੈ ਪਰ ਉਹ ਬ੍ਰਹਮ ਦਾ ਅੰਤ ਨਹੀਂ ਪਾ ਸਕਿਆ। ਬ੍ਰਹਮਾ, ਇੰਦਰ ਤੇ ਮਹੇਸ਼ ਨੂੰ ਬ੍ਰਹਮ ਦਾ ਕੋਈ ਗਿਆਨ ਨਹੀਂ।

ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ ॥

ਕਾਲ ਪਾਇ ਕਰ ਬਿਸਨ ਪ੍ਰਕਾਸਾ ॥ ਸਗਲ ਕਾਲ ਕਾ ਕੀਆ ਤਮਾਸਾ ॥ (ਚੌਪਈ ਸਾਹਿਬ)

ਭਾਵ ਬ੍ਰਹਮਾ ਵੀ ਕਾਲ ਵਸ ਹੈ। ਅਵਤਾਰ ਕਿਹਾ ਜਾਂਦਾ ਸ਼ਿਵਜੀ ਵੀ ਕਾਲ ਵਸ ਹੈ। ਬਿਸਨ ਵੀ ਕਾਲ ਵਸ ਹੈ। ਅਰਥਾਤ ਕਹੇ ਜਾਂਦੇ ਤਿੰਨੇ ਦੇਵਤੇ ਕਾਲ ਵਸ ਹਨ। ਇਸ ਲਈ ਇਹ ਅਵਤਾਰ ਨਹੀਂ ਹੋ ਸਕਦੇ। ਇਹ ਤਿੰਨੇ ਵੀ ਕਾਲ ਭਾਵ ਸਮੇਂ ਦਾ ਤਮਾਸ਼ਾ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਬਾਰੇ ਬੜਾ ਸਪੱਸ਼ਟ ਫਤਵਾ ਦਿੱਤਾ ਗਿਆ ਹੈ:

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ॥ ਨਾਰਦਿ ਕਹਿਆ ਸਿ ਪੂਜ ਕਰਾਂਹੀ॥

ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ ਮੁਗਧ ਗਵਾਰ॥

ਓਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਹਾਰ॥ (ਪੰਨਾ 556)

ਯਥਾ ਹਿੰਦੂ ਮੂਲੋਂ ਹੀ ਭਾਵ ਮੁੱਢ ਤੋਂ ਹੀ ਕੁਰਾਹੇ ਪਏ ਹੋਏ ਹਨ, ਜਿਹੜੇ ਨਾਰਦ ਦੇ ਕਹਿਣ ਉਤੇ ਕਿਸੇ ਦੀ ਵੀ ਪੂਜਾ ਕਰ ਸਕਦੇ ਹਨ, ਮਨ ਦੀਆਂ ਅੱਖਾਂ ਤੋਂ ਅੰਨ੍ਹੇ ਅਤੇ ਆਤਮਿਕ ਗਿਆਨ ਤੋਂ ਗੂੰਗੇ ਭਾਵ ਅਗਿਆਨ ਦੇ ਹਨ੍ਹੇਰੇ ਵਿਚ ਭਟਕ ਰਹੇ ਜਿਹੜੇ ਮੂਰਖ ਤੇ ਗਵਾਰ ਲੋਕ ਖੁਦ ਪੱਥਰਾਂ ਦੀ ਪੂਜਾ ਕਰਦੇ ਹਨ, ਉਹ ਭਲਾ ਤੁਹਾਨੂੰ ਕਿਵੇਂ ਤਾਰ ਦੇਣਗੇ?



ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥

ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥ ੧॥ (ਪੰਨਾ 776)

ਗੁਰਮਤਿ ਬ੍ਰਾਹਮਣੀ ਕਰਮਕਾਂਡ ਉਤੇ ਤਿੱਖਾ ਵਾਰ ਕਰਦਿਆਂ ਫੁਰਮਾਉਂਦੀ ਹੈ ਕਿ ਸਾਢੇ ਤਿੰਨ-ਤਿੰਨ ਗਜ ਦੀਆਂ ਧੋਤੀਆਂ ਪਹਿਨ ਕੇ ਤੇ ਤਿੰਨ-ਤਿੰਨ ਧਾਗਿਆਂ ਵਾਲੇ ਜਨੇਊ ਪਾ ਕੇ ਜਿਨ੍ਹਾਂ ਨੇ ਗਲਾਂ ਵਿਚ ਕਈ-ਕਈ ਮਾਲਾ ਪਹਿਨੀਆਂ ਹੋਈਆ ਹਨ ਅਤੇ ਹਥਾਂ ਵਿਚ ਲਿਸ਼ਕਦੇ ਲੋਟੇ ਫੜੇ ਹੋਏ ਹਨ, ਦਰਅਸਲ ਇਹ ਸੰਤ ਨਹੀਂ ਸਗੋਂ ਬਨਾਰਸ ਦੇ ਅਸਲੀ ਠੱਗ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥ (ਪੰਨਾ 1377)

ਯਥਾ ਬ੍ਰਾਹਮਣ ਜਗਤ ਦਾ ਗੁਰੂ ਹੋਣ ਦਾ ਦਾਅਵਾ ਕਰਦਾ ਹੈ ਪਰ ਭਗਤ ਉਸ ਨੂੰ ਆਪਣਾ ਗੁਰੂ ਨਹੀਂ ਮੰਨਦੇ ਕਿਉਂਕਿ ਉਹ ਚਾਰਾਂ ਵੇਦਾਂ ਵਿਚ ਹੀ ਉਲਝਿਆ ਹੋਇਆ ਹੈ ਅਤੇ ਇਸ ਉਲਝਣ ਵਿਚ ਹੀ ਆਪਣੀ ਜ਼ਿੰਦਗੀ ਬਿਤਾ ਕੇ ਮਰ ਜਾਂਦਾ ਹੈ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਪੰਨਾ 747-48)

ਗੁਰਮਤਿ ਅਨੁਸਾਰ ਧਰਮ ਦੇ ਨਾਂ ਉਤੇ ਕੀਤਾ ਜਾ ਰਿਹਾ ਇਹ ਸਾਰਾ ਪਾਖੰਡ ਤੇ ਕਰਮਕਾਂਡ ਜਮਾਂ ਦੀ ਨਿਆਈਂ ਸਾਰੇ ਸੰਸਾਰ ਨੂੰ ਲੁੱਟ ਰਿਹਾ ਹੈ। ਬੇਦ ਕਤੇਬ ਸਿਮ੍ਰਿਤੀਆਂ ਅਤੇ ਸਾਰੇ ਸ਼ਾਸਤਰ ਪੜ੍ਹ ਕੇ ਵੀ ਇਨ੍ਹਾਂ ਨਾਲ ਮਨ ਦੀ ਮੁਕਤੀ ਨਹੀਂ ਮਿਲਦੀ ਅਤੇ ਇਹ ਉਪਦੇਸ਼ ਚਾਰੇ ਵਰਨਾਂ ਭਾਵ ਖੱਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼ ਸਾਰਿਆਂ ਲਈ ਸਾਂਝਾ ਹੈ।

ਦਰੋਗ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ॥

ਹਕੁ ਸਚੁ ਖਾਲੁਕ ਖਲਕ ਮਿਆਨੇ ਸਿਆਮ ਮੂਰਤਿ ਨਾਹਿ॥ (ਪੰਨਾ 727)

ਯਥਾ ਵੇਦ ਕਤੇਬ ਆਦਿ ਅੱਡ-ਅੱਡ ਗ੍ਰੰਥ ਪੜ੍ਹ ਕੇ ਬੰਦਾ ਐਵੇਂ ਖੁਸ਼ ਹੁੰਦਾ ਰਹਿੰਦਾ ਹੈ ਅਤੇ ਫਜ਼ੂਲ ਦੇ ਵਾਦ-ਵਿਵਾਦ ਵਿਚ ਉਲਝਿਆ ਰਹਿੰਦਾ ਹੈ ਪਰ ਉਸ ਨੂੰ ਇਹ ਪਤਾ ਨਹੀਂ ਲੱਗਦਾ ਕਿ ਹੱਕ-ਸੱਚ ਦੀ ਪੈਰਵਾਈ ਕਰਨ ਵਾਲਾ ਸਾਰਿਆਂ ਦਾ ਮਾਲਕ ਖਲਕਤ ਵਿਚ ਹੀ ਵੱਸਦਾ ਹੈ ਅਤੇ ਉਸ ਦੀ ਹੋਂਦ ਸਿਆਮ ਰੰਗ ਦੀ ਮੂਰਤ ਭਾਵ ਸ਼ਨ ਵਿਚ ਨਹੀਂ।

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦ ਬਹੁ ਥਾਕੋ ਰੇ॥

ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥ ੧॥

ਤੁਮ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥

ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥ ੧॥ ਰਹਾਉ॥ (ਪੰਨਾ 338-39)

ਗੁਰਮਤਿ ਸ਼ਨ ਦੇ ਅਵਤਾਰੀ ਪੁਰਸ਼ ਹੋਣ ਬਾਰੇ ਸੁਆਲੀਆ ਚਿੰਨ੍ਹ ਲਾਉਂਦੀ ਹੋਈ ਇਸ ਦੇ ਪੈਰੋਕਾਰਾਂ ਨੂੰ ਪੁੱਛਦੀ ਹੈ ਕਿ ਜੋ ਤੁਸੀਂ ਇਹ ਕਹਿੰਦੇ ਹੋ ਕਿ 84 ਲੱਖ ਜੂਨਾਂ ਵਿਚ ਭਟਕਣ ਤੋਂ ਬਾਅਦ ਜਦੋਂ ਨੰਦ ਥੱਕ ਗਿਆ ਤੇ ਉਸ ਦੀ ਭਗਤੀ ਤੋਂ ਖੁਸ਼ ਹੋ ਕੇ ਜਗਤ ਦੇ ਮਾਲਕ ਨੇ ਸ਼ਨ ਦੇ ਰੂਪ ਵਿਚ ਉਸ ਦੇ ਘਰ ਅਵਤਾਰ ਧਾਰਿਆ ਤਾਂ ਨੰਦ ਦੇ ਬੜੇ ਚੰਗੇ ਭਾਗ ਸਨ। ਪਰ ਤੁਸੀਂ ਜੋ ਕਹਿੰਦੇ ਹੋ ਕਿ ਜਗਤ ਦਾ ਮਾਲਕ ਨੰਦ ਦਾ ਪੁੱਤਰ ਸੀ ਤਾਂ ਫਿਰ ਨੰਦ ਕਿਸ ਦਾ ਪੁੱਤਰ ਸੀ? ਜਦੋਂ ਜਗਤ ਦੇ ਮਾਲਕ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਨੰਦ ਦੀ ਹੋਂਦ ਕਿਵੇਂ ਬਣੀ। ਫਿਰ ਜਦੋਂ ਦਸਾਂ ਦਿਸ਼ਾਵਾਂ ਵਿਚ ਧਰਤੀ ਤੇ ਆਕਾਸ਼ ਦੀ ਕੋਈ ਹੋਂਦ ਹੀ ਨਹੀਂ ਸੀ ਤਾਂ ਇਹ ਨੰਦ ਕਿੱਥੇ ਸੀ?

ਗੁਰਮਤਿ ਅਵਤਾਰਾਂ ਦੀ ਹੋਂਦ ਨੂੰ ਪੂਰਨ ਰੂਪ ਵਿਚ ਨਕਾਰਦੀ ਹੈ

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥

ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖ ਵਿਚਾਰੀ॥ (ਪੰਨਾ 423)

ਭਾਵ ਹਰ ਯੁੱਗ ਦੇ ਰਾਜਿਆਂ ਨੂੰ ਅਵਤਾਰੀ ਪੁਰਖ ਜਾਣ ਕੇ ਉਨ੍ਹਾਂ ਦੇ ਗੁਣ ਗਾਏ ਜਾਂਦੇ ਹਨ ਪਰ ਉਹ ਵੀ ਉਸ ਸਿਰਜਣਹਾਰ ਦਾ ਅੰਤ ਨਹੀਂ ਪਾ ਸਕੇ।

ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਿਮੰਡ ਜਾ ਕੇ ਧ੍ਰਮਸਾਲ॥

ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥

ਐਸੋ ਧਨੀ ਗੋਵਿੰਦ ਹਮਾਰਾ। । ਬਰਨਿ ਨ ਸਾਕਉ ਗੁਣ ਬਿਸਥਾਰਾ॥ (ਪੰਨਾ 1156)

ਯਥਾ ਸਾਡੇ ਆਲੇ-ਦੁਆਲੇ ਅਸੀਮ ਬ੍ਰਹਿਮੰਡ ਦੇ ਰੂਪ ਵਿਚ ਪਸਰੇ ਏਕੋ ਸਿਰਜਣਹਾਰ ਨੇ ਕਰੋੜਾਂ ਬਿਸਨ (ਵਿਸ਼ਨੂ) ਅਵਤਾਰ ਪੈਦਾ ਕੀਤੇ ਹਨ। ਇਸ ਬ੍ਰਹਿਮੰਡ ਵਿਚ ਜਿਨ੍ਹਾਂ ਦੇ ਕਰੋੜਾਂ ਧਰਮਸਾਲ ਹਨ। ਕਰੋੜਾਂ ਮਹੇਸ (ਸ਼ਿਵ ਜੀ) ਪੈਦਾ ਕੀਤੇ ਹਨ। ਕਰੋੜਾਂ ਬ੍ਰਹਮੇ ਇਸ ਜਗਤ ਦੀ ਉਸਾਰੀ ਵਿਚ ਲਗੇ ਹੋਏ ਹਨ। ਸਾਡਾ ਸਿਰਜਣਹਾਰ ਗੋਬਿੰਦ ਐਸਾ ਧਨੀ ਹੈ ਕਿ ਉਸ ਦੇ ਸਾਰੇ ਗੁਣਾਂ ਦਾ ਕੋਈ ਵਰਣਨ ਨਹੀਂ ਕਰ ਸਕਦਾ।

ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹਿ ਜਾਨਹਿ ਭੇਦ॥

ਅਵਤਾਰ ਨ ਜਾਨਹਿ ਅੰਤੁ॥ ਪਰਮੇਸਰ ਪਾਰਬ੍ਰਹਮ ਬੇਅੰਤੁ॥ (ਪੰਨਾ 894)

ਯਥਾ ਸਾਰੇ ਵੇਦ ਉਸ ਬ੍ਰਹਮ ਦੀ ਮਹਿਮਾ ਭਾਵ ਉਸ ਦੇ ਗੁਣਾਂ ਦਾ ਗਿਆਨ ਨਹੀਂ ਰੱਖਦੇ। ਸਾਰੇ ਬ੍ਰਹਮੇ ਵੀ ਉਸ ਦਾ ਭੇਦ ਨਹੀਂ ਜਾਣਦੇ। ਅਵਤਾਰ ਉਸਦਾ ਅੰਤ ਨਹੀਂ ਪਾ ਸਕਦੇ। ਸਾਰਿਆਂ ਦੀ ਸੰਭਾਲ ਕਰਨ ਵਾਲਾ ਉਹ ਪਰਮੇਸਰ (ਪਰਮ ਈਸ਼ਵਰ) ਬ੍ਰਹਮ ਤੋਂ ਵੀ ਪਾਰ ਭਾਵ ਬੇਅੰਤ ਹੈ। ਸਪਸ਼ਟ ਹੈ ਕਿ ਗੁਰਮਤਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਨਾ ਤਾਂ ਈਸ਼ਵਰ ਮੰਨਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਪੂਜਾ ਕਰਦੀ ਹੈ।

ਗੁਰਮਤਿ ਰਾਮ ਕ੍ਰਿਸ਼ਨ ਨੂੰ ਨਾ ਅਵਤਾਰ ਮੰਨਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਪੂਜਦੀ ਹੈ। ਗੁਰਮਤਿ ਸਾਰੇ ਹਿੰਦੂ ਦੇਵੀ ਦੇਵਤਿਆਂ ਦੇ ਨਾਂ ਲੈ ਕੇ ਉਨ੍ਹਾਂ ਦੀ ਦੈਵੀ ਹੋਂਦ ਤੋਂ ਹੀ ਇਨਕਾਰੀ ਹੈ। ਗੁਰਮਤਿ ਆਪਣੇ ਆਲੇ-ਦੁਆਲੇ ਪਸਰੇ ਏਕੋ ਬ੍ਰਹਮ ਭਾਵ ਬ੍ਰਹਿਮੰਡੀ ਕੁਦਰਤ ਦੀ ਹੋਂਦ ਤੋਂ ਬਿਨਾਂ ਕਿਸੇ ਵੀ ਦੂਜੀ ਰੱਬੀ ਹੋਂਦ ਨੂੰ ਮੰਨਣ ਤੋਂ ਇਨਕਾਰੀ ਹੈ। ਜਦੋਂ ਗੁਰਮਤਿ ਵਿਸ਼ਨੂੰ ਦੇ ਅਵਤਾਰੀ ਰੂਪ ਤੋਂ ਹੀ ਇਨਕਾਰੀ ਹੈ ਤਾਂ ਭਗਵਾਨ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਮੰਨਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸਰਾਧ ਤੇ ਪਿੰਡ ਦਾਨ ਕਰਨ ਸਮੇਤ ਗੁਰਮਤਿ ਹਰੇਕ ਕਿਸਮ ਦੇ ਕਰਮਕਾਂਡ ਦਾ ਵਿਰੋਧ ਕਰਦੀ ਹੈ। ਸਾਰਾ ਗੁਰੂ ਗ੍ਰੰਥ ਸਾਹਿਬ ਮਨੂਵਾਦ ਦੇ ਪ੍ਰਗਟ ਰੂਪ ਬ੍ਰਾਹਮਣਵਾਦ ਦਾ ਕੱਟੜ ਵਿਰੋਧੀ ਹੈ।

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ਰਾਹੀਂ ਗੁਰਮਤਿ ਹਰੇਕ ਕਿਸਮ ਦੀ ਮਨੁੱਖੀ ਬਰਾਬਰੀ ਦਾ ਬੁਲੰਦ ਐਲਾਨ ਕਰਦੀ ਹੈ। ਗੁਰਮਤਿ ਸਮੁੱਚੀ ਮਨੁੱਖੀ ਜ਼ਿੰਦਗੀ ਨੂੰ ਇਸ ਤੋਂ ਵੀ ਕਿਤੇ ਅੱਗੇ ਜਾ ਕੇ ਅਗਵਾਈ ਦੇਂਦੀ ਹੈ।

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਵਿਚਾਰੀ॥ (ਪੰਨਾ 1198)

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਪੰਨਾ 1128)

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਬੜਾ ਸਪੱਸ਼ਟ ਐਲਾਨ ਕਰਦੀ ਹੈ ਕਿ ਗੁਰਮਤਿ ਦਾ ਵਿਚਾਰ ਕਰਨ ਨਾਲ ਜਾਤ-ਵਰਣ ਦਾ ਸਾਰਾ ਸ਼ੰਕਾ ਮਿਟ ਜਾਂਦਾ ਹੈ। ਗੁਰਮਤਿ ਜਾਤ ਦਾ ਹੰਕਾਰ ਕਰਨ ਵਾਲੇ ਮਨੁੱਖ ਨੂੰ ਮੂਰਖ ਕਰਾਰ ਦੇਂਦੀ ਹੈ ਕਿਉਂਕਿ ਜਾਤਪਾਤ ਦਾ ਹੰਕਾਰ ਕਰਨ ਨਾਲ ਮਨੁੱਖੀ ਮਨ ਅਨੇਕ ਵਿਕਾਰਾਂ ਦਾ ਸ਼ਿਕਾਰ ਹੋ ਜਾਂਦਾ ਹੈ। ਭਾਵ ਮਨੁੱਖੀ ਮਨ ਵਿਚ ਉਲਝਣਾਂ ਪੈਦਾ ਹੋ ਜਾਂਦੀਆ ਹਨ ਤੇ ਇਨ੍ਹਾਂ ਉਲਝਣਾਂ ਸਦਕਾ ਮਨ ਵਿਚੋਂ ਸਰਬ-ਸਾਂਝੀਵਾਲਤਾ ਤੇ ਸਰਬਤ ਦੇ ਭਲੇ ਦੀ ਭਾਵਨਾ ਮਰ ਜਾਂਦੀ ਹੈ।

ਸ਼ਬਦ ਚਿਤਰ

# ਪਾਰੇ ਵਰਗਾ ਆਦਮੀ

ਜਦੋਂ ਵੀ ਮੈਂ ਆਪਣੇ ਬਾਪ ਬਾਰੇ ਸੋਚਦਾ ਹਾਂ-ਮੈਨੂੰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਧਰਤੀ ਹੇਠਲਾ ਬੌਲਦ' ਯਾਦ ਆ ਜਾਂਦੀ ਹੈ। ਇਸਦੇ ਮੁੱਖ ਪਾਤਰ ਕਰਮ ਸਿੰਘ ਵਰਗਾ। ਦੁੱਖਾਂ-ਸੁੱਖਾਂ ਦੇ ਵੱਡੇ ਪਹਾੜ ਸਿਰ 'ਤੇ ਚੁੱਕੀ ਫਿਰਨ ਵਾਲਾ।

ਫਿਰ ਜਦੋਂ ਵੱਡੀ ਕਲਾਸ ਵਿਚ ਪੜ੍ਹਦਿਆਂ ਹੈਮਿੰਗਵੇ ਦਾ ਨਾਵਲ 'ਓਲਡ ਮੈਨ ਐਂਡ ਦਾ ਸੀ' ਪੜ੍ਹਿਆ, ਜਾਪਿਆ ਜਿਵੇਂ ਲੇਖਕ ਨੇ ਨਾਵਲ ਵਿਚ ਬੁੱਢੇ ਮਛੇਰੇ ਦੇ ਰੂਪ ਵਿਚ ਮੇਰੇ ਬਾਪ ਨੂੰ ਹੀ ਚਿਤਰਿਆ ਹੋਵੇ।



ਜਦੋਂ ਵੀ ਬਾਪ ਜਿਸਨੂੰ ਅਸੀਂ ਸਾਰੇ ਭੈਣ-ਭਰਾ 'ਪਾਪਾ' ਕਹਿੰਦੇ ਸਾਂ, ਯਾਦ ਆਉਂਦੈ ਤਾਂ ਮੈਂ ਕਈ ਸਾਲ ਪਿੱਛੇ ਚਲਾ ਜਾਂਦਾਂ, ਜਦੋਂ ਅਜੇ ਛੇ-ਸੱਤ ਵਰ੍ਹਿਆਂ ਦਾ ਬਾਲ ਸਾਂ।

**ਗੁਰਮੀਤ ਕੜਿਆਲਵੀ**
**ਫੋਨ: 98726-40994**

ਬਾਪ ਨੇ ਉਦੋਂ ਮੂਸੇ ਵਾਲੇ ਪਿੰਡ ਵਾਲੀ ਜ਼ਮੀਨ ਵੇਚ ਕੇ ਤਿੰਨ ਪਹੀਆਂ ਵਾਲਾ ਟੈਂਪੂ ਲੈ ਲਿਆ ਸੀ। ਮੂਸੇ ਵਾਲੀ ਇਹ ਜ਼ਮੀਨ ਸੱਤਰਵਿਆਂ ਵਿਚ ਅਲਾਟ ਹੋਈ ਸੀ। ਇਸਦੇ ਪੈਸੇ ਕਿਸ਼ਤਾਂ ਵਿਚ ਤਾਰੇ ਸਨ। ਜ਼ਮੀਨ ਬਿਲਕੁਲ ਬੇਆਬਾਦ ਸੀ ਜਿਸਨੂੰ ਸਾਰੇ ਟੱਬਰ ਨੇ ਬੜੀ ਮਿਹਨਤ ਨਾਲ ਵੱਡੇ-ਵੱਡੇ ਬੂਝੇ, ਦੱਬ-ਸਰਕੜਾ ਪੁੱਟ-ਪੁੱਟ ਕੇ ਆਬਾਦ ਕੀਤਾ ਸੀ।

ਮੂਸੇ ਵਾਲੇ ਪਿੰਡ ਦਾ ਇਲਾਕਾ ਉਦੋਂ ਸੇਮ ਦਾ ਮਾਰਿਆ ਸੀ। ਆਏ ਸਾਲ ਸੇਮ ਨਾਲ ਫ਼ਸਲ ਮਾਰੀ ਜਾਂਦੀ। ਵਾਹੁਣ ਬੀਜਣ 'ਤੇ ਇਧਰੋਂ-ਉਧਰੋਂ ਫੜ ਕੇ ਲਾਏ ਪੈਸੇ ਵੀ ਪੂਰੇ ਨਾ ਹੁੰਦੇ। ਦੱਸਦੇ ਨੇ ਕਿ ਜ਼ਮੀਨ ਵਿਚੋਂ ਸੱਪ ਵੀ ਬੜੇ ਨਿਕਲਦੇ ਸਨ। ਘਰ ਫਸਲ ਤਾਂ ਕੋਈ ਨ੍ਹੀਂ ਸੀ ਆਉਂਦੀ, ਬੱਸ ਘਰਦੇ ਜੀਆਂ ਪੱਲੇ ਸੱਪਾਂ ਦੀਆਂ ਮਿਧੀਆਂ ਸਿਰੀਆਂ ਹੀ ਰਹਿ ਜਾਂਦੀਆਂ ਸਨ। ਘਰ ਦਾ ਗੁਜ਼ਾਰਾ ਬਾਪ ਦੀ ਪੈਨਸ਼ਨ ਨਾਲ ਹੀ ਚੱਲੀ ਜਾਂਦਾ ਸੀ। ਅੜੇ-ਥੁੜੇ ਰਿਸ਼ਤੇਦਾਰਾਂ ਦੇ ਮੂੰਹਾਂ ਵੱਲੀ ਦੇਖਣਾ ਪੈਂਦਾ।

ਕੋਈ ਵਾਹ ਪੇਸ਼ ਨਾ ਚੱਲਦੀ ਵੇਖ ਬਾਪ ਨੇ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ। ਜ਼ਾਮਨੀ ਰਕਮ ਤਾਰ ਕੇ ਬੈਂਕ ਤੋਂ ਕਿਸ਼ਤਾਂ ਉੱਪਰ ਸਵਾਰੀਆਂ ਢੋਣ ਵਾਲਾ ਟੈਂਪੂ ਲੈ ਲਿਆ। ਸਾਲ-ਛੇ ਮਹੀਨੇ ਸਾਰੇ ਟੱਬਰ ਨੂੰ ਟੈਂਪੂ ਦਾ ਚਾਅ ਚੜ੍ਹਿਆ ਰਿਹਾ। ਧਰਮਕੋਟ-ਕੋਟ ਈਸੇ ਖਾਂ ਲਿੰਕ ਸੜਕ 'ਤੇ ਦੌੜਦਾ ਟੈਂਪੂ, ਜਿਵੇਂ ਸਾਰੇ ਟੱਬਰ ਦੇ ਚਾਵਾਂ ਵਿਚ ਵੀ ਦੌੜਦਾ ਰਹਿੰਦਾ। ਪਿੰਡ ਲਿੰਕ ਰੋਡ ਤੋਂ ਪਾਸੇ ਕਰ ਕੇ ਲਹਿੰਦੇ ਵੱਲ ਨੂੰ ਵਸਿਆ ਹੋਇਆ। ਅਸੀਂ ਗਲੀ ਦੇ ਪੰਜ-ਸੱਤ ਨਿਆਣੇ ਦੁੜੰਗੇ ਮਾਰਦੇ, ਅੱਧਾ-ਪੌਣਾ ਕਿਲੋਮੀਟਰ ਦੂਰ ਪੈਂਦੀ ਸੜਕ ਜਿੱਥੋਂ ਟੈਂਪੂ ਨੇ ਲੰਘਣਾ ਹੁੰਦਾ ਸੀ, ਰੋਟੀ ਫੜਾਉਣ ਜਾਂਦੇ। ਅਸੀਂ ਕਿੰਨਾ-ਕਿੰਨਾ ਚਿਰ ਟੈਂਪੂ ਨੂੰ ਉਡੀਕਦੇ ਰਹਿੰਦੇ। ਰੋਟੀ ਫੜਾਉਣ ਗਿਆਂ ਨੂੰ ਮਿੱਠੀਆਂ ਗੋਲੀਆਂ ਲੈਣ ਲਈ ਦਸੀ-ਦਸੀ ਮਿਲਦੀ। ਅਸੀਂ ਚਾਅ ਨਾਲ ਟਪੂਸੀਆਂ ਮਾਰਦੇ ਆਉਂਦੇ।

ਹੌਲੀ-ਹੌਲੀ ਟੈਂਪੂ ਨੇ ਆਪਣਾ ਅਸਲ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਕਿਸ਼ਤਾਂ ਟੁੱਟਣ ਲੱਗੀਆਂ। ਬਣਦਾ ਰੋਡ ਟੈਕਸ ਵੀ ਨਾ ਉਤਾਰ ਹੁੰਦਾ। ਡੀ.ਟੀ.ਓ. ਦੀ ਗੱਡੀ ਥਾਂ-ਥਾਂ ਕੁਥਾਂ ਟੈਂਪੂ ਨੂੰ ਆ ਘੇਰਦੀ। ਸਵਾਰੀਆਂ ਤੋਂ ਭਾੜੇ ਦੀ ਇਖੱਠੀ ਕੀਤੀ ਚਵਾਨੀਆਂ-ਅਠਿਆਨੀਆਂ ਵਾਲੀ ਭਾਨ, ਆਦਮ ਬੋ-ਆਦਮ ਬੋ ਕਰਦਾ ਆਇਆ ਡੀ.ਟੀ.ਓ. ਮਰੁੰਡ ਕੇ ਲੈ ਜਾਂਦਾ। ਜਿਵੇਂ ਕੋਈ ਦਿਓ ਘਰ ਖ਼ਾਲੀ ਕਰ ਦੇਵੇ। ਉਤੋਂ ਬਾਪੂ ਹੱਦੋਂ ਵੱਧ ਮੂੰਹ-ਕੂਲ। ਜਾਣ-ਪਛਾਣ ਵਾਲੀਆਂ ਸਵਾਰੀਆਂ ਕਿਰਾਇਆ ਵੀ ਨਾ ਦਿੰਦੀਆਂ। "ਚੰਗਾ ਭਾਈ ਬਾਵਿਆ...ਤੇਰੇ ਟੈਂਪੂ ਨੇ ਤਾਂ ਭਾਈ ਸਾਰੇ 'ਲਾਕੇ ਨੂੰ ਮੌਜ ਲਾਈਓ ਆ।" ਕਹਿ ਕੇ ਮੌਜ ਨਾਲ ਰਾਹ ਪੈ ਜਾਂਦੀਆਂ। ਆਥਣੇ ਬਾਪ ਭਾਂਅ-ਭਾਂਅ ਕਰਦਾ ਝੋਲਾ ਲੈ ਕੇ ਘਰ ਆ ਵੜਦਾ ਜੋ ਮਾਂ ਬੁੱਝੇ ਜਿਹੇ ਦਿਲ ਨਾਲ ਫੜ ਕੇ ਕੰਧ ਵਿਚ ਗੱਡੀ ਖਿੱਲ੍ਹੀ 'ਤੇ ਟੰਗ ਦਿੰਦੀ। ਟੱਬਰ ਦੇ ਵੱਡੇ ਜੀਆਂ ਦੇ ਚਿਹਰੇ 'ਤੇ ਫ਼ਿਕਰ ਚਿੰਤਾ ਦੀਆਂ ਗੂੜ੍ਹੀਆਂ ਲਕੀਰਾਂ ਫਿਰਨ ਲੱਗਦੀਆਂ, ਜਿਸਨੂੰ ਅਸੀਂ ਨਿੱਕੇ ਨਿਆਣੇ ਉਦੋਂ ਪੜ੍ਹਨ ਦੇ ਸਮਰੱਥ ਨ੍ਹੀਂ ਸਾਂ।

ਸਾਲ ਕੁ ਬਾਅਦ ਹੀ ਸੜਕ 'ਤੇ ਅਠਖੇਲ੍ਹੀਆਂ ਕਰਨ ਵਾਲਾ ਟੈਂਪੂ ਅੜੀਆਂ ਕਰਨ ਲੱਗ ਪਿਆ। ਮਾਰ ਖੁੰਢੇ ਸਾਨ੍ਹ ਵਾਂਗ ਸੜਕ ਦੇ ਐਨ ਵਿਚਾਲੇ ਅੜ ਖੜੋਂਦਾ। ਕਦੇ ਸਪੈਂਡਲ ਟੁੱਟ ਜਾਂਦਾ। ਕਦੇ ਕੜੱਕ-ਕੜੱਕ ਕਰ ਕੇ ਚੇਨ ਟੁੱਟਦੀ, ਕਦੇ ਗਲ਼ ਜਿਹਾ ਲਹਿ ਕੇ ਪਾਸੇ ਹੋ ਜਾਂਦਾ। ਕਦੇ ਟਾਇਰ ਪਾਟ ਜਾਂਦਾ ਤੇ ਕਦੇ ਤੇਲ ਪਾਈਪ। ਕਦੇ ਗੇਅਰ ਅੜ ਜਾਂਦਾ। ਫਸਿਆ ਗੇਅਰ ਖੱਢਣ ਲਈ ਵਾਰ ਵਾਰ ਟੈਂਪੂ ਦੇ ਮੂੰਹ ਉਪਰਲਾ ਟਾਪਾ ਚੱਕਣਾ ਪੈਂਦਾ। ਹਾਰ ਕੇ ਪੱਕੇ ਤੌਰ 'ਤੇ ਲਾਹ ਕੇ ਪਾਸੇ ਹੀ ਰੱਖ ਦਿੱਤਾ ਗਿਆ। ਟੈਂਪੂ ਬਾਰਾਂ ਮਹੀਨਿਆਂ ਵਿਚ ਹੀ ਬੁੱਢਾ-ਬੁੱਢਾ ਜਾਪਣ ਲੱਗ ਪਿਆ। ਬਾਪ ਵਲੋਂ ਸਵੈ ਰੁਜ਼ਗਾਰ ਲਈ ਚੁਣਿਆ ਇਹ ਖਿੱਤਾ ਵੀ ਕਾਮਯਾਬ ਨਾ ਹੋ ਸਕਿਆ।

ਸਾਡੀ ਇਸ ਤਿੰਨ ਟੈਰੀ ਟਰਾਂਸਪੋਰਟ ਦੇ ਫੇਲ੍ਹ ਹੋਣ ਦਾ ਇਕ ਹੋਰ ਵੀ ਕਾਰਨ ਸੀ, ਉਹ ਇਹ ਕਿ ਬਾਪ ਅੰਦਰੋਂ-ਬਾਹਰੋਂ ਇਕੋ ਜਿਹਾ ਸੀ, ਪਾਕ-ਸਾਫ਼। ਉਹ ਦੂਜਿਆਂ ਨੂੰ ਵੀ ਆਪਣੇ ਵਰਗਾ ਹੀ ਸਮਝਦਾ ਜੋ ਉਸਦੀ ਵੱਡੀ ਗ਼ਲਤੀ ਸੀ। ਉਸ ਨੇ ਮੇਰੀ ਮਾਸੀ ਭਾਵ ਆਪਣੀ ਸਾਲੀ ਦੇ ਮੁੰਡੇ ਨੂੰ ਟੈਂਪੂ ਚਲਾਉਣ ਲਈ ਡਰਾਈਵਰ ਰੱਖ ਲਿਆ ਸੀ। ਲੂੰਈ ਫੁਟਦੀ ਵਾਲਾ ਇਹ ਮੁੰਡਾ ਟੈਂਪੂ ਵਲ ਘੱਟ ਧਿਆਨ ਦਿੰਦਾ, ਸਾਡੇ ਗੁਆਂਢੀ ਮੁੰਡੇ ਨਾਲ ਰਲ਼ ਕੇ ਆਵਾਰਾਗਰਦੀ ਵੱਧ ਕਰਦਾ। ਦੋਵੇਂ ਸਵਾਰੀਆਂ ਦੀ ਥਾਵੇਂ, ਸ਼ਹਿਰ ਗੇੜਾ-ਸੇੜਾ ਰੱਖਣ ਵਾਲੀਆਂ ਤੀਵੀਆਂ ਵੱਧ ਢੋਂਹਦੇ। ਇਹ ਕਾਰ ਸੇਵਾ ਦੀ ਖ਼ਾਤਰ ਕਈ ਵਾਰ ਤਾਂ ਭਰਿਆ-ਭਰਾਇਆ ਗੇੜਾ ਵੀ ਮਿਸ ਕਰ ਦਿੰਦੇ। ਟੈਂਪੂ ਭਰ ਜਾਣ 'ਤੇ ਸਹੀ ਵੇਲਾ ਵਿਚਾਰ ਕੇ ਨਾ ਤੋਰਦੇ। ਫਿਰੋਜ਼ਪੁਰ ਵਲੋਂ ਰੋਡਵੇਜ ਦੀ ਬੱਸ ਆਉਣ 'ਤੇ ਸਵਾਰੀਆਂ ਬੱਸ ਦੇ ਵੱਡੇ ਢਿੱਡ ਵਿਚ ਵੜ ਜਾਂਦੀਆਂ। ਫਿਰ ਬੱਸ ਦੇ ਪਿੱਛੇ-ਪਿੱਛੇ ਖ਼ਾਲੀ ਟੈਂਪੂ ਭਜਾਈ ਲਿਜਾਂਦੇ। ਦੋਵੇਂ ਬਾਪੂ ਦੀ ਭਲਮਾਨਸੀ ਦਾ ਨਾਜਾਇਜ਼ ਫ਼ਾਇਦਾ ਚੁੱਕੀ ਜਾਂਦੇ। ਖੱਖ ਪੱਲੇ ਨ੍ਹੀਂ ਸੀ ਪਾਉਂਦੇ। ਆਖ਼ਰ ਉਹੀ ਹੋਇਆ ਜੋ ਹੋਣਾ ਨਿਸ਼ਚਿਤ ਸੀ। ਟੈਂਪੂ ਸੜਕ 'ਤੇ ਦੌੜਨ ਦੀ ਜ਼ਹਿਮਤ ਛੱਡ ਕੇ ਘਰ ਦੇ ਵਿਹੜੇ ਵਿਚ ਲੱਗੇ ਜਾਮੁਣ ਦੇ ਰੁੱਖ ਥੱਲੇ ਆਰਾਮ ਕਰਨ ਲੱਗਾ। ਕਿਸ਼ਤਾਂ ਟੁੱਟ ਗਈਆਂ। ਕਮਾਈ ਆਉਣੀ ਬੰਦ ਹੋ ਗਈ। ਆਰਥਿਕ ਤੰਗੀ ਦੇ ਪਹਾੜ ਟੱਬਰ ਸਿਰ ਟੁੱਟ ਪਏ।

ਜਦੋਂ ਘਰਦੇ ਵਡੇਰੇ ਜੀਅ ਗ਼ਰੀਬੀ ਨਾਲ ਘੋਲ ਕਰ ਰਹੇ ਸਨ, ਅਸੀਂ ਨਿਆਣੇ ਟੈਂਪੂ ਦੁਆਲੇ ਬਾਂਦਰ ਟਪੂਸੀਆਂ ਮਾਰਦੇ ਰਹਿੰਦੇ। ਟੈਂਪੂ ਦੀ ਛੱਤ 'ਤੇ ਚੜ੍ਹ ਕੇ ਜਾਮੁਣ ਤੋੜਦੇ। ਖੜ੍ਹੇ ਟੈਂਪੂ ਦੇ ਸਟੇਅਰਿੰਗ ਨੂੰ ਘੁਮਾਈ ਜਾਂਦੇ। ਟੈਂਪੂ ਉਦੋਂ ਭਾਰਤ ਦੇਸ਼ ਵਰਗਾ ਸੀ ਜਿਸਦੇ ਲੀਡਰ ਉਹਦਾ ਖੜ੍ਹੇ ਦਾ ਹੀ ਸਟੇਅਰਿੰਗ ਘੁੰਮਾਈ ਜਾਂਦੇ।

ਪਾਪਾ ਜੀ ਨੇ ਖੇਸ ਬੁਣਨ ਵਾਲੀ ਖੱਡੀ ਚਲਾਉਣੀ ਸ਼ੁਰੂ ਕਰ ਦਿੱਤੀ। ਖੱਡੀ ਉਤੇ ਖੱਦਰ ਦੇ ਖੇਸ ਅਤੇ ਦੋੜੇ ਬਣਾ ਕੇ ਵੇਚ ਦਿਤੇ ਜਾਂਦੇ। ਬਾਪ ਸਾਰੀ ਦਿਹਾੜੀ ਖੱਡੇ ਵਿਚ ਲੱਤਾਂ ਲਮਕਾ ਕੇ ਟਿੱਕ-ਟਿੱਕ ਕਰਦਾ ਰਹਿੰਦਾ। ਉਧਰੋਂ ਬੈਂਕ ਵਾਲੇ ਟੈਂਪੂ ਦੀਆਂ ਕਿਸ਼ਤਾਂ ਵਸੂਲਣ ਲਈ ਲਗਾਤਾਰ ਗੇੜੇ ਮਾਰਨ ਲੱਗੇ। ਬਾਪ ਸਮੇਤ ਸਾਰੇ ਟੱਬਰ ਦਾ ਧਿਆਨ ਬੂਹੇ ਵਲ ਲੱਗਾ ਰਹਿੰਦਾ। "ਹੁਣ ਕੀ ਹੋਊ? ਆਏਂ ਤਾਂ ਭੁੱਖੇ ਮਰਜਾਂਗੇ।" ਮਾਂ ਸੁਆਲ ਬਣ ਜਾਂਦੀ।

"ਕੁਛ ਨ੍ਹੀਂ ਹੁੰਦਾ? ਸਭ ਠੀਕ ਹੋਜੂ। ਬਾਬਾ ਨਾਨਕ ਮੇਹਰ ਕਰੂ। ਸਭ ਦਿਨਾਂ ਦਾ ਹੇਰ-ਫੇਰ ਹੁੰਦਾ। ਦਿਨ ਫਿਰ ਜਾਣਗੇ। ਜੇ ਉਹ ਦਿਨ ਨ੍ਹੀਂ ਰਹੇ ਤਾਂ ਆਹ ਦਿਨ ਵੀ ਨ੍ਹੀਂ ਰਹਿਣੇ।" ਬਾਪ ਦੀਆਂ ਬੁੱਝੀਆਂ ਅੱਖਾਂ ਵਿਚ ਲਿਸ਼ਕ ਦਿਖਾਈ ਦੇਣ ਲੱਗਦੀ।

ਇਕ ਵਾਰ ਤਾਂ ਬੈਂਕ ਵਾਲਿਆਂ ਦਾ ਪਤਾ ਹੀ ਨਾ ਲੱਗਾ ਕਦੋਂ ਆ ਪਏ। ਭਿਣਕ ਪੈਂਦਿਆਂ ਹੀ ਪਾਪਾ ਖੱਡੀ ਤੋਂ ਉਤਰ ਕੇ ਤਖ਼ਤਿਆਂ ਉਹਲੇ ਲੁਕ ਗਿਆ। ਬੈਂਕ ਕਰਮਚਾਰੀ ਪੰਜ-ਸੱਤ ਮਿੰਟ, ਇਧਰ-ਉਧਰ ਵੇਖ-ਝਾਕ ਕੇ ਅਤੇ ਬਾਕੀ ਜੀਆਂ ਨੂੰ ਪੈਸੇ ਛੇਤੀ ਜਮ੍ਹਾਂ ਕਰਵਾਉਣ ਦੀ ਕਰੜੀ ਧਮਕੀ ਦੇ ਕੇ ਮੁੜ ਗਏ। ਉਨ੍ਹਾਂ ਦੇ ਜਾਣ ਦੇ ਕਿੰਨਾ ਚਿਰ ਬਾਅਦ ਹੀ ਬਾਪ ਤਖ਼ਤਿਆਂ ਦੇ ਉਹਲੇ 'ਚੋਂ ਬਾਹਰ ਆਇਆ, ਐਡੇ ਵੱਡੇ ਕੱਦ-ਕਾਠ ਵਾਲਾ ਬੰਦਾ ਜਿਵੇਂ ਨਿੱਕਾ ਜਿਹਾ ਹੋ ਗਿਆ ਸੀ। ਮੂੰਹ ਪੀਲਾ-ਭੂਕ। ਕੋਈ ਮਨੁੱਖ ਐਨਾ ਬੇਵੱਸ ਤੇ ਲਾਚਾਰ ਵੀ ਹੁੰਦਾ ਐ, ਖੇਡਣ ਦੀ ਉਸ ਨਿਆਣੀ ਉਮਰੇ ਮੈਨੂੰ ਪਹਿਲੀ ਵਾਰ ਮਹਿਸੂਸ ਹੋਇਆ। ਫ਼ੌਜੀ ਜੀਵਨ ਦੌਰਾਨ 1962 ਅਤੇ 1965 ਦੀਆਂ ਲੜਾਈਆਂ ਵਿਚ ਮੋਰਚਿਆਂ 'ਤੇ ਅੱਗੇ ਹੋ ਕੇ ਪੂਰੇ ਜਾਹੋ-ਜਲਾਲ ਨਾਲ ਲੜਨ ਵਾਲਾ ਜਵਾਨ ਹੁਣ ਜ਼ਲਾਲਤ ਹੰਢਾਅ ਰਿਹਾ ਸੀ।

"ਬਾਵਾ ਸਿੰਹੁ ਹਰ ਪਾਸਿਓਂ ਟੁੱਟਾ ਪਿਐ। ਟੱਬਰੀ ਵੱਡੀ ਐ। ਕੰਮ ਚੱਲਿਆ ਕੋਈ ਨ੍ਹੀਂ...ਕਰਜ਼ੇ ਨੇ ਦੱਬ ਲਿਆ... ਬੈਂਕ ਵਾਲੇ ਰੋਜ਼ ਗੇੜੇ ਮਾਰਦੇ ਆ... ਆਏ ਕਿੰਨੇ ਕੁ ਦਿਨ ਲੁਕਜੂ...ਮੈਨੂੰ ਤਾਂ ਲੱਗਦੈ ਅੱਕਿਆ ਵਿਐ ਫਾਹਾ ਲੈਜੂ ਕਿਸੇ ਦਿਨ...।" ਅਜਿਹੀ ਲੋਕ ਭਾਖਿਆ ਸੁਣਨ ਨੂੰ ਮਿਲਦੀ ਰਹਿੰਦੀ ਸੀ। ਸੁਣ ਕੇ ਅੰਦਰੋਂ ਦਹਿਲ ਜਾਂਦੇ ਸਾਂ। ਬਾਪੂ ਚੱਟਾਨ ਵਾਂਗ ਅਡੋਲ ਰਿਹਾ ਸੀ। ਐਨੀਆਂ ਦੁਸ਼ਵਾਰੀਆਂ ਦੇ ਬਾਵਜੂਦ ਢੇਰੀ ਨ੍ਹੀਂ ਸੀ ਢਾਹੀ। ਸ਼ਾਇਦ ਉਦੋਂ ਅੱਜ ਵਾਂਗੂੰ ਖ਼ੁਦਕੁਸ਼ੀ ਕਰ ਕੇ ਹਰ ਤਰ੍ਹਾਂ ਦੇ ਸੰਸਿਆਂ-ਫ਼ਿਕਰਾਂ ਤੋਂ ਛੁਟਕਾਰਾ ਪਾ ਲੈਣ ਦੀ ਭੈੜੀ ਰੀਤ ਅਜੇ ਨ੍ਹੀਂ ਸੀ ਪਈ।



ਖੱਡੀ ਦਾ ਕੰਮ ਵੀ ਬਹੁਤਾ ਨ੍ਹੀਂ ਸੀ ਚੱਲ ਰਿਹਾ, ਵੱਡੇ ਕਾਰਖ਼ਾਨਿਆਂ ਵਿਚ ਬੁਣੇ ਮਸ਼ੀਨੀ ਖੇਸ ਸਸਤੇ ਵੀ ਸਨ ਤੇ ਵਧੀਆ ਵੀ। ਲੋਕ ਡੱਗੀਆਂ ਵਾਲਿਆਂ ਤੋਂ ਇਹ ਖੇਸ ਖ਼ਰੀਦਣ ਨੂੰ ਪਹਿਲ ਦੇਣ ਲੱਗੇ ਸਨ। ਇਕ ਤਰ੍ਹਾਂ ਨਾਲ ਸਾਡਾ ਇਹ ਕਾਰੋਬਾਰ ਵੀ ਠੱਪ ਹੋਣ ਵਰਗਾ ਹੀ ਸੀ। ਉਂਜ ਵੀ ਇੱਕ ਹੱਥਖੱਡੀ ਵੱਡੇ ਪਰਿਵਾਰ ਦਾ ਪੇਟ ਪਾਲਣ ਦੇ ਸਮਰੱਥ ਨ੍ਹੀਂ ਸੀ। ਕਿਸੇ ਪਾਸਿਓਂ ਵਾਹ ਨਾ ਚੱਲਦੀ ਵੇਖ 'ਪਾਪਾ ਜੀ' ਵਿਹੜੇ ਦੇ ਹੋਰ ਬੰਦਿਆਂ ਨਾਲ ਰਲ਼ ਕੇ ਖੇਤਾਂ ਵਿਚ ਮਜ਼ਦੂਰੀ ਕਰਨ ਜਾਣ ਲੱਗੇ। ਪਾਪਾ ਜੀ ਦਾ ਸਰੀਰ ਭਾਰਾ ਹੋਇਆ ਪਿਆ ਸੀ। ਪੇਟ ਵਧਿਆ ਹੋਇਆ। ਖੇਤ ਵਿਚ ਗੁਡ-ਗੁਡਾਈ ਦਾ ਕੰਮ ਕਰਦਿਆਂ ਪੈਰਾਂ ਭਾਰ ਬੈਠਣਾ ਉਸ ਲਈ ਔਖਾ ਹੋ ਜਾਂਦਾ। ਉਸਨੂੰ ਹੌਂਕਣੀ ਚੜ੍ਹ ਜਾਂਦੀ। ਖੇਤੀ ਦਾ ਔਖਾ ਭਾਰਾ ਕੰਮ ਉਸਦੇ ਵੱਸ ਕਿੱਥੇ ਸੀ? ਕਈ ਸ਼ਰੀਕਾਂ ਨੂੰ ਬਾਪ ਦੀ ਅਜਿਹੀ ਹਾਲਤ ਵੇਖ ਕੇ ਅਲੌਕਿਕ ਅਨੰਦ ਚੜ੍ਹਦਾ। ਬਾਪ ਦੇ ਚਾਚੇ ਦਾ ਪੁੱਤ ਲਾਲ ਸਿਹੁੰ ਇਨ੍ਹਾਂ 'ਚੋਂ ਇਕ। "ਫ਼ੌਜੀਆ ! ਫ਼ੌਜ 'ਚ ਖਾਧੇ ਮੁਰਗੇ ਢਿੱਡ 'ਚ ਬਾਂਗਾਂ ਦਿੰਦੇ ਹੋਣੇ ਆਂ।" ਉਹ ਨਸ਼ਤਰ ਲਾਉਂਦਾ।

"ਲਾਲ ਸਿਆਂ! ਟੈਮ-ਟੈਮ ਦੀ ਗੱਲ ਐ। ਬਥੇਰੇ ਮੁਰਗਿਆਂ ਦੀਆਂ ਧੌਣਾਂ ਮਰੋੜੀਆਂ। ਟੈਮ ਬਦਲਦਾ ਰਹਿੰਦਾ। ਸਦਾ ਇਕੋ ਜਿਹਾ ਨ੍ਹੀਂ ਰਹਿੰਦਾ। ਕਦੇ ਟੈਮ ਆਊ...ਫੇਰ ਮੁਰਗਿਆਂ ਦੀਆਂ ਧੌਣਾਂ ਮਰੋੜਨ ਲੱਗ ਜਾਂਗੇ।"

ਦਿਹਾੜੀ ਨਾਲ ਚਾਰ ਪੈਸੇ ਘਰ ਆਉਣ ਲੱਗੇ ਸਨ। ਚੁੱਲ੍ਹਾ ਸੌਖਾ ਬਲ੍ਹਣ ਲੱਗਾ ਸੀ। ਸ਼ਰੀਕੇ ਦੇ ਢਿੱਡ ਵਿਚ ਫਿਰ ਸੂਲ ਉਠ ਪਿਆ। ਲਾਲੂ ਨੇ ਖੇਤ-ਮਾਲਕ ਨੂੰ ਉਂਗਲ ਦੇ ਦਿੱਤੀ, "ਬਾਵਾ ਤਾਂ ਮੁਫ਼ਤ ਦੀਆਂ ਰੋਟੀਆਂ ਪਾੜਦੈ। ਕੰਮ ਦਾ ਡੱਕਾ ਨ੍ਹੀਂ ਤੋੜਦਾ, ਮੁਫ਼ਤ ਦੀ ਦਿਹਾੜੀ ਲੈਂਦੈ। ਇਕ ਜੁਆਕ ਜਿੰਨਾ ਕੰਮ ਨ੍ਹੀਂ ਹੁੰਦਾ ਇਹਤੋਂ।"

"ਕੀ ਕਰੀਏ?"

"ਕਰਨਾ ਕੀ ਐ? ਜੁਆਬ ਦੇਹ।" ਤੇ ਉਸਨੇ ਬਾਪੂ ਨੂੰ ਕੰਮ ਤੋਂ ਜੁਆਬ ਦੇਣ ਲਈ ਵੀ ਲਾਲ ਨੂੰ ਹੀ ਕਹਿ ਦਿੱਤਾ ਸੀ।

"ਫ਼ੌਜੀਆ! ਤੂੰ ਵਈ ਰਮਾਨ ਕਰ ਚਾਰ ਦਿਨ। ਕੱਲ੍ਹ ਨੂੰ ਨਾ ਆਵੀਂ। ਮਾਲਕ ਨੇ ਆਖਿਆ।" ਲਾਲ ਦੀ ਗੱਲ ਸੁਣਦਿਆਂ ਬਾਪ ਦੇ ਹੱਥੋਂ ਰੰਬੀ ਛੁੱਟ ਗਈ ਸੀ। ਉਸਨੇ ਦੇਖਿਆ, ਲਾਲ ਵੱਟ 'ਤੇ ਖੜ੍ਹਾ ਮੁਸਕੜੀਏਂ ਹੱਸ ਰਿਹਾ ਸੀ। ਬਾਪ ਬੇਵਸੀ ਜਿਹੀ 'ਚ ਉਠ ਖੜ੍ਹਾ ਹੋਇਆ। ਗੁਡਾਈ ਕਰਦੇ ਬਾਕੀ ਦਿਹਾੜੀਦਾਰਾਂ ਨੇ ਵੀ ਰੰਬੀਆਂ ਥਾਏਂ ਸੁੱਟ ਦਿੱਤੀਆਂ।

"ਏਹ ਕੀ ਗੱਲ ਹੋਈ...ਜੇ ਏਹਨੂੰ ਕੰਮ 'ਤੇ ਨ੍ਹੀਂ ਲਾਉਣਾ...ਸਾਡਾ ਵੀ ਜੁਆਬ ਐ।" ਹੱਥ ਝਾੜਦੇ ਉਹ ਖੇਤੋਂ ਬਾਹਰ ਆ ਗਏ। ਜਦੋਂ ਖੇਤ ਮਾਲਕ ਨੂੰ ਪਤਾ ਲੱਗਾ, ਉਸਦੇ ਹੱਥਾਂ ਦੇ ਤੋਤੇ ਉੱਡ ਗਏ। ਝੋਨੇ ਵਿਚ ਕੱਖ ਦਾ ਬੂਥ ਚੜ੍ਹਿਆ ਪਿਆ ਸੀ। ਦਿਹਾੜੀਆ ਉਨ੍ਹੀਂ ਦਿਨੀਂ ਬੜੀ ਮੁਸ਼ਕਿਲ ਨਾਲ ਮਿਲਦਾ। ਉਹ ਲਾਲੂ ਨਾਲ ਲਾਲ ਪੀਲਾ ਹੋਣ ਲੱਗਾ, "ਇਹ ਸਾਲਾ ਆਵਦੇ ਕੋਲੋਂ ਈ ਛੱਡੀ ਜਾਂਦੈ...ਮੈਂ ਕਦੋਂ ਬਾਵਾ ਸਿਹੁੰ ਨੂੰ ਜੁਆਬ ਦਿੱਤਾ ਕੰਮ ਤੋਂ।" ਉਸ ਨੇ ਸਾਰਿਆਂ ਦੀ ਮਿੰਨਤ-ਤਰਲਾ ਕਰ ਕੇ ਵਾਪਸ ਕੰਮ 'ਤੇ ਲਾਇਆ। ਦਰਅਸਲ ਬਾਕੀ ਸਾਰੇ ਮੁੰਡੇ ਆਪਣੇ ਕੰਮ ਦੇ ਨਾਲ-ਨਾਲ ਵਿੱਤੋਂ ਵੱਧ ਹੰਭਲਾ ਮਾਰ ਕੇ ਬਾਪ ਦੇ ਹਿੱਸੇ ਦਾ ਵੀ ਕੰਮ ਕਰਦੇ ਸਨ। ਵੱਧ-ਚੜ੍ਹ ਕੇ ਜ਼ੋਰ ਲਾਉਂਦੇ ਤਾਂ ਜੋ ਬਾਪ ਦੀ ਕਮਜ਼ੋਰੀ ਕਾਰਨ ਪੈਣ ਵਾਲਾ ਖੱਪਾ ਪੂਰਿਆ ਜਾ ਸਕੇ, ਪਰ ਜ਼ਿੰਦਗੀ ਦੇ ਖੱਪੇ ਇਸ ਤਰ੍ਹਾਂ ਥੋੜ੍ਹਾ ਪੂਰੇ ਜਾਂਦੇ ਨੇ?

ਤੰਗੀ ਦੇ ਇਨ੍ਹਾਂ ਦਿਨਾਂ ਵਿਚ ਹੀ ਬੈਂਕ ਵਾਲਿਆਂ ਨੇ ਵੀ ਆਪਣਾ ਸ਼ਿਕੰਜਾ ਕੱਸ ਦਿੱਤਾ। ਆਪਣੀ ਡੁੱਬੀ ਰਕਮ ਉਗਰਾਹੁਣ ਲਈ ਉਨ੍ਹਾਂ ਨੇ ਘਰ ਵਿਚ ਗੇੜੇ 'ਤੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਆਏ ਦਿਨ ਬਾਪੂ ਨੂੰ ਕਿਧਰੇ ਲੁਕਣਾ ਪੈਂਦਾ। ਬੈਂਕ ਵਾਲਿਆਂ ਤੋਂ ਕੁਝ ਨਾ ਕੁੱਝ ਖਹਿੜਾ ਛੁਡਾਉਣ ਲਈ ਘਰ ਦੇ ਕਿੱਲੇ 'ਤੇ ਬੱਝੀ ਮੱਝ ਵੇਚ ਦਿੱਤੀ ਗਈ। ਮੱਝ ਦੋ-ਢਾਈ ਕਿੱਲੋ ਦੁੱਧ ਦਿੰਦੀ ਸੀ। ਜਿਸ ਵਿਚੋਂ ਅੱਧਾ ਘਰ ਵਰਤ ਕੇ, ਬਾਕੀ ਵੇਚ ਦਿੱਤਾ ਜਾਂਦਾ। ਮਾਂ ਦੇ ਹੱਥਾਂ 'ਚ ਪਤਾ ਨ੍ਹੀਂ ਕੀ ਕਰਾਮਾਤ ਸੀ, ਕਿੱਲੋ ਦੁੱਧ ਹੀ ਨ੍ਹੀਂ ਸੀ ਮੁੱਕਦਾ। ਦਹੀਂ-ਲੱਸੀ ਵੀ ਜੁਆਕਾਂ ਨੂੰ ਪੀਣ-ਖਾਣ ਲਈ ਮਿਲ ਜਾਂਦੀ ਸੀ।

"ਕਰਮਾਂ ਵਾਲੀ ਦਾ ਦੁੱਧ ਈ ਬਾਹਲਾ ਸੰਘਣਾ...ਘਰ ਵਰਤਣ ਵਾਸਤੇ ਕਿੱਲੋ ਈ ਵਾਧੂ ਐ।" ਮਾਂ ਅਕਸਰ ਆਖਦੀ। ਸ਼ਾਇਦ ਸੱਚ ਈ ਬੋਲਦੀ ਹੋਵੇ?

ਇਕ ਵੇਲੇ ਦਾ ਚੁੱਲ੍ਹਾ ਇਹ ਕਰਮਾਂ ਵਾਲੀ ਹੀ ਚਲਾਉਂਦੀ ਸੀ। ਪਾਪਾ ਜੀ ਮੱਝ ਦੇ ਪਿੰਡੇ 'ਤੇ ਪਿਆਰ ਨਾਲ ਹੱਥ ਫੇਰਦੇ। ਥਣਾਂ ਨਾਲ ਲੱਗੀਆਂ ਚਿਚੜੀਆਂ ਤੋੜਦੇ। ਖੁਰ ਧੋ-ਧੋ ਸਾਫ਼ ਕਰਦੇ, ਸਿੰਗਾਂ ਨੂੰ ਤੇਲ ਨਾਲ ਚੋਪੜਦੇ। ਹੁਣ ਜਦੋਂ ਕੋਈ ਵਾਹ ਪੇਸ਼ ਨਾ ਗਈ, ਮੱਝ ਦਾ ਸੰਗਲ ਖੋਲ੍ਹ ਕੇ ਵਪਾਰੀ ਨੂੰ ਫੜਾ ਦਿੱਤਾ। ਮਾਂ ਮੱਝ ਦੀ ਖ਼ਾਲੀ ਪਈ ਖੁਰਲੀ 'ਤੇ ਸਿਰ ਸੁੱਟ ਕੇ ਕਿੰਨਾ ਚਿਰ ਰੋਂਦੀ ਰਹੀ ਸੀ। ਸਾਡੀਆਂ ਨਿਆਣਿਆਂ ਦੀਆਂ ਵੀ ਧਾਹਾਂ ਨਿਕਲ ਗਈਆਂ ਸਨ। ਦਰਅਸਲ ਸਾਡਾ ਤਾਂ ਮੱਝ ਨਾਲੋਂ ਵੀ ਵੱਧ ਕੱਟੇ ਨਾਲ ਮੋਹ ਸੀ, ਜਿਸਨੂੰ ਸਾਰੀ ਦਿਹਾੜੀ ਲਾਡ-ਲਡਾਉਂਦੇ ਨ੍ਹੀਂ ਸੀ ਥੱਕਦੇ। ਇਹ ਤਾਂ ਵੱਡੇ ਹੋਣ 'ਤੇ ਪਤਾ ਲੱਗਾ ਕਿ ਗ਼ਰੀਬ ਪਰਿਵਾਰਾਂ ਦੇ ਲੋਕ ਮੱਝਾਂ, ਗਾਵਾਂ ਤੇ ਬੱਕਰੀਆਂ ਨੂੰ ਐਨਾ ਮੋਹ ਕਿਉਂ ਕਰਦੇ ਨੇ।

ਮੱਝ ਨੂੰ ਘਰੋਂ ਤੋਰ ਕੇ ਬਾਪੂ ਨੇ ਵੀ ਸਾਰੇ ਟੱਬਰ ਤੋਂ ਅੱਖ ਬਚਾ ਕੇ ਅੱਖਾਂ ਵਿਚ ਸਿੰਮ ਆਇਆ ਪਾਣੀ ਸਾਫ਼ ਕੀਤਾ ਸੀ।

"ਮੱਝ ਦਾ ਲੇਵਾ ਪੁੱਠਾ ਸੀ। ਊਂ ਵੀ ਅਹੁਰਿਆ ਜਿਹਾ ਸੀ। ਇਹੋ ਜਿਹਾ ਪਸ਼ੂ ਘਰੇ ਰੱਖਣਾ ਠੀਕ ਨ੍ਹੀਂ ਹੁੰਦਾ। ਵਫ਼ਾ ਨ੍ਹੀਂ ਕਰਦਾ। ਮੱਝ ਵੇਚਣੀ ਠੀਕ ਸੀ। ਆਹ ਦਹੁੰ-ਚਹੁੰ ਦਿਨਾਂ ਦੀ ਗੱਲ ਐ...ਅਗਲੇ ਹਫ਼ਤੇ ਹੋਰ ਲੈ ਆਵਾਂਗੇ।" ਇਹ ਦੋ-ਚਾਰ ਦਿਨ ਉਦੋਂ ਤਕ ਜਾਰੀ ਰਹੇ ਜਦੋਂ ਤਕ ਇਕ ਫੰਡਰ ਅਤੇ ਅਵਾਰਾ ਜਿਹੀ ਗਾਂ, "ਗਊ ਕਿੱਲੇ 'ਤੇ ਰੱਖਣੀ ਠੀਕ ਹੁੰਦੀ ਐ। ਗਊ ਮਾਤਾ ਦੀ ਸੇਵਾ ਤਾਂ ਤਾਰ ਦਿੰਦੀ ਐ ਬੰਦੇ ਨੂੰ" ਆਖਦਿਆਂ ਫੜ ਕੇ ਕਿੱਲੇ 'ਤੇ ਨ੍ਹੀਂ ਸੀ ਬੰਨ੍ਹ ਲਈ। ਅਸੀਂ ਹੈਰਾਨ ਸਾਂ, ਬਾਪ ਮੱਝ ਨਾਲੋਂ ਵੀ ਵੱਧ ਪਿਆਰ ਨਾਲ ਗਾਂ ਨੂੰ ਨਹਾਉਣ ਧਵਾਉਣ ਲੱਗਾ ਰਹਿੰਦਾ ਸੀ।

ਘਰ ਵਿਚ ਇੰਨੀ ਜ਼ਿਆਦਾ ਤੰਗੀ ਹੋਣ ਦੇ ਬਾਵਜੂਦ ਪਾਪਾ ਜੀ ਨੇ ਸਾਨੂੰ ਭੈਣ-ਭਰਾਵਾਂ ਨੂੰ ਪੜ੍ਹਨੋਂ ਨ੍ਹੀਂ ਸੀ ਹਟਾਇਆ। ਉਹ ਚਾਹੁੰਦਾ ਤਾਂ ਆਵਦਾ ਹੱਥ ਸੁਖਾਲਾ ਕਰਨ ਲਈ ਸਾਡੇ ਹੱਥਾਂ ਵਿਚੋਂ ਕਾਪੀ-ਪੈਨ ਛੁਡਾ ਕੇ ਵੱਗ ਚਾਰਨ ਵਾਲੀ ਸੋਟੀ ਫੜਾ ਦਿੰਦਾ, ਪਰ ਉਸਦੇ ਤਾਂ ਸੁਪਨੇ ਹੀ ਹੋਰ ਸਨ। ਸਾਨੂੰ ਕਿਸੇ ਮੁਕਾਮ 'ਤੇ ਪੁੱਜਦਾ ਕਰਨ ਲਈ ਤਾਂ ਉਹ ਮੰਡੀ 'ਚ ਵੀ ਵਿਕ ਸਕਦਾ ਸੀ।

ਘੋਰ ਗਰੀਬੀ ਦੇ ਇਨ੍ਹਾਂ ਦਿਨਾਂ ਵਿਚ ਹੀ, ਇੱਕ ਦੁਪਹਿਰ ਨੂੰ ਡਾਕੀਏ ਨੇ ਰੁਜ਼ਗਾਰ ਦਫ਼ਤਰ ਦਾ ਕਾਰਡ ਆ ਫੜਾਇਆ। ਇਹ ਪੀਲਾ ਜਿਹਾ ਕਾਰਡ ਜਿਵੇਂ ਸਾਡੇ ਟੱਬਰ ਦੇ ਚਿਹਰਿਆਂ ਦੀ ਪਲੱਤਣ ਚੱਕ ਦੇਣ ਲਈ ਕਿਸੇ ਅਲਾਦੀਨ ਦੇ ਚਿਰਾਗ ਵਾਂਗੂੰ ਬਹੁੜਿਆ ਸੀ। ਉਨ੍ਹੀਂ ਦਿਨੀਂ ਬਾਪੂ ਮਨਾਵੇਂ ਵਾਲੇ ਸੋਢੀਆਂ ਦੀ ਕੰਬਾਇਨ 'ਤੇ ਡਰਾਈਵਰ ਜਾ ਲੱਗਾ ਸੀ। ਫ਼ੌਜ ਵਿਚ ਸਿੱਖੀ ਡਰਾਈਵਰੀ ਉਸ ਦੇ ਕੰਮ ਆ ਗਈ ਸੀ। ਉਥੋਂ ਹੀ ਪਾਪਾ ਜੀ ਡਰੇਨੇਜ਼ ਵਿਭਾਗ ਵਿਚ ਨੌਕਰੀ ਲਈ ਇੰਟਰਵਿਊ ਦੇਣ ਚਲੇ ਗਏ ਸਨ, ਜਿਥੇ ਉਨ੍ਹਾਂ ਨੂੰ ਵਰਕਨਦਾਜ਼ ਦੀ ਚੌਥੇ ਦਰਜੇ ਵਾਲੀ ਅਸਾਮੀ ਲਈ ਚੁਣ ਲਿਆ ਗਿਆ ਸੀ। ਇਹ ਤਾਂ ਪਰਿਵਾਰ ਦੀ ਜ਼ਿੰਦਗੀ ਵਿਚ ਕਿਸੇ ਵੱਡੇ ਇਨਕਲਾਬ ਦੇ ਆ ਜਾਣ ਵਾਲੀ ਗੱਲ ਸੀ। ਘੱਟ ਤਨਖ਼ਾਹ ਦੇ ਬਾਵਜੂਦ ਹੁਣ ਸਾਡੀ ਪੜ੍ਹਾਈ ਨਿਰਵਿਘਨ ਜਾਰੀ ਰਹਿ ਸਕਦੀ ਸੀ। ਘਰਦਿਆਂ ਦੇ ਚਿਹਰਿਆਂ 'ਤੇ ਵਰ੍ਹਿਆਂ ਬਾਅਦ ਫੇਰ ਰੌਣਕ ਪਰਤ ਆਈ ਸੀ।

ਗੱਲ ਉਦੋਂ ਦੀ ਹੈ, ਜਦੋਂ ਮੈਂ ਅਜੇ ਤੀਜੀ ਜਮਾਤੇ ਚੜ੍ਹਿਆ ਹੀ ਸਾਂ। ਪੜ੍ਹਨ ਵਿਚ ਤੇਜ਼ ਸਾਂ ਜਿਸ ਕਰਕੇ ਸਕੂਲ ਭੈਣ ਜੀ ਵੀ ਬੜਾ ਪਿਆਰ ਕਰਦੇ ਸਨ। ਕਾਲਜ ਦਾ ਮੋਨੀਟਰ ਵੀ ਮੈਨੂੰ ਹੀ ਬਣਾਇਆ ਹੋਇਆ ਸੀ। ਇਸਦੇ ਬਾਵਜੂਦ ਸਕੂਲ ਜਾਣ ਨੂੰ ਮੇਰਾ ਜੀਅ ਹੀ ਨ੍ਹੀਂ ਸੀ ਕਰਦਾ। ਕਿਸੇ ਨਾ ਕਿਸੇ ਬਹਾਨੇ ਟਾਲਾ ਮਾਰ ਜਾਂਦਾ। ਇਸਦਾ ਵੱਡਾ ਕਾਰਨ ਆਪਣੇ 'ਗ਼ਰੀਬ ਕੱਪੜਿਆਂ' ਕਾਰਨ ਅੰਦਰ ਪੈਦਾ ਹੋ ਚੁੱਕੀ ਹੀਣ-ਭਾਵਨਾ ਸੀ। ਮੈਨੂੰ ਜਾਪਦਾ ਜਿਵੇਂ ਮੇਰੇ ਨਾਲ ਦੇ ਹਾਣੀ ਮੇਰੇ ਕੱਪੜਿਆਂ ਵੱਲ ਵੇਖ ਕੇ ਗੁੱਝਾ-ਗੁੱਝਾ ਹੱਸਦੇ ਹੋਣ। ਪਹਿਲਾਂ ਵਾਂਗ ਮੈਂ ਇਕ ਦਿਨ ਸਕੂਲੋਂ ਘੇਸਲ ਮਾਰ ਲਈ ਸੀ। ਸਕੂਲ ਮਾਸਟਰਾਨੀ ਨੇ ਕਲਾਸ ਦੇ ਦੋ ਬੱਚੇ ਮੈਨੂੰ ਘਰੋਂ ਬੁਲਾਉਣ ਲਈ ਭੇਜ ਦਿੱਤੇ। ਕੁਦਰਤੀ ਬਾਪ ਉਸ ਦਿਨ ਅਜੇ ਕੰਮ 'ਤੇ ਨ੍ਹੀਂ ਸੀ ਗਿਆ। ਜਦੋਂ ਉਸਨੂੰ ਮੇਰੇ ਸਕੂਲੋਂ ਗ਼ੈਰ-ਹਾਜ਼ਰ ਰਹਿਣ ਦਾ ਪਤਾ ਲੱਗਾ, ਉਹ ਜੁੱਤੀ ਲਾਹ ਕੇ ਮੇਰੇ ਦੁਆਲੇ ਹੋ ਗਿਆ। ਮੈਂ ਆਪਣਾ ਕੱਛਾਂ ਤੋਂ ਫਟ ਚੁੱਕਾ ਕੁੜਤਾ ਦਿਖਾਇਆ ਤਾਂ ਉਸਦਾ ਗੁੱਸਾ ਸੱਤਵੇਂ ਅਸਮਾਨ 'ਤੇ ਜਾ ਪਹੁੰਚਿਆ। ਠਿੱਬੀ ਜੁੱਤੀ ਟਿਕਾ-ਟਿਕਾ ਕੇ ਮੇਰੀ ਗਿੱਚੀ ਵਿਚ ਮਾਰਨੀ ਸ਼ੁਰੂ ਕਰ ਦਿੱਤੀ, "ਸਾਲਾ ਵੱਡਾ ਨਵਾਬਜ਼ਾਦਾ...ਦਿੰਨਾਂ ਤੈਨੂੰ ਹੁਣੇ ਪੋਸ਼ਾਕ ਸੰਵਾ ਕੇ...ਪਟਿਆਲੇ ਆਲੇ ਰਾਜੇ ਦਾ ਕਾਕਾ ਜੁ ਹੋਇਆ।" ਬਾਪੂ ਨੂੰ ਐਨੇ ਗੁੱਸੇ ਵਿਚ ਮੈਂ ਪਹਿਲੀ ਵਾਰ ਦੇਖਿਆ ਸੀ। ਉਸ ਦਿਨ ਸਕੂਲ

ਤਕ ਸਾਰੇ ਰਾਹ ਮੈਨੂੰ ਕੁੱਟਦਾ ਹੀ ਲੈ ਕੇ ਗਿਆ। ਸ਼ਾਮ ਨੂੰ ਜਦੋਂ ਮੈਂ ਸਕੂਲੋਂ ਆਇਆ, ਪਾਪਾ ਜੀ ਕੁੜਤੇ-ਪਜਾਮੇ ਲਈ ਮੋਟੇ ਖੱਦਰ ਦਾ ਨਵਾਂ ਕੱਪੜਾ ਲਿਆ ਚੁੱਕੇ ਸਨ। ਉਨ੍ਹਾਂ ਮੈਨੂੰ ਬੁੱਕਲ ਵਿਚ ਲੈ ਲਿਆ। ਅੱਖਾਂ ਵਿਚ ਪਾਣੀ ਤੈਰ ਰਿਹਾ ਸੀ।

"ਮੇਰਾ ਕਿਤੇ ਜੀਅ ਨ੍ਹੀਂ ਕਰਦੈ ਥੋਨੂੰ ਨਵੇਂ-ਨਵੇਂ ਕੱਪੜੇ ਲੈ ਕੇ ਦੇਣ ਨੂੰ। ਮੇਰਾ ਵੱਸ ਚੱਲੇ...।" ਅੱਗੇ ਉਸ ਤੋਂ ਬੋਲਿਆ ਨ੍ਹੀਂ ਸੀ ਗਿਆ। ਗੱਚ ਭਰ ਆਇਆ। ਅੱਖਾਂ ਦਾ ਪਾਣੀ ਘਰਾਲਾਂ ਬਣ ਕੇ ਕਰੜ-ਬਰੜੀ ਦਾਹੜੀ ਵਿਚ ਗੁਆਚ ਗਿਆ। ਉਹ ਕਿੰਨਾ ਹੀ ਚਿਰ ਮੈਨੂੰ ਬੁੱਕਲ ਵਿਚ ਲੈ ਕੇ ਸਿਰ ਪਲੋਸਦਾ ਰਿਹਾ।

'ਆਮ ਆਦਮੀ' ਵਾਂਗ ਬਾਪ ਵੀ ਹਮੇਸ਼ਾ ਤਿਲਕਵੀਂ ਰਾਜਨੀਤਕ ਵਿਚਾਰਧਾਰਾ ਵਾਲਾ ਹੀ ਰਿਹਾ। ਸਾਰੀ ਉਮਰ ਹੀ ਉਸ ਦੀ ਕੋਈ ਪੱਕੀ ਵਿਚਾਰਧਾਰਾ ਨ੍ਹੀਂ ਬਣ ਸਕੀ। ਉਹ ਕਦੇ ਕਿਸੇ ਦੇ ਗੁਣ-ਗਾਉਣ ਲੱਗਦਾ, ਕਦੇ ਕਿਸੇ ਦੇ। ਆਮ ਗ਼ਰੀਬਾਂ ਵਾਂਗ ਕਾਂਗਰਸ ਉਸਦੇ ਹੱਡਾਂ ਵਿਚ ਵੜੀ ਹੋਈ ਸੀ। ਇੰਦਰਾ ਗਾਂਧੀ ਉਸਨੂੰ ਦੇਸ਼ ਦੇ ਗਰੀਬਾਂ ਦੀ ਸਭ ਤੋਂ ਵੱਡੀ ਹਮਦਰਦ ਜਾਪਦੀ। ਉਹ ਕਾਂਗਰਸੀ ਨੇਤਾ ਬੂਟਾ ਸਿੰਘ ਦੇ ਗੁਣਗਾਣ ਕਰਦਾ ਰਹਿੰਦਾ। ਅੱਸੀਵੇਂ ਦਹਾਕੇ ਦੇ ਅਖ਼ੀਰਲੇ ਸਾਲਾਂ ਵਿਚ ਬਹੁਜਨ ਸਮਾਜ ਪਾਰਟੀ ਦਾ ਉਭਾਰ ਹੋਣਾ ਸ਼ੁਰੂ ਹੋਇਆ ਤਾਂ ਮੇਰੇ ਵਰਗੇ ਤੱਤੇ ਖ਼ੂਨ ਵਾਲੇ ਮੁੰਡੇ ਕੰਧਾਂ 'ਤੇ ਹਾਥੀ ਵਾਹੁਣ ਲੱਗੇ। ਮੈਂ ਪਾਰਟੀ ਝੰਡਾ ਚੁੱਕ ਕੇ ਥਾਂ-ਪੁਰ-ਥਾਂ ਰੈਲੀਆਂ, ਧਰਨਿਆਂ ਅਤੇ ਕਾਨਫਰੰਸਾਂ 'ਤੇ ਤੁਰਿਆ ਰਹਿੰਦਾ। ਸਗੋਂ ਪਿੰਡਾਂ ਦੇ ਦਲਿਤ ਵਿਹੜਿਆਂ ਅਤੇ ਭੱਠਿਆਂ 'ਤੇ ਜਾ ਕੇ ਪਾਰਟੀ ਦੀ ਸਕੂਲਿੰਗ ਵੀ ਕਰਨ ਲੱਗ ਪਿਆ ਸਾਂ। ਪਾਪਾ ਜੀ ਨੂੰ ਮੇਰੀਆਂ ਇਹ ਸਰਗਰਮੀਆਂ ਉੱਕਾ ਹੀ ਨ੍ਹੀਂ ਸੀ ਭਾਉਂਦੀਆਂ। ਉਹ ਮੈਨੂੰ ਪਾਰਟੀ ਵਿਚ ਕੰਮ ਕਰਨ ਲਈ ਉਤਸ਼ਾਹਿਤ ਕਰਨ ਵਾਲੇ ਗੁਆਂਢੀ ਮਾਸਟਰ ਨੂੰ ਸ਼ਲੋਕ ਸੁਣਾਉਂਦਾ ਰਹਿੰਦਾ। ਉਹ ਪਾਰਟੀ ਅਤੇ ਪਾਰਟੀ ਸੁਪਰੀਮੋ ਕਾਂਸ਼ੀ ਰਾਮ ਨੂੰ ਵੀ ਚੋਂਦੀਆਂ-ਚੋਂਦੀਆਂ ਗਾਹਲਾਂ ਕੱਢਦਾ,

"ਚਮਾਰਾਂ ਦੀ ਪਾਰਟੀ ਆ...ਆਹ ਸਾਡੇ ਛੋਹਰ ਚਮਾਰਾਂ ਦੇ ਟੇਟੇ ਚੜ੍ਹੇ ਫਿਰਦੇ ਆ...ਭੱਥਾ ਭੰਨਾ ਕੇ ਪਿਛਾਂਹ ਹਟਣਗੇ।"

ਕਦੇ ਉਹ ਆਖਦਾ "ਚਮਾਰ ਖੁੱਡੇ ਲਾਉਣਗੇ ਸਾਰਿਆਂ ਨੂੰ...ਏਹ ਪੜ੍ਹੀ-ਲਿਖੀ ਕੌਮ ਐ... ਬਾਕੀ ਸ਼ਡੂਲਕਾਸਟਾਂ ਦਾ ਹੱਕ ਖਾਈ ਜਾਂਦੀ ਆ। ਆਹ ਸਾਡੇ ਆਲੇ ਢੋਡਰ...ਮਗਰ ਲੱਗੇ ਫਿਰਦੇ। ਇਨ੍ਹਾਂ ਨੂੰ ਅਸਲੀਅਤ ਦਾ ਨ੍ਹੀਂ ਪਤਾ।" ਪਾਪਾ ਜੀ ਦੇ ਮਨ 'ਚ ਜੋ ਭਰਿਆ ਸੀ, ਉਹੀ ਬਾਹਰ ਨਿਕਲਣਾ ਸੀ। ਸਮਾਜ ਵਿਚ ਜਾਤੀਵਾਦ ਦੀਆਂ ਪੀਡੀਆਂ ਪਈਆਂ ਗੰਢਾਂ ਦੀ ਮਾਰ ਉਸਨੇ ਆਪਣੇ ਪਿੰਡੇ 'ਤੇ ਹੰਢਾਈ ਸੀ। ਫ਼ੌਜ ਵਿਚ ਜਾਤੀ ਅਧਾਰ 'ਤੇ ਭਾਰੀ ਵਿਤਕਰਾ ਹੁੰਦਾ ਰਿਹਾ ਸੀ। ਇੱਥੇ ਜਾਤੀ ਅਧਾਰ 'ਤੇ ਇਕ-ਦੂਜੇ ਦਾ ਰਿਕਾਰਡ ਖ਼ਰਾਬ ਕਰਨ ਦੀ ਕੋਈ ਕਸਰ ਬਾਕੀ ਨ੍ਹੀਂ ਸੀ ਛੱਡੀ ਜਾਂਦੀ। ਇਸੇ ਵਿਤਕਰੇ ਦਾ ਸ਼ਿਕਾਰ ਬਾਪ ਵੀ ਹੋਇਆ ਸੀ। ਕੁਝ ਆਪਣੇ ਅੱਖੜ ਸੁਭਾਅ ਕਰਕੇ ਅਤੇ ਕੁਝ ਜਾਤੀ ਖਿੱਚੋਤਾਣ ਕਰਕੇ। ਉਨ੍ਹਾਂ ਵੇਲਿਆਂ ਦੀਆਂ ਅੱਠ ਜਮਾਤਾਂ ਪਾਸ ਬਾਪ, ਫ਼ੌਜ ਵਿਚੋਂ ਬਿਨਾਂ ਕੋਈ ਫੀਤੀ ਲੁਆਇਆਂ, ਸਿਪਾਹੀ ਦਾ ਸਿਪਾਹੀ ਹੀ ਪੈਨਸ਼ਨ ਆ ਗਿਆ ਸੀ। ਰਿਸ਼ਤੇਦਾਰੀ 'ਚੋਂ ਲੱਗਦਾ ਫੁੱਫੜ ਜੱਗਰ ਸਿੰਘ ਅਕਸਰ ਕਹਿੰਦਾ ਹੁੰਦਾ ਸੀ, "ਬਾਵਾ ਸੂੰਅ ਨੇ ਸੁਭਾਅ ਨ੍ਹੀਂ ਬਦਲਿਆ ਸਾਰੀ ਉਮਰ...ਫ਼ੌਜ 'ਚ ਵੀ ਪਿੰਡ ਆਲਾ ਹੀ ਹਸਾਬ ਰੱਖਿਆ। ਇੱਟ-ਖੜਿੱਕਾ ਲਈ ਰੱਖਿਆ ਅਫਸਰਾਂ ਨਾਲ। ਅਫ਼ਸਰਾਂ ਅੱਗੇ ਝੁਕਦਾ ਈ ਨ੍ਹੀਂ ਸੀ। ਗ਼ਲਤ ਨੂੰ ਗ਼ਲਤ, ਠੀਕ ਨੂੰ ਠੀਕ। ਮੂੰਹ 'ਤੇ ਮਾਰਦਾ ਸੀ ਅਗਲੇ ਦੇ। ਇਉਂ ਨ੍ਹੀਂ ਚੱਲਦਾ ਫ਼ੌਜ 'ਚ...ਵੇਖਲੋ ਸਾਡੇ ਵਰਗੇ 'ਨਪੜ੍ਹ ਬੰਦੇ੍ ਫ਼ੌਜ 'ਚੋਂ ਸੂਬੇਦਾਰੀਆਂ ਕੁੱਟ ਕੇ ਲੈ ਆਏ, ਇਹ ਆ ਗਿਆ ਬੇਰੰਗ ਈ ਸਿਪਾਹੀ ਦਾ ਸਿਪਾਹੀ।" ਜੱਗਰ ਦਾ ਪਤਾ ਨਾ ਲੱਗਦਾ ਬਾਪ ਦੀ ਤਾਰੀਫ਼ ਕਰਦਾ ਹੈ ਜਾਂ ਬੁਰਾਈ।

ਬਾਪ ਦੀ ਕਾਂਗਰਸਪ੍ਰਸਤੀ ਦਾ ਵੱਡਾ ਕਾਰਨ ਘਰਾਂ ਵਿਚੋਂ ਲੱਗਦਾ ਭਰਾ ਵੀ ਸੀ। ਰਾਜੀਵ-ਲੌਂਗੋਵਾਲ ਸਮਝੌਤੇ ਬਾਅਦ ਹੋਈਆਂ ਚੋਣਾਂ ਵਿਚ ਉਹ ਦਫ਼ਤਰ ਦੀ ਹੈਡ ਕਲਰਕੀ ਤੋਂ ਅਸਤੀਫ਼ਾ ਦੇ ਕੇ ਕਾਂਗਰਸੀ ਟਿਕਟ 'ਤੇ ਵਿਧਾਨ ਸਭਾ ਦੀਆਂ ਪੌੜੀਆਂ ਜਾ ਚੜ੍ਹਿਆ ਸੀ। ਬਾਪ ਦਾ ਚਾਅ ਚੁੱਕਿਆ ਨ੍ਹੀਂ ਸੀ ਜਾਂਦਾ। ਉਧਰ ਵਿਧਾਇਕੀ ਵਾਲਾ ਬਟੇਰਾ ਪੈਰਾਂ ਥੱਲੇ ਆਉਣ ਨਾਲ ਬਾਪ ਦੇ ਚਚੇਰੇ ਭਰਾ ਦਾ ਦਿਮਾਗ ਸੱਤਵੇਂ ਅਸਮਾਨ ਜਾ ਚੜ੍ਹਿਆ। ਉਹ ਸ਼ਰਾਬ ਦੇ ਨਸ਼ੇ ਵਿਚ ਅੰਨ੍ਹਾ ਹੋ ਕੇ ਦੂਜੇ-ਚੌਥੇ ਦਿਨ ਕਾਰਬਾਈਨ ਨਾਲ ਤਾੜ-ਤਾੜ ਗੋਲੀਆਂ ਚਲਾਉਂਦਾ। ਗੋਲੀਆਂ ਦੀ ਆਵਾਜ਼ ਸੁਣ ਕੇ ਪਿੰਡ ਸੁਸਰੀ ਵਾਂਗ ਸੌਂ ਜਾਂਦਾ। ਅਸੀਂ ਸਾਰੇ ਘੁਰਨਿਆਂ ਵਿਚ ਜਾ ਵੜਦੇ। ਸੱਤਾ ਦੇ ਨਸ਼ੇ ਵਿਚ ਟੱਲੀ ਹੋਇਆ ਨੇਤਾ ਆਂਢ-ਗੁਆਂਢ ਨੂੰ ਬੇਵਜ੍ਹਾ ਗਾਹਲਾਂ ਕੱਢਦਾ। ਸਾਡੇ ਨਾਲ ਪਤਾ ਨ੍ਹੀਂ ਕੀ ਖ਼ੋਰ ਸੀ ਉਸਨੂੰ। ਉਹ ਆਪਣੇ ਅੰਗ-ਪਾਲਾਂ ਨੂੰ ਨਾਲ ਲੈ ਕੇ, ਦਰਵਾਜ਼ੇ ਮੂਹਰੇ ਸਾਨ੍ਹ ਵਾਂਗੂੰ ਖੌਰੂ ਪਾ ਜਾਂਦਾ। ਮੇਰੇ ਤੋਂ ਵੱਡਾ ਭਰਾ ਤਾਂ ਫ਼ੌਜ 'ਚ ਸੀ। ਸਾਨੂੰ ਬਾਕੀ ਭਰਾਵਾਂ ਨੂੰ ਗੁੱਸਾ ਚੜ੍ਹਦਾ, ਪਰ ਮਾਂ-ਬਾਪ ਅੰਦਰ ਵਾੜ ਕੇ ਬੂਹਾ ਭੇੜ ਲੈਂਦੇ। ਵਿਧਾਇਕ ਬਾਦਸ਼ਾਹ ਵੱਲੋਂ ਪਾਈ ਦਹਿਸ਼ਤ ਨੇ ਬਾਪ ਵਰਗਿਆਂ ਦੇ ਸਿਰੋਂ ਕਾਂਗਰਸ ਦਾ ਫਤੂਰ ਉੱਕਾ ਹੀ ਲਾਹ ਦਿੱਤਾ। ਉਸਨੇ ਬਿਲਕੁਲ ਹੀ ਕੂਹਣੀ-ਮੋੜ ਕੱਟ ਲਿਆ। ਹੁਣ ਉਹ ਦਿਨ ਰਾਤ ਬਸਪਾ ਦੇ ਸੋਹਲੇ ਗਾਉਣ ਲੱਗਿਆ ਸੀ। ਮੇਰੀ ਹਾਂ ਵਿਚ 'ਹਾਂ' ਵੀ ਭਰਨ ਲੱਗਾ। ਸਰਦਾਰ ਬੂਟਾ ਸਿੰਘ ਉਸ ਲਈ 'ਬੂਟੀ ਰਾਮ' ਬਣ ਗਿਆ, "ਇਹ ਬੂਟੀ ਨੇ ਈ ਕੌਮ ਦਾ ਭੱਠਾ ਬਹਾਇਐ। ਆਵਦਾ ਕੋੜਮਾ ਪਾਲਿਆ...ਕੌਮ ਜਾਵੇ ਢੱਠੇ ਖੂਹ 'ਚ।" ਉਸਨੇ ਕਾਂਗਰਸੀ ਲੀਡਰਾਂ 'ਤੇ ਤਵਾ ਲਾਉਣਾ ਸ਼ੁਰੂ ਕਰ ਦਿੱਤਾ ਸੀ।

"ਗਰੀਬ-ਗੁਰਬੇ ਦਾ ਦਿਮਾਗ ਨ੍ਹੀਂ ਠੀਕ। ਰਲ਼ ਕੇ ਨ੍ਹੀਂ ਹੰਭਲਾ ਮਾਰਦੇ। ਨਈਂ ਕੀ ਨ੍ਹੀਂ ਕਰ ਸਕਦੇ? ਜੇ ਰਲ਼ ਕੇ ਹੰਭਲਾ ਮਾਰ ਲੈਣ, ਦਿੱਲੀ ਚਾਰ ਹੱਥ ਦੂਰ ਨ੍ਹੀਂ ਏਹਨਾਂ ਤੋਂ।" ਸੱਥ ਵਿਚ ਖੜ੍ਹ ਕੇ, ਉਸਦੇ ਪ੍ਰਚਾਰ ਦੀ ਸੁਰ ਤਿੱਖੀ ਹੋਣ ਲੱਗ ਪਈ ਸੀ। ਹੁਣ ਉਹ ਮੇਰੇ ਨਾਲ ਘਰ ਆਉਣ ਵਾਲੇ ਪਾਰਟੀ ਵਰਕਰਾਂ ਨੂੰ ਪੂਰੇ ਆਦਰ-ਭਾਉ ਨਾਲ ਮਿਲਦਾ। ਉਨ੍ਹਾਂ ਦੀ ਸੇਵਾ ਹੋਣ ਲੱਗੀ। ਦਾਰੂ-ਪਿਆਲੇ ਦੇ ਸ਼ੌਕੀਨਾਂ ਦਾ ਮੂੰਹ ਵੀ ਬਾਪੂ ਦੀ ਫੌਜੀ ਰੰਮ ਨਾਲ ਕੌੜਾ ਹੋਣ ਲੱਗਾ।

ਬਾਪ ਦੀਆਂ ਇਨ੍ਹਾਂ ਗੱਲਾਂ ਨਾਲ ਵਿਧਾਇਕ ਬਾਦਸ਼ਾਹ ਸਗੋਂ ਹੋਰ ਚਿੜ੍ਹ ਗਿਆ। ਇਹ ਤਾਂ ਉਸਦੀ ਬਾਦਸ਼ਾਹਤ ਲਈ ਵੱਡੀ ਵੰਗਾਰ ਸੀ। ਉਹ ਬਾਪ ਨੂੰ ਨੌਕਰੀ ਤੋਂ ਕਢਾ ਦੇਣ ਦੀਆਂ ਧਮਕੀਆਂ ਦੇਣ ਲੱਗਾ। ਅਸੀਂ ਪਿੰਡ 'ਚ ਕਈ ਵਾਰ ਪੰਚਾਇਤ ਇਕੱਠੀ ਕਰ ਚੁਕੇ ਸਾਂ, ਪਰ ਵਿਧਾਇਕ ਬਾਦਸ਼ਾਹ ਤਾਂ ਪੰਚਾਇਤ ਨੂੰ ਹੀ ਟਿੱਚ ਸਮਝਦਾ ਸੀ। ਉਸਨੇ ਸਾਨੂੰ ਸਾਰੇ ਭਰਾਵਾਂ ਨੂੰ ਅੱਤਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਸਬੰਧੀ, ਥਾਣੇ ਬੰਦ ਕਰਵਾ ਦਿੱਤਾ। ਵੱਡੇ ਭਰਾ ਨੂੰ ਤਾਂ ਆਪਣੇ ਮੁਕਲਾਵੇ ਤੋਂ ਅਗਲੀ ਰਾਤ ਵੀ ਥਾਣੇ ਹੀ ਗੁਜ਼ਾਰਨੀ ਪਈ ਸੀ। ਸਾਨੂੰ ਬਾਪ 'ਤੇ ਰਹਿ-ਰਹਿ ਕੇ ਗੁੱਸਾ ਆਉਂਦਾ ਕਿ ਉਹ ਇਸ ਹੈਂਕੜਬਾਜ਼ ਨੂੰ ਲਲਕਾਰਦਾ ਕਿਉਂ ਨ੍ਹੀਂ। ਐਵੇਂ ਸਿਰ ਸੁੱਟ ਕੇ ਅੰਦਰ ਕਿਉਂ ਵੜ ਜਾਂਦਾ ਹੈ। ਉਸਨੂੰ ਅੱਗਿਓਂ ਹੋ ਕੇ ਟੱਕਰਦਾ ਕਿਉਂ ਨ੍ਹੀਂ।

...ਤੇ ਵਿਧਾਇਕ ਬਾਦਸ਼ਾਹ ਨੂੰ ਅੱਗਿਓਂ ਹੋ ਕੇ ਟੱਕਰਨ ਦਾ ਮੌਕਾ ਜਲਦੀ ਬਣ ਗਿਆ ਸੀ। ਪਹਿਲਾਂ ਵਾਂਗ ਹੀ ਇਕ ਦਿਨ ਉਸਨੇ ਸ਼ਰਾਬ ਅਤੇ ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ, ਸਾਡੇ ਘਰਦੇ ਬੂਹੇ ਮੂਹਰੇ ਆ ਲਲਕਾਰਾ ਮਾਰਿਆ। ਉਸ ਵਲੋਂ ਆਪਣੀ ਲਾਇਸੰਸੀ ਕਾਰਬਾਈਨ ਨਾਲ ਚਲਾਈ ਗੋਲੀ ਦਰੱਖ਼ਤ ਦੇ ਪੱਤਿਆਂ ਨਾਲ ਘਸਰਦੀ ਅਸਮਾਨ ਵਲ ਨਿਕਲ ਗਈ ਸੀ।

"...ਖੜਜਾ ਤੇਰੀ ਵੱਡੇ ਲਾਟ ਸਾਬ੍ਹ ਦੀ...।" ਬਾਪ ਨੇ ਜੰਗਾਲ੍ਹੀ ਜਿਹੀ ਗੰਡਾਸੀ ਕੱਢ ਲਿਆਂਦੀ। ਬਾਪੂ ਦਾ ਜਲੌਅ ਉਸ ਦਿਨ ਵੇਖਣ ਵਾਲਾ ਸੀ, ਜਿਵੇਂ ਉਸ ਨੇ ਸਾਰੀ ਸਰਕਾਰ ਨੂੰ ਹੀ ਲਲਕਾਰ ਦਿੱਤਾ ਹੋਵੇ। ਅਸੀਂ ਵੀ ਸਾਰੇ ਭਰਾ ਸੋਟੀਆਂ ਲੈ ਕੇ ਨਿਕਲ ਆਏ ਸਾਂ। ਰਾਜ ਨੇਤਾ ਨੇ ਮੇਰੇ ਗਲ੍ਹਮੇ ਵਿਚ ਹੱਥ ਪਾ ਲਿਆ ਸੀ...ਅੱਗਿਓਂ ਮੈਂ ਵੀ ਉਸਦਾ ਗਲਾਵਾਂ ਫੜ ਲਿਆ। ਛੋਟੇ-ਵੱਡੇ ਦਾ ਅਤੇ ਰਿਸ਼ਤੇਦਾਰੀ ਦਾ ਫ਼ਰਕ ਕਿਤੇ ਦੂਰ ਰਹਿ ਗਿਆ। ਰਾਜ ਨੇਤਾ ਦੇ ਪਸੀਨੇ ਛੁੱਟ ਗਏ। ਉਹ ਇਕ ਦਮ ਠਠੰਬਰ ਗਿਆ। ਇੰਨੀ ਬਗ਼ਾਵਤ ਦੀ ਤਾਂ ਉਸਨੂੰ ਆਸ ਹੀ ਨ੍ਹੀਂ ਸੀ। ਉਹ ਆਪਣੇ ਅੰਗ ਰੱਖਿਅਕਾਂ ਸਮੇਤ ਉਨ੍ਹੀਂ-ਪੈਰੀਂ ਪੁੱਠਾ ਮੁੜ ਗਿਆ। ਉਸ ਦਿਨ ਤੋਂ ਬਾਅਦ ਸਾਡੀ ਕਦੇ ਉਸ ਨਾਲ ਤੂੰ ਤੂੰ-ਮੈਂ ਮੈਂ ਨਾ ਹੋਈ।

"ਹੱਥਾਂ ਬਾਝ ਕਰਾਰਿਆਂ ਵੈਰੀ ਹੋਏ ਨਾ ਮਿੱਤ। ਐਦੂੰ ਬਿਨਾਂ ਕੰਮ ਲੋਟ ਨ੍ਹੀਂ ਸੀ ਆਉਣਾ। ਇਹ ਕੰਮ ਤਾਂ ਆਪਾਂ ਨੂੰ ਬਹੁਤ ਸਾਲ ਪਹਿਲਾਂ ਕਰ ਲੈਣਾ ਚਾਹੀਦਾ ਸੀ।" ਬਾਪ ਆਖਦਾ।

"ਰੋਕਿਆ ਕੀਹਨੇ ਸੀ?" ਅਸੀਂ ਸਾਰੇ ਖੁੱਲ੍ਹ ਕੇ ਹੱਸਣ ਲੱਗ ਜਾਂਦੇ।

ਆਰਥਕ ਤੌਰ 'ਤੇ ਥੁੜ੍ਹੇ-ਟੁੱਟੇ ਬੰਦੇ ਦੀ ਕਦੇ ਵੀ ਸਥਿਰ ਵਿਚਾਰਧਾਰਾ ਨ੍ਹੀਂ ਬਣਦੀ। ਪਾਪਾ ਜੀ ਦਾ ਸੁਭਾਅ ਵੀ ਇਕਸਾਰ ਨ੍ਹੀਂ ਸੀ ਰਹਿੰਦਾ। ਪਾਰੇ ਵਾਂਗ ਥਿਰਕਦਾ ਹੀ ਰਹਿੰਦਾ ਸੀ।

ਮੇਰੇ ਸਾਹਿਤਕ ਕਿਤਾਬਾਂ ਨਾਲ ਜੁੜੇ ਰਹਿਣ ਨੂੰ ਉਹ ਫ਼ਜ਼ੂਲ ਮਗਜ਼-ਪੱਚੀ ਵਾਲਾ ਕੰਮ ਸਮਝਦਾ। ਉਹ ਆਖਦਾ, "ਜਿੰਨਾ ਟੈਮ ਨਾਵਲ-ਘਾਣੀਆਂ ਲਿਖਣ ਪੜ੍ਹਨ 'ਤੇ ਲਾਉਨੈ, ਉਹੀ ਕੋਰਸ ਦੀਆਂ ਕਿਤਾਬਾਂ 'ਤੇ ਲਾਏਂ ਤਾਂ ਕੁਛ ਦਾ ਕੁਛ ਬਣਜੇਂ।" ਉਹ ਮੈਨੂੰ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕਰਵਾ ਕੇ ਓਵਰਸੀਅਰ ਬਣਾਉਣਾ ਚਾਹੁੰਦਾ ਸੀ। ਉਹ ਆਪਣੇ ਮਹਿਕਮੇ ਦੇ ਓਵਰਸੀਅਰਾਂ ਨੂੰ ਸੀਮਿੰਟ-ਬੱਜਰੀ ਵੇਚ-ਵੇਚ ਕੇ, ਨੋਟਾਂ ਦੀਆਂ ਗੁੱਥੀਆਂ ਜੇਬਾਂ 'ਚ ਭਰਦੇ ਵੇਖਦਾ। ਬਾਪ ਆਪ ਵੀ ਇਕ-ਅੱਧ ਬੋਰੀ ਇਧਰ-ਉਧਰ ਕਰ ਕੇ ਚਾਰ ਪੈਸੇ ਕਮਾ ਲੈਂਦਾ। ਬਾਪ ਦੇ ਆਖੇ ਮੈਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਜਿਸਨੂੰ ਪਿੰਡਾਂ ਵਾਲੇ "ਓਵਰਸੀਅਰੀ ਦਾ ਕੋਰਸ" ਆਖਦੇ, ਪਾਸ ਕਰ ਲਿਆ। ਬਾਪ ਮੈਨੂੰ ਡਿਪਲੋਮੇ ਤੋਂ ਬਾਅਦ ਏ.ਐਮ.ਆਈ. ਈ (ਇੰਜੀਨੀਅਰਿੰਗ ਦੀ ਗਰੈਜੂਏਸ਼ਨ) ਕਰ ਲੈਣ ਵਾਸਤੇ ਜ਼ੋਰ ਪਾਉਂਦਾ ਰਹਿੰਦਾ ਪਰ ਮੈਂ ਉਸਨੂੰ ਸੱਚ ਦੱਸਣ ਤੋਂ ਹਮੇਸ਼ਾਂ ਪਾਸਾ ਵੱਟੀ ਰੱਖਦਾ। ਦਰਅਸਲ ਮੈਂ ਇਹ ਦੱਸ ਕੇ ਉਸਦਾ ਦਿਲ ਨ੍ਹੀਂ ਸੀ ਤੋੜਨਾ ਚਾਹੁੰਦਾ ਕਿ ਮੈਂ ਤਾਂ ਡਿਪਲੋਮਾ ਹੀ ਮਸੀਂ ਪਾਸ ਕੀਤੈ। ਫੇਰ ਮੇਰੀ ਇਸ ਨੌਕਰੀ ਵਿਚ ਕੋਈ ਦਿਲਚਸਪੀ ਵੀ ਨ੍ਹੀਂ ਸੀ। ਇਸ ਮਾਮਲੇ ਨੂੰ ਲੈ ਕੇ ਉਹ ਮੇਰੇ ਨਾਲ ਤੱਤਾ-ਠੰਡਾ ਵੀ ਹੁੰਦਾ। ਫੇਰ ਮੇਰੀਆਂ ਕਹਾਣੀਆਂ ਲੇਖ ਵਗੈਰਾ ਅਖ਼ਬਾਰਾਂ ਰਸਾਲਿਆਂ ਵਿਚ ਛਪਣ ਲੱਗੇ। ਪਿੰਡ, ਆਲੇ-ਦੁਆਲੇ ਅਤੇ ਰਿਸ਼ਤੇਦਾਰਾਂ ਵਿਚੋਂ ਕੋਈ ਮੇਰੀ ਕਹਾਣੀ ਦੀ ਚਰਚਾ ਉਸ ਕੋਲ ਛੇੜ ਲੈਂਦਾ। ਹੌਲੀ-ਹੌਲੀ ਮੈਂ ਬਾਪ ਲਈ 'ਖ਼ਾਸ' ਬੰਦਾ ਬਣ ਗਿਆ। ਮੇਰੇ ਲੇਖਕ ਹੋਣ ਦਾ ਉਸਨੂੰ ਚਾਅ ਹੋ ਗਿਆ ਸੀ। ਜਦੋਂ ਕੋਈ ਲੇਖਕ ਯਾਰ ਬੇਲੀ ਘਰ ਆਉਂਦਾ, ਉਸਨੂੰ ਚਾਅ ਚੜ੍ਹ ਜਾਂਦਾ।

"ਗੁਰਮੀਤ ਦੀ ਘਾਣੀ ਆਈ ਆ ਖਵਾਰ 'ਚ। ਕਮਾਲ ਕੀਤੀ ਪਈ ਐ। ਮੁੰਡੇ ਨੇ ਨਾਉਂ ਕੱਢਤਾ ਪਿੰਡ ਦਾ।" ਬਾਪ ਦੀ ਫ਼ੌਜੀ ਰੰਮ 'ਤੇ ਨਿਗਾਹ ਰੱਖਣ ਵਾਲੇ ਮੇਰੀਆਂ ਤਾਰੀਫ਼ਾਂ ਦੇ ਪੁਲ਼ ਬੰਨ੍ਹ ਦਿੰਦੇ।

"ਬਾਈ ਬਾਵਾ ਸਿਆਂ! ਮੁੰਡਾ ਤਾਂ ਤੇਰਾ ਢੁੱਡੀਕਿਆਂ ਆਲੇ ਜਸਵੰਤ ਸਿਹੁੰ ਕੰਵਲ ਅਗੂੰ ਚੋਟੀ ਦਾ ਲਿਖਾਰੀ ਬਣੂ।" ਕਈ ਤਾਂ ਲੋੜੋਂ ਵੱਧ ਪਲੇਥਣ ਲਾ ਦਿੰਦੇ। ਸਾਡੇ ਇਲਾਕੇ ਵਿਚ ਅੱਧ ਪੜ੍ਹਿਆਂ ਲਈ ਬੂਟਾ ਸਿੰਘ ਸ਼ਾਦ ਅਤੇ ਜਸਵੰਤ ਸਿੰਘ ਕੰਵਲ ਬੜੇ ਵੱਡੇ ਨਾਂਅ ਸਨ। ਪਾਪਾ ਜੀ ਦੀਆਂ ਵਾਛਾਂ ਖਿੜ ਜਾਂਦੀਆਂ ਉਹ ਸੰਦੂਕ ਵਿਚੋਂ ਕੰਟੀਨ ਦੀ ਫ਼ੌਜੀ ਰੰਮ ਕੱਢ ਲਿਆਉਂਦਾ।

"ਮੁੰਡਾ ਤੇਰਾ ਨਾਂ ਚਮਕਾਊ। ਸੋਹਣੀ ਲਿਖਤ ਐ।" ਪਾਪਾ ਜੀ ਹੋਰ ਚੌੜੇ ਹੋ ਜਾਂਦੇ। ਮੇਰੀਆਂ ਤਾਰੀਫ਼ਾਂ ਦਾ ਸਿਲਸਿਲਾ ਉਦੋਂ ਤੱਕ ਜਾਰੀ ਰਹਿੰਦਾ ਜਦੋਂ ਤੱਕ ਬੋਤਲ ਥੱਲੇ ਨਾਲ ਨਾ ਜਾ ਲੱਗਦੀ।

"ਊਂ ਬਾਈ ਸਿਆਂ ਗੁੱਸਾ ਨਾ ਕਰੀਂ। ਮੁੰਡੇ 'ਤੇ ਨਿਗਾਹ ਰੱਖੀਂ। ਏਹ ਲਿਖਾਰੀ-ਲਖੂਰੀ ਜਏ ਹੁੰਦੇ ਅਵਾਰਾ ਈ ਐ। ਟੈਮ ਨਾਲ ਮੰਗ-ਵਿਆਹ ਲੈ। ਐਵੇਂ ਨਾ ਕੋਈ ਚੰਦ-ਚਾੜ ਦੇਵੇ।" ਪਿਆਲੇ ਦੇ ਜੁੱਟ ਜਾਣ ਲੱਗੇ ਬਾਪ ਨੂੰ ਚੁਕੰਨਾ ਕਰ ਜਾਂਦੇ।

ਜੁੱਟਾਂ ਦੀਆਂ ਉਂਗਲਾਂ ਦੀ ਕਲਾਕਾਰੀ ਰੰਗ ਲਿਆਉਣ ਲੱਗੀ ਸੀ। ਦਰਅਸਲ ਉਹ ਦੂਜਿਆਂ ਦੀਆਂ ਗੱਲਾਂ ਵਿਚ ਬੜੀ ਛੇਤੀ ਆ ਜਾਂਦਾ ਸੀ। ਉਹ ਮੈਨੂੰ ਦਿਨ-ਰਾਤ ਵਿਆਹ ਲਈ ਜ਼ੋਰ ਪਾਉਣ ਲੱਗਾ। ਨਿੱਤ ਨਵੇਂ-ਰਿਸ਼ਤਿਆਂ ਦੀ ਦੱਸ ਪੈਂਦੀ। ਫੁੱਫੜ ਜੱਗਰ ਵੱਲੋਂ ਲਿਆਂਦੇ ਰਿਸ਼ਤੇ ਨੇ ਤਾਂ ਕਈ ਦਿਨ ਘਰ 'ਚ ਰੱਫੜ ਪਾਈ ਰੱਖਿਆ।

"ਉਹ ਤਾਂ ਪਹੁੰਚ ਆਲੇ ਬੰਦੇ...ਐਵੇਂ ਅਵਾਰਾ ਤੁਰਿਆ ਫਿਰਦੈਂ ਓਵਰਸੀਅਰੀ ਦਾ ਕੋਰਸ ਕਰ ਕੇ। ਅਗਲੇ ਜ਼ਿੰਮੇਵਾਰੀ ਲੈਂਦੇ ਆ ਸੈਟ ਕਰਵਾਉਣ ਦੀ। ਆਪੇ ਨੌਕਰੀ 'ਤੇ ਲਵਾਉਣਗੇ। ਘਰੋਂ ਤਕੜੇ ਬੰਦੇ, ਉਨ੍ਹਾਂ ਦੀ ਤਾਂ ਇਕ ਰਜਾਈ 'ਚ ਨੌਂ ਮਣ ਰੂੰ ਹੋਊ...ਜਿੰਨੀ ਆਪਣੇ ਘਰ ਦੇ ਸਾਰੇ ਜੁੱਲਾਂ 'ਚ ਐ।"

"ਮੈਂ ਉਨ੍ਹਾਂ ਦੀ ਐਡੀ ਭਾਰੀ ਰਜਾਈ ਥੱਲੇ ਆ ਕੇ ਮਰਨੈਂ?" ਮੈਂ ਗੱਲ ਹਾਸੇ ਪਾ ਕੇ ਆਈ-ਗਈ ਕਰਨ ਦੀ ਚਾਲ ਚੱਲੀ।

"ਕਾਕਾ ਗੱਲ ਹਾਸੇ ਪਾਉਣ ਆਲੀ ਨ੍ਹੀਂ...ਅਗਲੇ ਘਰ ਭਰ ਦੇਣਗੇ ਬਾਵਾ ਸੂੰਅ ਦਾ...।" ਫੁੱਫੜ ਨੇ ਸੰਬੋਧਨ ਮੈਨੂੰ ਕੀਤਾ ਪਰ ਸੁਣਾਇਆ ਪਾਪਾ ਜੀ ਨੂੰ ਹੀ ਸੀ। ਉਸਦਾ ਪਾਰਾ ਚੜ੍ਹਨਾ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਸੀ।

***ਬੀਬੀ ਦੀ ਬਿਮਾਰੀ ਤੋਂ ਬਾਅਦ ਪਾਪਾ ਜੀ ਨੂੰ 'ਹਮਦਰਦੀ' ਦੀ ਕਿਤੇ ਵੱਧ ਜ਼ਰੂਰਤ ਸੀ ਪਰ ਘਰਦਿਆਂ ਦਾ ਵਤੀਰਾ ਤਾਂ ਸਗੋਂ ਜ਼ਲੀਲ ਕਰਨ ਵਾਲਾ ਹੁੰਦਾ। ਉਹ ਸਬਜ਼ੀਆਂ-ਭਾਜੀਆਂ ਤੇ ਘਰੇਲੂ ਵਰਤੋਂ ਵਾਲਾ ਹੋਰ ਸਾਮਾਨ ਝੋਲੇ ਭਰ-ਭਰ ਲਿਆਉਂਦਾ ਪਰ ਘਰ ਵਿਚ ਹੁੰਦੀ ਦੁਰਗਤੀ, ਮਾਨਸਿਕ ਤੌਰ 'ਤੇ ਤੋੜ ਰਹੀ ਸੀ। ਬਾਪ ਦੀ ਬਦੌਲਤ ਨੂੰਹਾਂ ਘਰ ਵਿਚ ਖੁੱਲ੍ਹਾ-ਡੁੱਲ੍ਹਾ ਖ਼ਰਚ ਕਰਦੀਆਂ ਪਰ ਫੇਰ ਵੀ ਨੱਕ-ਬੁੱਲ੍ਹ ਕੱਢਦੀਆਂ। ਉਹ ਟੁੱਟਣ ਲੱਗ ਪਿਆ।***

"ਮੈਂ ਕੋਈ ਗਾਂ-ਮੱਝ ਥੋੜ੍ਹੀ ਆਂ ਜਿਹੜਾ ਮੈਨੂੰ ਮੰਡੀ 'ਚ ਲਾਉਣ ਲੱਗੇ ਓਂ।" ਮੈਂ ਅੱਧੇ ਸ਼ਬਦ ਮੂੰਹ 'ਚ ਹੀ ਘੁੱਟ ਲਏ ਸਨ।

"ਇਹਦੇ ਲਾਟ ਸਾਬ ਦੇ ਨੱਕ ਥੱਲੇ ਨ੍ਹੀਂ ਆਉਣਾ ਕੁਛ...ਇਹਦੇ ਡਮਾਕ ਨੂੰ ਕਾਮਰੇਟੀ ਚੜ੍ਹੀ ਵੀ ਐ। ਖ਼ੈਰ ਤੂੰ ਹਜੇ ਜੁਆਬ ਨਾ ਦੇਵੀਂ ਅਗਲਿਆਂ ਨੂੰ। ਰਿਸ਼ਤਾ ਹੱਥੋਂ ਨ੍ਹੀਂ ਜਾਣ ਦੇਣਾ। ਮੈਂ ਕੱਢੂੰ ਏਹਦੀ ਕਾਮਰੇਟੀ...।" ਤੇ ਮੇਰੀ ਕਾਮਰੇਟੀ ਕੱਢਣ ਲਈ ਉਸਨੇ ਘਰ ਵਿਚ ਕਈ ਦਿਨ ਝੱਜੂ ਪਾਈ ਰੱਖਿਆ ਸੀ। ਉਹ ਜਦੋਂ ਹੀ ਘਰ ਵੜਦਾ, ਮੈਂ ਕੋਈ ਨਾ ਕੋਈ ਬਹਾਨਾ ਮਾਰ ਕੇ ਖਿਸਕ ਜਾਂਦਾ। ਉਸਦੇ ਮੱਥੇ ਲੱਗਣ ਤੋਂ ਹਰ ਹੀਲੇ ਬਚਦਾ। ਮੇਰੇ ਵਾਲਾ ਗੁੱਸਾ ਬਾਕੀ ਛੋਟੇ ਭਰਾਵਾਂ 'ਤੇ ਨਿਕਲ ਜਾਂਦਾ।

ਫਿਰ ਹੌਲੀ-ਹੌਲੀ ਉਨ੍ਹਾਂ ਦਾ ਬਲੱਡ-ਪ੍ਰੈਸ਼ਰ ਥੱਲੇ ਆ ਗਿਆ। ਵਿਆਹ ਵਾਲੀ ਗੱਲ ਠੰਡੀ ਹੋ ਗਈ। ਉਹ ਬਹੁਤੇ ਦਿਨ ਕਿਸੇ ਨਾਲ ਗੁੱਸੇ ਰਹਿ ਹੀ ਨ੍ਹੀਂ ਸੀ ਸਕਦਾ।

"ਜੱਗਰ ਸਿਹੁੰ ਤਾਂ ਸਾਲਾ ਐਵੇਂ ਫਲੂਲੀਆਂ ਛੱਡਦੈ। ਫ਼ੌਜ 'ਚ ਏਹਦੀ ਬਹਿਣੀ-ਉਠਣੀ ਅੰਬਰਸਰੀਆਂ ਨਾਲ ਰਹੀ ਐ।" ਉਹ ਮੈਨੂੰ ਪੁਚਕਾਰਨ ਲੱਗਾ ਸੀ, "ਐਵੇਂ ਨ੍ਹੀਂ ਦਿਲ ਨੂੰ ਲਾਈਦੀ...ਵੱਧ-ਘੱਟ ਬੋਲ ਹੋ ਜਾਂਦੈ। ਲਿਖਣ-ਪੜ੍ਹਨ ਅੱਲ ਧਿਆਨ ਰੱਖ...ਸਾਲਾ ਜੱਗਰ ਐਮੇਂ ਭੁਕਾਨਾ ਫੁਲਾ ਗਿਆ ਅਖੇ ਰਜਾਈ 'ਚ ਨੌਂ ਮਣ ਰੂੰ ਐ...ਕੰਜਰ ਦਿਆ ਉਹ ਬੰਦੇ ਆ ਕਿ ਜਿੰਨ...ਅਖੇ ਨੌਂ ਮਣ !" ਤੇ ਬਾਪ ਕਿੰਨਾ ਚਿਰ ਫੁੱਫੜ ਜੱਗਰ ਨੂੰ ਸ਼ਲੋਕ ਸੁਣਾਈ ਜਾਂਦਾ ਰਿਹਾ ਸੀ।

ਤਾਅ ਉਮਰ ਮੈਂ ਬਾਪ ਨੂੰ ਕਦੇ ਸੁੱਖ ਦਾ ਸਾਹ ਲੈਂਦੇ ਨ੍ਹੀਂ ਸੀ ਦੇਖਿਆ। ਪਹਿਲਾਂ ਗ਼ਰੀਬੀ ਨਾਲ ਘੁਲਦਾ ਰਿਹਾ, ਫਿਰ ਜਦੋਂ ਹੱਥ ਕੁਝ ਖੁੱਲ੍ਹਾ ਹੋਇਆ, ਘਰ ਨੂੰ ਬੀਬੀ ਦੀ ਬਿਮਾਰੀ ਨੇ ਘੇਰ ਲਿਆ। ਬੀਬੀ ਨੂੰ ਗਠੀਏ ਦੀ ਬਿਮਾਰੀ ਸੀ। ਹੱਥ ਪੈਰ ਸੁੱਜ ਕੇ ਭੜੋਲਾ ਬਣ ਜਾਂਦੇ।

ਸਰਕਾਰੀ ਨੌਕਰੀ ਅਤੇ ਫ਼ੌਜ ਦੀ ਪੈਨਸ਼ਨ ਆਸਰੇ ਦਿਨ ਸੌਖੇ ਲੰਘਣ ਲੱਗੇ ਸਨ, ਪਰ ਹੁਣ ਤਾਂ ਬਿਮਾਰੀ ਨੇ ਘਰ ਹੀ ਕੁਲੰਜ ਕੇ ਰੱਖ ਦਿੱਤਾ ਸੀ। ਇਨ੍ਹਾਂ ਦਿਨਾਂ ਵਿਚ ਹੀ ਬੀਬੀ ਨੂੰ ਕੈਂਸਰ ਵੀ ਹੋ ਗਿਆ। ਬਾਪ ਉਸਨੂੰ ਇਲਾਜ ਲਈ ਜਗ੍ਹਾ-ਜਗ੍ਹਾ ਲਈ ਫਿਰਦਾ ਰਿਹਾ। ਮਹਿੰਗੇ ਅੰਗਰੇਜ਼ੀ ਤੇ ਦੇਸੀ ਡਾਕਟਰੀ ਇਲਾਜ ਤੋਂ ਇਲਾਵਾ ਟੂਣੇ-ਟਾਮਣੇ ਵੀ ਕਰਵਾਈ ਜਾਂਦੇ। ਮੰਦਰਾਂ, ਗੁਰਦੁਆਰਿਆਂ ਅਤੇ ਪੀਰਾਂ-ਫ਼ਕੀਰਾਂ ਦੀਆਂ ਸਰਦਲਾਂ 'ਤੇ ਮੱਥੇ ਰਗੜੇ ਜਾਂਦੇ ਰਹੇ। ਸਿਆਣਿਆਂ ਭੂਪਿਆਂ ਦੇ ਡੇਰਿਆਂ 'ਤੇ ਚੌਕੀਆਂ ਭਰੀਆਂ ਜਾਂਦੀਆਂ। ਮੈਨੂੰ ਪਾਪਾ ਜੀ ਦੇ ਹੌਸਲੇ 'ਤੇ ਹੈਰਾਨੀ ਹੁੰਦੀ। ਕਿਹੋ ਜਿਹਾ ਹੌਸਲੇ ਵਾਲਾ ਇਨਸਾਨ ਸੀ, ਜਿਹੜਾ ਕਦੇ ਅੱਕਦਾ-ਥੱਕਦਾ ਹੀ ਨ੍ਹੀਂ ਸੀ। ਦੁੱਖਾਂ ਦੇ ਪਹਾੜਾਂ 'ਚ ਘਿਰੇ ਵੇਖ, ਕਈ ਸਕੇ-ਸੋਧਰੇ ਰਿਸ਼ਤੇਦਾਰ ਸਾਥੋਂ ਮੂੰਹ ਫੇਰ ਗਏ ਸਨ। ਬੀਬੀ ਦੀਆਂ ਨੂੰਹਾਂ ਨੂੰ ਵੀ ਬੀਬੀ ਕੋਲੋਂ ਮੁਸ਼ਕ ਆਉਣ ਲੱਗਾ ਸੀ। ਪਾਪਾ ਜੀ ਅਕਸਰ ਰੋਟੀ ਵੀ ਆਪ ਹੀ ਲਾਹੁੰਦੇ। ਬੀਬੀ ਦੇ ਤੇ ਆਵਦੇ ਲੀੜੇ-ਕੱਪੜੇ ਵੀ ਧੋਂਦੇ ਅਤੇ ਘਰਦਾ ਸਾਰਾ ਕੰਮ-ਕਾਰ ਵੀ ਆਪ ਹੀ ਕਰਦੇ। ਅਜੀਬ ਮਨੁੱਖ ਸੀ, ਡੋਲਦਾ ਹੀ ਨ੍ਹੀਂ ਸੀ। ਉਸ ਉੱਪਰ ਤਾਂ ਬਸ ਜੀਵਨ ਸਾਥੀ ਨੂੰ ਬਚਾ ਲੈਣ ਦੀ ਧੁਨ ਸਵਾਰ ਸੀ।

ਸਾਲ 1993 ਦੇ ਆਜ਼ਾਦੀ ਵਾਲੇ ਦਿਹਾੜੇ ਦਿੱਲੀ ਦੀ ਗੱਦੀ 'ਤੇ ਕਾਬਜ਼ ਸਰਕਾਰ ਦਾ ਮੁਖੀ ਜੋ ਹਰ ਵੇਲੇ ਬੱਕਰੀ ਵਾਂਗ ਮੂੰਹ ਹਿਲਾਉਂਦਾ ਰਹਿੰਦਾ ਸੀ, ਲਾਲ ਕਿਲ੍ਹੇ 'ਤੇ ਤਿਰੰਗਾ ਲਹਿਰਾ ਕੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਗ਼ਰੀਬ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਦਾ ਮੁਫ਼ਤ ਇਲਾਜ ਦੇਣ ਦੀਆਂ ਡੀਗਾਂ ਮਾਰ ਰਿਹਾ ਸੀ, ਮਾਂ ਨੇ ਕੈਂਸਰ ਜਿਹੀ ਬਿਮਾਰੀ ਦੇ ਮਹਿੰਗੇ ਇਲਾਜ ਤੋਂ ਅਸਮਰੱਥ ਹੋਣ ਕਰਕੇ ਸਹਿਕਦਿਆਂ ਦਮ ਤੋੜ ਦਿੱਤਾ ਸੀ।

ਬੀਬੀ ਦੀ ਬਿਮਾਰੀ ਤੋਂ ਬਾਅਦ ਪਾਪਾ ਜੀ ਨੂੰ 'ਹਮਦਰਦੀ' ਦੀ ਕਿਤੇ ਵੱਧ ਜ਼ਰੂਰਤ ਸੀ ਪਰ ਘਰਦਿਆਂ ਦਾ ਵਤੀਰਾ ਤਾਂ ਸਗੋਂ ਜ਼ਲੀਲ ਕਰਨ ਵਾਲਾ ਹੁੰਦਾ। ਉਹ ਸਬਜ਼ੀਆਂ-ਭਾਜੀਆਂ ਤੇ ਘਰੇਲੂ ਵਰਤੋਂ ਵਾਲਾ ਹੋਰ ਸਾਮਾਨ ਝੋਲੇ ਭਰ-ਭਰ ਲਿਆਉਂਦਾ ਪਰ ਘਰ ਵਿਚ ਹੁੰਦੀ ਦੁਰਗਤੀ, ਮਾਨਸਿਕ ਤੌਰ 'ਤੇ ਤੋੜ ਰਹੀ ਸੀ। ਬਾਪ ਦੀ ਬਦੌਲਤ ਨੂੰਹਾਂ ਘਰ ਵਿਚ ਖੁੱਲ੍ਹਾ-ਡੁੱਲ੍ਹਾ ਖ਼ਰਚ ਕਰਦੀਆਂ ਪਰ ਫੇਰ ਵੀ ਨੱਕ-ਬੁੱਲ੍ਹ ਕੱਢਦੀਆਂ। ਉਹ ਟੁੱਟਣ ਲੱਗ ਪਿਆ। ਇਨ੍ਹਾਂ ਦਿਨਾਂ ਵਿਚ ਹੀ ਮੁਹੱਲੇ ਦੇ ਇਕ ਬੁਜ਼ਰਗ ਆਦਮੀ 'ਜੀਤ ਸਿੰਘ' ਨੇ ਨਵੀਂ ਬੁੱਢੀ ਲੈ ਆਂਦੀ। ਉਹ ਵੀ ਪਾਪਾ ਜੀ ਵਾਂਗ ਘਰਦਿਆਂ ਦਾ ਧੱਕਿਆ ਹੋਇਆ ਸੀ। ਪਾਪਾ ਜੀ ਵੀ ਧਮਕੀਆਂ ਦੇਣ ਲੱਗੇ।

"ਲੱਗਦੈ, ਬੁੜ੍ਹੇ ਜੀਤ ਆਲੀ ਕਰਨੀ ਪਊ ਮੈਨੂੰ ਵੀ।"

"ਗੱਲਾਂ ਵੇਖਲਾ ਕੀ ਕਰਦਾ। ਰਾਮ ਨਾਲ ਰੋਟੀ ਨ੍ਹੀਂ ਖਾ ਹੁੰਦੀ ਤੈਥੋਂ। ਨੂੰਹਾਂ-ਪੁੱਤਾਂ ਆਲਾਂ...ਚੰਗੀ-ਭਲੀ ਸੇਵਾ ਹੁੰਦੀ ਤੇਰੀ।" ਭੂਆ ਦੇ ਜੁਆਬ ਵਿਚ ਪਾਪਾ ਜੀ ਹੋਰ ਚਿੜ੍ਹ ਜਾਂਦੇ।

"ਕੀ ਅੰਤ ਐ ਸੇਵਾ ਦਾ। ਜਿਹੜੀ ਮੇਰੇ ਨਾਲ ਹੁੰਦੀ ਐ...ਖੇਤ ਪਈ ਗੱਦੋਂ ਨਾਲ ਨਾ ਹੋਵੇ। ਆਹ ਜੂਨ ਆ ਕੋਈ?"

"ਨਾ ਕੀ ਹੋਇਆ ਤੇਰੀ ਜੂਨ ਨੂੰ?"

"ਹਜੇ ਹੋਇਆ ਈ ਨ੍ਹੀਂ ਕੁੱਛ? ਚੜ੍ਹੇ ਮਹੀਨੇ ਦਸ ਹਜ਼ਾਰ ਲਿਆ ਕੇ ਟੱਬਰ ਦੇ ਢਿੱਡ 'ਚ ਪਾਉਨਾ...ਰੋਟੀ-ਟੁੱਕ ਦੇਣ ਵੇਲੇ ਫੇਰ ਵੀ ਚਿੜ੍ਹ-ਚਿੜ੍ਹ। ਆਖ਼ਰ ਮੈਂ ਵੀ ਇਨਸਾਨ ਆਂ...।" ਗੁੱਸੇ ਦੇ ਨਾਲ-ਨਾਲ, ਜੀਵਨ ਸਾਥੀ ਦੇ ਵਿਛੋੜੇ ਦੀ ਚੀਸ ਵੀ ਉਸਦੇ ਧੁਰ ਅੰਦਰੋਂ ਨਿਕਲ ਰਹੀ ਸੀ। ਅੱਖਾਂ ਵਿਚ ਪਾਣੀ ਤੈਰਨ ਲੱਗਾ।

"ਕਮ ਅਜ਼ ਕਮ...ਰੋਟੀ ਤਾਂ ਮਿਲੂ ਚੱਜ ਹਾਲ ਨਾਲ। ਬੁਢਾਪੇ ਦੇ ਚਾਰ ਦਿਨ ਸੌਖੇ ਕੱਟ ਜਾਣਗੇ।"

"ਸ਼ਰਮ ਨ੍ਹੀਂ ਆਉਂਦੀ ਗੱਲਾਂ ਕਰਦੇ ਨੂੰ। ਲੋਕ ਕੰਜਰ-ਚੌਰਾ ਕਹਿਣਗੇ। ਬੁੱਢੇ ਵਾਰੇ ਚੰਗੀ ਪੱਗ ਬੰਨ੍ਹਣ ਲੱਗਾਂ ਟੱਬਰ ਦੇ ਸਿਰ 'ਤੇ।"

"ਅੱਗੇ ਬੜੇ ਝੰਡੇ ਝੂਲਦੇ।"

"ਸਮਝਾਓ ਵੇ ਇਹਨੂੰ ਆਵਦੇ ਪਿਉ ਨੂੰ...ਘਰ ਪੱਟ ਦੂ।"

"ਪੱਟ ਦੇਊ ਕਿ ਵਸਾ ਦੇਊ...।" ਮੈਂ ਆਵਦੇ ਵਲੋਂ ਹੌਲੀ ਜਿਹੇ ਬੋਲਿਆ ਪਰ ਭੂਆ ਨੇ ਫੇਰ ਵੀ ਸੁਣ ਲਿਆ ਸੀ। ਪੇਕੇ ਪਿੰਡ ਰਹਿੰਦੀ ਇਹ ਭੂਆ ਰੋਟੀ ਲਾਹੁਣ ਵੇਲੇ "ਆਹ ਸਿਆਪਾ ਜਿਆ ਨਬੇੜ ਲਵਾਂ" ਆਖਦੀ ਸੀ। ਰੋਟੀ ਨੂੰ ਸਿਆਪਾ ਆਖਣ ਕਰਕੇ ਬਾਪ ਔਖਾ-ਭਾਰਾ ਹੁੰਦਾ ਰਹਿੰਦਾ ਸੀ।

"...ਹੈਂ...ਹੈਂ! ਉੱਚੀ ਬੋਲ ਵੇ ਕੀ ਕਿਆ ਤੈਂਅ?"

"...ਏਹੀ ਕਿਹਾ ਕਿ ਵਧੀਆ ਗੱਲ ਆ, ਸਾਨੂੰ 'ਮੰਮੀ' ਮਿਲ ਜਾਊ ਦੁਬਾਰਾ। ਨਾਲੇ ਤੈਨੂੰ ਰੋਟੀ ਵਾਲਾ 'ਸਿਆਪਾ' ਜਿਆ ਨਾ ਕਰਨਾ ਪਿਆ ਕਰੂ। ਹਾਂ! ਟੱਬਰ ਵਾਸਤੇ ਆਉਂਦੇ ਰਾਸ਼ਨ ਤੇ ਫ਼ਲ ਫਰੂਟ ਦੇ ਝੋਲੇ ਜ਼ਰੂਰ ਬੰਦ ਹੋ ਜਾਣਗੇ।"

"ਇਥੇ ਤਾਂ ਸਾਰੇ ਈ ਕੰਜਰ ਹੋਗੇ। ਤੇਰਾ ਵੀ ਪਤਾ ਮੈਨੂੰ... ਤੂੰ ਤਾਂ ਚਾਹੁੰਨੈ ਪਿਉ ਤੀਮੀ ਲਿਆਵੇ ਤਾਂ ਅਗਾਂਹ ਮੈਨੂੰ ਕੋਈ ਡੱਕਣ ਆਲਾ ਨਾ ਹੋਊ। ਤੂੰ ਬਥੇਰਾ ਕਾਰੇ ਹੱਥਾਂ। ਐਮੇ ਤਾਂ ਨ੍ਹੀਂ ਢਾਕੇ-ਬੰਗਾਲੇ ਤੁਰਿਆ ਫਿਰਦੈ।" ਭੂਆ ਹੱਥਲੇ ਭਾਂਡੇ ਥਾਏਂ ਸੁੱਟ ਖਲੋਂਦੀ। ਇਨ੍ਹਾਂ ਦਿਨਾਂ ਵਿਚ ਆਂਢ-ਗੁਆਂਢ ਵਿਚ ਵੀ ਪਾਪਾ ਜੀ ਵਲੋਂ ਨਵੀਂ ਤੀਵੀਂ ਲਿਆਉਣ ਦੀ ਚਵਾ-ਚਵੀ ਹੋਣ ਲੱਗੀ। ਮੈਂ ਕਈ ਦਿਨ ਲਗਾਤਾਰ ਬਾਪ ਦੀ ਨਵੀਂ 'ਤੀਮੀ' ਲਿਆਉਣ ਵਾਲੀ ਸਕੀਮ ਫੜਨ ਦੀ ਗੁੱਝੀ-ਗੁੱਝੀ ਕੋਸ਼ਿਸ਼ ਕਰਦਾ ਰਿਹਾ ਪਰ ਮੇਰੇ ਪਿੜ੍ਹ-ਪੱਲੇ ਕੁੱਝ ਨਾ ਪਿਆ। ਪਾਪਾ ਜੀ ਦੀ ਧਮਕੀ ਰੰਗ ਲਿਆਈ। ਉਸਦੇ ਬਦਲੇ ਹੋਏ ਤੇਵਰਾਂ ਅਤੇ ਮੇਰੀ 'ਮੂਕ ਸਹਿਮਤੀ' ਨੂੰ ਦੇਖਦਿਆਂ ਘਰਦਿਆਂ ਦਾ ਰਵੱਈਆ ਬਦਲ ਗਿਆ। ਉਸਦੀ ਘਰ ਵਿਚ ਉਚੇਚੀ ਖਾਤਰਦਾਰੀ ਹੋਣ ਲੱਗੀ। ਇਸ ਖਾਤਰਦਾਰੀ ਦੇ ਚਲਦਿਆਂ ਮੈਨੂੰ 'ਨਵੀਂ ਮਾਂ' ਨਾ ਜੁੜ ਸਕੀ। ਬਾਪ ਭੁਚਲਾਵੇ 'ਚ ਆ ਗਿਆ। ਮੈਨੂੰ ਉਸਦੇ ਪਾਰੇ ਵਾਂਗ ਥਿਰਕਦੇ ਸੁਭਾਅ 'ਤੇ ਗੁੱਸਾ ਆਇਆ। "ਬੰਦੇ ਦਾ ਕੋਈ ਸਟੈਂਡ ਵੀ ਹੋਣਾ ਚਾਹੀਦਾ ਹੈ" ਮੈਂ ਅੰਦਰੇ-ਅੰਦਰ ਕੁੜਦਾ ਰਿਹਾ।

"ਪਾਪਾ ਜੀ ਸਾਡੀ ਨਵੀਂ ਮੰਮੀ ਦਾ ਕੀ ਬਣਿਆ?" ਮੈਂ ਘਰ ਦੇ ਵਿਹੜੇ 'ਚ ਬੈਠਦਿਆਂ ਪੁਛ ਲਿਆ। ਭੂਆ ਤੇ ਬਾਕੀ ਜੀਅ ਆਪਣੀ ਚਾਲ ਸਫ਼ਲ ਹੋਈ ਜਾਣ ਗੁੱਝਾ-ਗੁੱਝਾ ਮੁਸਕਰਾ ਰਹੇ ਸਨ। ਪਾਪਾ ਜੀ ਕੁਝ ਨ੍ਹੀਂ ਸਨ ਬੋਲੇ। ਉਨ੍ਹਾਂ ਦੀਆਂ ਅੱਖਾਂ ਹੋਰ ਡੂੰਘੀਆਂ ਹੋ ਗਈਆਂ ਸਨ।

"ਭੂਆ ਵਰਗਿਆਂ ਦੀਆਂ ਗੱਲਾਂ 'ਚ ਆ ਗਿਐਂ?" ਮੈਂ ਹੌਲੀ ਜਿਹੇ ਆਖਿਆ। ਉਸਦੇ ਮਸੀਂ ਚਾਰ ਕੁ ਬੋਲ ਨਿਕਲੇ ਸਨ।

"ਹੁਣ ਰਹਿ ਕਿੰਨੀ ਕੁ ਗਈ ਐ?" ਮੈਂ ਦੇਖਿਆ, ਉਸਦੀ ਨਿਗ੍ਹਾ ਬੈਠਕ ਵਿਚ ਲਟਕਦੀ ਜੀਵਨ ਸਾਥੀ ਦੀ ਫੋਟੋ ਵੱਲ ਸੀ। ਅੱਖਾਂ ਝੀਲ ਬਣੀਆਂ ਪਈਆਂ ਸਨ।

"ਆਏਂ ਕਿਸੇ ਦੇ ਰਹਿਮ 'ਤੇ ਨ੍ਹੀਂ ਦਿਨ ਕੱਟਦਾ ਮੈਂ...ਜਿੰਨਾ ਚਿਰ ਕੱਟੀ ਸ਼ਾਨ ਨਾਲ ਈ ਕੱਟੂੰ...ਕਿਸੇ 'ਤੇ ਬੋਝ ਨ੍ਹੀਂ ਬਣਦਾ।" ਉਸਨੇ ਸਾਰਿਆਂ ਨੂੰ ਸੁਣਾ ਕੇ ਆਖਿਆ ਅਤੇ ਛੋਟੇ ਪੋਤੇ ਨੂੰ ਉਂਗਲੀ ਲਾ ਬਾਹਰ ਤੁਰ ਗਿਆ ਸੀ।

...ਤੇ ਸੱਚਮੁੱਚ ਉਹ ਕਿਸੇ 'ਤੇ ਬੋਝ ਨ੍ਹੀਂ ਸੀ ਬਣਿਆ। ਦੋ-ਪਹੀਆ ਸਕੂਟਰ ਦੇ ਪਿੱਛੇ ਬੈਠਿਆਂ ਹੀ ਸਦਾ ਦੀ ਨੀਂਦ ਸੌਂ ਗਿਆ ਸੀ।

# ਪੰਜਾਬ ਵਿਚ ਝੋਨੇ ਦੀ ਪਰਾਲ਼ੀ ਦੀ ਸਮੱਸਿਆ: ਕੁਝ ਪਹਿਲੂ

**ਡਾ. ਗਿਆਨ ਸਿੰਘ**

15 ਅਕਤੂਬਰ ਦੇ ਨੇੜੇ-ਤੇੜੇ ਪੰਜਾਬ ਦੇ ਕਈ ਹਿੱਸਿਆਂ ਵਿਚ ਝੋਨੇ ਦੀ ਫ਼ਸਲ ਦੀ ਵਾਢੀ ਸ਼ੁਰੂ ਹੋ ਜਾਵੇਗੀ ਅਤੇ ਅਕਤੂਬਰ ਮਹੀਨੇ ਦੇ ਅਖ਼ੀਰ ਤੱਕ ਜ਼ਿਆਦਾਤਰ ਹਿੱਸਿਆਂ ਵਿਚ ਇਹ ਕੰਮ ਪੂਰਨ ਹੋ ਜਾਵੇਗਾ। ਪੰਜਾਬ ਵਿਚ ਕਾਫ਼ੀ ਸਮੇਂ ਤੋਂ ਝੋਨੇ ਦੀ ਫ਼ਸਲ ਦੀ ਵਾਢੀ ਤੋਂ ਬਾਅਦ ਝੋਨੇ ਦੀ ਪਰਾਲ਼ੀ ਨੂੰ ਅੱਗ ਲਾਉਣ ਅਤੇ ਉਸ ਦੇ ਨਤੀਜੇ ਵਜੋਂ ਹਵਾ ਦੇ ਪ੍ਰਦੂਸ਼ਣ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਆ ਰਹੀਆਂ ਹਨ। ਇਸ ਹਵਾ ਦੇ ਪ੍ਰਦੂਸ਼ਣ ਵਿਚ ਧੂੰਆਂ, ਧੂੰਏ ਦੇ ਕਣ, ਕਾਰਬਨ ਡਾਇਆਕਸਾਈਡ ਗੈਸ ਵੱਡੀ ਮਾਤਰਾ ਵਿਚ ਹੁੰਦੇ ਹਨ। ਇਹ ਪ੍ਰਦੂਸ਼ਣ ਮੁੱਖ ਤੌਰ ਉਤੇ ਪੰਜਾਬ, ਹਰਿਆਣਾ, ਦਿੱਲੀ ਵਿਚ ਰਹਿਣ ਵਾਲੇ ਮਨੁੱਖਾਂ ਅਤੇ ਹਰ ਤਰ੍ਹਾਂ ਦੇ ਹੋਰ ਜੈਵਿਕਾਂ ਲਈ ਅਨੇਕਾਂ ਸਮੱਸਿਆਵਾਂ ਪੈਦਾ ਕਰਦਾ ਆ ਰਿਹਾ ਹੈ। ਵੱਖ-ਵੱਖ ਰਾਜਸੀ ਪਾਰਟੀਆਂ ਅਤੇ ਕਿਸਾਨ ਜਥੇਬੰਦੀਆਂ ਇਸ ਸਮੱਸਿਆ ਦੀ ਜ਼ਿੰਮੇਵਾਰੀ ਅਤੇ ਉਸ ਦੇ ਹੱਲ ਲਈ ਆਪੋ-ਆਪਣੇ ਬਿਆਨ ਦਿੰਦੀਆਂ ਰਹਿੰਦੀਆਂ ਹਨ। ਇਸ ਸਬੰਧ ਵਿਚ ਨੈਸ਼ਨਲ ਗਰੀਨ ਟ੍ਰਿਬਿਊਨਲ ਹਦਾਇਤਾਂ ਦਿੰਦਾ ਆ ਰਿਹਾ ਹੈ।

ਇਸ ਸਮੱਸਿਆ ਦੇ ਕਾਰਨਾਂ ਨੂੰ ਸਮਝਣ ਅਤੇ ਹੱਲ ਬਾਰੇ ਸੁਝਾਅ ਦੇਣ ਲਈ ਜ਼ਰੂਰੀ ਹੈ ਕਿ ਪੰਜਾਬ ਵਿਚ ਝੋਨੇ ਦੀ ਫ਼ਸਲ ਲਵਾਈ ਦੇ ਇਤਿਹਾਸਕ ਪੱਖ ਨੂੰ ਦੇਖਿਆ ਜਾਵੇ। ਪੰਜਾਬ ਭਾਰਤ ਦਾ ਉਹ ਸੂਬਾ ਹੈ ਜਿਹੜਾ ਤਕਰੀਬਨ ਸਾਰਾ ਸਾਲ ਹਰਾ-ਭਰਿਆ ਰਹਿੰਦਾ ਹੈ। ਇਸ ਸੂਬੇ ਵਿਚ ਝੋਨੇ ਦੀ ਫ਼ਸਲ ਦੀ ਲਵਾਈ ਨੂੰ ਵੱਡੇ ਪੱਧਰ ਉੱਤੇ ਸ਼ੁਰੂ ਕਰਨ ਤੋਂ ਪਹਿਲਾਂ ਇੱਥੇ ਫ਼ਸਲੀ ਵੰਨ-ਸੁਵੰਨਤਾ ਇੱਥੋਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਹੋਣ ਸਦਕਾ ਹਰ ਤਰ੍ਹਾਂ ਦੇ ਜੀਵਨਾਂ ਲਈ ਢੁਕਵਾਂ ਸੀ।

ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1950 ਵਿਚ ਯੋਜਨਾ ਕਮਿਸ਼ਨ ਬਣਾਇਆ ਗਿਆ ਅਤੇ 1951 ਤੋਂ ਪੰਜ ਸਾਲਾ ਯੋਜਨਾਵਾਂ ਦੀ ਸ਼ੁਰੂਆਤ ਹੋਈ। ਮੁਲਕ ਦੀ ਆਜ਼ਾਦੀ ਦੇ ਮੌਕੇ ਤੋਂ ਲਗਾਤਾਰਤਾ ਵਿਚ ਚੱਲਦੀ ਅਨਾਜ ਦੀ ਸਮੱਸਿਆ ਦੇ ਹੱਲ ਲਈ ਪਹਿਲੀ ਪੰਜ ਸਾਲਾ ਯੋਜਨਾ (1951-56) ਵਿਚ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਦਿੱਤੀ ਗਈ ਜਿਸ ਸਦਕਾ ਇਸ ਸਮੱਸਿਆ ਉੱਤੇ ਕਾਫ਼ੀ ਹੱਦ ਤੱਕ ਕਾਬੂ ਪਾਇਆ ਜਾ ਸਕਿਆ। ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਮੁੱਖ ਤਰਜੀਹ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦਿੱਤੀ ਗਈ ਜਿਸ ਕਾਰਨ ਮੁਲਕ ਵਿਚ ਅਨਾਜ ਦੀ ਸਮੱਸਿਆ ਫਿਰ ਤੋਂ ਸਾਹਮਣੇ ਆਈ। 1964-66 ਦੌਰਾਨ ਪਏ ਸੋਕੇ ਨੇ ਅਨਾਜ ਪਦਾਰਥਾਂ ਦੀ ਥੁੜ੍ਹ ਨੂੰ ਬਹੁਤ ਗੰਭੀਰ ਬਣਾ ਦਿੱਤਾ।

ਕੇਂਦਰ ਸਰਕਾਰ ਨੇ ਮੁਲਕ ਵਿਚ ਅਨਾਜ ਪਦਾਰਥਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਮਰੀਕਾ ਤੋਂ ਪੀ.ਐੱਲ. 480 ਅਧੀਨ ਅਨਾਜ ਮੰਗਵਾਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਕੇਂਦਰ ਸਰਕਾਰ ਨੇ ਅਨਾਜ ਦੀ ਥੁੜ੍ਹ ਦੀ ਸਮੱਸਿਆ ਨੂੰ ਹੱਲ ਕਰਨ ਲਈ ਮੁਲਕ ਵਿਚ 'ਖੇਤੀਬਾੜੀ ਦੀ ਨਵੀਂ ਤਕਨੀਕ' ਨੂੰ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਹ ਤਕਨੀਕ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ, ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਸੀ। ਇਸ ਤਕਨੀਕ ਨੂੰ ਲਾਗੂ ਕਰਨ ਲਈ ਵੱਖ-ਵੱਖ ਪੱਧਰਾਂ ਉੱਤੇ ਵਿਚਾਰਾਂ ਕਰਨ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕੀਤਾ। ਇਸ ਤਕਨੀਕ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਪਿੱਛੇ ਇੱਥੋਂ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਪੇਂਡੂ ਕਾਰੀਗਰ, ਅਤੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਅਮੀਰ ਕੁਦਰਤੀ ਸਾਧਨਾਂ ਵਿਚ ਇੱਥੋਂ ਦੀ ਉਪਜਾਊ ਭੂਮੀ, ਧਰਤੀ ਹੇਠਲੇ ਪਾਣੀ ਦਾ ਚੰਗਾ ਮਿਆਰ ਅਤੇ ਠੀਕ ਪੱਧਰ, ਅਤੇ ਖੇਤੀਬਾੜੀ-ਜਲਵਾਯੂ ਹਾਲਤਾਂ ਦਾ ਮੁਲਕ ਦੇ ਦੂਜਿਆਂ ਸੂਬਿਆਂ ਦੇ ਮੁਕਾਬਲੇ ਵਿਚ ਜ਼ਿਆਦਾ ਬਿਹਤਰ ਹੋਣਾ ਸੀ।

ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਤਕਨੀਕ' ਦੀ ਸ਼ੁਰੂਆਤ ਕਣਕ ਦੀ ਫ਼ਸਲ ਨਾਲ਼ ਕੀਤੀ ਗਈ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ, ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਸਦਕਾ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ੍ਹ ਉੱਤੇ ਕਾਬੂ ਪਾਇਆ ਜਾ ਸਕਿਆ। ਕੇਂਦਰ ਸਰਕਾਰ ਵੱਲੋਂ ਪੰਜਾਬ ਦੁਆਰਾ ਕੇਂਦਰੀ ਅਨਾਜ ਭੰਡਾਰ ਵਿਚ ਕਣਕ ਦੀ ਜਿਨਸ ਦੇ ਪਾਏ ਸ਼ਾਨਦਾਰ ਯੋਗਦਾਨ ਅਤੇ ਆਉਣ ਵਾਲ਼ੇ ਸਮੇਂ ਦੌਰਾਨ ਮੁਲਕ ਨੂੰ ਅਨਾਜ ਪਦਾਰਥਾਂ ਦੀ ਥੁੜ੍ਹ ਤੋਂ ਬਚਾਉਣ ਲਈ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ 1973 ਤੋਂ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ ਗਈ। ਝੋਨੇ ਦੀ ਜਿਨਸ ਦੀ ਘੱਟੋ-ਘੱਟ ਸਮਰਥਨ ਕੀਮਤ ਨੂੰ ਸਾਉਣੀ ਰੁੱਤ ਦੀਆਂ ਹੋਰ ਫ਼ਸਲਾਂ ਦੀਆਂ ਜਿਨਸਾਂ ਦੇ ਮੁਕਾਬਲੇ ਵਿਚ ਜ਼ਿਆਦਾ ਰੱਖਣਾ, ਝੋਨੇ ਦੀ ਜਿਨਸ ਦੇ ਉਤਪਾਦਨ ਵਿਚ ਸਾਉਣੀ ਰੁੱਤ ਦੀਆਂ ਹੋਰ ਫ਼ਸਲਾਂ ਦੀਆਂ ਜਿਨਸਾਂ ਦੇ ਮੁਕਾਬਲੇ ਵਿਚ ਉਤਰਾਵਾਂ-ਚੜ੍ਹਾਵਾਂ ਦਾ ਨਾ ਆਉਣਾ, ਅਤੇ ਕੇਂਦਰ ਸਰਕਾਰ ਵੱਲੋਂ ਝੋਨੇ ਦੀ ਜਿਨਸ ਦੀ ਐਲਾਨੀ ਘੱਟੋ-ਘੱਟ ਸਮਰਥਨ ਕੀਮਤ ਉੱਤੇ ਉਸ ਦੀ ਯਕੀਨੀ ਖ਼ਰੀਦਦਾਰੀ ਕਰਨਾ ਪੰਜਾਬ ਵਿਚ ਝੋਨੇ ਦੀ ਲਵਾਈ ਦੇ ਮੁੱਖ ਕਾਰਨ ਬਣੇ। 'ਖੇਤੀਬਾੜੀ ਦੀ ਨਵੀਂ ਤਕਨੀਕ' ਦੀ ਰੂਹ ਦੇ ਨਫ਼ੇ ਵਾਲ਼ੀ ਹੋਣ ਕਾਰਨ ਪੰਜਾਬ ਦੇ ਕਿਸਾਨਾਂ ਨੇ ਵੱਡੇ ਪੱਧਰ ਉੱਪਰ ਝੋਨੇ ਦੀ ਲਵਾਈ ਕਰਨੀ ਸ਼ੁਰੂ ਕਰ ਦਿੱਤੀ। ਇਸ ਤਕਨੀਕ ਦੇ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਦੇ ਸ਼ਿਵਾਲਿਕ ਨੀਮ ਪਹਾੜੀ ਖੇਤਰਾਂ ਵਿਚ ਬਾਸਮਤੀ ਝੋਨੇ ਦੀ ਲਵਾਈ ਹੁੰਦੀ ਸੀ। 1973 ਤੋਂ ਪੰਜਾਬ ਦੇ ਸਾਰੇ ਖੇਤਰਾਂ ਜਿੱਥੇ ਜ਼ਿਆਦਾਤਰ ਮੱਕੀ, ਅਤੇ ਕਪਾਹ-ਨਰਮੇ ਦੀਆਂ ਫ਼ਸਲਾਂ ਦੀ ਬੀਜਾਈ ਕੀਤੀ ਜਾਂਦੀ ਸੀ, ਉੱਥੇ ਵੀ ਝੋਨੇ ਦੀ ਲਵਾਈ ਸ਼ੁਰੂ ਹੋ ਗਈ।

ਪੰਜਾਬ ਵਿਚ ਕਣਕ ਦੀ ਬੀਜਾਈ ਦੇ ਨਾਲ਼-ਨਾਲ਼ ਝੋਨੇ ਦੀ ਲਵਾਈ ਨੇ ਜਿੱਥੇ ਕੇਂਦਰੀ ਅਨਾਜ ਭੰਡਾਰ ਨੂੰ ਨੱਕੋ-ਨੱਕ ਭਰ ਦਿੱਤਾ ਹੈ, ਉੱਥੇ ਇਸ ਨੇ ਪੰਜਾਬ ਲਈ ਅਨੇਕਾਂ ਅਸਹਿ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ ਅਤੇ ਆਉਣ ਵਾਲ਼ੇ ਸਮੇਂ ਦੌਰਾਨ ਇਹ ਸਮੱਸਿਆਵਾਂ ਹੋ ਵਿਕਰਾਲ ਰੂਪ ਅਖ਼ਤਿਆਰ ਕਰਦੀਆਂ ਦਿਖਾਈ ਦਿੰਦੀਆਂ ਹਨ। ਪੰਜਾਬ ਵਿਚ ਝੋਨੇ ਦੀ ਵੱਡੇ ਪੱਧਰ ਉੱਤੇ ਲਵਾਈ ਤੋਂ ਪਹਿਲਾਂ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਠੀਕ ਸੀ। ਅੱਜ-ਕੱਲ੍ਹ ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਕਮਿਊਨਿਟੀ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਥੱਲੇ ਚਲਿਆ ਗਿਆ। ਲੇਖਕ, ਡਾ. ਸੁਰਿੰਦਰ ਸਿੰਘ, ਅਤੇ ਹਰਵਿੰਦਰ ਸਿੰਘ ਦੁਆਰਾ ਕੀਤਾ ਗਿਆ ਇਕ ਖੋਜ ਅਧਿਐਨ 'ਗਰਾਊਂਡ ਵਾਟਰ ਡਿਵੈਲਪਮੈਂਟ ਇਨ ਪੰਜਾਬ' ਇਹ ਤੱਥ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਉਨ੍ਹਾਂ ਕਮਿਊਨਟੀ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਕ ਤੱਕ ਥੱਲੇ ਗਿਆ ਹੈ ਜਿੱਥੇ ਕਣਕ-ਝੋਨੇ ਦੀ ਬੀਜਾਈ/ ਲਿਵਾਈ ਹੁੰਦੀ ਹੈ। ਪੰਜਾਬ ਵਿਚ ਝੋਨੇ ਦੀ ਲਵਾਈ ਲਈ ਜ਼ਿਆਦਾਤਰ ਛੱਪੜ-ਸਿੰਚਾਈ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। 1960-61 ਦੌਰਾਨ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ 7445 ਸੀ ਜਿਹੜੀ ਅੱਜ-ਕੱਲ੍ਹ 15 ਲੱਖ ਦੇ ਕਰੀਬ ਹੈ। ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਹੇਠਾਂ ਜਾਣ ਕਾਰਨ ਮੋਨੋਬਲਾਕ ਮੋਟਰਾਂ ਨੇ ਕੰਮ ਕਰਨਾ ਛੱਡ ਦਿੱਤਾ, ਜਿਸ ਦੇ ਨਤੀਜੇ ਵਜੋਂ ਮਜਬੂਰੀਵੱਸ ਕਿਸਾਨਾਂ ਨੂੰ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ। ਇਨ੍ਹਾਂ ਮੋਟਰਾਂ ਦੀ ਉੱਚੀ ਕੀਮਤ ਹੈ ਅਤੇ ਇਨ੍ਹਾਂ ਲਈ ਲੋੜੀਂਦੇ ਬੋਰਾਂ ਨੂੰ ਵਾਰ-ਵਾਰ ਡੂੰਘਾ ਕਰਵਾਉਣਾ ਪੈ ਰਿਹਾ ਹੈ। ਅਜਿਹਾ ਵਰਤਾਰਾ ਕਿਸਾਨਾਂ ਸਿਰ ਖੜ੍ਹੇ ਕਰਜ਼ੇ ਨੂੰ ਹੋਰ ਵਧਾਉਣ ਦਾ ਇਕ ਕਾਰਨ ਬਣ ਰਿਹਾ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਸਿੰਚਾਈ ਲਈ ਮੁਫ਼ਤ ਬਿਜਲੀ ਦੇ ਰਹੀ ਹੈ, ਜਿਸ ਦਾ ਆਰਥਿਕ ਬੋਝ ਪੰਜਾਬ ਦੇ ਖਜ਼ਾਨੇ ਉੱਪਰ ਪੈ ਰਿਹਾ ਹੈ। ਜਦੋਂ ਪੰਜਾਬ ਸਰਕਾਰ ਦੁਆਰਾ ਦਿੱਤੀ ਜਾਂਦੀ ਬਿਜਲੀ ਨਾਲ਼ ਕਿਸਾਨਾਂ ਦੀਆਂ ਸਿੰਚਾਈ ਦੀਆਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਮਜਬੂਰੀਵੱਸ ਆਪਣੇ ਜਾਂ ਕਿਰਾਏ ਦੇ ਜਨਰੇਟਰਾਂ ਦੀ ਵਰਤੋਂ ਕਰਦੇ ਹਨ ਜਿਹੜਾ ਉਨ੍ਹਾਂ ਦੀ ਉਤਪਾਦਨ ਲਾਗਤ ਵਿਚ ਵਾਧੇ ਦਾ ਇਕ ਕਾਰਨ ਬਣਦਾ ਹੈ।

ਪੰਜਾਬ ਵਿਚ ਝੋਨੇ ਦੀ ਵੱਡੀ ਪੱਧਰ ਉੱਪਰ ਲਵਾਈ ਤੋਂ ਪਹਿਲਾਂ ਸਾਉਣੀ ਦੀ ਰੁੱਤ ਵਿਚ ਮੁੱਖ ਤੌਰ ਉੱਤੇ ਮੱਕੀ, ਅਤੇ ਕਪਾਹ-ਨਰਮੇ ਦੀਆਂ ਫ਼ਸਲਾਂ ਦੀ ਬੀਜਾਈ ਕੀਤੀ ਜਾਂਦੀ ਸੀ। ਇਹ ਫ਼ਸਲਾਂ ਕਿਸਾਨਾਂ, ਖੇਤ-ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਚੰਗਾ ਰੁਜ਼ਗਾਰ ਪੈਦਾ ਕਰਦੀਆਂ ਸਨ। ਝੋਨੇ ਦੀ ਲਵਾਈ ਕਾਰਨ ਇਨ੍ਹਾਂ ਫ਼ਸਲਾਂ ਨੂੰ ਬੀਜਣ, ਉਨ੍ਹਾਂ ਦੀ ਗੁਡਾਈ ਕਰਨ ਅਤੇ ਮੱਕੀ ਦੀ ਕਟਾਈ ਅਤੇ ਕਢਾਈ ਅਤੇ ਕਪਾਹ-ਨਰਮੇ ਦੀ ਚੁਗਾਈ ਕਰਨ ਨਾਲ ਜਿਹੜਾ ਰੁਜ਼ਗਾਰ ਪੈਦਾ ਹੁੰਦਾ ਸੀ ਉਹ ਖ਼ਤਮ ਹੋ ਗਿਆ ਹੈ ਜਿਸ ਦੀ ਸਭ ਤੋਂ ਵੱਡੀ ਮਾਰ ਖੇਤ ਮਜ਼ਦੂਰਾਂ, ਅਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ ਜਿਹੜਾ ਉਨ੍ਹਾਂ ਸਿਰ ਖੜ੍ਹੇ ਕਰਜ਼ੇ ਨੂੰ ਵਧਾਉਣ ਲਈ ਜ਼ਿੰਮੇਵਾਰ ਹੈ।



ਪੰਜਾਬ ਵਿਚ ਮੁੱਖ ਤੌਰ ਉੱਤੇ ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਦੇ ਪ੍ਰਚੱਲਿਤ ਹੋਣ ਕਰਕੇ ਮੀਥੇਨ ਗੈਸ ਪੈਦਾ ਹੁੰਦੀ ਹੈ। ਝੋਨੇ ਦੀ ਪਰਾਲ਼ੀ ਨੂੰ ਅੱਗ ਲਾਉਣ ਕਾਰਨ ਕਾਰਬਨ ਡਾਇਆਕਸਾਈਡ ਗੈਸ, ਧੂੰਆਂ ਅਤੇ ਧੂੰਏਂ ਦੇ ਕਣ ਹਵਾ ਵਿਚ ਮਿਲ ਕੇ ਵਾਤਾਵਰਨ ਨੂੰ ਪਲੀਤ ਕਰਦੇ ਹਨ। ਇਹ ਸਾਰਾ ਵਰਤਾਰਾ ਵਾਤਾਵਰਨ ਨੂੰ ਗੰਦਲਾ ਕਰ ਕੇ ਹਰ ਤਰ੍ਹਾਂ ਦੇ ਜੀਵਕਾਂ ਲਈ ਅਨੇਕਾਂ ਅਸਹਿ ਸਮੱਸਿਆਵਾਂ ਖੜ੍ਹਾ ਕਰਦਾ ਹੈ।

ਪੰਜਾਬ ਵਿਚ ਝੋਨੇ ਦੀ ਫ਼ਸਲ ਦੀ ਲਵਾਈ ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸ਼ੁਰੂ ਕੀਤੀ ਗਈ, ਜਿਸ ਦੀ ਬਹੁਤ ਵੱਡੀ ਕੀਮਤ ਤਾਰਨ ਲਈ ਪੰਜਾਬ ਮਜਬੂਰ ਹੈ। ਪੰਜਾਬ ਵਿਚ ਕਿਸਾਨ ਝੋਨੇ ਦੀ ਪਰਾਲ਼ੀ ਨੂੰ ਅੱਗ ਮਜਬੂਰੀਵੱਸ ਲਗਾ ਰਹੇ ਹਨ ਜਿਸ ਦੁਆਰਾ ਪੈਦਾ ਹੋਏ ਪ੍ਰਦੂਸ਼ਣ ਅਤੇ ਹੋਰ ਅਨੇਕਾਂ ਪੱਖਾਂ ਦੀ ਮਾਰ ਉਹ ਸਭ ਤੋਂ ਪਹਿਲਾਂ ਝੱਲਦੇ ਹਨ। ਇਸ ਬਾਰੇ ਦੋ ਰਾਵਾਂ ਹੋ ਨਹੀਂ ਸਕਦੀਆਂ ਕਿ ਇਸ ਤਰ੍ਹਾਂ ਦੇ ਪ੍ਰਦੂਸ਼ਣ ਦਾ ਹਰ ਤਰ੍ਹਾਂ ਦੇ ਜੀਵਕਾਂ ਦੀ ਜ਼ਿੰਦਗੀ ਉੱਪਰ ਬਹੁਤ ਮਾਰੂ ਹੋ ਰਿਹਾ ਹੈ।

ਪੰਜਾਬ ਵਿਚ ਝੋਨੇ ਦੀ ਪਰਾਲ਼ੀ ਨੂੰ ਅੱਗ ਲਾਉਣ ਕਾਰਨ ਪੈਦਾ ਹੋਣ ਵਾਲੀਆਂ ਅਨੇਕਾਂ ਅਸਹਿ ਸਮੱਸਿਆਵਾਂ ਦੇ ਥੋੜ੍ਹੇ ਅਤੇ ਲੰਬੇ ਸਮੇਂ ਦੇ ਸੰਭਾਵਿਤ ਹੱਲ ਹਨ। ਥੋੜ੍ਹੇ ਸਮੇਂ ਦੇ ਹੱਲ ਵਿਚ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਪਰਾਲ਼ੀ ਦੀ ਸਾਂਭ-ਸੰਭਾਲ ਲਈ ਢੁਕਵਾਂ ਮੁਆਵਜ਼ਾ ਦੇਵੇ ਅਤੇ ਪੰਜਾਬ ਸਰਕਾਰ ਇਸ ਸਬੰਧ ਵਿਚ ਆਪਣਾ ਬਣਦਾ ਯੋਗਦਾਨ ਪਾਉਣ ਵਿਚ ਅੱਗੇ ਆਵੇ। ਜਿੱਥੇ ਅਜਿਹਾ ਕਰਨ ਨਾਲ ਕਿਸਾਨਾਂ ਨੂੰ ਕੁਝ ਰਾਹਤ ਮਿਲੇਗੀ, ਉੱਥੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਵਿਚ ਕੁਝ ਵਾਧਾ ਹੋਣਾ ਸੁਭਾਵਿਕ ਹੈ। ਝੋਨੇ ਦੀ ਪਰਾਲ਼ੀ ਨੂੰ ਉਦਯੋਗਿਕ ਇਕਾਈਆਂ ਵਿਚ ਬਾਲਣ ਦੇ ਤੌਰ ਉੱਤੇ ਵਰਤਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਉਨ੍ਹਾਂ ਦੀ ਵਿੱਤੀ ਮਦਦ ਕਰਨ। ਝੋਨੇ ਦੀ ਪਰਾਲ਼ੀ ਤੋਂ ਬਿਜਲੀ ਪੈਦਾ ਕਰਨ ਲਈ ਖੋਜ ਕਾਰਜਾਂ ਉੱਪਰ ਕੇਂਦਰ ਅਤੇ ਸੂਬਾ ਸਰਕਾਰਾਂ ਅੱਗੇ ਆਉਣ। ਥੋੜ੍ਹੇ ਸਮੇਂ ਦੇ ਹੱਲ ਦੁਆਰਾ ਝੋਨੇ ਦੀ ਫ਼ਸਲ ਨਾਲ਼ ਸੰਬੰਧਤ ਸਾਰੀਆਂ ਸਮੱਸਿਆਵਾਂ ਦਾ ਹੱਲ ਹੋਣਾ ਸੰਭਵ ਨਹੀਂ ਹੈ।

ਲੰਬੇ ਸਮੇਂ ਦੇ ਉਪਾਵਾਂ ਦੁਆਰਾ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ। ਝੋਨੇ ਦੀ ਫ਼ਸਲ ਉਨ੍ਹਾਂ ਇਲਾਕਿਆਂ ਲਈ ਢੁਕਵੀਂ ਹੈ ਜਿਨ੍ਹਾਂ ਵਿਚ ਸਿੰਚਾਈ ਲਈ ਪਾਣੀ ਦੀ ਬਹੁਤਾਤ ਹੈ। ਅਜਿਹੇ ਇਲਾਕਿਆਂ ਵਿਚ ਪੂਰੇ ਸਾਲ ਵਿਚ ਸਿਰਫ਼ ਝੋਨੇ ਦੀ ਫ਼ਸਲ ਦੀ ਲਵਾਈ ਦੁਆਰਾ ਉਸ ਦੀ ਪਰਾਲ਼ੀ ਆਪਣੇ ਆਪ ਭੂਮੀ ਵਿਚ ਮਿਲ ਜਾਵੇਗੀ, ਜੋ ਉਸ ਭੂਮੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਵੇਗੀ। ਪੰਜਾਬ ਦੇ ਕਿਸਾਨਾਂ ਲਈ ਸਾਉਣੀ ਦੀ ਰੁੱਤ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਆਂ ਫ਼ਸਲਾਂ ਦੀਆਂ ਜਿਨਸਾਂ ਦੀਆਂ ਅਜਿਹੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦਿੱਤੀਆਂ ਜਾਣ ਜਿਸ ਸਦਕਾ ਕਿਸਾਨ ਝੋਨੇ ਦੀ ਫ਼ਸਲ ਤੋਂ ਆਪਣਾ ਖਹਿੜਾ ਛੁਡਵਾ ਸਕਣ। ਅਜਿਹਾ ਕਰਦੇ ਸਮੇਂ ਇਹ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਕਿਸਾਨਾਂ ਦੀ ਆਮਦਨ ਵਿਚ ਗਿਰਾਵਟ ਨਾ ਆਵੇ।

**** ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।***

## ਕਾਵਿ ਕਿਆਰੀ

### ਜ਼ਾਲਿਮੋਂ ਬੱਸ ਕਰੋ

************

ਲਾ ਕੇ ਨੀਝ ਕਦੇ ਵੇਖ,
ਕਿੰਨੇ ਦੁੱਖ ਨੇ ਨੇੜੇ ਤੇੜੇ?
ਕਿੰਨਾ ਕਿੰਨਾ ਹੈ ਕਸੂਰ,
ਕੀਹਨੇ ਬਿਠਾਏ ਨੇ ਬੇੜੇ?

ਲੱਭਣੇ ਪੈਣੇ ਉਹ ਵੈਰੀ,
ਮੌਤ ਵੰਡਦੇ ਨੇ ਕਿਹੜੇ?
ਪੁੱਤ ਮਾਰਦੇ ਪੰਜਾਬ ਦੇ,
ਨਿੱਤ ਨਸ਼ੇ ਵੇਚ ਜਿਹੜੇ?

ਦਿੰਦਾ ਅਰਥੀ ਨੂੰ ਮੋਢਾ,
ਧਾਹਾਂ ਮਾਰੇ ਧੁਰੋਂ ਅੰਦਰ
ਮਾਰਦਾ ਹੱਥ ਮੱਥੇ ਉੱਤੇ,
ਕੰਬੇ ਧਰਤੀ ਤੇ ਅੰਬਰ।

ਕਿਹਨੇ ਜੜ੍ਹੀਂ ਦਿੱਤਾ ਤੇਲ,
ਖੋਭੇ ਛਾਤੀ 'ਚ ਖੰਜਰ।
ਛਾਏ ਚਾਰੇ ਪਾਸੇ ਹਨ੍ਹੇਰੇ,
ਟੁੱਟੀ ਬਾਪੂ ਦੀ ਕਮਰ।

ਫਟਿਆ ਮਾਂ ਦਾ ਕਲੇਜਾ,
ਟੁੱਟੀ ਰੱਖੜੀ ਦੀ ਬਾਂਹ।
ਗੁੰਮੇ ਰੀਝਾਂ ਤੇ ਉਮੰਗਾਂ,
ਭੈਣ ਮਰਦੀ ਜਾਵੇ ਥਾਂਹ।

ਗੁਆਚੇ ਰੰਗਲੇ ਖੁਆਬ,
ਤੱਕੇ ਮਾਪਿਆਂ ਅਗਾਂਹ।
ਟੁੱਟੀ ਬਾਪੂ ਦੀ ਡੰਗੋਰੀ,
ਹੁਣ ਕਿਹੜਾ ਫੜੇ ਬਾਂਹ?

ਫਿਰ ਭੀ :

ਛੁਪਾ ਸੀਨੇ ਵਿਚ ਦਰਦ,
ਵੰਡ ਖੁਸ਼ੀਆਂ ਤੇ ਖੇੜੇ
ਵੇ ਤੂੰ ਸੂਰਜ ਦੇ ਵਾਂਗਰਾਂ,
ਵੰਡ ਧੁੱਪਾਂ ਹਰ ਵਿਹੜੇ।

ਰਹਿਣ ਮੌਸਮ ਬਦਲਦੇ,
ਜ਼ਿੰਦਗੀ ਚੱਲਦੀ ਰਹੇ।
ਸੱਚ ਹੱਕ ਇਨਸਾਫ਼ ਦੀ,
ਜੋਤੀ ਸਦਾ ਬਲਦੀ ਰਹੇ।

**-ਸੇਵਾ ਸਿੰਘ "ਨੂਰਪੁਰੀ"**

---

### ਦੀਪਾਵਲੀ

ਸਦੀਆਂ ਸਦੀਆਂ ਤੋਂ ਤੂੰ ਬੰਦਿਆ
ਖਰਬਾਂ ਪੂਜਾ ਦੀਵੇ ਬਾਲੇ।
ਫ਼ਿਰ ਵੀ ਤੇਰਾ ਜੱਗ ਹਨੇਰਾ
ਨ੍ਹੇਰੇ ਤੇਰੇ ਰਸਤੇ ਸਾਰੇ।

ਗਿਆਨ ਵਿਗਿਆਨ ਦੀ ਜੋਤ ਇਕ ਵੇਰਾਂ
ਮਨ ਤੇ ਰੂਹ ਵਿਚ ਬਾਲ ਲਵੇਂ ਜੇ,
ਮਨ ਰੂਹ ਚਾਨਣ ਤਾਂ ਜੱਗ ਦੀ ਚਾਨਣ
ਹਰ ਰਾਹ ਚਾਨਣ ਠਾਠਾਂ ਮਾਰੇ।

ਇਸ ਚਾਨਣ ਦੇ ਖੰਭ ਲਗਾ ਕੇ
ਗੇੜੇ ਧਰਤ ਦੁਆਲੇ ਲਾਵੇ,
ਐਸੀ ਦੀਪਾਵਲੀ ਨੂੰ ਫਿਰ ਕੁੱਲ
ਮਾਨਵਤਾ 'ਚੋਂ ਮਿਲਣ ਹੁੰਘਾਰੇ।

***-ਡਾ. ਸੁਖਪਾਲ ਸੰਘੇੜਾ***

---

### ਬੇ-ਅਦਬੀ

ਮੇਰੇ ਗੁਰਾਂ ਦੀ ਉੱਚੀ ਬਾਣੀ ਦੀ
ਮੇਰੇ ਗੁਰਾਂ ਦੀ ਸੁੱਚੀ ਬਾਣੀ ਦੀ
ਹੁੰਦੀ ਬੇ-ਅਦਬੀ ਉਦੋਂ ਵੀ
ਵਿਚ ਤਾਬੇ ਜਦੋਂ ਲੱਥਦੀਆਂ
ਗੁਰ ਸਾਜੀਆਂ ਦਸਤਾਰਾਂ
ਲਹਿਰਦੀਆਂ ਨੇ ਤਲਵਾਰਾਂ।

ਹੁੰਦੀ ਬੇ-ਅਦਬੀ ਉਦੋਂ ਵੀ
ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ
ਤੋਂ ਬੇਮੁਖ ਹੋ ਅਸੀਂ
ਜਦੋਂ ਕਰਦੇ ਹਾਂ ਪ੍ਰਦੂਸ਼ਿਤ
ਆਲਾ-ਦੁਆਲਾ, ਦਰਿਆ ਅਤੇ ਨਦੀਆਂ।

ਹੁੰਦੀ ਬੇ-ਅਦਬੀ ਉਦੋਂ ਵੀ
ਜਦ ਉਸਰਦੇ ਨੇ ਗੁਰਦੁਆਰੇ ਦੋ
ਇਕ ਚੜ੍ਹਦੇ ਵੱਲ, ਇਕ ਛਿਪਦੇ ਵੱਲ
ਵਿਸਾਰ ਕੇ ਮਨੋ
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।

ਹੁੰਦੀ ਬੇ-ਅਦਬੀ ਉਦੋਂ ਵੀ
ਜਦੋਂ ਤਿਆਗ ਖ਼ਾਲਸਈ ਰੂਪ
ਕਰਦੇ ਹਾਂ ਨਿਰਖ-ਪਰਖ
ਜਾਤਾਂ ਅਤੇ ਗੋਤਾਂ ਨਾਲ
ਅੱਖੋਂ-ਪਰੋਖੇ ਕਰ
ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ।

ਹੁੰਦੀ ਬੇ-ਅਦਬੀ ਉਦੋਂ ਵੀ
ਜਦੋਂ ਦਰਸ਼ਨ-ਦੀਦਾਰਾਂ ਲਈ
ਬੰਨ੍ਹਦੇ ਹਾਂ ਕਤਾਰਾਂ ਦੋ
ਇਕ ਆਮ ਲਈ, ਇਕ ਖ਼ਾਸ ਲਈ।

ਹੁੰਦੀ ਬੇ-ਅਦਬੀ ਉਦੋਂ ਵੀ
ਮਿਹਨਤਕਸ਼ ਦਾ ਨਿਚੋੜਦੇ ਹਾਂ ਰੱਤ
ਭਰਦੇ ਹਾਂ ਤਿਜੌਰੀਆਂ
ਉੱਕਾ ਹੀ ਭੁੱਲ ਜਾਂਦੇ ਹਾਂ ਅਸੀਂ
ਬਾਬੇ ਨਾਨਕ ਦਾ ਉਪਦੇਸ਼
ਕਿਰਤ ਕਰੋ, ਵੰਡ ਛਕੋ, ਨਾਮ ਜਪੋ।

ਹੁੰਦੀ ਬੇ-ਅਦਬੀ ਉਦੋਂ ਵੀ
ਮੇਰੇ ਗੁਰਾਂ ਦੀ ਉੱਚੀ ਬਾਣੀ ਦੀ
ਮੇਰੇ ਗੁਰਾਂ ਦੀ ਸੁੱਚੀ ਬਾਣੀ ਦੀ।

***-ਰੰਜੀਵਨ ਸਿੰਘ***
***ਫੋਨ: 98150-68816***


# ਫਿਲਮੀ ਸਰਦਾਰ ਅਰੁਣ ਬਾਲੀ

ਕੁਦਰਤ ਕੌਰ

ਉੱਘਾ ਅਦਾਕਾਰ ਅਰੁਣ ਬਾਲੀ ਆਪਣੇ ਟੀ.ਵੀ. ਸ਼ੋਅ 'ਸਵੈਭਿਮਾਨ' ਅਤੇ 2009 ਵਿਚ ਰਿਲੀਜ਼ ਹੋਈ ਫਿਲਮ '3 ਇਡੀਅਟਸ' ਦੀ ਪ੍ਰਸਿੱਧੀ ਕਾਰਨ ਖਾਸਾ ਮਸ਼ਹੂਰ ਹੋਇਆ। ਉਹਨੇ ਆਪਣੇ ਫਿਲਮੀ ਜਗਤ ਦਾ ਸਫਰ ਮੰਨੇ-ਪ੍ਰਮੰਨੇ ਫਿਲਮਕਾਰ ਲੇਖ ਟੰਡਨ ਨਾਲ ਸ਼ੁਰੂ ਕੀਤਾ ਸੀ। ਉਹਨੇ ਟੀ.ਵੀ. ਸ਼ੋਅ 'ਸਵੈਭਿਮਾਨ', 'ਦੇਸ਼ ਮੇਂ ਨਿਕਲਾ ਹੋਗਾ ਚਾਂਦ', 'ਕੁਮਕੁਮ-ਏਕ ਪਿਆਰਾ ਸਾ ਬੰਧਨ' ਵਿਚ ਕੰਮ ਕੀਤਾ। ਉਸ ਦੀਆਂ ਪ੍ਰਸਿੱਧ ਫਿਲਮਾਂ ਵਿਚ 'ਸੁਗੰਧ', 'ਰਾਜੂ ਬਨ ਗਯਾ ਜੈਂਟਲਮੈਨ', 'ਖਲਨਾਇਕ', 'ਸੱਤਿਆ', 'ਹੇ ਰਾਮ', 'ਲਗੇ ਰਹੋ ਮੁੰਨਾ ਭਾਈ', '3 ਇਡੀਅਟਸ', 'ਰੈੱਡੀ', 'ਬਰਫੀ', 'ਕੇਦਾਰਨਾਥ', 'ਸਮਰਾਟ ਪ੍ਰਿਥਵੀਰਾਜ' ਤੇ 'ਲਾਲ ਸਿੰਘ ਚੱਢਾ' ਹਨ। ਅਰੁਣ ਬਾਲੀ ਦੀ ਆਖਰੀ ਫਿਲਮ 'ਗੁਡਬਾਇ' ਹੋ ਨਿੱਬੜੀ ਜੋ 7 ਅਕਤੂਬਰ ਨੂੰ ਰਿਲੀਜ਼ ਹੋਈ। ਇਸੇ ਦਿਨ ਅਰੁਣ ਬਾਲੀ ਦਾ ਦੇਹਾਂਤ ਹੋ ਗਿਆ। ਉਸ ਦੇ ਪੁੱਤਰ ਅੰਕੁਸ਼ ਅਨੁਸਾਰ ਉਸ ਦਾ ਪਿਤਾ ਮਿਸਥੇਨੀਆ ਗਰੇਵਿਸ ਨਾਲ ਪੀੜਤ ਸੀ ਅਤੇ ਇਕ ਸਾਲ ਤੋਂ ਹਸਪਤਾਲ ਵਿਚ ਜ਼ੇਰੇ-ਇਲਾਜ ਸੀ।

ਅਰੁਣ ਬਾਲੀ ਦਾ ਜਨਮ 23 ਦਸੰਬਰ 1942 ਨੂੰ ਹੋਇਆ ਸੀ। ਆਪਣੇ ਕਰੀਅਰ ਦੌਰਾਨ ਉਸ ਨੇ ਟੀ.ਵੀ. ਲੜੀਵਾਰਾਂ ਅਤੇ ਫਿਲਮਾਂ ਵਿਚ ਕੁਝ ਅਜਿਹੇ ਕਿਰਦਾਰ ਨਿਭਾਏ ਕਿ ਇਹ ਕਿਰਦਾਰ ਸਿੱਧੇ ਦਰਸ਼ਕਾਂ ਦੇ ਦਿਲਾਂ ਵਿਚ ਉਤਰ ਗਏ। ਅਜਿਹੇ ਕਿਰਦਾਰਾਂ ਵਿਚ 1991 ਵਿਚ ਟੈਲੀਵਿਜ਼ਨ 'ਤੇ ਨਸ਼ਰ ਹੋਏ ਲੜੀਵਾਰ 'ਚਾਣਕਿਆ' ਵਿਚ ਰਾਜਾ ਪੋਰਸ ਦਾ ਕਿਰਦਾਰ, ਦੂਰਦਰਸ਼ਨ ਦੇ ਲੜੀਵਾਰ 'ਸਵੈਭਿਮਾਨ' ਵਿਚ ਕੁੰਵਰ ਸਿੰਘ, ਅਦਾਕਾਰ ਤੇ ਫਿਲਮਸਾਜ਼ ਕਮਲ ਹਾਸਨ ਦੀ ਫਿਲਮ 'ਹੇ ਰਾਮ' ਵਿਚ ਅਣਵੰਡੇ ਬੰਗਾਲ ਦੇ ਮੁੱਖ ਮੰਤਰੀ ਹੁਸੈਨ ਸ਼ਾਹਿਦ ਸੁਹਰਾਵਰਦੀ ਦੇ ਕਿਰਦਾਰ ਸ਼ਾਮਿਲ ਹਨ।

'ਦੂਸਰਾ ਕੇਵਲ' ਅਰੁਣ ਬਾਲੀ ਦਾ ਸਭ ਤੋਂ ਪਹਿਲਾ ਟੈਲੀਵਿਜ਼ਨ ਲੜੀਵਾਰ ਸੀ। ਆਪਣੇ ਪਹਿਲੇ ਹੀ ਲੜੀਵਾਰ ਵਿਚ ਉਸ ਨੇ ਆਪਣੀ ਅਦਾਕਾਰੀ ਦੇ ਰੰਗ ਦਿਖਾ ਦਿੱਤੇ। ਇਸ ਤੋਂ ਬਾਅਦ 'ਫਿਰ ਵਹੀ ਤਲਾਸ਼', 'ਨੀਮ ਕਾ ਪੇੜ', 'ਦਸਤੂਰ', 'ਦਿਲ ਦਰਿਆ', 'ਦੇਖ ਭਾਈ ਦੇਖ', 'ਦਿ ਗ੍ਰੇਟ ਮਰਾਠਾ', 'ਮਹਾਭਾਰਤ ਕਥਾ', 'ਸ਼ਕਤੀਮਾਨ', 'ਜ਼ੀ ਹੌਰਰ ਸ਼ੋਅ', 'ਆਰੋਹਨ', 'ਮਹਾਰਥ', 'ਆਹਟ', 'ਅਮਰਪਾਲੀ', 'ਦੇਸ਼ ਮੇਂ ਨਿਕਲਾ ਹੋਗਾ ਚਾਂਦ', 'ਕੁਮਕੁਮ-ਏਕ ਪਿਆਰਾ ਸਾ ਬੰਧਨ', 'ਆਈ ਲਵ ਮਾਈ ਇੰਡੀਆ', 'ਪੀ.ਓ.ਡਬਲਿਊ.-ਬੰਦੀ ਯੁੱਧ ਕੇ' ਵਰਗੇ ਟੈਲੀਵਿਜ਼ਨ ਲੜੀਵਾਰਾਂ ਵਿਚ ਭਰਵੀਂ ਹਾਜ਼ਰੀ ਲੁਆਈ।



ਸਿੱਖ ਕਿਰਦਾਰ ਦੇ ਰੂਪ ਵਿਚ ਅਦਾਕਾਰ ਅਰੁਣ ਬਾਲੀ।

ਇਸੇ ਤਰ੍ਹਾਂ 'ਯਲਗਾਰ', 'ਰਾਜੂ ਬਨ ਗਯਾ ਜੈਂਟਲਮੈਨ', 'ਹੀਰ ਰਾਂਝਾ', 'ਖਲਨਾਇਕ', 'ਕਾਇਦਾ ਕਾਨੂੰਨ', 'ਫੂਲ ਔਰ ਅੰਗਾਰ', 'ਆ ਗਲੇ ਲਗ ਜਾ', 'ਆਜਾ ਮੇਰੀ ਜਾਨ', 'ਰਾਮ ਜਾਨੇ', 'ਪੁਲਿਸਵਾਲਾ ਗੁੰਡਾ', 'ਮਾਸੂਮ', 'ਸਬਸੇ ਬੜਾ ਖਿਲਾੜੀ', 'ਰਿਟਰਨ ਆਫ ਜਿਊਲ ਥੀਫ', 'ਰਾਜਕੁਮਾਰ', 'ਸੱਤਿਆ', 'ਦੰਡ ਨਾਇਕ', 'ਸ਼ਿਕਾਰੀ', 'ਹੇ ਰਾਮ', 'ਲਾਡੋ', 'ਓਮ ਜੈ ਜਗਦੀਸ਼', 'ਆਂਖੇਂ', 'ਜ਼ਮੀਨ', 'ਅਰਮਾਨ', 'ਲਗੇ ਰਹੋ ਮੁੰਨਾ ਭਾਈ', 'ਮੇਰੇ ਜੀਵਨ ਸਾਥੀ', 'ਗੁਮਨਾਮ', 'ਮੁੰਡੇ ਯੂ.ਕੇ. ਦੇ', '3 ਇਡੀਅਟਸ', 'ਸਤਿ ਸ੍ਰੀ ਅਕਾਲ', 'ਰੈੱਡੀ', 'ਬਰਫੀ', 'ਓਹ ਮਾਈ ਗੌਡ', 'ਕੌਮ ਦੇ ਹੀਰੇ', 'ਪੰਜਾਬ 84', 'ਪੀ.ਕੇ.', 'ਯੂਟੋਪੀਆ', 'ਭਾਗ ਜੌਹਨੀ', 'ਏਅਰਲਿਫਟ', '1920: ਲੰਡਨ', 'ਬਾਗੀ', 'ਬਾਗੀ-2', 'ਮਨਮਰਜ਼ੀਆਂ', 'ਕੇਦਾਰਨਾਥ', 'ਪਾਨੀਪਤ', 'ਸਮਰਾਟ ਪ੍ਰਿਥੀਰਾਜ', 'ਲਾਲ ਸਿੰਘ ਚੱਢਾ' ਅਤੇ 'ਗੁੱਡਬਾਇ' ਵਰਗੀਆਂ ਫਿਲਮਾਂ ਵਿਚ ਵੱਖ-ਵੱਖ ਕਿਰਦਾਰ ਨਿਭਾਏ।

ਅਰੁਣ ਬਾਲੀ ਦੀ ਅਦਾਕਾਰੀ ਦੀ ਦੀਵਾਨੇ ਦਰਸ਼ਕ ਹੀ ਨਹੀਂ ਸਨ, ਟੈਲੀਵਿਜ਼ਨ ਅਤੇ ਫਿਲਮੀ ਦੁਨੀਆ ਵਾਲੇ ਵੀ ਉਸ ਦੀ ਅਦਾਕਾਰੀ ਦਾ ਲੋਹਾ ਮੰਨਦੇ ਸਨ। ਸਭ ਤੋਂ ਵੱਡੀ ਗੱਲ, ਉਸ ਦੀ ਅਦਾਕਾਰੀ ਇੰਨੀ ਸਹਿਜ ਹੁੰਦੀ ਸੀ ਕਿ ਲੱਗਦਾ ਹੀ ਨਹੀਂ ਸੀ ਕਿ ਕੋਈ ਅਰੁਣ ਬਾਲੀ ਕਿਸੇ ਟੈਲੀਵਿਜ਼ਨ ਲੜੀਵਾਰ ਜਾਂ ਕਿਸੇ ਫਿਲਮ ਦਾ ਕੋਈ ਕਿਰਦਾਰ ਨਿਭਾਅ ਰਿਹਾ ਹੈ। ਅਸਲ ਵਿਚ ਉਹ ਆਪਣੇ ਕਿਰਦਾਰ ਨੂੰ ਸਮਝ ਕੇ ਅਦਾਕਾਰੀ ਦੇ ਮੈਦਾਨ ਵਿਚ ਉਤਰਦਾ ਸੀ। ਕੁਝ ਫਿਲਮਾਂ ਵਿਚ ਉਸ ਨੂੰ ਭਾਵੇਂ ਮੁਕਾਬਲਤਨ ਛੋਟੇ ਕਿਰਦਾਰ ਨਿਭਾਉਣ ਲਈ ਮਿਲੇ ਪਰ ਇਨ੍ਹਾਂ ਛੋਟੇ-ਛੋਟੇ ਰੋਲਾਂ ਵਿਚ ਵੀ ਉਸ ਨੇ ਆਪਣੀ ਉਮਦਾ ਅਦਾਕਾਰੀ ਦੀ ਗਹਿਰੀ ਛਾਪ ਛੱਡੀ। ਉਹ ਆਪਣਾ ਕਿਰਦਾਰ ਨਿਭਾਉਂਦਾ ਉਸ ਕਿਰਦਾਰ ਨੂੰ ਜਿਊਣ ਲੱਗ ਪੈਂਦਾ ਸੀ। ਇਸੇ ਕਰਕੇ ਫਿਲਮਸਾਜ਼ਾਂ ਨੂੰ ਉਸ ਨੂੰ ਬਹੁਤੀਆਂ ਹਦਾਇਤਾਂ ਨਹੀਂ ਸੀ ਦੇਣੀਆਂ ਪੈਂਦੀਆਂ। ਇਸੇ ਕਰਕੇ ਉਹ ਆਖਦਾ ਹੁੰਦਾ ਸੀ ਕਿ ਅਦਾਕਾਰੀ ਵੀ ਇਕ ਤਰ੍ਹਾਂ ਨਾਲ ਜ਼ਿੰਦਗੀ ਹੀ ਹੈ, ਕਦੋਂ ਅਦਾਕਾਰੀ ਕਰਦੇ-ਕਰਦੇ ਤੁਸੀਂ ਕਿਰਦਾਰ ਦੇ ਅੰਦਰ ਜਾ ਵੜਦੇ ਹੋ, ਤੁਹਾਨੂੰ ਪਤਾ ਹੀ ਨਹੀਂ ਲੱਗਦਾ।







ਵੱਖ-ਵੱਖ ਫਿਲਮਾਂ ਅਤੇ ਟੀ.ਵੀ. ਲੜੀਵਾਰਾਂ ਵਿਚ ਅਦਾਕਾਰ ਅਰੁਣ ਬਾਲੀ ਦੇ ਵੱਖ-ਵੱਖ ਰੂਪ।

# ਸੁਸ਼ਮਿਤਾ ਸੇਨ ਦੀ 'ਤਾਲੀ'

ਸਾਬਕਾ ਬ੍ਰਹਿਮੰਡ ਸੁੰਦਰੀ ਅਤੇ ਅਦਾਕਾਰਾ ਸੁਸ਼ਮਿਤਾ ਸੇਨ ਫਿਲਮ 'ਤਾਲੀ-ਬਜਾਊਂਗੀ ਨਹੀਂ ਬਜਵਾਊਂਗੀ' ਵਿਚ ਸਮਾਜ ਸੇਵੀ ਕਿੰਨਰ ਸ੍ਰੀਗੌਰੀ ਸਾਵੰਤ ਦੀ ਭੂਮਿਕਾ ਨਿਭਾਏਗੀ। ਸੁਸ਼ਮਿਤਾ ਸੇਨ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਫਿਲਮ 'ਚ ਆਪਣੀ ਝਲਕ ਸਾਂਝੀ ਕੀਤੀ ਹੈ। ਉਸ ਨੇ ਲਿਖਿਆ ਹੈ, "ਤਾਲੀ ਬਜਾਊਂਗੀ ਨਹੀਂ ਬਜਵਾਊਂਗੀ' ਦੀ ਪਹਿਲੀ ਝਲਕ; ਇਸ ਖੂਬਸੂਰਤ ਇਨਸਾਨ ਦਾ ਕਿਰਦਾਰ ਨਿਭਾਉਂਦਿਆਂ ਮੈਨੂੰ ਜੋ ਖੁਸ਼ੀ ਮਿਲੀ ਹੈ, ਉਹ ਮੈਨੂੰ ਪਹਿਲਾਂ ਕਦੇ ਮਹਿਸੂਸ ਨਹੀਂ ਹੋਈ। ਜ਼ਿੰਦਗੀ ਅਤੇ ਹਰ ਇਕ ਨੂੰ ਜਿਊਣ ਦੇ ਹੱਕ ਦੇ ਨਾਂ ਸਲਾਮ।"

ਫਿਲਮ ਬਾਰੇ ਸੁਸ਼ਮਿਤਾ ਸੇਨ ਦਾ ਕਹਿਣਾ ਹੈ, "ਇਹ ਫਿਲਮ ਸ੍ਰੀਗੌਰੀ ਸਾਵੰਤ ਦੇ ਸੰਘਰਸ਼ ਦੀ ਕਹਾਣੀ ਹੈ। ਇਹ ਕਿਰਦਾਰ ਨਿਭਾਉਣਾ ਮੇਰੇ ਲਈ ਚੁਣੌਤੀਪੂਰਨ ਕਾਰਜ ਸੀ ਪਰ ਇਸ ਨੂੰ ਨਿਭਾਉਂਦਿਆਂ ਮੈਨੂੰ ਅਥਾਹ ਖੁਸ਼ੀ ਤੇ ਮਾਣ ਵੀ ਮਹਿਸੂਸ ਹੋਇਆ ਹੈ। ਇਹੀ ਕਾਰਨ ਹੈ ਕਿ ਇਹ ਫਿਲਮ ਮੇਰੇ ਲਈ ਬਹੁਤ ਖਾਸ ਹੈ।"

ਇਸ ਫਿਲਮ ਦੀ ਕਹਾਣੀ ਕਿੰਨਰ ਦੇ ਜੀਵਨ 'ਤੇ ਆਧਾਰਿਤ ਹੈ ਜਿਸ ਦਾ ਜਨਮ ਪੁਣੇ ਵਿਚ ਹੋਇਆ ਅਤੇ ਮਗਰੋਂ ਉਹ ਸ੍ਰੀਗੌਰੀ ਸਾਵੰਤ ਦੇ ਨਾਂ ਨਾਲ ਜਾਣੀ ਜਾਣ ਲੱਗੀ। ਉਹ ਮੁੰਬਈ ਵਿਚ ਕਾਰਜਸ਼ੀਲ ਸਮਾਜ-ਸੇਵੀ ਕਿੰਨਰ ਹੈ। ਉਹ 2013 ਵਿਚ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਿਟੀ (ਨਾਲਸਾ) 'ਚ ਪਟੀਸ਼ਨ ਪਾਉਣ ਵਾਲੇ ਕਿੰਨਰਾਂ ਵਿਚ ਸ਼ਾਮਲ ਸੀ। ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ 2014 ਵਿਚ ਕਿੰਨਰਾਂ ਨੂੰ ਤੀਜੇ ਲਿੰਗ ਦੀ ਮਾਨਤਾ ਦਿੱਤੀ ਸੀ।

ਫਿਲਮ 'ਤਾਲੀ-ਬਜਾਊਂਗੀ ਨਹੀਂ ਬਜਵਾਊਂਗੀ' ਦਾ ਨਿਰਦੇਸ਼ਨ ਕੌਮੀ ਐਵਾਰਡ ਜੇਤੂ ਨਿਰਦੇਸ਼ਕ ਰਵੀ ਜਾਧਵ ਨੇ ਕੀਤਾ ਹੈ।

ਯਾਦ ਰਹੇ ਕਿ 19 ਨਵੰਬਰ 1975 ਨੂੰ ਜਨਮੀ ਸੁਸ਼ਮਿਤਾ ਸੇਨ 1994 ਵਿਚ ਮਿਸ ਯੂਨੀਵਰਸ ਸੁੰਦਰਤਾ ਮੁਕਾਬਲਾ ਜਿੱਤਿਆ ਸੀ। ਇਹ ਮੁਕਾਬਲਾ ਜਿੱਤਣ ਵਾਲੀ ਉਹ ਪਹਿਲੀ ਭਾਰਤੀ ਕੁੜੀ ਸੀ। ਮੁਕਾਬਲਾ ਜਿੱਤਣ ਤੋਂ ਬਾਅਦ ਉਸ ਲਈ ਫਿਲਮੀ ਦੁਨੀਆ ਦੇ ਰਾਹ ਖੁੱਲ੍ਹ ਗਏ। ਉਸ ਦੀ ਪਹਿਲੀ ਫਿਲਮ 'ਦਸਤਕ' ਸਾਲ 1996 ਵਿਚ ਆਈ। 1999 ਵਿਚ ਆਈ ਕਾਮੇਡੀ ਫਿਲਮ 'ਬੀਵੀ ਨੰਬਰ 1' ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਸਹਾਇਕ ਅਦਾਕਾਰਾ ਦਾ ਇਨਾਮ ਮਿਲਿਆ। ਇਹ ਫਿਲਮ ਡੇਵਿਡ ਧਵਨ ਨੇ ਬਣਾਈ ਸੀ ਅਤੇ ਸਾਲ 1999 ਦੌਰਾਨ ਸਭ ਤੋਂ ਵੱਧ ਕਮਾਈ ਕਰਨ ਪੱਖੋਂ ਦੂਜੀ ਫਿਲਮ ਬਣ ਗਈ। 2002 ਵਿਚ ਫਿਲਮ 'ਆਖੇਂ' ਨਾਲ ਉਸ ਦੀ ਗੁੱਡੀ ਖੂਬ ਚੜ੍ਹੀ। ਬਾਕਸ ਆਫਿਸ 'ਤੇ ਇਹ ਫਿਲਮ ਬਹੁਤ ਸਫਲ ਰਹੀ। 2004 ਵਿਚ ਆਈ ਫਿਲਮ 'ਮੈਂ ਹੂ ਨਾ' ਉਸ ਦੇ ਕਰੀਅਰ ਦੀ ਸਭ ਤੋਂ ਵੱਡੀ ਫਿਲਮ ਹੋ ਨਿੱਬੜੀ।





ਕਿੰਨਰ ਸ੍ਰੀਗੌਰੀ ਸਾਵੰਤ ਜਿਸ ਦੇ ਜੀਵਨ 'ਤੇ ਆਧਾਰਿਤ ਫਿਲਮ 'ਤਾਲੀ-ਬਜਾਊਂਗੀ ਨਹੀਂ ਬਜਵਾਊਂਗੀ' ਬਣੀ ਹੈ, (ਵਿਚਕਾਰ) ਫਿਲਮ ਵਿਚ ਸੁਸ਼ਮਿਤਾ ਸੇਨ ਦੀ ਝਲਕ ਅਤੇ (ਐਨ ਸੱਜੇ) ਸੁਸ਼ਮਿਤਾ ਸੇਨ।

# 'ਪਠਾਨ' ਅਤੇ ਪਾਦੂਕੋਨ



ਅਦਾਕਾਰਾ ਦੀਪਿਕਾ ਪਾਦੂਕੋਨ ਨੇ ਆਪਣੀ ਫਿਲਮ 'ਪਠਾਨ' ਦੀ ਡਬਿੰਗ ਮੌਕੇ ਦੀ ਤਸਵੀਰ ਸਾਂਝੀ ਕੀਤੀ ਹੈ। ਅਦਾਕਾਰਾ ਵੱਲੋਂ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝੀ ਕੀਤੀ ਗਈ ਇਸ ਤਸਵੀਰ ਵਿਚ ਮੇਜ਼ 'ਤੇ ਪਈ ਫਿਲਮ 'ਪਠਾਨ' ਦੀ ਸਕ੍ਰਿਪਟ ਦਿਖਾਈ ਦੇ ਰਹੀ ਹੈ। ਦੀਪਿਕਾ ਵੱਲੋਂ ਇਹ ਪੋਸਟ ਸ਼ੇਅਰ ਕਰਨ ਮਗਰੋਂ ਉਸ ਦੇ ਵੱਡੀ ਗਿਣਤੀ ਪ੍ਰਸ਼ੰਸਕਾਂ ਵੱਲੋਂ ਪ੍ਰਤੀਕਿਰਿਆਵਾਂ ਦਿੱਤੀਆਂ ਗਈਆਂ ਹਨ।

ਇਸ ਪੋਸਟ 'ਤੇ ਇੱਕ ਪ੍ਰਸ਼ੰਸਕ ਨੇ ਆਖਿਆ- 'ਪਠਾਨ ਲਈ ਬਹੁਤ ਉਤਾਵਲੇ ਹਾਂ।' ਇੱਕ ਹੋਰ ਨੇ ਆਖਿਆ ਹੈ- 'ਪਠਾਨ ਸੁਪਰਹਿੱਟ ਹੈ ਬੌਸ।' ਜ਼ਿਕਰਯੋਗ ਹੈ ਕਿ ਇਸ ਫਿਲਮ ਵਿਚ ਦੀਪਿਕਾ ਨਾਲ ਮੁੱਖ ਭੂਮਿਕਾਵਾਂ ਵਿਚ ਸ਼ਾਹਰੁਖ ਖ਼ਾਨ ਅਤੇ ਜੌਹਨ ਅਬਰਾਹਮ ਨਜ਼ਰ ਆਉਣਗੇ। ਇਹ ਫਿਲਮ ਅਗਲੇ ਸਾਲ 25 ਜਨਵਰੀ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਕੀਤੀ ਜਾਵੇਗੀ। ਹਾਲ ਹੀ ਵਿਚ ਫਿਲਮ ਦੇ ਨਿਰਮਾਤਾਵਾਂ ਵੱਲੋਂ ਫਿਲਮ ਦਾ ਟੀਜ਼ਰ ਵੀ ਰਿਲੀਜ਼ ਕੀਤਾ ਗਿਆ ਸੀ। ਫਿਲਮ ਦੇ ਨਿਰਦੇਸ਼ਕ ਸਿਧਾਰਥ ਆਨੰਦ ਦਾ ਕਹਿਣਾ ਹੈ ਕਿ ਇਸ ਫਿਲਮ ਵਿਚ ਦੀਪਿਕਾ ਦੀ ਝਲਕ ਬਾਕਮਾਲ ਹੋਵੇਗੀ।

ਦੀਪਿਕਾ ਪਾਦੂਕੋਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੈਲੀਵਿਜ਼ਨ 'ਤੇ ਇਸ਼ਤਿਹਾਰਬਾਜ਼ੀ ਤੋਂ ਕੀਤੀ ਸੀ। ਲਿਰਿਲ ਸਾਬਣ ਦੇ ਇਸ਼ਤਿਹਾਰ ਨਾਲ ਉਹ ਇਕ ਤਰ੍ਹਾਂ ਨਾਲ ਘਰ-ਘਰ ਪਹੁੰਚ ਗਈ। ਹੌਲੀ-ਹੌਲੀ ਉਸ ਨੂੰ ਫਿਲਮਾਂ ਲਈ ਪੇਸ਼ਕਸ਼ ਹੋਣੀ ਆਰੰਭ ਹੋ ਗਈ। ਉਸ ਨੇ ਪਹਿਲੀ ਫਿਲਮ 'ਐਸ਼ਵਰਿਆ' ਸਾਈਨ ਕੀਤੀ ਪਰ ਕੁਝ ਕਾਰਨਾਂ ਕਰਕੇ ਇਹ ਰਿਲੀਜ਼ ਨਾ ਹੋ ਸਕੀ ਅਤੇ ਉਸ ਦੀ ਫਿਲਮ 'ਓਮ ਸ਼ਾਂਤੀ ਓਮ' ਨਾਲ ਉਸ ਦੇ ਫਿਲਮੀ ਕਰੀਅਰ ਦਾ ਆਗਾਜ਼ ਹੋਇਆ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# 16th Mahan Nagar Kirtan

## On Sat. October 29th, 2022 at 11:30 am

# Gurdwara Sant Sagar

242-25 Braddock Ave., Bellerose NY 11426. Ph. 718-343-1030

**ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।**

# 16ਵਾਂ ਮਹਾਨ ਨਗਰ ਕੀਰਤਨ





ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 8 ਨਵੰਬਰ ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 29 ਅਕਤੂਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ 11:30 ਵਜੇ ਸਵੇਰ ਨੂੰ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਗੁਰਦੁਆਰਾ ਸੰਤ ਸਾਗਰ ਵਿਖੇ ਸ਼ਾਮ ਦੇ 3:30 ਵਜੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ ਬੈੱਲਰੋਜ਼ ਵੱਲੋਂ ਹੋਵੇਗੀ।

**Saturday October 29, 2022, 16th Mahan Nagar Kirtan will start from GURDWARA SANT SAGAR, Bellerose, NY at 11:30am towards Hillside Ave., to 263rd street. Nagar Kirtan will move toward 82nd Ave. Which will take us back to GURDWARA SAHIB at 3:30pm.**

ਗੁਰਪੁਰਬ ਦੇ ਸੰਬੰਧ'ਚ 31 ਅਕਤੂਬਰ ਤੋਂ 6 ਨਵੰਬਰ ਤੱਕ ਸ਼ਾਮ 5:30 ਤੋਂ 9:00 ਵਜੇ ਤਕ ਹਰ ਰੋਜ਼ ਵਿਸ਼ੇਸ਼ ਦੀਵਾਨ ਸਜਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰ੍ਹਾਂ 7 ਨਵੰਬਰ ਦਿਨ ਸੋਮਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋ 12:00 ਤੱਕ ਹੋਵੇਗੀ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। 8 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ ਉਪਰੰਤ ਸਵੇਰੇ 10:30 ਤੋਂ ਦੁਪਹਿਰ 1:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਉਪਰੰਤ ਸ਼ਾਮ 05:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਨ੍ਹਾਂ ਪ੍ਰੋਗਰਾਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ), ਭਾਈ ਗੁਰਪ੍ਰੀਤ ਸਿੰਘ ਜੀ ਬੱਲੂਝਵਾਲ, ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ, ਕਥਾ ਵਾਚਕ ਗਿਅਨੀ ਭੁਪਿੰਦਰ ਸਿੰਘ ਜੀ ਬੋਪਾਰਾਏ (ਦਮਦਮੀ ਟਕਸਾਲ ਵਾਲੇ) ਤੇ ਢਾਡੀ ਜਥਾ ਭਾਈ ਮੋਹਨ ਸਿੰਘ ਜੀ ਬਡਾਣਾ ਹਿੱਸਾ ਲੈਣਗੇ।

**ਨੋਟ (1) : ਖਾਸ ਤੌਰ ਤੇ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ (ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ) 31 ਅਕਤੂਬਰ ਤੋਂ 8 ਨਵੰਬਰ ਤੱਕ ਹਰ ਰੋਜ ਸ਼ਾਮ ਨੂੰ 8:00 ਵਜੇ ਤੋਂ 8:45 ਤੱਕ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਸੰਬੰਧੀ ਕਥਾ ਕਰਣਗੇ।**

**(2) : 5 ਨਵੰਬਰ ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 1 ਵਜੇ ਤੱਕ ਰੈਣ ਸਬਾਈ ਅਖੰਡ ਕੀਰਤਨੀ ਜਥੇ ਵਲੋਂ ਹੋਵੇਗੀ।**

**ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 21 ਅਗਸਤ ਤੋ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 6 ਨਵੰਬਰ ਨੂੰ ਸਮਾਪਤ ਹੋਣਗੀਆਂ।**



**ਗੱਤਕਾ ਟੀਮ ਆਪਣੇ ਜੋਹਰ ਦਿਖਾਏਗੀ**

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾਕੇ ਆਓ ਜੀ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



**LIVE**

ਨਗਰ ਕੀਰਤਨ ਤੇ ਪ੍ਰਕਾਸ਼ ਦਿਹਾੜੇ ਦੇ ਦੀਵਾਨ ਦਾ ਸਿੱਧਾ ਪ੍ਰਸਾਰਣ ਜੱਸ ਪੰਜਾਬੀ ਤੇ YouTube ਤੇ ਦੇਖ ਸਕਦੇ ਹੋ ।
Watch live Nagar Kirtan and Diwan on JUS PUNJABI & YouTube

YouTube
jus